
ਪੰਜ ਦਰਿਆ

ਨਵੰਬਰ 2019

ਮੁੱਲ 50 ਰੁਪਏ



ਸਤਿਗੁਰ ਨਾਨਕ ਪ੍ਰਗਟਿਆ, ਮਿਟੀ ਧੁੰਧੁ ਜਗਿ ਚਾਨਣੁ ਹੋਆ।

ਪੰਜ ਦਰਿਆ

ਪੰਜਾਬੀ ਮਾਸਿਕ
ਸਾਹਿਤਕ ਤੇ ਸੱਭਿਆਚਾਰਕ
ਨਵੰਬਰ 2019
ਮੁੱਲ : 50 ਰੁਪਏ

ਬਾਨੀ :
ਪ੍ਰੋ: ਮੋਹਨ ਸਿੰਘ

ਸੰਪਾਦਕ
ਭੁਪਿੰਦਰ ਸਿੰਘ ਮਾਂਗਟ

ਰਜਿ: ਦਫ਼ਤਰ : ਪਲਾਟ ਨੰ: 604,
ਇੰਡ. ਏਰੀਆ,
ਫੇਸ- 1, ਚੰਡੀਗੜ੍ਹ।

ਸੰਪਰਕ :
ਪੰਜ ਦਰਿਆ
ਪਿੰਡ ਤੇ ਡਾਕਖਾਨਾ-ਛੰਦੜਾਂ
ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ -141113
98765 -78936
ਈ ਮੇਲ : bhupinderman @gmail.com

ਪੰਜ ਦਰਿਆ ਮੰਗਵਾਉਣ ਲਈ
ਲਈ ਖਰਚੇ ਦਾ ਵੇਰਵਾ :

ਇੱਕ ਸਾਲ (12 ਅੰਕ)	=	500/-ਰੁਪੈ
ਦੋ ਸਾਲ	=	1000/-ਰੁਪੈ
ਪੰਜ ਸਾਲ	=	2500/-ਰੁਪੈ
ਦਸ ਸਾਲ	=	5000/-ਰੁਪੈ
ਉਮਰ ਭਰ ਲਈ	=	10,000/-ਰੁਪੈ

Bhupinder Singh
A/c No. 10147047415
State Bank of India, Rampur
IFSC. Code-SBIN-0051221

ਜ਼ਰੂਰੀ ਨਹੀਂ ਕਿ ਸੰਪਾਦਕ ਲੇਖਕਾਂ ਦੇ ਵਿਚਾਰਾਂ ਨਾਲ ਸਹਿਮਤ ਹੋਵੇ।

ਤਰਤੀਬ

ਕਵਿਤਾਵਾਂ :

ਕਹਾਣੀਆਂ

ਲੇਖ ਅਤੇ ਹੋਰ

Editor, Printer, Publisher and Prop. by Bhupinder Singh Mangat, Printed at Sai Printers, Sector 41-D, Chandigarh, & Published from Plot No. 604, Inds. Area, Phase-I, Chandigarh.

ਕਵਿਤਾ

ਕਿਵੇਂ ਕਹਾਂ ?

-ਗੁਰਪ੍ਰੀਤ ਕੌਰ ਧਾਲੀਵਾਲ



ਕਿਵੇਂ ਕਹਾਂ ?
ਐ ਮੇਰੇ ਸੋਹਣੇ ਪੰਜਾਬ
ਮੈਂ ਕਹਿਣਾ ਚਾਹੁੰਦੀ ਹਾਂ,
ਕਿ ਮੇਰਾ ਪੰਜਾਬ
ਅੱਜ ਵੀ ਮਹਿਕਾਂ ਵੰਡਦਾ
ਗੁਲਾਬ ਦਾ ਫੁੱਲ ਹੈ।
ਪਰ ਕਿਵੇਂ ਕਹਾਂ ?
ਜਦ ਹਰ ਰੋਜ਼ ਤਾਂ ਵੇਖਦੀ ਹਾਂ,
ਸੜਾਂਦ ਮਾਰਦੇ
ਰਿਸ਼ਤਿਆਂ ਦੀਆਂ ਕਹਾਣੀਆਂ
ਇਰਦ-ਗਿਰਦ ਤੇ ਟੀ.ਵੀ. ਤੇ।

ਐ ਮੇਰੇ ਬਹਾਦਰ ਵੀਰੋ
ਮੈਂ ਕਹਿਣਾ ਚਾਹੁੰਦੀ ਹਾਂ,
ਕਿ ਮੇਰੇ ਪੰਜਾਬ ਦਾ ਗੱਭਰੂ
ਅੱਜ ਵੀ ਛੈਲ ਬਾਂਕਾ ਜੋ
ਖੁਰਾਕਾਂ ਖਾਂਦਾ ਤੇ ਡੰਡ ਵੇਲਦਾ।
ਪਰ ਕਿਵੇਂ ਕਹਾਂ ?
ਪੜ੍ਹਦੀ ਹਾਂ ਜਦ ਸਵੇਰ ਸਾਰ,
ਅਖ਼ਬਾਰ ਵਿੱਚ ਓਵਰਡੋਜ਼ ਤੇ
ਕਰਜ਼ੇ ਦੀ ਮਾਰ ਹੇਠ ਹੋਈਆਂ
ਖ਼ੁਦਕੁਸ਼ੀਆਂ ਦੀਆਂ ਖ਼ਬਰਾਂ।

ਐ ਮੇਰੇ ਦੇਸ਼ ਦੀ ਉਪਜਾਊ ਧਰਤ
ਮੈਂ ਕਹਿਣਾ ਚਾਹੁੰਦੀ ਹਾਂ,
ਕਿ ਮੇਰੇ ਪੰਜਾਬ ਦੀ ਧਰਤ
ਅੱਜ ਵੀ......
ਉਗਲਦੀ ਹੈ ਸੋਨਾ।
ਪਰ ਕਿਵੇਂ ਕਹਾਂ ?
ਰੋਜ਼ ਬਾਜ਼ਾਰੋਂ ਲਿਆਉਂਦੀ ਹਾਂ
ਜਦ ਜ਼ਹਿਰੀਲੇ ਫਲ-ਸਬਜ਼ੀਆਂ
ਖਾ-ਖਾ ਜਿੰਨਾਂ ਨੂੰ ਅਸੀਂ
ਲਾਉਂਦੇ ਹਾਂ ਹਸਪਤਾਲਾਂ ਦੇ ਚੱਕਰ।

ਐ ਰੱਬ ਰੂਪ ਡਾਕਟਰ
ਮੈਂ ਕਹਿਣਾਂ ਚਾਹੁੰਦੀ ਹਾਂ,
ਕਿ ਡਾਕਟਰ ਰੱਬ ਹੁੰਦਾ
ਕਿਉਂਕਿ ਰੱਬ ਤੋਂ ਬਾਅਦ
ਉਹਦੇ ਹੱਥ ਸਭ ਹੁੰਦਾ।
ਪਰ ਕਿਵੇਂ ਕਹਾਂ ?
ਦੇਖਦੀ, ਸੁਣਦੀ ਤੇ ਹੰਢਾਉਂਦੀ,
ਬੇਲੋੜੇ ਟੈਸਟਾਂ ਦੇ ਆਪ੍ਰੇਸ਼ਨਾਂ ਦਾ ਬੋਝ
ਇਨਸਾਨ ਤੋਂ ਡਾਕਟਰ ਸਾਹਵੇਂ
ਬਣ ਜਾਂਦੀ ਹਾਂ ਜਦ ਇੱਕ ਵਸਤ।

ਐ ਮੇਰੀ ਧਰਤ ਮਾਂ
ਮੈਂ ਕਹਿਣਾ ਚਾਹੁੰਦੀ ਹਾਂ,
ਕਿ ਸਾਡੇ ਲਈ ਸਾਡੀ ਧਰਤ
ਅੱਜ ਵੀ ਪੂਜਣਯੋਗ ਹੈ।
ਤੇ ਹੈ ਸਾਡੀ ਮਾਂ।
ਪਰ ਕਿਵੇਂ ਕਹਾਂ ?
ਨਿੱਤ ਤਾਂ ਵੇਖਦੀ ਹਾਂ ਗਹਿਣੇ ਹੁੰਦਿਆਂ,
ਵਿਕਦਿਆਂ ਕੋਠੀਆਂ-ਕਾਰਾਂ ਲਈ
ਜਾਂ ਛੱਡ-ਛੱਡ ਜਾ ਰਹੇ ਪੁੱਤਰਾਂ ਨੂੰ
ਮੁਲਕ ਬਾਹਰਲੇ ਪੈਸੇ ਦੇ ਪਿਆਰਾਂ ਲਈ।

ਐ ਮੇਰੇ ਗੋਬਿੰਦ ਦੀ ਸੰਤਾਨ
ਮੈਂ ਕਹਿਣਾ ਚਾਹੁੰਦੀ ਹਾਂ,
ਕਿ ਗੁਰੂਆਂ ਪੀਰਾਂ ਦੀ ਧਰਤ ਪੰਜਾਬ,
ਵੱਸਦੀ ਏ ਅੱਜ ਵੀ.....
ਗੁਰੂਆਂ ਪੀਰਾਂ ਦੇ ਨਾਂਅ ਤੇ।
ਪਰ ਕਿਵੇਂ ਕਹਾਂ ?
ਵੇਖਦੀ ਹਾਂ ਪਿੰਡ ਪਿੰਡ ਜਦ,
ਡੇਰੇ ਸਮਾਧਾਂ ਤੇ ਮੰਗਦੇ ਫਿਰਦੇ
ਮੰਗਤੇ ਬਣੇ ਨਕਲੀ ਸਾਧੂ ਸੰਤ
ਚੌਕਾਂ ਵਿੱਚ ਕੀਤੇ ਟੂਣੇ।

ਐ ਸਾਡੇ ਅਨਮੋਲ ਤੇ ਵਡਮੁੱਲੇ ਵਿਰਸੇ
ਮੈਂ ਕਹਿਣਾ ਚਾਹੁੰਦੀ ਹਾਂ,
ਕਿ ਵਿਰਸਾ ਸਾਡਾ ਹੈ ਬੜਾ ਅਮੀਰ
ਜਿੱਥੇ ਹਰ ਦਿਨ-ਤਿਉਹਾਰ ਲਈ ਨੇ
ਹਜ਼ਾਰਾਂ ਵੰਨਗੀਆਂ ਦੇ ਲੋਕ ਗੀਤ।
ਪਰ ਕਿਵੇਂ ਕਹਾਂ ?
ਵਿਆਹ ਸ਼ਾਦੀ ਅਤੇ ਤਿਉਹਾਰਾਂ ਨੂੰ,
ਜਦ ਵਿਸਾਰ ਦਿੱਤੇ ਜਾਂਦੇ ਨੇ ਉਹ ਮੂਲੋਂ
ਨਵੀਂ ਪੀੜ੍ਹੀ ਪਸੰਦ ਕਰਦੀ ਏ ਬੱਸ ਡੀ.ਜੇ
ਕੰਨ ਪਾੜਵੇਂ ਲੱਚਰ ਗੀਤ।

ਐ ਹਾਰੀ ਤੇ ਬਲਦੇ ਚੁੱਲ੍ਹੇ
ਮੈਂ ਕਹਿਣਾ ਚਾਹੁੰਦੀ ਹਾਂ,
ਕਿ ਖਾਂਦੇ ਹਾਂ ਅਸੀਂ ਮੱਕੀ ਦੀ ਰੋਟੀ
ਧਰ ਮੱਖਣ ਦਾ ਪੇੜਾ ਸਰੋਂ ਦਾ ਸਾਗ
ਚੂਪਦੇ ਹਾਂ ਗੰਨੇ ਤੋੜ ਕੇ ਆਗ।
ਪਰ ਕਿਵੇਂ ਕਹਾਂ ?
ਜਦੋਂ ਕੂਕਰਾਂ ਦੇ ਮੁਹਤਾਜਾਂ ਦੇ
ਕਮਜ਼ੋਰ ਮਿਹਦੇ ਜਾਂ ਸਾਗ ਤੇਜ਼ਾਬ ਬਣਾਉਂਦਾ
ਬਰਗਰ ਰੇਹੜੀ ਤੋਂ ਘਰ ਆਉਂਦਾ
ਗੰਨੇ-ਅਖਰੋਟ ਨਕਲੀ ਦੰਦਾਂ ਦਾ ਜੋੜਾ ਕਿੱਥੇ ਚਬਾਉਂਦਾ।

ਐ ਸ਼ਰਤਾਂ ਲਾ-ਲਾ ਦੁੱਧ ਪੀਣੇ ਸ਼ੇਰੋ
ਮੈਂ ਕਹਿਣਾ ਚਾਹੁੰਦੀ ਹਾਂ,
ਕਿ ਅੱਜ ਵੀ ਵਗਦੇ ਨੇ ਇੱਥੇ,
ਦੁੱਧ-ਦਹੀਂ, ਘਿਓ ਦੇ ਦਰਿਆ
ਭਾਈਆਂ-ਭਾਈਆਂ ਵਿੱਚ ਪਿਆਰ ਅਥਾਹ।
ਪਰ ਕਿਵੇਂ ਕਹਾਂ ?
ਦਿਸੇ ਨਾ ਕਿਸੇ ਘਰ ਮੱਝ ਨਾ ਹੀ ਗਾਂ,
ਦੁੱਧ ਲੱਸੀ ਦੀ ਕਿਤੇ ਬਚੀ ਨਾ ਥਾਂ
ਨਕਲੀ ਦੁੱਧ-ਪਨੀਰ ਘਰ-ਘਰ ਬਣਾਉਂਦਾ
ਪੈਸੇ ਤੇ ਜ਼ਮੀਨਾਂ ਲਈ ਭਾਈ-ਭਾਈ ਨੂੰ ਮਰਵਾਉਂਦਾ।

ਐ ਮੇਰੇ ਖ਼ਾਬਾਂ ਦੇ ਸੋਹਣੇ ਪੰਜਾਬ
ਮੈਂ ਕਹਿਣਾ ਚਾਹੁੰਦੀ ਹਾਂ,
ਸਿਰਫ਼ ਚੰਗਾ-ਚੰਗਾ
ਚਾਹੁੰਦੀ ਨਹੀਂ ਬੋਲਾਂ ਕੋਈ ਸ਼ਬਦ ਮੰਦਾ
ਪਰ ਅੱਖੋਂ ਓਹਲੇ ਕਿਵੇਂ ਕਰਦਿਆਂ ?
ਇਨ੍ਹਾਂ ਖਾਮੀਆਂ ਨੂੰ
ਸਾਡੀਆਂ ਨਾਕਾਮੀਆਂ ਨੂੰ।
ਤਾਹੀਓਂ ਸਮਝ ਨਹੀਂ ਆਉਂਦਾ
ਮੈਂ ਕਿਵੇਂ ਕਹਾਂ ?
ਕਿਵੇਂ ਕਰਾਂ ਤੇਰੀ ਤਾਰੀਫ਼ ?
ਦੱਸ ਕਿਵੇਂ ?

-98780-02110

--0--

ਸਹਿਕਦੇ ਪਲਾਂ ਦਾ ਮਰਸੀਆ

-ਮੀਤ ਖਟੜਾ (ਡਾ.)

ਪਿਆਰ ਵਰਗੇ ਪਵਿੱਤਰ ਰਿਸ਼ਤੇ ਦੇ ਅਹਿਸਾਸ ਨੂੰ ਉਹ ਉਮਰ ਭਰ ਤਰਸਦਾ ਰਿਹਾ। ਉਸ ਨੇ ਪਿੰਡ ਵਾਲੇ ਤਾਏ ਨਿਰੰਜਨ ਤੇ ਧੰਨ ਕੌਰ ਦੇ ਪਿਆਰ ਤੇ ਸਤਿਕਾਰ ਨੂੰ ਬੜਾ ਨੇੜੇ ਹੋ ਕੇ ਅੱਖਾਂ ਤੇ ਦਿਲ ਨਾਲ ਮਹਿਸੂਸ ਕੀਤਾ ਸੀ। ਕਿਵੇਂ ਸਵੇਰੇ ਸਾਝਰੇ ਚਾਰ ਵਜੇ ਹਲ ਜੋੜ ਕੇ ਗਏ ਨਿਰੰਜਨ ਨੂੰ ਜਦੋਂ ਧੰਨ ਕੌਰ ਸਵੇਰ ਦਾ ਭੱਤਾ ਸਿਰ ਤੇ ਲੱਸੀ ਦੀ ਤੌੜੀ ਵਿੱਚ ਮੱਖਣ ਦਾ ਰੁਗ ਭਰਕੇ ਲੈ ਕੇ ਜਾਂਦੀ, ਹੱਲ ਛੱਡ ਕੇ ਕਿਵੇਂ ਦੋਵੇਂ ਇੱਕ ਦੂਜੇ ਦੇ ਮੂੰਹ ਵਿੱਚ ਬੁਰਕੀਆਂ ਪਾਉਂਦੇ ਤਾਂ ਨਿਰੰਜਨ ਤੇ ਧੰਨ ਕੌਰ ਦਾ ਚਿਹਰਾ ਵੇਖਣ ਵਾਲਾ ਹੁੰਦਾ ਸੀ। ਉਂਝ ਵੀ ਦੋਵੇਂ ਗੋਰੇ ਨਿਛੋਹ, ਧੰਨ ਕੌਰ ਦੀਆਂ ਬਲੌਰੀਆਂ ਵੱਡੀਆ ਅੱਖਾਂ ਤੇ ਨਿਰੰਜਨ ਦੀ ਚੌੜੀ ਛਾਤੀ ਰਾਹ ਜਾਂਦਿਆਂ ਨੂੰ ਰੋਕ ਲੈਂਦੀ। ਜਦੋਂ ਧੰਨ ਕੁਰ ਭੱਤਾ ਦੇ ਕੇ ਵਾਪਿਸ ਮੁੜਦੀ ਤਾਂ ਨਿਰੰਜਨ ਬਾਜਰੇ ਜਾਂ ਚਰ੍ਹੀ ਦੀ ਭਰੀ ਵੱਢ ਕੇ ਸਿਰ ਤੇ ਧਰ ਦਿੰਦਾ, ਹਿਕ ਤੇ ਪਿੱਠ ਭਾਰੀ ਹੋਣ ਕਰਕੇ ਜਦੋਂ ਉਹ ਭਰੀ ਲੈ ਕੇ ਤੁਰਦੀ ਤਾਂ ਉਹ ਹਿਰਨ ਦੀਆ ਚੁੰਘੀਆਂ ਭਰਦੀ ਸਾਰੇ ਰਾਹ ਨੂੰ ਹੀ ਨਸ਼ਿਆ ਦਿੰਦੀ। ਚਿਹਰੇ ਦੇ ਨਿਖ਼ਾਰ ਦੱਸਦਾ ਸੀ ਕਿ ਉਨ੍ਹਾਂ ਨੂੰ ਆਪਸੀ ਪਿਆਰ ਰੂਪੀ ਸਾਂਝ ਨੇ ਕਿਵੇਂ ਹਸਮੁੱਖ, ਖੀਵੇ ਤੇ ਸੰਧੂਰੀ ਰੰਗ ਵਿੱਚ ਰੰਗ ਦਿੱਤਾ ਸੀ।

ਬਲਵੰਤ ਸੋਚਦਾ ਕਿ ਉਸਨੂੰ ਵੀ ਜੇ ਕਿਤੇ ਇਹੋ ਜਿਹੀ ਹੀ....। ਭਲਾਂ ਗਰੀਬ ਦੇ ਸੁਪਨੇ ਵੀ ਕਦੇ ਪੂਰੇ ਹੋਏ ਨੇ। ਉਸਨੂੰ ਲੱਗਦਾ ਪਿਆਰ ਤਾਂ ਜਿਵੇਂ ਰਾਜੇ, ਮਹਾਰਾਜਿਆਂ, ਜਗੀਰਦਾਰਾਂ ਜਾਂ ਅਮੀਰਾਂ ਦੀ ਹੀ ਸਲਤਨਤ ਹੁੰਦੀ ਹੈ। ਉਸ ਨੇ ਪੜ੍ਹਿਆ ਸੀ ਕਿ ਰਾਂਝਾ ਅਮੀਰਜ਼ਾਦਾ ਤੇ ਹੀਰ ਜਗੀਰਦਾਰ ਦੀ ਧੀ ਸੀ। ਮੁਮਤਾਜ ਸ਼ਾਹ ਜਹਾਨ ਦੀ ਬੇਗ਼ਮ ਪਰ ਬਲਵੰਤ ਤਾਂ ਵਿਚਾਰਾ ਇੱਕ ਗਰੀਬ ਤਰਖਾਣ ਦਾ ਪੁੱਤਰ ਸੀ ਜੋ ਜੱਟਾਂ ਦੇ ਹੱਲ, ਚਉ, ਦਾਤੀ, ਕਹੀ, ਖੁਰਪੇ ਤਿੱਖੇ ਕਰਕੇ ਜਾ ਮੰਜਿਆਂ ਨੂੰ ਠੀਕ ਕਰਕੇ ਰੋਟੀ ਕਮਾਉਂਦਾ ਸੀ। ਗਰੀਬ ਦੀ ਚਾਹਤ ਤਾਂ ਬੱਸ ਸੁਪਨਾ ਬਣ ਕੇ ਹੀ ਰਹਿ ਜਾਂਦੀ ਹੈ। ਸਮਾਜ ਦਾ ਡਰ, ਗਰੀਬ ਬੇਇੱਜ਼ਤੀ ਤੋਂ ਡਰਦਾ ਮਾਰਾ ਕਿਵੇਂ ਭਲਾ ਉਭਾਸਰ ਸਕਦਾ। ਉਂਝ ਬਲਵੰਤ ਰੂਪ, ਸਰੀਰ ਤੇ ਸੁਹੱਪਣ ਤੋਂ ਕਿਸੇ ਯੂਸਫ਼ ਨਾਲੋਂ ਘੱਟ ਨਹੀਂ ਸੀ। ਅਹਿਸਾਸ ਤੇ ਜਜ਼ਬਾਤ ਦਾ ਵਗਦਾ ਦਰਿਆ ਸੀ। ਮਾਂ ਦੇ ਕਹੇ ਸ਼ਬਦ ਹਮੇਸ਼ਾਂ ਹੀ ਲਛਮਣ ਰੇਖਾ ਬਣ ਕੇ ਉਸਦੇ ਅੱਗੇ ਆ ਖੜ੍ਹਦੇ :

'ਪੁੱਤ ਦੇਖੀਂ ਕਿਤੇ ਕੋਈ ਉਲਾਂਭਾਂ ਖੱਟ ਲੇਂ। ਦੇਖ ਤੇਰੇ ਵੀ ਭੈਣ ਆ... ਤੂੰ ਪੜ੍ਹ ਕੇ ਕੋਈ ਵੱਡਾ ਅਫ਼ਸਰ ਬਣੀਂ.... ਐਵੇਂ ਕਿਤੇ ਥਿੜਕ ਜੇਂ..... ਅਪਣੇ ਲਈ ਤਾਂ ਪੜ੍ਹਾਈ ਈ ਰੋਟੀ ਆ ਪੁਤ...ਅਪਣੇ ਕਿਹੜਾ ਕੋਈ ਜ਼ਮੀਨ ਜਾਇਦਾਦ ਜਾਂ ਤੇਰੇ ਪਿਉ ਦੀ ਕਿਤੋਂ ਹਰਾਮ ਦੀ ਕਮਾਈ ਆਉਂਦੀ ਆ.... ਮਸਾਂ ਐਥੇ ਤੱਕ ਲੈ ਕੇ ਪਹੁੰਚੇ ਆਂ.....।"

ਬਲਵੰਤ ਦੀ ਮਾਂ ਨੇ ਉਸਦੇ ਜਵਾਨੀ ਦੇ ਉਭਰਦੇ ਜਜ਼ਬਿਆਂ ਨੂੰ 'ਵਚਨ' 'ਚ ਬੰਨ ਕੇ ਰੱਖ ਦਿੱਤਾ ਸੀ ਉਂ ਉਹ ਪੜ੍ਹਨ ਵਿੱਚ ਹੁਸ਼ਿਆਰ ਸੀ। ਬਲਵੰਤ ਦੀ ਚੰਚਲ ਜਵਾਨੀ ਹਨ੍ਹੇਰੀ ਵਾਂਗ ਆਈ ਤੇ ਫ਼ਰਜਾਂ ਦੀਆਂ ਪੰਡਾਂ ਥੱਲੇ ਦੱਬਕੇ ਰਹਿ ਗਈ। ਖੇਡਾਂ ਵਿੱਚ ਉਹ ਸੌ ਮੀਟਰ ਤੇ ਦੋ ਸੌ ਮੀਟਰ ਰੇਸ ਵਿੱਚ ਸਟੇਟ ਪੱਧਰ ਤੱਕ ਅੱਪੜ ਗਿਆ ਸੀ। ਕਾਲਜ ਆ ਕੇ ਤਾਂ ਉਸ ਨੇ ਅਪਣੀ ਪ੍ਰੈਕਟਿਸ ਹੋਰ ਤੇਜ ਕਰ ਦਿੱਤੀ ਸੀ। ਇਥੇ ਉਸਦੀ ਹਮਜਮਾਤਣ ਰਾਮਗੜ੍ਹ ਦੀ ਬਲਦੇਵ ਉਸਨੂੰ ਬੜੀ ਚੰਗੀ ਲੱਗੀ। ਹਯਾ ਦੀ ਮੂਰਤ, ਸੁੰਦਰ ਨੈਣ ਨਕਸ਼ ਤੇ ਚੁੱਪ ਰਹਿਣ ਵਾਲੀ ਗੁਣਾਂ ਦੀ ਗਾਗਰ ਸੀ। ਇੱਕ ਦਿਨ ਬਲਵੰਤ ਨੇ ਹੌਸਲਾ ਕਰਕੇ ਉਸਨੂੰ ਬਸ ਇੰਨਾ ਹੀ ਕਿਹਾਕਿ, 'ਬਲਵੰਤ ਤੂੰ ਤਾਂ.... ਰੱਬ ਨੇ ਲੱਗਦੈ ਤੈਨੂੰ ਕੋਲ ਬੈਠ ਕੇ ਹੀ ਘੜਿਆ ਹੋਵੇਗਾ....ਸੱਚ ਤੂੰ ਤਾਂ ..... ਮੈਂ।" ਉਹ ਦਿਲ ਦੀ ਗੱਲ ਕਹਿਣ ਲੱਗਿਆ ਧੁਰ ਅੰਦਰ ਤੱਕ ਕੰਬ ਗਿਆ ਸੀ, ਉਸਨੂੰ ਮਾਂ ਨਾਲ ਕੀਤਾ ਵਚਨ ਵੀ ਯਾਦ ਆਇਆ। ਡਰ ਗਿਆ ਸੀ ਕਿਤੇ ਬਲਦੇਵ ਬੁਰਾ ਮਨਾ ਕੇ ਕੁਝ ਮਾੜਾ ਚੰਗਾ ਨਾ ਬੋਲ ਦੇਵੇ, ਬੇਇੱਜ਼ਤੀ ਹੋ ਜਾਵੇਗੀ ਪਰ ਬਲਦੇਵ ਤਾਂ ਸੰਗਦੀ ਸੰਗਾਉਂਦੀ ਮੁਸਕਰਾਉਂਦੀ ਅਗਾਂਹ ਲੰਘ ਗਈ ਸੀ। ਉਸ ਨੂੰ ਜਾਪਣ ਲੱਗ ਪਿਆ ਸੀ ਕਿ ਉਸਦੇ ਪਿਆਰ ਨੂੰ ਬੂਰ ਪੈਣ ਦੀ ਉਮੀਦ ਹੋ ਗਈ ਸੀ। ਉਹ ਉਸ ਦਿਨ ਤੋਂ ਬਾਅਦ ਪਤਾ ਨਹੀਂ ਕਿਉਂ ਕਾਲਜੋਂ ਗਈ, ਕਦੇ ਵੀ ਕਾਲਜ ਨਾ ਆਈ। ਬਲਵੰਤ ਜਦੋਂ ਵੀ ਕਮਰੇ ਵਿੱਚ ਵੜ੍ਹਦਾ ਤਾਂ ਸਾਰੇ ਹੀ ਕਮਰੇ ਵਿੱਚ ਸਰਸਰੀ ਜਿਹੀ ਨਿਗਾਹ ਮਾਰ ਲੈਂਦਾ ਪਰ ਬਲਦੇਵ ਉਸਨੂੰ ਮੁੜ ਕਿਤੇ ਨਾ ਦਿਖੀ। ਇਕਨਾਮਿਕਸ ਤੇ ਪੰਜਾਬੀ ਦਾ ਪੀਰੀਅਡ ਇਕੱਠਾ ਜੁ ਲੱਗਦਾ ਸੀ।

ਇੱਕ ਦਿਨ ਉਸਦੇ ਪਿੰਡ ਦੇ ਲੜਕੇ ਰਣਜੋਧ ਨੇ ਦੱਸਿਆ ਕਿ ਬਲਦੇਵ ਦੀਆਂ ਤਾਂ ਉਸਦੀ ਵੱਡੀ ਭੈਣ ਦੇ ਵਿਆਹ ਦੇ ਨਾਲ ਹੀ ਉਸਦੇ ਦਿਓਰ ਨਾਲ ਹੀ ਲਾਵਾਂ ਪੜ੍ਹਾ ਦਿੱਤੀਆਂ ਸੀ। ਬਲਵੰਤ ਨੂੰ ਬੜਾ ਦੁੱਖ ਲੱਗਿਆ। ਉਸਦੇ ਜਜ਼ਬਿਆਂ ਤੇ ਅਹਿਸਾਸਾਂ ਦਾ ਉਸਾਰਿਆ ਮਹੱਲ ਪਲਾਂ 'ਚ ਹੀ ਢਹਿ ਢੇਰੀ ਹੋ ਗਿਆ ਸੀ। ਉਹ ਕਈ ਦਿਨ ਮਸੋਸਾ ਜਿਹਾ ਵਿਯੋਗ ਦਾ ਮਾਰਿਆ ਮੰਜੇ ਤੇ ਪਿਆ ਰਿਹਾ। ਇੱਕ ਦਿਨ ਉਸ ਦੀ ਮਾਂ ਨੇ ਪੁੱਛ ਲਿਆ, "ਬਲਵੰਤ! ਕੀ ਦੁਖਦਾ?"

"ਨਹੀਂ! ਨਹੀਂ! ਮਾਂ ਕੁਝ ਨੀ।" ਉਹ ਮਾਂ ਨੂੰ ਕੀ ਦੱਸੇ ਕਿ ਉਹ ਕਿਵੇਂ ਰੂਹ ਤੱਕ ਜ਼ਖ਼ਮੀ ਹੋ ਗਿਆ ਸੀ।

ਉਹ ਕਾਲਜ ਕਈ ਦਿਨਾਂ ਬਾਅਦ ਗਿਆ। ਇਨ੍ਹਾਂ ਦਿਨਾਂ ਵਿੱਚ ਹੀ ਟੁੱਟੇ ਮਨ ਨੂੰ ਢਾਰਸ ਦੇਣ ਲਈ ਨਾਲ ਦੇ ਪਿੰਡ ਦੇ ਸਰਦਾਰਾਂ ਦੀ ਅੱਲ੍ਹੜ ਜਿਹੀ ਕੁੜੀ ਗੀਤ ਉਸਦੇ ਸੰਪਰਕ 'ਚ ਆਈ। ਕੁੱਝ ਚਿਰ 'ਚ ਹੀ ਮੇਲ ਜੋਲ ਨੇੜਤਾ ਦਾ ਸਬੱਬ ਬਣ ਗਿਆ ਪਰ ਗੀਤ ਨੂੰ ਜਦੋਂ ਪਤਾ ਲੱਗਾ ਕਿ ਬਲਵੰਤ ਤਾਂ ਤਖਾਣਾਂ ਦਾ ਮੁੰਡਾ ਆ ਤਾਂ ਉਸਦੀ ਹਉਂਵਾਦੀ ਸੋਚ ਤੜਫ਼ ਕੇ ਰਹਿ ਗਈ ਸੀ;

"ਭਲਾਂ ਸਿੱਧੂਆਂ ਦੀ ਧੀ ਕੰਮੀ ਕਮੀਣਾਂ ਨਾਲ.... ਨਹੀਂ ਹੋ ਸਕਦਾ।"

ਬਲਵੰਤ ਨੂੰ ਜਦੋਂ ਇਸ ਗੱਲ ਦਾ ਪਤਾ ਲੱਗਾ ਤਾਂ ਉਹ ਸੁੰਨ ਹੀ ਰਹਿ ਗਿਆ ਸੀ;

"ਏਥੋਂ ਤੱਕ ਗਰਕ ਗਈ ਤੂੰ ?"

ਫਿਰ ਗੀਤ ਦਾ ਨਾਂ ਫ਼ਿਜ਼ੀਕਲ ਦੇ ਨਵੇਂ ਲੱਗੇ ਅਲੇਲ ਜਿਹੇ ਪ੍ਰੋਫੈਸਰ ਨਾਲ ਜੁੜਨ ਲੱਗਾ। ਬਹੁਤੇ ਤਾਂ ਇਹੀ ਕਹਿੰਦੇ ਸੀ ਕਿ,"ਲਗਾਉਣੇ ਹੋਣੇ ਫ਼ਿਜ਼ੀਕਲ ਚੋਂ ਨੰਬਰ।" ਫਿਰ ਇੱਕ ਦਿਨ ਸਵੱਦੀ ਵਾਲੇ ਜ਼ੈਲਦਾਰਾਂ ਦੇ ਮੁੰਡੇ ਦੀ ਲੰਡੀ ਜਿਹੀ ਜੀਪ ਵਿੱਚ ਫਿਰਦੀ ਮੁੰਡਿਆਂ ਨੇ ਵੇਖੀ। ਕੰਟੀਨ ਤੇ ਜਣੇ ਖਣੇ ਨਾਲ ਬੈਠ ਕੇ ਚਾਹ ਪੀ ਲੈਂਦੀ। ਹੁਣ ਉਸ ਬਾਰੇ ਆਮ ਹੀ ਪ੍ਰਚਲਿੱਤ ਸੀ,"ਉਏ! ਅਹੁ ਆ ਗਈ ਗਸ਼ਤੀ...।" ਕੱਚੀ ਉਮਰ ਦੀਆਂ ਲਾਲਸਾਵਾਂ ਜ਼ਿੰਦਗੀ ਦੇ ਸੁਹਜ ਨੂੰ ਤਹਿਸ ਨਹਿਸ ਕਰ ਦਿੰਦੀਆਂ ਹਨ।

ਇਨ੍ਹਾਂ ਦਿਨਾਂ ਵਿੱਚ ਬਲਵੰਤ ਦੇ ਘਰ ਦੀ ਆਰਥਿਕ ਹਾਲਤ ਬੜੀ ਤਰਸਯੋਗ ਸੀ। ਨਵੇਂ ਮਸ਼ੀਨੀ ਯੁੱਗ ਦੇ ਆਉਣ ਕਰਕੇ ਖੇਤੀਬਾੜੀ ਦੇ ਸੰਦਾਂ ਵਿੱਚ ਨਵੀਨਤਾ ਸਦਕਾ ਤਰਖਾਣਾਂ ਕੰਮ ਠੱਗ ਹੋ ਗਿਆ ਸੀ। ਪਹਿਲਾਂ ਖੇਤੀ ਦੇ ਸੰਦ ਤਖਾਣ ਦੇ ਆਇਰਨ ਨਾਲ ਜੁੜੇ ਹੋਏ ਸਨ, ਕੰਮ ਕਰਕੇ ਲਾਗ ਰੂਪ ਵਿੱਚ ਹਾੜ੍ਹੀ ਸਾਉਣੀ ਫਸਲਾਂ 'ਚੋਂ ਬਣਦਾ ਲਾਗ ਮਿਲ ਜਾਂਦਾ ਸੀ, ਰੋਟੀ ਤੁਰੀ ਜਾਂਦੀ ਸੀ ਪਰ ਹੁਣ ਤਾਂ ਸਾਰਾ ਕੁਝ ਹੀ ਚੌੜ ਚੁੜੱਪ ਹੋ ਗਿਆ ਸੀ। ਉਸ ਦਾ ਪਿਉ ਆਟਾ ਚੱਕੀ ਤੇ ਆਰਾ ਲਾਉਣਾ ਚਾਹੁੰਦਾ ਸੀ ਪਰ ਸਭ ਵਿਅਰਥ।

ਬਲਵੰਤ ਬੀ.ਏ. ਕਰਕੇ ਸੋਚਣ ਲੱਗ ਪਿਆ ਸੀ ਕਿ ਜੇ ਕਿਤੇ ਨੌਕਰੀ ਮਿਲ ਜਾਵੇ। ਛੋਟੀ ਭੈਣ ਦੀ ਸ਼ਾਦੀ ਵੀ ਕਰਨੀ ਉਸਦੇ ਮਨ ਤੇ ਭਾਰ ਬਣੀ ਪਈ ਸੀ। ਘਰ ਦੀ ਤੰਗ ਸਥਿਤੀ ਨੂੰ ਵੇਖਦੀ ਉਸਦੀ ਮਾਂ ਦੇ ਡਿੱਗਦੇ ਹੰਝੂਆਂ ਨੂੰ ਵੇਖਕੇ ਬਲਵੰਤ ਉਂਈ ਨਿਘਰ ਗਿਆ ਮਹਿਸੂਸ ਕਰਦਾ ਤੇ ਮਾਂ ਨੂੰ ਬਾਹਾਂ ਵਿੱਚ ਘੁੱਟ ਕੇ ਦਿਲਾਸਾ ਦਿੰਦਾ; "ਮਾਂ! ਸਭ ਠੀਕ ਠਾਕ ਹੋ ਜਾਊ, ਤੇਰਾ ਪੁਤ ਅਜੇ.....।"

ਡੀ.ਸੀ. ਦਫ਼ਤਰ ਵਿੱਚ ਕਲਰਕਾਂ ਦੀਆਂ ਪੋਸਟਾਂ ਨਿਕਲੀਆਂ। ਦਸਵੀਂ ਤੋਂ ਬੀ.ਏ. ਤੱਕ ਚੰਗੇ ਨੰਬਰਾਂ, ਕੰਪਿਊਟਰ ਦੀ ਨਾਲਜ਼ ਤੇ ਸਪੋਰਟਸ 'ਚੋਂ ਨੈਸ਼ਨਲ ਪੱਧਰ ਦੇ ਸਰਟੀਫ਼ਿਕੇਟ ਹੋਣ ਕਰਕੇ ਉਹ ਪਹਿਲਿਆਂ 'ਚ ਹੀ ਸਿਲੈਕਟ ਹੋ ਗਿਆ ਸੀ। ਭਾਵੇਂ ਪੋਸਟ ਛੋਟੀ ਸੀ ਪਰ

ਘਰ ਦੇ ਹਾਲਾਤਾਂ ਨੂੰ ਵੇਖਕੇ ਬਲਵੰਤ ਨੇ ਜੁਆਇਨ ਕਰ ਲਿਆ ਸੀ। ਉਸਨੇ ਪਹਿਲੇ ਸਾਲ ਹੀ ਸਾਊ ਜਿਹਾ ਮੁੰਡਾ ਵੇਖਕੇ ਭੈਣ ਦਾ ਵਿਆਹ ਕਰ ਦਿੱਤਾ ਸੀ। ਛੋਟਾ ਭਰਾ ਬੀ.ਐਸ.ਸੀ. ਐਗਰੀਕਲਚਰ ਕਰਕੇ ਖੇਤੀਬਾੜੀ ਮਹਿਕਮੇ ਵਿੱਚ ਇੰਸਪੈਕਟਰ ਲੱਗ ਗਿਆ ਸੀ। ਨਾਲ ਹੀ ਕੰਮ ਕਰਦੀ ਸੀਮਾ ਨਾਲ ਵਿਆਹ ਕਰਵਾਉਣ ਦਾ ਪ੍ਰਸਤਾਵ ਉਸਨੇ ਬਲਵੰਤ ਤੇ ਪਿਓ ਅੱਗੇ ਰੱਖ ਦਿੱਤਾ ਸੀ।

"ਸੀਮਾ ਵੀ ਮੇਰੇ ਨਾਲ ਇੰਸਪੈਕਟਰ ਐ ਪਰ ਉਹ ਹੈ ਐਸ.ਸੀ........ ਮੈਂ ਉਹਨੂੰ ਰੱਬ ਵਾਂਗੂੰ ਪਿਆਰ ਕਰਦਾਂ ਵੀਰ ਜੀ....।"

ਫਿਰ ਕੀ ਸੀ ਬਲਵੰਤ ਨੇ ਮਾਂ ਤੇ ਪਿਓ ਨੂੰ ਸਮਝਾ ਕੇ ਵਿਆਹ ਕਰਵਾ ਦਿੱਤਾ ਸੀ।

"ਬਾਪੂ ਅੱਜ ਕੱਲ੍ਹ ਇਨ੍ਹਾ ਜਾਤਾਂ ਪਾਤਾਂ ਨੂੰ ਕੌਣ ਪੁਛਦੈ, ਬੰਦਾ ਇਨਸਾਨ ਹੋਣਾ ਚਾਹੀਦੈ। ਇਹ ਤਾਂ ਧਰਮਾਂ ਆਲਿਆਂ ਨੇ ਲੀਕਾਂ ਪਾ ਛੱਡੀਆਂ ਨੇ। ਅੱਜ ਕੱਲ੍ਹ ਤਾਂ ਮਾੜੀ ਆਰਥਿਕਤਾ ਦੀ ਹੀ ਜਾਤ ਪਾਤ ਰਹਿ ਗਈ ਆ। ਉੱਚੀ ਜਾਤ ਦੀਆਂ ਗਰੀਬੀ ਦੀਆਂ ਮਾਰੀਆਂ ਲੋਕਾਂ ਦੇ ਘਰੀਂ ਕੰਮ ਕਰਦੀਆਂ ਨੇ।

ਬਲਵੰਤ ਦੇ ਨੌਕਰੀ ਤੇ ਲੱਗਣ ਦੀ ਦੇਰ ਸੀ ਕਿ ਉਸਦਾ ਮਾਮਾ ਆਇਆ ਤੇ ਆਪਦੀ ਭੈਣ ਨੂੰ ਅਪਣੇ ਸਾਲੇ ਦੀ ਧੀ ਨਾਲ ਰਿਸ਼ਤਾ ਬਲਵੰਤ ਲਈ ਕਹਿ ਗਿਆ ਸੀ, ਰੁਪਈਆ ਵੀ ਫੜਾ ਗਿਆ।

"ਵੇ ਵੀਰ! ਮੁੰਡਾ ਨੌਕਰੀ ਕਰਦੈ, ਪੜ੍ਹਿਆ ਲਿਖਿਆ, ਕੁੜੀ ਕਿੰਨੀ ਕੁ ਪੜ੍ਹੀ ਹੋਈ ਆ, ਨਾਲੇ ਮੁੰਡੇ ਨੂੰ ਤਾਂ ਪੁਛ ਲੈ....।"

"ਭੈਣੇ ਕੁੜੀ ਪੜ੍ਹੀ ਲਿਖੀ ਆ, ਕੋਈ ਕੋਰਸ ਬੀ ਕੀਤਾ ਹੋਇਆ।"

ਪਰ ਅਨਪੜ੍ਹ ਮਾਮੇ ਨੂੰ ਇਹ ਨਹੀਂ ਸੀ ਪਤਾ ਕਿ ਕੁੜੀ ਕਿੰਨੀ ਪੜ੍ਹੀ ਹੋਈ ਆ, ਕੀ ਕੋਰਸ ਕੀਤਾ ਹੋਇਆ, ਉਹ ਤਾਂ ਭਾਈ ਹੋਣ ਦਾ ਅਹਿਸਾਨ ਭੈਣ ਨੂੰ ਦਾਬਾ ਦੇ ਗਿਆ ਸੀ।

"ਭੈਣੇ! ਮੇਰੇ ਸਾਲਿਆਂ ਦੀ ਪਿੰਡ ਵਿੱਚ ਚੱਕੀ ਆ, ਆਰਾ ਲਾਇਆ ਹੋਇਆ, ਖਾਂਦੇ ਪੀਂਦੇ ਨੇ ਵਿਆਹ ਤਾਂ ਦੇਖੀਂ.... ਸੁਖ ਨਾਲ ਤਿੰਨ ਸਾਲੇ ਨੇ, ਇਹ ਕੱਲੀ ਈ ਭੈਣ ਆ...।"

ਸ਼ਾਮ ਨੂੰ ਜਦੋਂ ਬਲਵੰਤ ਦਫ਼ਤਰੋਂ ਆਇਆ ਤਾਂ ਉਸਦੀ ਮਾਂ ਨੇ ਰੁਪਈਆ ਦਿਖਾਉਂਦਿਆਂ ਕਿਹਾ ;

"ਵੇ ਬਲਵੰਤ! ਆਹ ਤੇਰਾ ਮਾਮਾ ਫੜਾ ਗਿਆ। ਕਹਿੰਦਾ ਕੁੜੀ ਪੜ੍ਹ ਲਿਖੀ ਆ। ਕੋਈ ਕੋਰਸ ਬੀ ਕੀਤਾ ਹੋਇਆ......ਉਹਦੇ ਸਾਲੇ ਦੀ ਧੀ ਆ। ਸਾਊ ਤੇ ਸਿਆਣੀ ਕੁੜੀ ਆ। ਚੰਗਾ ਖਾਂਦਾ ਪੀਂਦਾ ਘਰ ਆ। ਦੇਖੇ ਪਰਖੇ ਨੇ ਤੇਰੇ ਮਾਮੇ ਦੇ, ਹੋਰ ਦੱਸ ਕੀ ਚਾਹੀਦੈ ਪੁੱਤ! ਦੇਖੀਂ ਨਾਂਹ ਨਾ ਕਰ ਦੇਵੀਂ, ਤੇਰੇ ਮਾਮੇ ਦੀ ਭਾਰੀ ਹੱਤਕ ਹੋ ਜਾਊ।"

ਬਲਵੰਤ ਮਾਂ ਅੱਗੇ ਸੁੰਨ ਜਿਹਾ ਹੋ ਗਿਆ ਸੀ। ਕਿਸਮਤ ਵਿੱਚ ਲਿਖਿਆ ਕਹਿ ਕੇ ਭਾਣਾ ਮੰਨ ਲਿਆ ਸੀ। ਉਸਦੇ 'ਨੌਕਰੀ ਵਾਲੀ' ਦੇ ਸੁਪਨੇ ਧਰੇ ਧਰਾਏ ਰਹਿ ਗਏ। ਨਾਲ ਕੰਮ ਕਰਦੀਆਂ ਕਈ ਕੁਆਰੀਆਂ ਭਾਵੇਂ ਉਸ ਵੱਲ ਬੜੇ ਨੀਝ ਨਾਲ ਵੇਖਦੀਆਂ ਸਨ ਪਰ ਜਾਤ ਬਰਾਦਰੀ ਤੇ ਧਰਮ ਦਾ ਮੁੱਦਾ ਵਿਚਕਾਰ ਆ ਖੜ੍ਹਦਾ। ਉਹ ਚਾਹੁੰਦਾ ਸੀ ਕਿ ਕੋਈ ਧੰਨ ਕੁਰ ਵਰਗੀ ਪਿਆਰ ਕਰਨ ਵਾਲੀ ਮਿਲ ਜਾਂਦੀ, ਪਿਆਰ 'ਚ ਧੋਖਿਆਂ ਦੇ ਕਿੱਸੇ ਤਾਂ ਉਸਨੇ ਬੜੇ ਸੁਣ ਰੱਖੇ ਸਨ। "ਕੀ ਮਾਮੇ ਦੀ ਸਹੇੜ ਉਸਨੂੰ ਪਿਆਰ ਦੇ ਸਕੇਗੀ? ਅਹਿਸਾਸ ਦੀ ਡੋਰ ਨਾਲ ਉਸਦਾ ਜੀਵਨ ਰੂਪੀ ਪਤੰਗ ਬੰਨ ਸਕੇਗੀ? ਕਾਸ਼! ਜੇ ਕਦੇ ਹੈ ਜਾਵੇ।"

ਬਲਵੰਤ ਦੇ ਨਾਲ ਕੰਮ ਕਰਦੀ ਸਰੋਜ ਦਾ ਪਤੀ ਕਿਸੇ ਹੋਰ ਜ਼ਿਲ੍ਹੇ ਵਿੱਚ ਕੰਮ ਕਰਦਾ ਸੀ। ਮਹੀਨੇ ਬਾਅਦ ਹੀ ਕਦੇ ਕਦੇ ਆਉਂਦਾ। ਸ਼ਹਿਰ ਦੇ ਇੱਕ ਮੁਹੱਲੇ ਵਿੱਚ ਰਹਿੰਦੀ ਹੈ। ਉਸਦੇ ਦੋਨੋ ਬੱਚੇ ਜਦੋਂ ਗੁਆਂਢ ਦੇ ਜੁਆਕਾਂ ਨਾਲ ਗਲੀ ਵਿੱਚ ਖੇਡਦੇ ਹਨ ਤਾਂ ਉਹ ਲੜ ਪੈਂਦੇ ਹਨ। ਗਲੀ ਗੁਆਂਢ ਦੇ ਲੋਕ ਏਕਾ ਕਰਦੇ ਸਰੋਜ ਨੂੰ ਬੇਇੱਜ਼ਤ ਕਰਦੇ। ਇੱਕ ਦਿਨ ਸਰੋਜ ਨੇ ਬਲਵੰਤ ਨੂੰ ਅਪਣੀ ਸਮੱਸਿਆ ਦੱਸੀ। ਉਸ ਨੇ ਮੁਹੱਲੇ 'ਚ ਰਹਿੰਦੇ ਦੋਸਤ ਸੁਖਦੇਵ ਰਾਹੀਂ ਇਸਦਾ ਹੱਲ ਕਰਵਾ ਦਿੱਤਾ ਸੀ। ਗਲੀ ਦੇ ਲੋਕ ਬਲਵੰਤ ਵੱਲ ਕਨਖ਼ਤਰੀ ਅੱਖ ਨਾਲ ਵੇਖਣ ਲੱਗ ਪਏ ਸੀ। ਇਸ ਨੇੜਤਾ ਨੇ ਸਰੋਜ ਨੂੰ ਭਾਵੁਕ ਬਣਾ ਦਿੱਤਾ ਸੀ। ਬਲਵੰਤ ਵੇਲੇ ਕੁਵੇਲੇ ਸਹਾਇਤਾ ਵਜੋਂ ਜਾਣ ਆਉਣ ਲੱਗ ਪਿਆ ਸੀ। ਇੱਕ ਦਿਨ ਬੱਚੇ ਬਾਹਰ ਗਲੀ 'ਚ ਖੇਡ ਰਹੇ ਸਨ, ਬਲਵੰਤ ਨੇ ਆ ਕੁੰਡਾ ਖੜਕਾਇਆ। ਜਿਉਂ ਹੀ ਸਰੋਜ ਨੇ ਕੁੰਡਾ ਖੋਲ੍ਹਿਆ ਤੇ ਬਲਵੰਤ ਅੰਦਰ ਵੜਿਆ, ਤਖਤਾ ਭੇੜਦਿਆਂ ਹੀ ਉਸ ਨੇ ਬਲਵੰਤ ਨੂੰ ਜੱਫੀ ਪਾ ਲਈ ਸੀ, ਉਹ ਤਾਂ ਸਿਰਫ਼ ਹਮਦਰਦੀ ਦੇ ਨਾਤੇ ਹੀ ਦੁਖ ਸੁਖ ਪੁਛਣ ਆਉਂਦਾ ਸੀ, ਪਰ ਆਹ ਕੀ, ਉਹ ਘਬਰਾ ਗਿਆ ਸੀ। "ਸਰੋਜ! ਆਹ ਕੀ? ਤੇਰੇ ਦੋ ਬੱਚੇ ਨੇ.... ਹਸਬੈਂਡ ਐ.....ਨਹੀਂ! ਨਹੀਂ! ਇਹ ਤਾਂ ਮੈਂ ਕਦੇ ਸੋਚਿਆ ਤੱਕ ਵੀ ਨਹੀਂ।" ਬਲਵੰਤ ਸਰੋਜ ਨੂੰ ਧੱਕਾ ਦੇ ਕੇ ਸੁੱਟ ਆਇਆ ਸੀ। ਸਰੋਜ ਹੁਣ ਉਸਨੂੰ ਬੜੀਆ ਕੈਰੀਆਂ ਤੇ ਨਫ਼ਰਤ ਭਰੀਆਂ ਅੱਖਾਂ ਨਾਲ ਵੇਖਦੀ ਹੈ।

ਘਰ ਦੀ ਕਬੀਲਦਾਰੀ ਨਜਿੱਠ ਕੇ ਬਲਵੰਤ ਸੁਰਖ਼ਰੂ ਹੋ ਗਿਆ ਮਹਿਸੂਸ ਕਰ ਰਿਹਾ ਸੀ। ਘਰ ਭਾਵੇਂ ਬਾਪੂ ਨੇ ਵਧੀਆਂ ਇੱਟ ਬਾਲਿਆਂ ਤੇ ਪਾਇਆ ਹੋਇਆ ਸੀ ਪਰ ਆਧੁਨਿਕ ਸਹੂਲਤਾਂ ਤੋਂ ਸੱਖਣਾ ਸੀ। ਲੈਟਰੀਨ, ਬਾਥਰੂਮ ਬਾਹਰ ਵਿਹੜੇ ਵਿੱਚ ਸਨ, ਰਸੋਈ ਬਸ ਓਟਣਾ ਜਿਹਾ ਉਪਰ ਕੱਖਾਂ ਕਾਨਿਆਂ ਦਾ ਛੱਪਰ ਪਾ ਲਿਆਸੀ। ਬਲਵੰਤ ਨੂੰ ਕਈ ਵਾਰੀ ਘਰ ਦੀ ਸਥਿਤੀ ਖਟਕਦੀ।

ਬਲਵੰਤ ਦੇ ਗੁਆਂਢੀਆਂ ਦਾ ਜਮਾਤੀ ਮੁੰਡਾ ਫੌਜ ਵਿੱਚ ਭਰਤੀ ਹੋ ਗਿਆ ਸੀ। ਉਸਨੂੰ ਬੜੀ ਸੋਹਣੀ ਵਹੁਟੀ ਮਿਲ ਗਈ ਸੀ। ਜਦੋਂ ਕਦੇ ਵੀ ਫੌਜੀ ਨੂੰ ਚਿੱਠੀ ਲਿਖਵਾਉਣੀ ਹੁੰਦੀ ਤਾਂ ਉਹ ਬਲਵੰਤ ਕੋਲ ਆ ਜਾਂਦੀ। ਉਹ ਚਿੱਠੀ ਬਹਾਨੇ ਉਸਦੇ ਜਜ਼ਬਾਤ, ਧੜਕਣ ਆਦਿ ਸਭ ਸੁਣ ਲੈਂਦਾ। ਚਿੱਠੀ ਲਿਖਦੇ ਬਲਵੰਤ ਨੂੰ ਤਿਰਛੀ ਜਿਹੀ ਅੱਖ ਨਾਲ ਮੁਸਕਰਾ ਛੱਡਦੀ। ਉਹ ਅੱਖਾਂ ਨੀਵੀਆਂ ਕਰੀ ਉਂਗਲ ਨਾਲ ਮਿੱਟੀ ਖਰੋਚਦੀ ਕਦੇ ਉੱਭੇ ਸਾਹ ਲੈਂਦੀ ਉੱਠ ਕੇ ਚਿੱਠੀ ਫੜ ਤੁਰ ਜਾਂਦੀ। ਕਦੇ ਕਦੇ ਪਿਛੇ ਝਾਕ ਕੇ ਬਲਵੰਤ ਵੱਲ ਮੁਸਕਰਾ ਕੇ ਆਪਦੇ ਘਰੇ ਜਾ ਵੜਦੀ। ਬਸ ਬਲਵੰਤ ਦੇ ਦਿਲ ਤੇ ਤਾਂ ਜਿਵੇਂ ਆਰੀ ਫਿਰ ਜਾਂਦੀ। ਹੁਣ ਜਦੋਂ ਵੀ ਉਹ ਦਫਤਰੋਂ ਘਰ ਆਉਂਦਾ ਹੈ ਤਾਂ ਫੌਜਣ ਦੇ ਘਰ ਵੱਲ ਵੀ ਝਾਤ ਮਾਰ ਲੈਂਦਾ ਜਿਵੇਂ ਕੋਈ ਗੁਆਚੀ ਚੀਜ਼ ਲੱਭ ਰਿਹਾ ਹੋਵੇ ਇੱਕ ਦਿਨ ਉਸ ਨੂੰ ਪਤਾ ਲੱਗਾ ਕਿ ਫੌਜੀ ਛੁੱਟੀ ਆਇਆ। ਫੌਜਣ ਨੂੰ ਨਾਲ ਹੀ ਲੈ ਗਿਆ ਸੀ। ਉਹ ਟੁਟਾ ਜਿਹਾ ਦਿਲ ਲੈ ਕੇ ਅੰਦਰ ਵੜ ਗਿਆ ਸੀ। ਉਸਨੂੰ ਅਜੇ ਵੀ ਫੌਜੀ ਦੇ ਘਰੋਂ ਵਫ਼ਾ ਦੀ ਸੁਗੰਧ ਆਉਂਦੀ ਲਗਦੀ ਸੀ।

ਬਲਵੰਤ ਦੀ ਭੂਆ ਦੇ ਲੜਕੇ ਸੰਤੋਖ ਦਾ ਵਿਆਹ ਜੀਤਾਂ ਨਾਲ ਹੋ ਗਿਆ ਸੀ। ਸੰਤੋਖ ਤਾਂ ਨਾ ਵਾਂਗ ਹੀ ਸੰਤੋਖੀ ਤੇ ਰੱਬ ਦੀਆਂ ਦਿੱਤੀਆਂ ਖਾਣ ਵਾਲਾ ਸੀ। ਉਸਦੇ ਸੁਖ ਨਾਲ ਤਿੰਨ ਲੜਕੇ ਹੋ ਗਏ ਸੀ। ਪਰ ਜੀਤਾਂ ਪਿਆਰ ਵਰਗੀ ਸ਼ੈਅ ਦੇ ਪਵਿੱਤਰ ਅਹਿਸਾਸ ਨੂੰ ਸਾਰੀ ਉਮਰ ਹੀ ਤਰਸਦੀ ਰਹੀ। ਘਰ ਦੀ ਲਾਜ ਦੀ ਦਹਿਲੀਜ਼ ਤੋਂ ਕਦੇ ਵੀ ਟੱਪ ਨਾ ਸਕੀ। ਬਲਵੰਤ ਕਦੇ ਕਦੇ ਭੂਆ ਨੂੰ ਮਿਲਣ ਜਾਂਦਾ ਤਾਂ ਜੀਤਾਂ ਉਸਦੇ ਅੱਗੇ ਆਪਣਾ ਢਿੱਡ ਫੋਲ ਬੈਠਦੀ ;

"ਵੇ ਬਲਵੰਤ! ਤੂੰ ਤਾਂ ਮੇਰੇ ਭਰਾ ਅਵਤਾਰ ਵਰਗਾ ਜਾਪਦੈਂ, ਕੀ ਦੱਸਾਂ ਰੱਬ ਦੀਆਂ ਖਾਣ ਵਾਲਾ ਨਾਉਂ ਵੀ ਸੰਤੋਖ ਹੈ ਵੀ ਸਭ ਪਾਸਿਆਂ ਤੋਂ ਸੰਤੋਖੀ। ਵੇ ਮੈਂ ਤਾਂ ਸਾਰੀ ਉਮਰ ਹੀ ਉਸ ਦੀ ਸ਼ਰਾਫ਼ਤ ਪਿਛੇ ਹੀ ਗਈ ਆਂ.... ਉਂ ਉਸ ਨੇ ਮੇਰੇ ਸੁਪਨਿਆਂ 'ਚ ਜਦੋਂ ਰੰਗ ਭਰਿਆ... ਜੁਆਨ ਹੋ ਗਏ ਨੇ ਬੱਸ.....ਸ਼ੁਕਰ ਆ....ਪਰ ਵੇ ਕਦੇ ਮਨ ਨਾਲ ਜੀਅ ਕੇ ਨਹੀਂ ਵੇਖਿਆ। ਬੱਸ ਰੋ ਕੇ ਹੀ ਰਹਿ ਜਾਨੀ ਆਂ..... ਨਿਕਲ ਗਈ..... ਹੋਏ ਪੁਤ ਜੁਆਨ....।"

ਬਲਵੰਤ ਇਨ੍ਹਾਂ ਘਟਨਾਵਾਂ ਨੂੰ ਜਦੋਂ ਬੈਠ ਕੇ ਮਨ ਵਿੱਚ ਸੋਚਦਾ ਤਾਂ ਉਸਨੂੰ ਲੱਗਦਾ ਕਿ ਦੁਨੀਆਂ ਕਿਵੇਂ ਅਧੂਰੀ ਜਿਹੀ ਜ਼ਿੰਦਗੀ ਜਿਉਂਦੀ ਅੱਧੇ ਅਧੂਰੇ ਜਿਹੇ ਸੁਪਨੇ ਹੰਢਾਉਂਦੀ ਕਿਵੇਂ ਦਿਨ ਲੰਘਾਈ ਜਾ ਰਹੀ ਹੈ।

ਮਾਮਾ ਦਿਨ ਲੈ ਆਇਆ ਸੀ। ਕਬੀਲੇ ਦੇ ਚਾਰ ਮੁਹਤਬਰ ਬੰਦੇ ਬੁਲਾ ਕੇ ਬਲਵੰਤ ਦੇ ਪਿਓ ਨੇ ਦਿਨ ਲੈ ਲਏ ਸਨ। ਸੁੱਖੀਂ ਸਾਂਦੀ ਵਿਆਹ ਵਾਲਾ ਕਾਰਜ ਵੀ ਨਿਬੜ ਗਿਆ ਸੀ। ਸਾਊ ਤੇ ਸ਼ਰੀਫ ਸੁਭਾਅ ਦੀ ਸਤਵੰਤ ਬਲਵੰਤ ਦੀ ਸਾਥਣ ਬਣ ਗਈ ਸੀ। ਕਦੇ ਕਦੇ ਖੰਡ ਵਰਗੀ ਮਿੱਠੀ ਤੇ ਕਦੇ ਗੁੱਸੇ ਵਿੱਚ ਅੱਕ ਵਰਗੀ ਕੌੜੀ ਬਲਵੰਤ ਨੂੰ ਧੁਰ ਅੰਦਰ ਤੱਕ ਸਾੜ ਕੇ ਸੁਟ ਜਾਂਦੀ। ਪਰ ਉਹ ਬਲਵੰਤ ਦੇ ਮਾਪਿਆਂ ਨੂੰ ਸਦਾ ਫੁਲ ਵਾਂਗ ਰੱਖਦੀ।

ਜਜ਼ਬਾਤੀ ਤੌਰ ਤੇ ਉਹ ਕਦੇ ਵੀ ਅਹਿਸਾਸ ਵਰਗੀ ਜ਼ਿੰਦਗੀ ਦਾ ਸਕੂਨ ਨਹੀਂ ਸੀ ਪਾ ਸਕਿਆ। ਬਲਵੰਤ ਲੋਕਾਂ ਦੀਆਂ ਗੱਲਾਂ ਸੁਣ ਸੰਵੇਦਸ਼ੀਲ ਜਿਹਾ ਆਪੇ ਨਾਲ ਗੱਲਾਂ ਕਰਦਾ; "ਕਾਸ਼! ਜੇ ਸਤਵੰਤ ਧੰਨ ਕੁਰ ਆਗੂੰ ....।"

ਉਸਦੇ ਦੋਸਤ ਨੀਰਜ ਨੇ ਲਵ ਮੈਰਿਜ ਕਰਵਾ ਲਈ ਸੀ। ਐਵੇਂ ਚਿੱਟੀ ਚਮੜੀ ਤੇ ਚੰਚਲ ਅਦਾਵਾਂ ਤੇ ਲੱਟੂ ਹੋ ਗਿਆ ਸੀ। ਉਸਦੇ ਦੋਸਤਾਂ ਨੇ ਭਾਵੇਂ ਬੜਾ ਸਮਝਾਇਆ ਕਿ ਤੇਰੀ ਪਸੰਦ ਦਾ ਚੱਲਣ ਠੀਕ ਨਹੀਂ ਪਰ ਉਸ ਉਪਰ ਤਾਂ ਭਾਵੁਕਤਾ ਦਾ ਭੂਤ ਸਵਾਰ ਸੀ। ਕੁਝ ਕੁ ਮਹੀਨਿਆਂ 'ਚ ਦੋਹਾਂ ਦਾ ਜੋਸ਼ ਠੰਡਾ ਹੋ ਗਿਆ ਸੀ, ਉਹ ਮੁੜ ਆਪਣੀ ਔਕਾਤ ਤੇ ਉੱਤਰ ਆਈ ਸੀ। ਆਖਰ ਟੁਟ ਕੇ ਹੀ ਖਹਿੜਾ ਛੁੱਟਿਆ।

ਬਲਵੰਤ ਕਦੇ ਕਦੇ ਆਪਣੇ ਹੈੱਡ ਮਾਸਟਰ ਦੇ ਘਰੇ ਵੀ ਗੇੜਾ ਮਾਰ ਆਉਂਦਾ ਜਿਨ੍ਹਾਂ ਨਾਲ ਉਸ ਦਾ ਬੜਾ ਪ੍ਰੇਮ ਸੀ। ਦੋਨਾਂ ਜੀਆਂ ਦੀ 'ਹਾਂ ਜੀ', 'ਲਓ ਜੀ', 'ਹੋ ਗਿਆ ਜੀ', 'ਠੀਕ ਆ ਜੀ' ਦੇ ਰਸਭਿੰਨੇ ਸ਼ਬਦ ਉਸ ਦੇ ਕੰਨਾਂ ਵਿੱਚ ਰਸ ਘੋਲਦੇ, ਉਨ੍ਹਾਂ ਦੇ ਚਿਹਰਿਆਂ ਦੀ ਖੁਸ਼ਹਾਲੀ ਨਰੰਜਨ ਤੇ ਧੰਨਕੁਰ ਦੀ ਯਾਦ ਦਵਾ ਦਿੰਦੀ।

ਬਲਵੰਤ ਦੇ ਦੋਨੋਂ ਲੜਕੇ ਕਾਲਜ ਪੜ੍ਹਨ ਲੱਗ ਪਏ ਸਨ। ਵੱਡਾ ਬੇਟਾ ਬੀ.ਏ. ਥਰਡ 'ਚ ਤੇ ਛੋਟਾ ਅਜੇ ਕਾਲਜ ਦਾਖਲ ਹੀ ਹੋਇਆ ਸੀ। ਵੱਡੇ ਨੇ ਇੱਕ ਤਲਾਕਸ਼ੁਦਾ ਲੜਕੀ ਨਾਲ ਹਾਂ ਮਿਲਾ ਲਈ ਸੀ ਜੋ ਕਿ ਉਸ ਨਾਲ ਪੜ੍ਹਦੀ ਸੀ। ਬੜੀ ਕਸ਼ਮਕਸ਼ ਤੋਂ ਬਾਅਦ ਦੋਨਾਂ ਦਾ ਵਿਆਹ ਹੋ ਗਿਆ ਸੀ। ਭਾਵੇਂ ਘਰ ਵਾਲੀ ਨਹੀਂ ਸੀ ਮੰਨਦੀ ਪਰ ਪੁੱਤ ਦੇ ਹੱਠ ਅੱਗੇ ਸਾਰੇ ਹੀ ਝੁੱਕ ਗਏ ਸਨ। ਵੱਡਾ ਬੀ.ਏ. ਤੋਂ ਬਾਅਦ ਕੰਪਿਊਟਰ ਦੀ ਨਾਲਜ ਹੋਣ ਕਰਕੇ ਬਲਵੰਤ ਦੇ ਦੋਸਤ ਦੀ ਫੈਕਟਰੀ ਵਿੱਚ ਬੱਦੀ ਜਾ ਲੱਗਿਆ ਸੀ। ਛੋਟਾ ਕਾਲਜ ਜਾ ਭੈੜੇ, ਬੱਚਿਆਂ ਦੀ ਸੰਗਤ ਪੈ ਨਸ਼ੇ ਕਰਨ ਲੱਗ ਪਿਆ ਸੀ। ਸਤਵੰਤ ਹਮੇਸ਼ਾ ਪੁੱਤ ਦਾ ਸਾਥ ਦਿੰਦੀ। ਉਸਦੇ ਚਾਅ, ਲਾਡ ਪਿਆਰ ਨੇ ਉਹ ਹੋਰ ਚਮ ਲਾਹ ਦਿੱਤਾ ਸੀ।

ਕਈ ਨਸ਼ਾ ਛੁਡਾਊ ਕੇਂਦਰਾਂ ਵਿੱਚ ਮੁਸ਼ਕਿਲ ਨਾਲ ਲੀਹ ਤੇ ਲਿਆਂਦਾ ਸੀ। ਤਕੜੀ ਰਾਖੀ ਕਰਨੀ ਪਈ ਸੀ। ਕਿਸੇ ਨੂੰ ਕਹਿ ਕੇ ਪੀ.ਡਬਲਯੂ.ਡੀ ਵਿੱਚ ਕਲਾਸ ਫੋਰ ਲਗਵਾ ਦਿੱਤਾ ਸੀ। ਹੁਣ ਜਦੋਂ ਵੀ ਕਿਤੇ ਹਨ੍ਹੇਰੇ ਘਰ ਆਉਂਦਾ ਹੈ ਤਾਂ ਬਲਵੰਤ ਸਾਰੇ ਦਾ ਸਾਰਾ ਕੰਬ ਜਾਂਦਾ ਹੈ।

ਬਲਵੰਤ ਦੀ ਕਾਲਜ ਪੜ੍ਹਦਿਆਂ ਸੋਸ਼ਲੋਜੀ ਦੇ ਪ੍ਰੋ: ਸਰੂਪ ਸਿੰਘ ਹਰੀਕੇ ਨਾਲ ਨੇੜਤਾ ਹੋ ਗਈ ਸੀ। ਹੁਣ ਵੀ ਉਹ ਕਦੇ ਕਦੇ ਉਨ੍ਹਾਂ ਦੇ ਘਰੇ ਵੇਲੇ ਕੁਵੇਲੇ ਜਾ ਆਉਂਦਾ ਹੈ। ਉਨ੍ਹਾਂ ਦਾ ਬੀ.ਏ. ਫਾਈਨਲ ਵਿੱਚ ਪੜ੍ਹਦਾ ਬੇਟਾ ਅੰਗ੍ਰੇਜ਼ੀ ਦੀ ਟਿਊਸ਼ਨ ਪ੍ਰੋ: ਕੁਲਜੀਤ ਕੌਰ ਕੋਲ ਕਰਦਾ ਉਸਦੇ ਜਾਲ ਵਿੱਚ ਫਸ ਗਿਆ। ਸੋਹਣਾ ਸੁਨੱਖਾ ਹੁੰਦੜਹੇਲ ਕੁਲਜੀਤ ਦੀਆਂ ਕਾਮੁਕ ਅਦਾਵਾਂ ਨੇ ਜਾਲ ਵਿੱਚ ਫਸਾ ਲਿਆ ਸੀ ਉਂਝ ਕੁਲਜੀਤ ਦੇ ਦੋ ਬੇਟੇ ਹਨ, ਘਰ ਵਾਲਾ ਪਾਕਿਸਤਾਨ ਦੀ ਜੰਗ ਵਿੱਚ ਮਾਰਿਆ ਗਿਆ ਸੀ। ਇਸ ਰੁਮਾਂਸ ਦੀ ਪ੍ਰੋ: ਹਰੀਕਾ ਨੂੰ ਵੀ ਭਿਣਕ ਪੈ ਗਈ ਸੀ। ਕੁਲਜੀਤ ਕੁਲੀਗ ਹੋਣ ਕਰਕੇ ਇੱਕ ਦਿਨ ਅਲੱਗ ਬੁਲਾ ਕੇ ਆਪਣੀ ਤੇ ਉਸਦੀ ਹੋ ਰਹੀ ਬੇਇੱਜ਼ਤੀ ਤੋਂ ਜਾਣੂ ਕਰਵਾਇਆ ਸੀ।

"ਮੈਡਮ ਜੀ! ਭਲਾਂ ਥੋਡਾ ਤੇ ਮੇਰੇ ਬੇਟੇ ਦਾ ਕੀ ਮੇਲ? ਉਹ ਸਟੂਡੈਂਟ ਤੇ ਤੁਸੀਂ ਦੋ ਜੁਆਕਾਂ ਦੀ ਮਾਂ ਪ੍ਰੋ:। ਆਪਣੇ ਸਟੇਟਸ ਦਾ ਖ਼ਿਆਲ ਕਰੋ।"

ਬਲਵੰਤ ਨੇ ਵੀ ਪ੍ਰੋ: ਦੇ ਬੇਟੇ ਨੂੰ ਇੱਕ ਦਿਨ ਬਿਠਾ ਕੇ ਹੁੰਦੀ ਬੇਇਜ਼ਤੀ ਬਾਰੇ ਸਮਝਾਇਆ ਸੀ।

"ਛੋਟੇ ਵੀਰ! ਇੱਕ ਔਰਤ ਪਿਛੇ ਮਾਂ ਬਾਪ ਦੀ ਇੱਜਤ, ਸਰ ਵੱਲ ਵੇਖ... ਜੇ ਕੁਆਰੀ ਕੁੜੀ ਹੁੰਦੀ ਮੈਂ ਵੀ ਹਾਮੀ ਭਰ ਦਿੰਦਾ... ਤੂੰ ਪਤਾ ਨਹੀ ਕਿਵੇਂ.... ਇਹ ਸਰੀਰ ਦੀ ਭੁੱਖ ਆ.... ਪਿਆਰ ਬਿਆਰ ਨਹੀਂ....।"

"ਵੱਡੇ ਵੀਰ! ਮੈਨੂੰ ਬਹੁਤ ਪਿਆਰ ਕਰਦੀ ਆ....।"

"ਅਜੇ ਉਹਦੇ ਬੱਚੇ ਛੋਟੇ ਨੇ, ਜਦੋਂ ਵੱਡੇ ਹੋ ਗਏ ਤੈਨੂੰ ਕੁੱਟ ਕੇ ਬਾਹਰ ਕਰ ਦੇਣਗੇ ਜਾਂ ਫਿਰ ਇਹ ਬੱਚਿਆਂ ਤੋਂ ਡਰਦੀ ਮਾਰੀ ਤੈਨੂੰ ਛੱਡ ਕੇ ਅਹੁ ਜਾਊ...... ਇਹ ਤੇਰਾ ਭਵਿੱਖ... ਸੋਚ।"

ਉਧਰ ਪ੍ਰੋ: ਸਾਹਿਬ ਦੀਆਂ ਕਹੀਆਂ ਗੱਲਾਂ ਦਾ ਕੁਲਜੀਤ ਤੇ ਪਤਾ ਨੀ ਕੀ ਅਸਰ ਹੋਇਆ, ਇੱਕ ਦਿਨ ਨਿੰਦੀ ਨੂੰ ਬੁਲਾਕੇ ਸਮਝਾਇਆ; "ਦੇਖ ਨਿੰਦੀ ਬਹੁਤ ਨਿਭ ਗਈ.... ਬੱਚੇ ਵੱਡੇ ਹੋ ਗਏ ਨੇ..... ਉਹ ਵੀ ਬੁਰਾ ਮਨਾਉਂਦੇ ਨੇ.... ਨਾਲੇ ਤੇਰੀ ਉਮਰ ਆ... ਜਾਹ ਜਾ ਕੇ ਘਰ ਵਸਾ। ਚੱਜ ਨਾ ਪੜ੍ਹਕੇ ਕੁਝ ਬਣੀਂ.....।" ਉਹ ਅੱਖਾਂ ਵਿੱਚ ਗਲੇਡੂ ਭਰਕੇ ਨਿੰਦੀ ਨੂੰ ਜੱਫੀ ਪਾ ਕੇ ਕਿੰਨਾ ਹੀ ਚਿਰ ਰੋਂਦੀ ਰਹੀ। ਨਿੰਦੀ ਵੀ ਧਾਹਾਂ ਮਾਰਦਾ ਕਿਵੇਂ ਹੰਝੂਆਂ ਨੂੰ ਸੰਭਾਲਦਾ ਪਿਛੇ ਮੁੜ ਮੁੜ ਵੇਖਦਾ ਤੁਰ ਗਿਆ ਸੀ।

ਬਲਵੰਤ ਦੇ ਘਰ ਵਾਲੀ ਸਤਵੰਤ ਦੀ ਦੁਧੀ ਵਿੱਚ ਗੰਢ ਜਿਹੀ ਕੇਹੀ ਬਣੀ, ਜਾਨ ਹੀ ਲੈ ਬੈਠੀ। ਐਵੇਂ ਗਿਟੀ ਜਿਹੀ ਸਮਝ ਬੇਧਿਆਨੀ ਵਿੱਚ ਕੈਂਸਰ ਦੀਆਂ ਜੜ੍ਹਾਂ ਦਿਲ ਤੱਕ ਫੈਲ ਗਈਆਂ ਸਨ। ਪੀ.ਜੀ.ਆਈ ਤੱਕ ਗਈ ਪਰ ਵਕਤ ਲੰਘ ਚੁੱਕਿਆ ਸੀ। ਬੁਰਾ ਵਕਤ ਜਦੋਂ ਆ ਜਾਵੇ ਪਤਾ ਨੀ ਲੱਗਦਾ। ਵਿਚਾਰਾ ਬਲਵੰਤ ਸਤਵੰਤ ਤੋਂ ਹੱਥ ਧੋ ਬੈਠਾ ਸੀ। ਮਾਂ ਤੇ ਬਾਪ ਉਮਰ ਦੇ ਤਕਾਜ਼ੇ ਅਨੁਸਾਰ ਪਹਿਲਾਂ ਹੀ ਤੁਰ ਗਏ ਸੀ। ਉਸਨੇ ਇੰਨਾ ਮਨ ਤੇ ਨਹੀਂ ਸੀ ਲਾਇਆ, ਮਨੁੱਖ ਨੇ ਤਾਂ ਉਮਰ ਭੋਗ ਕੇ ਜਾਣਾ ਹੀ ਹੁੰਦਾ ਹੈ ਪਰ ਇਹ ਤਾਂ ਵਿਚਾਰੀ ਕੁਵੇਲੇ ਹੀ ਵਿਗੋਚਾ ਦੇ ਗਈ ਸੀ।

ਘਰ ਦੀ ਸੁੰਨ ਤੇ ਪੁੱਤਰ ਦੇ ਨਸ਼ੇੜੀ ਹੋਣ ਨੂੰ ਮਹਿਸੂਸ ਕਰਕੇ ਉਹ ਧਾਹਾਂ ਮਾਰ ਮਾਰ ਕੇ ਰੋਇਆ ਸੀ। ਛੋਟੇ ਨੂੰ ਦੇਖਣ ਵਾਲੇ ਵੀ ਆਉਂਦੇ। ਜਦ ਕਦੇ ਆਲੇ ਦੁਆਲਿਓਂ ਉਸਦੇ ਨਸ਼ੇੜੀ ਜੀਵਨ ਬਾਰੇ ਪਤਾ ਲੱਗਦਾ ਤਾਂ ਲੋਕ ਥਿੜਕ ਜਾਂਦੇ। ਬਲਵੰਤ ਚਾਹੁੰਦਾ ਸੀ ਕਿ ਸ਼ਹਿਰ ਦੀ ਕਿਸੇ ਬੰਦ ਗਲੀ ਵਿੱਚ ਛੋਟਾ ਜਿਹਾ ਮਕਾਨ ਲੈ ਕੇ ਰਹਿਣ ਲੱਗ ਜਾਵੇ ਜਿਥੇ ਕੋਈ ਉਸਦੇ ਅਤੀਤ ਬਾਰੇ ਜਾਣਦਾ ਤੱਕ ਨਾ ਹੋਵੇ ਪਰ ਫਿਰ ਇਹ ਸੋਚ ਕੇ ਕਿ ਜੜ੍ਹਾਂ ਤਾਂ ਉਹਦੀਆ ਪਿੰਡ ਵਿੱਚ ਫੈਲੀਆ ਹੋਈਆਂ ਨੇ। ਹੁਣ ਕੀ ਕਰਨਾ, ਜੇ ਜਾਣਾ ਹੀ ਸੀ ਤਾਂ ਪਹਿਲਾਂ ਹੀ ਚਲਾ ਜਾਂਦਾ। ਸਾਰੀ ਉਮਰ ਤਾਂ ਪਿੰਡ ਵਿੱਚ ਹੀ.....।

ਹੁਣ ਘਰ ਦੀ ਇਕੱਲਤਾ ਉਸਨੂੰ ਸਤਾਉਂਦੀ ਰਹਿੰਦੀ। ਪੰਜ ਕੁ ਸਾਲ ਰਹਿ ਗਏ ਸਨ ਰਿਟਾਇਰਮੈਂਟ ਦੇ। ਨਾਲ ਕੰਮ ਕਰਦੀ ਬੰਟੀ ਅਸਿਸਟੈਂਟ ਸੁਪਰਡੈਂਟ ਤੱਕ ਅਪੜਦੀ ਉਮਰ ਦੇ ਪੰਜਾਹ ਤੱਕ ਅਪੜ ਗਈ ਸੀ। ਪੜ੍ਹਦਿਆਂ ਇਕ ਅਮੀਰ ਦੇ ਛੂੰਕਾਰੇ ਨੂੰ ਦਿਲ ਦੇ ਬੈਠੀ ਸੀ। ਦਿਲ ਜਾਨ ਤੋਂ ਵੱਧ ਪਿਆਰ ਕੀਤਾ ਸੀ ਉਸਨੂੰ। ਉਹ ਤਾਂ ਅਮੀਰ ਦਾ ਲਾਡਲਾ ਰੋਜ਼ ਗੱਡੀਆਂ, ਕੱਪੜੇ ਤੇ ਕੁੜੀਆਂ ਬਦਲਣ ਦਾ ਸ਼ਕੀਨ ਐਯਾਸ਼ ਸੀ। ਬੰਟੀ ਤਾਂ ਵਿਚਾਰੀ ਭੋਲੀ ਭਾਲੀ ਐਵੇਂ ਹੀ ਚਿਕਨਾ ਚੋਪੜਿਆ ਵੇਖਕੇ ਝੁਕ ਗਈ ਸੀ ਪਰ ਉਹ ਅਹਿਸਾਸ ਤੇ ਪਿਆਰ ਵਰਗੀ ਸ਼ੈਅ ਤੋਂ ਉੱਕਾ ਹੀ ਕੋਰਾ ਸੀ। ਚਾਰ ਦਿਨ ਬੰਟੀ ਨੂੰ ਸਬਜ਼ ਬਾਗ ਵਿਖਾ ਕੇ ਕਿਸੇ ਹੋਰ ਦੀ ਬੁੱਕਲ ਵਿੱਚ ਜਾ ਬੈਠਾ ਸੀ। ਉਸਦੇ ਮਾਪਿਆਂ ਨੇ ਜ਼ੈਲਦਾਰਾਂ ਦੀ ਧੀ ਨਾਲ ਵਿਆਹ ਕਰ ਦਿੱਤਾ ਸੀ। ਬੰਟੀ ਨੂੰ ਤੜਫਦਾ ਛੱਡ ਗਿਆ ਸੀ। ਬੰਟੀ ਚਾਹੁੰਦੀ ਸੀ ਕਿ ਪੁਲਿਸ ਲਿਜਾ ਕੇ ਉਸਦੇ ਅਨੰਦਾਂ ਤੇ ਉਸਦੀ ਮਿੱਟੀ ਪੁੱਟੇ ਪਰ ਬਹੁਤ ਕੁਝ ਸੋਚਕੇ ਉਹ ਚੁੱਪ ਕਰ ਗਈ ਸੀ। ਹੁਣ ਉਹ ਪਿਆਰ ਦਾ ਨਾਂ ਸੁਣ ਕੇ ਸੁੰਨ ਮੁੰਨ ਹੋ ਜਾਂਦੀ ਹੈ। ਕਦੇ ਕਦੇ ਬਲਵੰਤ ਜਦੋਂ ਉਸ ਦੀਆਂ ਅੱਖਾਂ ਵਿੱਚ ਅੱਖਾਂ ਪਾ ਕੇ ਜਦੋਂ ਕਦੇ ਜੀਵਨ ਬਾਰੇ ਗੱਲ ਕਰਦਾ ਤਾਂ ਉਹ ਤੜਫ਼ ਜਾਂਦੀ ਹੈ। "ਬਲਵੰਤ! ਇਨ੍ਹਾਂ ਜਜ਼ਬਾਤੀ ਗੱਲਾਂ ਦਾ ਹੁਣ ਮੇਰੇ ਤੇ ਅਸਰ ਨਹੀਂ ਹੁੰਦਾ ਜਦੋਂ ਮੁਹੱਬਤ ਵਰਗਾ ਪਾਕ ਪਵਿੱਤਰ ਰਿਸ਼ਤਾ ਹੀ ਛਲਣੀ ਹੋ ਜਾਵੇ ਤਾਂ ਫਿਰ ਕੀ ਰਹਿੰਦਾ। ਮਾਸ! ਇਹ ਤਾਂ ਜਦ ਮਰਜ਼ੀ ਚੂੰਡਵਾ ਲਵੋ। ਨਹੀਂ। ਨਹੀਂ। ਬਲਵੰਤ! ਤੁਸੀਂ ਤਾਂ ਬੜੇ ਸੁਹਿਰਦ ਸਮਝਦਾਰ ਹੋ, ਮੇਰੇ ਭਰਾ ਵਰਗੇ ਲੱਗਦੇ ਓ। ਕਦੇ ਕਦੇ ਮਜਨੂੰ ਵਰਗੇ ਬੇਵੱਸ ਆਸ਼ਕ.....ਮੈਨੂੰ ਇਉਂ ਲੱਗਦੇ ਆਪਾਂ ਦੋਨਾਂ ਦੀ ਇਸ਼ਕ ਜਾਤ ਇਕੋ ਹੀ ਆ.... ਹਾਂ। ਹਾਂ। ਹੀ। ਹੀ। ਹੀ। "ਬਲਵੰਤ ਅੱਖਾਂ ਟੱਡੀ ਉਸਦੇ ਚਿਹਰੇ ਦੇ ਉਤਰਦੇ ਚੜ੍ਹਦੇ ਹਾਵ ਭਾਵਾਂ ਨੂੰ ਤੱਕਦਾ ਨਿਰਾਸ਼ਤਾ ਦੀ ਡੂੰਘੀ ਖਾਈ ਵਿੱਚ ਜਾ ਡਿੱਗਾ ਸੀ।

ਬੰਟੀ ਦੀ ਸਿੱਧੀ ਤੇ ਬੇਬਾਕ ਗੱਲ ਨੇ ਬਲਵੰਤ ਦੇ ਸਾਰੇ ਹੀ ਸ਼ੰਕੇ ਦੂਰ ਕਰ ਦਿੱਤੇ ਸਨ। ਮੁੜ ਉਸਨੇ ਕਦੇ ਵੀ ਅਜਿਹੀ ਗੱਲ ਨਹੀਂ ਸੀ ਛੇੜੀ। ਉਸਦੇ ਘਰ ਇੱਕ ਨੌਕਰਾਣੀ

ਭਾਂਡੇ ਮਾਂਜਣ, ਕੱਪੜੇ ਧੋਣ ਤੇ ਝਾੜੂ ਲਾਉਣ ਆਉਂਦੀ ਹੈ। ਅੱਧੀ ਕੁ ਉਮਰ ਦੀ ਦਾ ਸਰੀਰ ਮਿਹਨਤ ਨਾਲ ਗਠਿਆ ਪਿਆ ਹੈ। ਉਸਦੇ ਕੰਮ ਦੀ ਬਲਵੰਤ ਕਦੇ ਕਦੇ ਤਾਰੀਫ਼ ਕਰ ਦਿੰਦੈ ਤਾਂ ਉਹ ਖੁਸ਼ ਹੋ ਜਾਂਦੀ ਹੈ ਪਰ ਬਲਵੰਤ ਡਰ ਜਾਂਦਾ ਹੈ ਕਿਤੇ ਉਹ ਤਾਰੀਫ਼ ਦੇ ਗ਼ਲਤ ਅਰਥ ਹੀ ਨਾ ਕੱਢ ਲਵੇ। ਬਲਵੰਤ ਦੀ ਸਰੀਰਕ ਭੁੱਖ ਤਾਂ ਕਦੋਂ ਦੀ ਮਰ ਚੁੱਕੀ ਹੈ, ਮਰਦਾਂ ਵਾਲੀ ਹਿਰਸ ਕਦੇ ਕਦੇ ਉਸਨੂੰ ਤੜਫ਼ਾਉਂਦੀ ਹੈ। ਭਲਾਂ ਮਾਨਸਿਕ ਭੁੱਖ, ਅਹਿਸਾਸ ਤੇ ਮੁਹੱਬਤ ਕਿਹੜੀ ਦੁਕਾਨ ਤੋਂ ਮੁੱਲ ਲੈ ਆਵੇ। ਇਸ ਬੁੱਢੜ ਨੂੰ ਭਲਾਂ ਕੌਣ ਕੋਈ ਪਿਆਰ ਕਰੇਗਾ। ਭਾਵਨਾਵਾਂ ਦੀ ਕੌਣ ਕਦਰ ਕਰਦੈ? ਕੌਣ ਬੁਕਲ 'ਚ ਬਹਿ ਕੇ ਸੁਣੇਗਾ ਦਿਲ ਕੀ ਹੂਕ? ਬੰਟੀ ਨੂੰ ਅਹਿਸਾਸ ਸੀ, ਹਮ ਉਮਰ ਸੀ ਪਰ ਉਹ ਤਾਂ ਕੋਰਾ ਹੀ...।

ਬਲਵੰਤ ਰਿਟਾਇਰ ਹੋ ਕੇ ਘਰ ਆ ਗਿਆ ਸੀ। ਦਫਤਰ ਦਿਲ ਲੱਗ ਜਾਂਦਾ ਸੀ ਕੰਮ ਵਿੱਚ, ਘਰ ਸਾਰੀ ਦਿਹਾੜੀ ਬੈਠਣਾ ਬੜਾ ਮੁਸ਼ਕਲ ਲੱਗਦਾ। ਸੱਥ 'ਚ ਬੈਠਦਾ ਉਹ ਉਂਝ ਚੰਗਾ ਨਹੀਂ ਸੀ ਸਮਝਦਾ। ਰਾਤ ਨੂੰ ਦੋ ਪੈਗ ਲਾ ਕੇ ਰੋਟੀ ਖਾ ਕੇ ਸੌਂ ਜਾਂਦਾ। ਬੇਟਾ ਵੀ ਛੇਤੀ ਘਰ ਆਉਣ ਲੱਗ ਪਿਆ ਸੀ।

ਪਿਛਲੇ ਦਿਨੀਂ ਅੱਧੀ ਕੁ ਰਾਤ ਨੂੰ ਸੁਪਨੇ ਵਿੱਚ ਲੱਗਾ ਕਿਵੇਂ ਸਤਵੰਤ ਉਸਨੂੰ ਨਸੀਹਤਾਂ ਦਿੰਦੀ ਆਖ ਰਹੀ ਸੀ; "ਪੱਗ ਦਾ ਲੜ ਠੀਕ ਕਰੋ, ਦੁਬਾਰਾ ਬੰਨੋ।"

"ਕਮੀਜ਼ ਦਾ ਬੱਟਨ ਟੁਟਿਆ ਪਿਆ ਹੈ।"

"ਦਿਹਾੜੀ ਮਗਜ਼ ਮਾਰਕੇ ਆਉਨੇ ਓ, ਦੁੱਧ ਪੀ ਲਿਆ ਕਰੋ।"

"ਛੇਤੀ ਉਠੋ। ਦਫ਼ਤਰੋਂ ਲੇਟ ਹੋ ਜਾਉਗੇ, ਟਿਫ਼ਨ ਤਿਆਰ ਆ। ਪਾਣੀ ਗਰਮ ਆ ਨਹਾ ਲਵੋ।"

ਉਹ ਨਸੀਅਤਾਂ ਦਿੰਦੀ ਬਲਵੰਤ ਦਾ ਮੂੰਹ ਚੁੰਮ ਕੇ ਜਿਵੇਂ ਦਰਵਾਜਾ ਪਾਰ ਕਰ ਗਈ ਸੀ। ਬਲਵੰਤ ਹੜਬੜਾ ਕੇ ਉੱਠਿਆ, ਚਾਰੇ ਪਾਸੇ ਹਨ੍ਹੇਰਾ ਹੀ ਹਨ੍ਹੇਰਾ। ਬਟਨ ਦਬਾ ਕੇ ਵੇਖਦਾ ਦਰਵਾਜ਼ਾ ਉਵੇਂ ਹੀ ਬੰਦ ਹੈ, ਉੱਠਕੇ ਦਰਵਾਜਾ ਖੋਲ੍ਹ ਕੇ ਚਾਰੇ ਪਾਸੇ ਵੇਖਦਾ ਪਰ ਸਤਵੰਤ ਕਿਤੇ ਵੀ ਨਹੀਂ ਸੀ। ਭਰਮ ਸਮਝ ਮੁੜ ਸੌਣ ਦਾ ਯਤਨ ਕਰਦਾ ਹੈ ਪਰ ਸੌਂ ਨਹੀਂ ਸੀ ਸਕਿਆ। ਉਸਨੂੰ ਘਰ ਦੀ ਹਰ ਸ਼ੈਅ ਵਿੱਚ ਸਤਵੰਤ ਨਜ਼ਰ ਆ ਰਹੀ ਸੀ।

ਛੋਟੇ ਦੀ ਵਧਦੀ ਉਮਰ ਤੇ ਮਾੜੀਆਂ ਆਦਤਾਂ ਤੋਂ ਉਹ ਧੋਟਾ ਧੋਟਾ ਦੁੱਖੀ ਹੋਇਆ ਪਿਆ ਸੀ; ਵੱਡੇ ਨੇ ਵੀ ਕਦੇ ਆ ਕੇ ਹਾਲ ਨਹੀਂ ਸੀ ਪੁੱਛਿਅ। ਉਹ ਸੋਚਦਾ ਜਾਵੇ ਤਾਂ ਕਿਥੇ ਜਾਵੇ। ਹੁਣ ਉਸ ਨੂੰ ਜਿਉਣ ਦੇ ਅਰਥ ਬੇਕਾਰ ਲੱਗ ਰਹੇ ਸਨ। ਉਹ ਮਰਨ ਦੀ ਕਈ ਵਾਰ ਸੋਚਦਾ। ਇੱਕ ਦਿਨ ਨਾਲ ਦੀ ਲੰਘਦੀ ਬਠਿੰਡਾ ਬਰਾਂਚ ਦੇ ਸੁੰਨੇ ਪੁਲ ਤੇ ਮਰਨ ਲਈ ਜਾ ਚੜ੍ਹਿਆ; ਜਿਉਂ ਹੀ ਉਸ ਨੇ ਛਾਲ ਮਾਰਨ ਦੀ ਕੋਸ਼ਿਸ਼ ਕੀਤੀ ਤਾਂ ਪਾਣੀ ਚੋਂ ਇੱਕ ਪ੍ਰਛਾਵਾਂ ਉੱਭਰ ਕੇ ਸਾਹਮਣੇ ਆ ਖੜ੍ਹਿਆ, "ਨਾ ਹੁਣ ਕਾਇਰਾਂ ਆਗੂੰ ਮਰੇਂਗਾ? ਮੇਰੇ ਜੁਆਕਾਂ ਦੇ ਮੂੰਹ ਤੇ ਕਾਲਖ਼ ਮਲੇਂਗਾ? ਸਿਆਣਾ ਬਣ, ਦੁਖ ਸੁਖ ਤਾਂ ਆਉਂਦੇ ਈ ਰਹਿੰਦੇ ਨੇ...... ਜਾਹ ਘਰ ਨੂੰ ਮੁੜ ਜਾ... ਗਤੀ ਨੀ ਹੋਣੀ....।"

ਬਲਵੰਤ ਨੂੰ ਲੱਗਾ ਜਿਵੇਂ ਸਤਵੰਤ ਉਸਦੇ ਅੱਗੇ ਆ ਕੇ ਮਿਹਣੇ ਮਾਰ ਰਹੀ ਹੋਵੇ। ਉਹ ਨਿਮੋਝੂਣਾ ਜਿਹਾ ਹੋਇਆ ਘਰ ਨੂੰ ਮੁੜ ਆਇਆ ਸੀ, ਘਰੇ ਆ ਸਤਵੰਤ ਦੀ ਫੋਟੋ ਹਿੱਕ ਨਾਲ ਲਾ ਉੱਚੀ ਉੱਚੀ ਭੁਬਾਂ ਮਾਰਕੇ ਰੋਣ ਲੱਗ ਪਿਆ। -99143-74001

--0--

ਵੋਟਾਂ ਦੀ ਰੁੱਤ

-ਹਰਚੰਦ ਸਿੰਘ ਪੰਜੋਲੀ

ਐ ਮੇਰੇ ਪੰਜਾਬ, ਐ ਮੇਰੇ ਜੋਸ਼ੀਲੇ ਪੰਜਾਬ।
ਜਦੋਂ ਵੋਟਾਂ ਦੀ ਰੁੱਤ ਆਉਂਦੀ,
ਤੂੰ ਪਹਿਰੇਦਾਰ ਬਣ ਜਾਂਦਾ।
ਤੂੰ ਸਰਦਾਰ ਬਣ ਜਾਂਦਾ।
ਪਾ ਕੇ ਰੰਗਲਾ ਸੂਹਾ ਚੂੜਾ,
ਤੂੰ ਸੋਹਣੀ ਨਾਰ ਬਣ ਜਾਂਦਾ।
ਲੱਛੇਦਾਰ ਭਾਸ਼ਣਾਂ ਨਾਲ਼,
ਤੂੰ ਮਾਲਾ ਮਾਲ ਬਣ ਜਾਂਦਾ।
ਤੂੰ ਛਲਿਆ ਜਾਂਦਾ,
ਛਲੇਡਿਆਂ ਦੇ ਜਾਲ਼ ਵਿੱਚ ਆ ਕੇ,
ਫਸਿਆ ਝੂਠੇ ਲਾਰਿਆਂ ਦਾ
ਤੂੰ ਲਾਚਾਰ ਬਣ ਜਾਂਦਾ।
ਠੱਗ ਲੈਂਦੀ ਹੈ ਮੇਰੇ ਅੰਨਦਾਤਿਆਂ ਨੂੰ,
ਭੈੜੀ ਨੀਤ ਇਨ੍ਹਾਂ ਸਰਕਾਰਾਂ ਦੀ।

ਪੰਜ ਆਬ ਨੂੰ ਮਾਰਨ ਦੀ ਸਾਜਿਸ਼,
ਸਦਾ ਰਹੀ ਹੈ ਇਨ੍ਹਾਂ ਸਰਕਾਰਾਂ ਦੀ।
ਗੁੜ ਵਿੱਚ ਵਲੇਟੀ ਕੁਨੀਨ,
ਨਿੱਗਲੀ ਜਾਂਦੀ ਹੈ ਨਿੱਤ,
ਕਿਸੇ ਵੱਡੇ ਅਜਗਰ ਦੇ ਵਾਂਗ
ਮੇਰੇ ਪਾਲਣਹਾਰ ਕਿਸਾਨ ਨੂੰ।
ਮੇਰੇ ਹੋਣਹਾਰ ਜਵਾਨ ਨੂੰ।
ਮੇਰੇ ਭੋਲੇ ਪੰਜਾਬ ਦੇ ਕਿਸਾਨ,
ਖੁਸ਼ ਹੋ ਜਾਂਦਾ ਹੈਂ ਤੂੰ ਵੀ,
ਝੂਠੇ ਲਾਰਿਆਂ ਦੇ ਨਾਲ਼।
ਬੜਾ ਚਾਅ ਚੜ੍ਹ ਜਾਂਦੈ ਤੈਨੂੰ
ਇਹ ਸੁਣਕੇ ਕਿ,
ਤੇਰੀ ਆਮਦਨ,
ਹੁਣ ਦੋ ਗੁਣਾਂ ਹੋ ਜਾਣੀ ਐ।
ਬਸ ਸਮਝ।
ਹੋ ਗਿਆ ਤੂੰ ਭੀ,
ਮਾਲਾ ਮਾਲਾ ਹੁਣ।
ਪਰ ਪੱਲੇ ਪੈਂਦੇ ਸਿਰਫ ਨਮੋਸ਼ੀ
ਬਸ ਸਿਰਫ ਨਮੋਸ਼ੀ।
ਲੁਟਿਆ ਜਾਂਦੈਂ ਤੂੰ,
ਦਿਨ ਦਿਹਾੜੇ।
ਮੇਰਿਆ ਭੋਲਿਆ ਅੰਨਦਾਤਿਆ।
ਨੌਜਵਾਨ ਵੀ ਦੇਕੇ ਮੁੱਛਾਂ ਨੂੰ ਤਾਅ
ਸੋਚਦੈ ਹੁਣ ਤਾਂ,
ਮੈਂ ਵੀ ਹੋ ਜਾਣਾ ਮਾਲੋ ਮਾਲ,
ਘਰ ਘਰ ਨੌਕਰੀ ਜੋ ਆਈ,
ਕੈਪਟਨ ਨੇ ਇਹ ਆਖ ਸੁਣਾਈ।
ਪਰ ਪਲੇ ਪੈਂਦੀ ਤੇਰੇ ਰੁਸ਼ਨਾਈ।
ਉੱਠ ਜਾਗ ਜਰਾ।
ਮੇਰੇ ਸ਼ੇਰ ਪੰਜਾਬੀਆ।
ਹੱਥ ਤੇ ਹੱਥ ਰੱਖਣ ਨਾਲ਼,
ਕੁਝ ਨਹੀਂ ਜੇ ਬਨਣਾਂ ਹੁਣ।
ਐਂਵੇ ਹੀ ਕਿਉਂ?
ਅਣਿਆਈ ਮੌਤ ਹੈ ਮਰਨਾ ਹੁਣ।
ਉੱਠ ਮੇਰੇ ਸ਼ੇਰ ਪੰਜਾਬੀ।

ਉੱਠ ਮੇਰੇ ਉੱਦਮੀ ਜਵਾਨ।
ਉੱਠ ਮੇਰੇ ਮੇਹਨਤੀ ਕਿਸਾਨ।
ਏਨ੍ਹਾਂ ਕਾਲ਼ੀਆਂ ਭੇਡਾਂ ਨੂੰ ਚੁੱਕ ਕੇ ਏਥੋਂ,
ਵਿੱਚ ਬਜਾਰੀਂ ਨੰਗਾ ਕਰਕੇ
ਕਿਸੇ ਡੂੰਘੇ ਟੋਏ ਵਿੱਚ ਸੁੱਟਣ ਦਾ,
ਕੌੜਾ ਘੁੱਟ ਭਰਨਾ ਹੀ ਪੈਣਾਂ ਹੁਣ।
ਉੱਠ ਮੇਰੇ ਨੌਜਵਾਨ ਜੁਮੇਵਾਨ!
ਮਿਨਤਾਂ, ਹਾੜ੍ਹੇ ਬਹੁਤ ਕੱਢ ਲੇ ਤੈਂ।
ਲੇਲ੍ਹੜੀਆਂ ਵੀ ਬਹੁਤ ਕੱਢੀਆਂ ਤੈਂ।
ਪਰ ਰਾਸ ਨਾ ਆਈਆਂ ਤੈਨੂੰ,
ਮੇਰੇ ਦੁੱਲੇ ਪੰਜਾਬ ਦੇ ਨੌਜਵਾਨੋ।
ਉਠੋ! ਪੁਕਾਰ ਰਹੀ ਹੈ ਥੋਨੂੰ,
ਹੱਕ ਸੱਚ ਦੀ ਲੜਾਈ।
ਕਮਰ ਕਸੇ ਕਰੋ।
ਵੱਡ੍ਹੋ ਜੂੜ ਇਨ੍ਹਾਂ ਅਖੌਤੀ-
ਝੂਠੇ, ਜੁਮਲੇਬਾਜਾਂ ਦਾ।
ਧੋਖੇਬਾਜਾਂ ਦਾ।
ਜਗਾਉ ਸੁੱਤੀ ਹੋਈ ਕਲਾ ਸ਼ਕਤੀ,
"ਕੋਈ ਕਿਸੇ ਕੋ ਰਾਜ ਨ ਦੇਹਿ ਹੈ,
ਜੋ ਲੇਹਿ ਹੈ ਨਿਜਿ ਬਲਿ ਸੇ ਲੇਹਿ ਹੈ।"
ਦੱਸ ਦਿਉ ਮੇਰੇ ਦੁੱਲੇ ਪੰਜਾਬੀਓ।
ਪੰਜਾਬ ਕੀ ਹੈ ? ਤੇ ਪੰਜਾਬੀਅਤ ਕੀ?
ਪੰਜੋਲੀ ਹਰਚੰਦ ਆਖਦਾ ਪੰਜਾਬੀਓ-
ਤੁਸੀਂ ਸ਼ਕਤੀ ਹੋ ਦਸ਼ਮੇਸ਼ ਦੀ।
ਤੁਸੀਂ ਭਗਤੀ ਹੋ ਦਸ਼ਮੇਸ਼ ਦੀ।
ਤੁਸੀਂ ਚੰਡੀ ਦੀ ਵਾਰ ਵੀ ਹੋਂ।
ਦੁਸ਼ਮਣ ਲਈ ਤਿੱਖੀ ਤਲਵਾਰ ਵੀ ਹੋਂ।
ਮਿੱਤਰਾਂ ਲਈ ਸੱਚਾ ਪਿਆਰ ਵੀ ਹੋਂ
ਦਿਲਦਾਰਾਂ ਦੇ ਦਿਲਦਾਰ ਵੀ ਹੋਂ
ਤੁਸੀਂ, ਸਤਿਕਾਰ ਵੀ ਹੋ। ਤੁਸੀਂ ਮਲਾਰ ਵੀ ਹੋਂ।

-62831-93156

--0--

ਸਮਾਜਕ ਅਤੇ ਇਤਿਹਾਸਕ ਪਿਛੋਕੜ ਵਿੱਚ

ਗੁਰੂ ਨਾਨਕ ਦਾ ਫਲਸਫਾ ਅਤੇ ਅਸੀਂ

-ਫਤਿਹ ਜੰਗ ਸਿੰਘ



ਇਸ ਧਰਤੀ ਤੇ ਕਦੇ ਕਦੇ ਅਜਿਹੀਆਂ ਸ਼ਖ਼ਸ਼ੀਅਤਾਂ ਜਨਮ ਲੈਂਦੀਆਂ ਹਨ ਕਿ ਉਹਨਾਂ ਦਾ ਜੀਵਨ ਆਉਣ ਵਾਲੀਆਂ ਪੀੜ੍ਹੀਆਂ ਲਈ ਸਦੀਆਂ ਤੀਕਰ ਚਾਨਣ ਮੁਨਾਰਾ ਬਣਕੇ ਰਾਹ ਦੱਸਦਾ ਰਹਿੰਦਾ ਹੈ। ਇਹ ਵੱਖਰੀ ਗੱਲ ਹੈ ਕਿ ਕੋਈ ਇਸ ਤੋਂ ਦਿਸ਼ਾ ਨਿਰਦੇਸ਼ ਲੈਂਦਾ ਹੈ ਜਾਂ ਨਹੀਂ। ਇਹੋ ਜਿਹੀਆਂ ਸ਼ਖ਼ਸ਼ੀਅਤਾਂ ਕਾਲ (ਮੌਤ) ਅਤੇ ਸਮੇਂ ਦੇ ਅਧੀਨ ਨਹੀਂ ਹੁੰਦੀਆਂ ਸਗੋਂ ਇਹ ਕਾਲ ਅਤੇ ਸਮੇਂ ਨੂੰ ਆਪਣੀ ਤੋਰੇ ਤੋਰਨ ਦੇ ਸਮੱਰਥ ਹੁੰਦਿਆਂ ਯੁੱਗ ਪੁਰਸ਼ ਬਣ ਜਾਂਦੀਆਂ ਹਨ। ਯੁੱਗ ਭਾਵੇਂ ਇਹਨਾਂ ਨਾਲ ਬੇਵਫਾਈ ਕਰੇ, ਅਨਿਆਂ ਕਰੇ, ਇਹਨਾਂ ਦੇ ਰਾਹਾਂ ਵਿੱਚ ਦੁਸ਼ਵਾਰੀਆਂ ਦੇ ਕੰਡੇ ਬਿਖੇਰੇ ਪਰ ਇਹਨਾਂ ਔਝੜੇ ਰਾਹਾਂ ਦੇ ਇਹ ਰਾਹੀ ਲਗਾਤਾਰ ਅਡੋਲ ਤੁਰਦੇ ਹੋਏ ਅਖ਼ੀਰ ਆਪਣਾ ਵੱਖਰਾ ਰਾਹ ਬਣਾ ਜਾਂਦੇ ਹਨ ਜਿਸਤੇ ਕਿੰਨੇ ਹੀ ਹੋਰ ਤੁਰ ਸਕਣ ਦਾ ਬਲ ਇੱਕਠਾ ਕਰਦਿਆਂ ਸਫ਼ਲ/ਅਸਫ਼ਲ ਹੁੰਦੇ ਰਹਿੰਦੇ ਹਨ। ਇਹੋ ਜਿਹੇ ਰਾਹ ਦੇ ਰਾਹੀਆਂ ਦਾ ਪਤਾ ਨਹੀਂ ਚਲਦਾ ਕਦੋਂ ਕਾਫ਼ਲਾ ਬਣ ਜਾਂਦਾ ਹੈ, ਜਦੋਂ ਕਾਫ਼ਲਾ ਪੰਥ/ਸੰਸਥਾ ਬਣਜਾਂਦੀ ਹੈ,ਕਦੋਂ ਪੰਥ ਆਪਣਾ ਫਲਸਫ਼ਾ ਬਣਾ ਲੈਂਦਾ ਹੈ ਤੇ ਕਦੋਂ ਇਹ ਪੰਥ ਤੇ ਫਲਸਫ਼ਾ ਆਪਣਾ ਜਨਮ ਸਥਾਨ, ਪਿੰਡ, ਕਸਬਾ, ਸ਼ਹਿਰ, ਦੇਸ਼ ਛੱਡ ਸਮੁੱਚੀ ਲੋਕਾਈ ਨੂੰ ਆਪਣੇ ਕਲਾਵੇ ਵਿੱਚ ਲੈ ਲੈਂਦਾ ਹੈ।

ਇਹੋ ਜਿਹੀ ਹੀ ਹਸਤੀ ਜਿਸਨੇ 15 ਅਪ੍ਰੈਲ 1469 (ਸ਼੍ਰੋਮਣੀ ਕਮੇਟੀ ਅਨੁਸਾਰ ਨਵੰਬਰ 1469) ਨੂੰ ਪਿਤਾ ਕਾਲੂ ਅਤੇ ਮਾਤਾ ਤ੍ਰਿਪਤਾ ਦੇ ਘਰ ਤਲਵੰਡੀ ਰਾਇ ਭੋਇ (ਹੁਣ ਨਨਕਾਣਾ ਸਾਹਿਬ ਪਾਕਿਸਤਾਨ) ਵਿਖੇ ਬਾਲਕ ਦੇ ਰੂਪ ਵਿੱਚ ਜਨਮ ਲਿਆ। ਇਸੇ ਹੀ ਬਾਲਕ ਨੇ ਵੱਡਿਆਂ ਹੋ ਕੇ ਨਾਨਕ ਫਿਰ ਗੁਰੂ ਨਾਨਕ ਅਤੇ ਫਿਰ ਸਤਿਗੁਰ ਨਾਨਕ ਅਖਵਾਇਆ। ਸਤਿਗੁਰ ਤੱਕ ਦਾ ਇਹ ਸਫਰ ਇਨਾ ਆਸਾਨ ਨਹੀਂ ਸੀ। ਇਸ ਵਿੱਚ ਨਾਨਕ ਦੀ ਜੀਵਨ ਭਰ ਦੀ ਮਿਹਨਤ, ਘਾਲਣਾ ਅਤੇ ਲਗਨ ਵੇਖੀ ਜਾ ਸਕਦੀ ਹੈ, ਰਾਹ ਵੀ ਕੰਡਿਆਲੇ ਸਨ ਅਤੇ ਮੌਸਮ ਵੀ ਬੇਵਫ਼ਾ ਰਿਹਾ ਪਰ ਇਹ ਸਭ ਮਿਲਕੇ ਵੀ ਇਸ ਰਾਹੀ ਨੂੰ ਮੰਜ਼ਲ ਵੱਲ ਵੱਧਣ ਤੋਂ ਨਾ ਰੋਕ ਸਕੇ। ਇਹਨਾਂ ਹਾਲਾਤਾਂ ਦਾ ਜ਼ਿਕਰ ਭਾਈ ਗੁਰਦਾਸ ਦੀਆਂ ਇਹ ਸਤਰ੍ਹਾਂ 'ਸਤਿਗੁਰ ਨਾਨਕ ਪ੍ਰਗਟਿਆ, ਮਿਟੀ ਧੁੰਦ ਜਗ ਚਾਨਣ ਹੋਆ' ਭਲੀਭਾਂਤ ਬਿਆਨ ਕਰਦੀਆਂ ਹਨ ਕਿ ਉਨਾਂ ਦੇ ਜਨਮ ਸਮੇਂ ਸਮਾਜ ਵਿੱਚ ਕਿੰਨਾ ਅੰਧਕਾਰ, ਹਨ੍ਹੇਰਾ ਗੁਬਾਰ ਅਤੇ ਧੁੰਦ ਸੀ ਜਿਸਨੂੰ ਗੁਰੂ ਨਾਨਕ ਨੇ ਸੂਰਜ ਬਣ ਦੂਰ ਕਰਨ ਦੇ ਜਤਨ ਕੀਤੇ।

ਜਨਮ ਵੇਲੇ ਦੇ ਹਾਲਾਤ ਦਾ ਪਿਛੋਕੜ :

ਗੁਰੂ ਨਾਨਕ ਦੇ ਜਨਮ ਵੇਲੇ ਦੇ ਹਾਲਾਤ ਸਮਝਿਆਂ ਬਿਨਾਂ ਉਨ੍ਹਾਂ ਦੇ ਫਲਸਫ਼ੇ ਦੀਆਂ ਜੜ੍ਹਾਂ ਤੱਕ ਨਹੀਂ ਜਾਇਆ ਜਾ ਸਕਦਾ। ਇਹਨਾਂ 'ਤੇ ਇੱਕ ਝਾਤ ਪਾਉਣੀ ਜ਼ਰੂਰੀ ਹੈ। ਇਹ ਉਹਸਮਾਂ ਸੀ ਜਦੋਂ ਮੁਗਲਾਂ ਦੇ ਲਗਾਤਾਰ ਹਮਲਿਆਂ ਨੇ ਪਹਿਲਾਂ ਤੋਂ ਹੀ ਡਿਗੂੰ ਡਿਗੂੰ ਕਰਦੇ ਭਾਰਤ ਦੀਆਂ ਜੜ੍ਹਾਂ ਹਿਲਾ ਕੇ ਰੱਖ ਦਿੱਤੀਆਂ ਸਨ। ਗ਼ੁਲਾਮੀ ਦਰ ਗ਼ੁਲਾਮੀ ਨਿੱਤ ਵਧਦੀ ਜਾ ਰਹੀ ਸੀ। ਜਾਤਪਾਤ, ਊਚ-ਨੀਚ, ਘੋਰ ਗ਼ਰੀਬੀ, ਸਮਾਜਕ ਅਨਿਆਂ, ਭ੍ਰਿਸ਼ਟਾਚਾਰ ਕਰਮ ਕਾਂਡ ਤੇ ਸਮਾਜਕ ਕੁਰੀਤੀਆਂ ਦਾ ਹਰ ਪਾਸੇ ਬੋਲਬਾਲਾ ਸੀ।

ਭਾਰਤ ਦੀ ਗੁਲਾਮੀ ਅਤੇ ਸਮਾਜਕ ਗਿਰਾਵਟ ਦੀ ਨੀਂਹ ਤਾਂ ਗੁਰੂ ਨਾਨਕ ਦੇ ਜਨਮ ਤੋਂ ਬਹੁਤ ਪਹਿਲਾਂ (ਲਗਭਗ 1500 ਪੂਰਵ ਈਸਵੀ) ਆਰੀਅਨਾਂ ਦੇ ਆਗਮਨ ਨਾਲ ਰੱਖੀ ਜਾ ਚੁੱਕੀ ਸੀ ਪਰ ਇਸ ਨੂੰ ਬੁੱਧਮੱਤ ਦੇ ਉਭਾਰ ਨਾਲ ਤੇ ਫਿਰ ਮਹਾਰਾਜਾ ਅਸ਼ੋਕ ਦੇ ਰਾਜ ਵੇਲੇ ਠੱਲ੍ਹ ਪੈ ਗਈ ਸੀ। ਸਮਰਾਟ ਅਸ਼ੋਕ ਦੇ ਵੰਸ਼ਜ ਬ੍ਰਿਹਦਰਥ ਤੇ ਉਸਦੇ ਬ੍ਰਾਹਮਣ ਸੈਨਾਪਤੀ ਪੁਸ਼ਿਆ ਮਿੱਤਰ ਵੱਲੋਂ ਕਤਲ ਕਰਕੇ ਰਾਜਪਾਟ ਸੰਭਾਲਣ ਨਾਲ ਇਹ ਵਿਵਸਥਾ ਮੁੜ ਬੜੀ ਤੀਬਰਤਾ ਤੇ ਸਖ਼ਤੀ ਨਾਲ ਲਾਗੂ ਕਰਨੀ ਸ਼ੁਰੂ ਕੀਤੀ ਗਈ। ਇਹੀ ਉਹ ਸਮਾਂ ਸੀ ਜਦੋਂ ਭਾਰਤ ਦੇ ਇਤਿਹਾਸ ਦੇ ਸੁਨਹਿਰੀ ਕਾਲ ਨੂੰ ਸਿਆਹ ਕਾਲੇ ਸਮੇਂ ਵਿੱਚ ਤਬਦੀਲ ਕਰਨ ਦੀਆਂ ਸਾਜ਼ਿਸ਼ਾਂ ਸ਼ੁਰੂ ਹੋ ਗਈਆਂ ਸਨ। ਘੁੱਗ ਸੁਖੀ ਵਸਦੇ ਸਮਾਜ ਵਿੱਚ ਮੁੜ ਤੋਂ ਵਰਣਾ ਅਤੇ ਜਾਤੀਆਂ ਦੀਆਂ ਪੱਕੀਆਂ ਲਕੀਰਾਂ ਖਿੱਚ ਦਿੱਤੀਆਂ ਗਈਆਂ। ਜਾਤੀਆਂ ਦੀਆਂ ਇਹ ਪੱਕੀਆਂ ਲਕੀਰਾਂ ਹੀ ਊਚ-ਨੀਚ, ਛੂਤ-ਅਛੂਤ ਦੀਆਂ ਦੀਵਾਰਾਂ ਬਣਕੇ ਸਮਾਜ ਨੂੰ ਹਜ਼ਾਰਾਂ ਟੁਕੜਿਆਂ ਵਿੱਚ ਵੰਡ ਗਈਆਂ। ਇਹਨਾਂ ਜਾਤੀ ਟੁਕੜਿਆਂ ਨੂੰ 'ਧਾਰਮਿਕ' ਗ੍ਰੰਥਾਂ ਰਾਹੀਂ ਧਰਮ ਅਤੇ ਰੱਬ ਦੇ ਡੰਡੇ ਦੇ ਜ਼ੋਰ ਨਾਲ ਡਰਾ ਧਮਕਾ ਕੇ ਪੱਕਿਆਂ ਤੋਂ ਹੋਰ ਪਕੇਰੇ ਅਤੇ ਪੀਡੇ ਬਣਾਇਆ ਗਿਆ ਜੋ ਇੱਕ ਦੂਜੇ ਦੇ ਵਿਰੋਧੀ ਤੇ ਦੁਸ਼ਮਣ ਵੀ ਬਣਦੇ ਚਲੇ ਗਏ। ਇਸ ਸਮਾਜਕ ਫੁੱਟ ਦਾ ਬਾਹਰਲੇ ਹਮਲਾਵਰਾਂ ਨਏ ਭਰਪੂਰ ਲਾਭ ਉਠਾਇਆ।

ਮੁਹੰਮਦ ਬਿਨ ਕਾਸਮ ਦੀਆਂ ਮੁੱਠੀ ਭਰ ਫੌਜਾਂ ਨੇ ਸਿੰਧ ਦੇ ਰਾਜੇ ਦਾਹਰ ਨੂੰ ਹਰਾ ਕੇ ਆਪਣੇ ਰਾਜ ਦੀ ਨੀਂਹ ਰੱਖ ਦਿੱਤੀ। ਹਾਰ ਦਾ ਕਾਰਣ ਸੀ ਸਮਾਜ ਵਿੱਚ ਫੈਲਿਆ ਵਿਆਪਕ ਭ੍ਰਿਸ਼ਟਾਚਾਰ, ਲਾਲਚ, ਗਦਾਰਪੁਣਾ, ਤੇ ਜਾਤੀਵੰਡ। ਆਮ ਲੋਕਾਂ ਵਿੱਚ ਵਹਿਮ ਸੀ ਕਿ ਲੜਾਈ ਦੌਰਾਨ ਜੇ ਮੰਦਰ ਦਾ ਝੰਡਾ ਡਿੱਗ ਪਵੇ ਤਾਂ ਹਾਰ ਨਿਸ਼ਚਿਤ ਹੈ। ਮੰਦਰ ਦੇ ਪੁਜਾਰੀ ਨੇ ਮੁਹੰਮਦ ਬਿਨ ਕਾਸਮ ਤੋਂ ਰਿਸ਼ਵਤ ਲੈ ਕੇ ਝੰਡਾ ਗਿਰਾ ਦਿੱਤਾ ਤਾਂ ਦਾਹਰ ਦੀਆਂ ਫੌਜਾਂ ਵਿੱਚ ਹਫੜਾ ਦਫ਼ੜੀ ਮੱਚ ਗਈ ਜੋ ਹਾਰ ਦਾ ਕਾਰਣ ਬਣੀ। ਇਸ ਤੋਂ ਬਾਅਦ ਤਾਂ ਹਮਲੇ ਤੇ ਬਾਅਦ ਹਮਲਾ ਹੁੰਦਾ ਗਿਆ। 1026 ਵਿੱਚ ਅਹਿਮਦ ਸ਼ਾਹ ਅਬਦਾਲੀ ਨੇ ਗੁਜਰਾਤ ਦੇ ਸੋਮ ਨਾਥ ਮੰਦਰ 'ਤੇ ਹਮਲਾ ਕਰਕੇ ਹੀਰੇ, ਜਵਾਹਰਾਤ, ਸੋਨਾ, ਚਾਂਦੀ ਲੁੱਟੇ ਅਤੇ ਔਰਤਾਂ ਨੂੰ ਵੀ ਚੁੱਕ ਲਿਆ ਗਿਆ। ਉਸਨੇ ਲਗਾਤਾਰ ਕਈ ਹਮਲੇ ਇਸ ਤਰ੍ਹਾਂ ਦੇ ਕੀਤੇ ਪਰ ਉਸਨੂੰ ਰੋਕਣ ਵਾਲਾ ਕੋਈ ਨਹੀਂ ਸੀ। ਇਸਦਾ ਕਾਰਣ ਵੀ ਵਰਣ ਵੰਡ ਸੀ ਜਿਸ ਅਧੀਨ ਲੜਾਈ ਕਰਨ ਅਤੇ ਹਥਿਆਰ ਰੱਖਣ ਦਾ ਅਧਿਕਾਰ ਸਿਰਫ਼ ਕਸ਼ੱਤਰੀ ਨੂੰ ਹੀ ਸੀ। ਆਮ ਲੋਕੀਂ ਧਾੜਵੀਆਂ ਨੂੰ ਲੁੱਟ ਕੇ ਜਾਂਦਿਆਂ ਨੂੰ ਖੇਤਾਂ ਖਲਿਆਨਾਂ ਵਿੱਚੋਂ ਕੰਮ ਕਰਦਿਆਂ ਵੇਖਦੇ ਰਹਿੰਦੇ ਪਰ ਕਰ ਕੁਝ ਨਹੀਂ ਸੀ ਸਕਦੇ। ਜੇ ਉਹਨਾਂ ਨੂੰ ਵੀ ਹਥਿਆਰ ਵਰਤਣ ਦਾ ਅਧਿਕਾਰ ਹੁੰਦਾ ਤਾਂ ਉਹ ਡੰਡੇ ਸੋਟਿਆਂ ਅਤੇ ਪੱਥਰ ਢੀਂਗਾਂ ਮਾਰ ਮਾਰ ਕੇ ਹੀ ਹਮਲਾਵਰਾਂ ਨੂੰ ਭਜਾ ਸਕਦੇ ਸੀ। ਉੱਧਰ ਧਾਰਮਿਕਤਾ ਦਾ ਇਹ ਹਾਲ ਸੀ ਕਿ ਹਮਲਿਆਂ ਦਾ ਜਵਾਬ ਮੰਦਰਾਂ ਵਿੱਚ ਪੂਜਾ ਕਰਕੇ ਜਾਂ ਹਮਲਾਵਰਾਂ ਦੇ ਰਾਹ ਵਿੱਚ ਗਊਆਂ ਛੱਡਕੇ ਦਿੱਤਾ ਜਾਂਦਾ ਸੀ ਫਿਰ ਜਿੱਤ ਕਿਵੇਂ ਹਾਸਲ ਹੋ ਸਕਦੀ ਸੀ?

ਇਸ ਤੋਂ ਬਾਅਦ ਗੁਲਾਮ ਵੰਸ਼, ਖਿਲਜੀ ਵੰਸ਼, ਤੁਗਲਕ ਵੰਸ਼ ਤੇ ਲੋਧੀ ਵੰਸ਼ ਆਉਂਦੇ ਗਏ, ਰਾਜ ਕਰਦੇ ਰਹੇ ਤੇ ਲੁੱਟ ਮਚਾਉਂਦੇ ਰਹੇ। ਗੁਰੂ ਨਾਨਕ ਦੇ ਜਨਮ ਸਮੇਂ ਬਹਿਲੋਲ ਖਾਂ ਲੋਧੀ ਦਾ ਰਾਜ ਸੀ ਜੋ 1450 ਤੋਂ 1489 ਤੱਕ ਰਿਹਾ। ਫਿਰ 1526 ਵਿੱਚ ਆਖਰੀ ਲੋਧੀ ਇਬਰਾਹੀਮ ਨੂੰ ਬਾਬਰ ਵੱਲੋਂ ਮਾਰਕੇ ਆਪਣਾ ਰਾਜ ਸਥਾਪਤ ਕੀਤਾ ਗਿਆ। ਉਸ ਵੇਲੇ ਗੁਰੂ ਨਾਨਕ 57 ਸਾਲਾਂ ਦੇ ਸਨ ਤੇ ਖੂਬ ਪ੍ਰਚਾਰ ਵਿੱਚ ਜੁੱਟੇ ਹੋਏ ਸਨ। ਬਾਬਰ ਦੇ ਕਤਲੇਆਮ ਅਤੇ ਨਾਕਸ ਰਾਜਕੀ ਪ੍ਰਬੰਧਾਂ ਦਾ ਉਹਨਾਂ ਨੇ ਆਪਣੀ 'ਬਾਬਰਵਾਣੀ' ਵਿੱਚ ਵਿਸਥਾਰ ਪੂਰਵਕ ਜ਼ਿਕਰ ਕੀਤਾ ਹੈ ਅਤੇ 'ਪਾਪ ਕੀ ਜੰਞ ਲੈ ਕਾਬਲਹੁ ਧਾਇਆ, ਜ਼ੋਰੀ ਮੰਗੇ ਦਾਨ ਵੇ ਲਾਲੋ' ਆਖਕੇ ਬਾਬਰ ਦੀਆਂ ਫੌਜਾਂ ਨੂੰ ਪਾਪ ਕੀ ਜੰਞ ਆਖਿਆ। ਇਹਨਾਂ ਸਥਿਤੀਆਂ ਵਿੱਚ 'ਰੱਬ' ਨੂੰ ਵੀ ਨਹੀਂ ਬਖਸ਼ਿਆ ਗਿਆ ਤੇ ਉਹਨਾਂ ਨੇ ਇਹ ਆਖਕੇ ਤਾਹਨਾਂ ਕਸਿਆ ਕਿ 'ਏਤਿ ਮਾਰ ਪਈ ਕੁਰਲਾਣੇ, ਤੈਂ ਕੀ ਦਰਦ ਨਾ ਆਇਆ।' ਪ੍ਰਸਿੱਧ ਇਤਿਹਾਸਕਾਰ ਡਾ: ਗੰਡਾ ਸਿੰਘ ਨੇ ਗੁਰੂ ਨਾਨਕ ਦੀ ਇਸ ਲਲਕਾਰ ਨੂੰ ਦੇਸ਼ ਦੀ ਆਜ਼ਾਦੀ ਦੀ ਪਹਿਲੀ ਲੜਾਈ ਗਰਦਾਨਿਆ ਹੈ।

ਦੂਜੇ ਪਾਸੇ ਨਾਲ ਹੀ ਬ੍ਰਾਹਮਣਵਾਦ ਵੱਲੋਂ ਰੱਬ, ਆਤਮਾ, ਸਵਰਗ, ਨਰਕ, ਜੂਨਾਂ ਦੇ ਗੇੜ, ਗ੍ਰਹਿਆਂ ਦੇ ਚੱਕਰ, ਮੰਤਰ, ਧਾਗੇ ਤਵੀਤ, ਟੂਣੇ ਆਦਿ ਦੇ ਡਰਾਵਿਆਂ ਨਾਲ ਲੋਕਾਈ ਨੂੰ ਕੁਰਾਹੇ ਪਾ ਕੇ ਲੁਟਿਆ ਖਸੁੱਟਿਆ ਜਾ ਰਿਹਾ ਸੀ। ਤਰ੍ਹਾਂ ਤਰ੍ਹਾਂ ਦੇ ਕਰਮ ਕਾਂਡ, ਕਰਾਮਾਤਾਂ, ਰਿੱਧੀਆਂ ਸਿੱਧੀਆਂ, ਜੋਤਿਸ਼ ਆਦਿ ਨਾਲ ਲੋਕਾਂ ਨੂੰ ਭੰਬਲਭੂਸੇ ਵਿੱਚ ਪਾਇਆ ਹੋਇਆ ਸੀ। ਵਰਣ ਵੰਡ ਵਿੱਚ ਸਭ ਤੋਂ ਹੇਠਲੇ ਸ਼ੂਦਰ ਉੱਤੇ ਤਰ੍ਹਾਂ ਤਰ੍ਹਾਂ ਦੇ ਅਤਿਆਚਾਰ ਹੁੰਦੇ ਸਨ। ਉਹਨਾਂ ਨੂੰ ਤਾਂ ਕੀੜੇ ਮਕੌੜਿਆਂ ਤੋਂ ਵੱਧ ਕੁਝ ਨਹੀਂ ਸੀ ਸਮਝਿਆ ਜਾਂਦਾ। ਇਸਤਰੀ ਦੀ ਕੋਈ ਇੱਜ਼ਤ ਨਹੀਂ ਸੀ।

ਉਸਨੂੰ ਪੈਰ ਦੀ ਜੁੱਤੀ, ਕੁਲੱਛਣੀ, ਗੁੱਤ ਪਿੱਛੇ ਮੱਤ ਆਦਿ ਦੇ ਨਾਵਾਂ ਨਾਲ ਨਿਵਾਜ਼ਿਆ ਜਾਂਦਾ ਸੀ। ਪਤੀ ਦੀ ਮੌਤ ਹੋ ਜਾਣ ਤੇ ਉਸਨੂੰ ਵੀ ਚਿਤਾ ਵਿੱਚ ਜਲਕੇ ਸਤੀ ਹੋਣਾ ਪੈਂਦਾ ਸੀ। ਉਸ ਲਈ ਵਿਧਵਾ ਵਿਆਹ ਦੀ ਆਗਿਆ ਨਹੀਂ ਸੀ। ਮਹਾਂਕਵੀ ਤੁਲਸੀ ਦਾਸ ਨੇ ਤਾਂ 'ਢੋਰ, ਗੰਵਾਰ, ਸ਼ੂਦਰ, ਪਸ਼ੂ, ਨਾਰੀ, ਯੇ ਸਭ ਤਾੜਨ ਕੇ ਅਧਿਕਾਰੀ' ਆਖਕੇ ਸ਼ੂਦਰ ਅਤੇ ਔਰਤ ਨੂੰ ਪਸ਼ੂਆਂ ਬਰਾਬਰ ਹੀ ਮੰਨਿਆ ਹੈ। ਇਸ ਸਭ ਕੁਝ ਨੇ ਮਿਲਕੇ ਸਮਾਜ ਵਿੱਚ ਅੰਧਕਾਰ, ਹਨ੍ਹੇਰਾ, ਧੁੰਦ ਫੈਲਾਈ ਹੋਈ ਸੀ ਜਿਸ ਦਾ ਜ਼ਿਕਰ ਭਾਈ ਗੁਰਦਾਸ ਨੇ 'ਸਤਿਗੁਰ ਨਾਨਕ ਪ੍ਰਗਟਿਆ, ਮਿਟੀ ਧੁੰਦ ਜੱਗ ਚਾਨਣ ਹੋਆ' ਵਿੱਚ ਕੀਤਾ ਸੀ। ਗੁਰੂ ਨਾਨਕ ਇਸੇ ਹਨ੍ਹੇਰੇ ਨੂੰ ਗਿਆਨ ਦੇ ਚਾਨਣ ਨਾਲ ਦੂਰ ਕਰਨ ਲਈ ਦੇਸ ਦੇਸਾਂ ਤਰ੍ਹਾਂ ਵਿੱਚ ਚਾਰੇ ਪਾਸੇ ਲੰਬੀਆਂ ਯਾਤਰਾਵਾਂ (ਉਦਾਸੀਆਂ) ਕਰਨ ਲਈ ਉੱਠ ਤੁਰੇ ਜਿਸਨੂੰ ਭਾਈ ਗੁਰਦਾਸ ਨੇ 'ਚੜ੍ਹਿਆ ਸੋਧਣਿ ਧਰਤਿ ਲੋਕਾਈ' ਆਖਿਆ ਹੈ।

3. ਗੁਰੂ ਨਾਨਕ ਦਾ ਫਲਸਫਾ :

ਗੁਰੂ ਨਾਨਕ ਨੇ ਸਮਾਜ ਵਿੱਚ ਫੈਲੇ ਅੰਧਕਾਰ ਦਾ ਗੰਭੀਰਤਾ ਨਾਲ ਅਧਿਐਨ ਕੀਤਾ ਅਤੇ ਜੋ ਕੁਝ ਵੀ ਗਲਤ ਦਿੱਸਿਆ ਉਸਦੇ ਵਿਰੁੱਧ ਜ਼ੋਰਦਾਰ ਆਵਾਜ਼ ਉਠਾਈ। ਸਭ ਤੋਂ ਵੱਡੇ ਸਮਾਜਕ ਕੋਹੜ ਜਾਤਪਾਤੀ ਵਖਰੇਵੇਂ ਦਾ ਫਾਹਾ ਵੱਢਣ ਲਈ ਅਤੇ ਸ਼ੂਦਰਾਂ, ਅਛੂਤਾਂ, ਨੀਚਾਂ ਨਾਲ ਹੁੰਦੇ ਦੁਰਵਿਹਾਰ ਅਤੇ ਅਤਿਆਚਾਰਾਂ ਨੂੰ ਠੱਲ੍ਹਣ ਲਈ ਉਹ ਨੀਚਾਂ ਦੀ ਹਮਾਇਤ ਵਿੱਚ ਨਾਲ ਖਲੋਏ :-

ਨੀਚਾ ਅੰਦਰ ਨੀਚ ਜਾਤ,
ਨੀਚੀ ਹੂੰ ਅਤਿ ਨੀਚ।
ਨਾਨਕ ਤਿਨਕੇ ਸੰਗ ਸਾਥ,
ਵਡਿਆਂ ਸਿਉਂ ਕਿਆ ਰੀਸ।
ਜਿਥੇ ਨੀਚ ਸਮਾਲੀਅਨ,
ਕਿਥੇ ਨਦਰਿ ਤੇਰੀ ਬਖਸੀਸ।

ਕਿਉਂਕਿ ਗੁਰੂ ਨਾਨਕ ਦਾ ਫਲਸਫਾ ਸਮਾਜਕ ਬਰਾਬਰੀ ਦਾ ਸੀ, ਸਾਂਝੀਵਾਲਤਾ ਦਾ ਸੀ, ਸਰਬਤ ਦੇ ਭਲੇ ਦਾ ਸੀ ਫਿਰ ਉਹ ਔਰਤ ਜੋ ਕਿ ਕੁੱਲ ਵੱਸੋਂ ਦਾ ਅੱਧ ਹੈ ਉਸ ਨੂੰ ਕਿਵੇਂ ਅੱਖੋਂ ਉਹਲੇ ਕਰ ਸਕਦੇ ਸਨ, ਉਸਦੀ ਕਰੁਣਾਮਈ ਹਾਲਤ ਤੋਂ ਉਹ ਬਹੁਤ ਵਿਆਕੁਲ ਹੋਏ। ਉਹਨਾਂ ਦਾ ਪੂਰਾਂ ਸ਼ਬਦ ਇਸਤਰੀ ਜਾਤੀ ਨੂੰ ਸਮਰਪਿਤ ਹੈ ਜਿਸ ਵਿੱਚ ਉਹ ਦੱਸਦੇ ਹਨ ਕਿ ਔਰਤ ਦੀ ਕੁੱਖੋਂ ਜਨਮ ਲਿਆ ਜਾਂਦਾ ਹੈ, ਉਸ ਨਾਲ ਵਿਆਹ ਕੀਤਾ ਜਾਂਦਾ ਹੈ, ਦੋਸਤੀ ਕੀਤੀ ਜਾਂਦੀ ਹੈ, ਉਸਦਾ ਦੁੱਧ ਪੀ ਕੇ ਜੀਵਨ ਪਾਇਆ ਜਾਂਦਾ ਹੈ ਤਾਂ ਫਿਰ ਇਹ ਰਾਜਿਆਂ ਮਹਾਰਾਜਿਆਂ ਨੂੰ ਜਨਮ ਦੇਣ ਵਾਲੀ ਮਾੜੀ ਕਿਵੇਂ ਹੋ ਗਈ :-

'ਸੋ ਕਿਉਂ ਮੰਦਾ ਆਖੀਐ
ਜਿਤਿ ਜੰਮਹਿ ਰਾਜਾਨ।'

ਗੁਰੂ ਜੀ ਹੱਥੀਂ 'ਕਿਰਤ ਕਰਨ' ਤੇ ਬਹੁਤ ਜ਼ੋਰ ਦਿੰਦੇ ਸਨ। ਲੁੱਟ ਖੋਹ, ਧੋਖਾ ਜਾਂ ਪਾਪ ਕਰਕੇ ਕਮਾਉਣ ਖਾਣ ਨੂੰ ਉਹ ਪੂਰੀ ਤ੍ਰਰਾਂ ਨਕਾਰਦੇ ਹਨ। ਕਿਸੇ ਦਾ ਹੱਕ ਮਾਰਕੇ ਖਾਣ ਨੂੰ ਉਹ ਹਿੰਦੂ ਲਈ ਗਾਂ ਖਾਣ ਬਰਾਬਰ ਅਤੇ ਮੁਸਲਮਾਨ ਲਈ ਸੂਰ ਖਾਣ ਦੇ ਬਰਾਬਰ ਮੰਨਦੇ ਹਨ :-

1. 'ਹੱਕ ਪਰਾਇਆ ਨਾਨਕਾ
ਉਸ ਸੂਅਰ ਉਸ ਗਾਇ।'
2. 'ਘਾਲਿ ਖਾਇ ਕਿਛੁ ਹਥੋ ਦੇਹਿ,
ਨਾਨਕ ਰਾਹ ਪਛਾਣਹਿ ਸੇਇ।'
3. 'ਬਾਬਾ ਆਖੇ ਹਾਜੀਆ,
ਸ਼ੁਭ ਅਮਲਾਂ ਬਾਝੋਂ ਦੋਵੇਂ ਰੋਈ
ਹਿੰਦੂ ਮੁਸਲਮਾਨ ਦੋਇ,
ਦਰਗਾਹ ਅੰਦਰ ਲੈਣ ਨਾ ਢੋਈ।'

ਇਸੇ ਤਰ੍ਹਾਂ ਗਲਤ ਤਰੀਕਿਆਂ ਨਾਲ ਮਾਇਆ ਇਕੱਤਰ ਕਰਨ ਨੂੰ ਪਾਪ ਆਖਿਆ ਗਿਆ ਹੈ :-

'ਪਾਪਾਂ ਬਾਝਹੁ ਹੋਵੈ ਨਾਹਿ,
ਮੋਇਆ ਸਾਥਿ ਨਾ ਜਾਈ।'

ਗੁਰੂ ਨਾਨਕ ਦੇ ਫਲਸਫੇ ਦੀ ਖਾਸ ਗੱਲ ਇਹ ਹੈ ਕਿ ਇਹ ਵਿਗਿਆਨਕ ਸੱਚਾਈ ਉੱਤੇ ਆਧਾਰਤ ਹੈ। ਉਹਨਾਂ ਨੇ ਸਾਰੇ ਪਾਖੰਡਾਂ ਨੂੰ ਛੱਡਣ ਲਈ ਛੋਡੀਲੇ ਪਾਖੰਡਾ' ਆਖਿਆ। ਉਹਨਾਂ ਵਲੋਂ ਪੇਸ਼ ਕੀਤੇ ਸਿਧਾਂਤ ਅੱਜ 500 ਸਾਲਾਂ ਬਾਅਦ ਸਿਧ ਕਰ ਰਹੇ ਹਨ। 'ਧਰਤੀ ਹੋਰ ਪਰੇ ਹੋਰ', ਜਾਂ 'ਕੀਤਾ ਪਸਾਉ ਏਕੋ ਕਵਾਉ' (ਬਿੱਗ ਬੈਂਗ ਸਿਧਾਂਤ) ਵਰਗੇ ਸਿਧਾਂਤ ਵਿਗਿਆਨੀਆ ਨੇ ਮੰਨ ਲਏ ਹਨ।

ਵਾਤਾਵਰਣ ਸਬੰਧੀ ਵੀ ਉਹਨਾਂ ਦੀ ਸੋਚ ਬਾ-ਕਮਾਲ ਸੀ। ਉਹਨਾਂ ਨੇ ਹਵਾ ਨੂੰ ਗੁਰੂ, ਪਾਣੀ ਨੂੰ ਪਿਤਾ ਅਤੇ ਧਰਤੀ ਨੂੰ ਮਾਂ ਦਾ ਦਰਜਾ ਦਿੱਤਾ :'ਪਵਨ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ।' ਅੱਜ ਇਹ ਤਿੰਨੇ ਖਤਰੇ ਦੀ ਪੱਧਰ ਤੱਕ ਪਹੁੰਚ ਚੁੱਕੇ ਹਨ ਤੇ ਜੀਵਾਂ ਲਈ ਘਾਤਕ ਬਣੇ ਹੋਏ ਹਨ। ਇਹਨਾਂ ਦੀ ਮਹੱਤਤਾ ਨੂੰ ਸਮਝਦਿਆਂ ਗੁਰੂ ਨਾਨਕ ਦੀ ਸੋਚ ਤੇ ਪਹਿਰਾ ਦਿੱਤਾ ਹੁੰਦਾਂ ਤਾਂ ਅਸੀਂ ਇਸ ਗੰਭੀਰ ਸੰਕਟ ਤੋਂ ਬਚ ਸਕਦੇ ਸੀ। ਪੰਜਾਬ ਤਾਂ ਰੇਗਿਸਤਾਨ ਦੇ ਕੰਢੇ ਪਹੁੰਚਿਆ ਖੜ੍ਹਾ ਹੈ। ਗੁਰੂ ਨਾਨਕ ਨੇ ਐਵੇਂ ਤਾਂ ਨਹੀਂ ਸੀ ਆਖਿਆ 'ਪਹਿਲਾ ਪਾਣੀ ਜੀਉ ਹੈ ਜਿਤ ਹਰਿਆ ਸਭ ਕੋਇ।'

ਅੱਜ ਇਕ ਹੋਰ ਸਮਾਜਿਕ ਬੁਰਾਈ ਦਿਨ ਪ੍ਰਤੀ ਦਿਨ ਵਧਦੀ ਜਾ ਰਹੀ ਹੈ। ਉਹ ਹੈ 'ਅਸਹਿਣਸ਼ੀਲਤਾ।' ਜਦੋਂ ਕਿ ਗੁਰੂ ਨਾਨਕ ਦੇ ਅਸੂਲ 'ਰੋਸ ਨਾ ਕੀਜੈ ਉਤਰ ਦੀਜੈ' ਅਨੁਸਾਰ ਚਲਿਆਂ, ਸਵਾਲ-ਜਵਾਬ ਦੇ ਜਰੀਏ ਅਸੀਂ ਇਸਤੇ ਕਾਬੂ ਪਾ ਸਕਦੇ ਹਾਂ। ਨਿੱਤ ਦੀ ਮਾਰ ਕੁੱਟ, ਜਾਨੋਂ ਮਾਰ ਦੇਣਾ, ਭੀੜ ਵੱਲੋਂ ਕੋਈ ਗੱਲ ਮਨਵਾਉਣ ਲਈ ਤਸੀਹੇ ਦੇ ਦੇ ਕੋਹ ਦੇਣਾ ਆਮ ਗੱਲ ਹੋ ਗਈ ਹੈ। ਬਾਬਾ ਨਾਨਕ ਨੇ ਵਿਚਾਰ ਵਟਾਂਦਰੇ ਰਾਂਹੀਂ ਸੱਜਣ ਠੱਗ, ਵਲੀ ਕੰਧਾਰੀ, ਕੌਡੇ ਰਾਖਸ਼, ਮਲਿਕ ਭਾਗੋ ਆਦਿ ਨੂੰ ਸਿੱਧੇ ਰਾਹ ਪਾਇਆ ਸੀ ਪਰ ਅਸੀਂ ਇਸ ਤੋਂ ਉਲਟ ਚਲਦਿਆਂ ਇਹਨਾਂ ਭਟਕਿਆਂ ਹੋਇਆਂ ਵੀ ਮੁੜ ਸੁਰਜੀਤੀ ਕਰਨ ਦੇ ਰਾਹ ਪਏ ਹੋਏ ਹਾਂ।

ਗੁਰੂ ਨਾਨਕ ਨੇ ਗ੍ਰਹਿਸਥੀ ਜੀਵਨ ਨੂੰ ਉੱਤਮ ਮੰਨਿਆ ਹੈ। ਉਹ ਆਪ ਗ੍ਰਹਿਸਥ ਨਿਭਾਉਂਦੇ ਰਹੇ ਹਨ। ਸਾਰਾ ਕੁੱਝ ਛੱਡ ਛਡਾ ਕੇ ਜੰਗਲਾਂ ਨੂੰ ਨਹੀਂ ਗਏ। ਮੋਦੀਖਾਨੇ ਨੌਕਰੀ ਕਰਦਿਆਂ, ਖੇਤੀ ਕਰਦਿਆਂ ਉਹਨਾਂ ਗ੍ਰਹਿਸਥੀ ਵੀ ਨਿਭਾਈ ਅਤੇ ਪ੍ਰਚਾਰ ਵੀ ਕੀਤਾ। ਉਹਨਾਂ ਨੇ ਇਸਨੂੰ ਭਾਰ ਬਣਾਕੇ ਜਾਂ ਗੁੰਝਲਦਾਰ ਬਣਾਕੇ ਜਿਉਣ ਲਈ ਨਹੀਂ ਕਿਹਾ ਸਗੋਂ 'ਹਸੰਦਿਆਂ ਖਿਡੰਦਿਆਂ' ਸਹਿਜ ਅਵੱਸਥਾ ਵਿੱਚ ਰਹਿੰਦਿਆਂ ਗ੍ਰਹਿਸਥੀ ਦਾ ਪਾਲਣਾ ਕਰਨ ਲਈ ਆਖਿਆ ਹੈ।

4. ਗੁਰੂ ਨਾਨਕ ਤੋਂ ਬਾਦ ਦੇ ਹਾਲਾਤ :

ਇਸ ਤਰ੍ਹਾਂ ਅਸੀਂ ਵੇਖਿਆ ਕਿ ਇਤਿਹਾਸਕ ਉਥਲ ਪੁਥਲ ਅਤੇ ਗੰਭੀਰ ਸਮਾਜਿਕ ਕੁਰੀਤੀਆਂ ਹੀ ਗੁਰੂ ਨਾਨਕ ਦੀ ਕਰਮ ਭੂਮੀ ਬਣੀਆਂ। ਇਹਨਾਂ ਨੂੰ ਸਮਝਦਿਆਂ, ਜੜ੍ਹਾਂ ਤੱਕ ਪਹੁੰਚਦਿਆਂ ਉਹ ਸੱਚਾਈ ਨੂੰ ਲੱਭ ਲੈਂਦੇ ਸਨ ਜਿਸ ਨਾਲ ਉਨ੍ਹਾਂ ਦੀ ਸਮਾਜਕ ਸੂਝ ਬੂਝ ਹੋਰ ਤਿੱਖੀ ਹੁੰਦੀ ਚਲੀ ਗਈ। ਉਹ ਹੱਡ ਮਾਸ ਦਾ ਹੀ ਇਕ ਸਮਾਜਕ ਬੁੱਧੀਜੀਵੀ ਪ੍ਰਾਣੀ ਸੀ ਜਿਸਨੇ ਸਮਾਜ ਵਿੱਚ ਰਹਿੰਦਿਆਂ ਇਸਨੂੰ ਹੰਢਾਇਆ ਅਤੇ ਸਭ ਕੁਝ ਨੂੰ ਨੀਝ ਲਾ ਕੇ ਤੱਕਿਆ। ਉਨ੍ਹਾਂ ਜੋ ਕੁਝ ਕਿਹਾ ਉਹ ਅਮਲ ਕਰਨ ਯੋਗ ਸੀ ਅਤੇ ਕਲਿਆਣਕਾਰੀ ਸੀ। ਉਹ ਖੜਾਵਾਂ ਤੇ ਉਡਣ ਵਾਲਾ ਜਾਂ ਤੇਰਾ ਤੇਰਾ ਆਖਕੇ ਮੋਦੀਖਾਨਾ ਲੁਟਾਉਣ ਵਾਲਾ ਕਰਾਮਾਤੀ ਫ਼ਕੀਰ ਨਹੀਂ ਸੀ ਜਿਵੇਂ ਕਿ ਜਨਮ ਸਾਖੀ ਸਾਹਿਤ ਨੇ ਉਹਨਾਂ ਨੂੰ ਪ੍ਰਚਲਤ ਕੀਤਾ। ਉਹ ਆਪਣੀ ਵਿਚਾਰਧਾਰਾ ਨੂੰ ਇਕ ਲਹਿਰ ਦਾ ਰੂਪ ਦੇਣਾ ਚਾਹੁੰਦੇ ਸਨ ਜਿਸ ਨੂੰ ਬਾਅਦ ਵਿਚ ਦੂਜੇ ਗੁਰੂਆਂ ਵੱਲੋਂ ਅੱਗੇ ਤੋਰਿਆ ਗਿਆ। ਸਮਾਜ ਵਿਰੋਧੀ ਅਤੇ ਸੱਤਾਧਾਰੀ ਸ਼ਕਤੀਆਂ ਨੂੰ ਇਹ ਮੰਨਜੂਰ ਨਹੀਂ ਸੀ ਜਿਸ ਕਰਕੇ ਉਹ ਗਾਹੇ ਬਗਾਹੇ ਟੱਕਰ ਲੈਣ ਦੇ ਰੌਂਅ ਵਿੱਚ ਰਹਿੰਦੀਆਂ ਸਨ। ਦਸਵੇਂ ਗੁਰੂ ਦੇ ਸਮੇਂ ਤੱਕ ਅਤੇ ਫਿਰ ਬਾਬਾ ਬੰਦਾ ਸਿੰਘ ਬਹਾਦਰ (1716) ਤੱਕ ਵਿਰੋਧੀ ਇਸ ਲਹਿਰ ਦਾ ਕੁਝ ਨਾ ਵਿਗਾੜ ਸਕੇ ਭਾਵੇਂ ਅੰਦਰੋਂ ਹੀ ਪ੍ਰਿਥੀ ਚੰਦ, ਦਾਤੂ, ਸ੍ਰੀ ਚੰਦ, ਲਖਮੀ ਚੰਦ, ਬਾਬਾ ਮੋਹਨ, ਮਿਹਰਬਾਨ, ਹਰਿ ਜੀ, ਧੀਰ ਮੱਲ, ਰਾਮ ਰਾਇ ਆਦਿ ਨੂੰ ਮੂਹਰੇ ਕਰਕੇ ਲਹਿਰ ਨੂੰ ਖੋਰਾ ਲਾਉਣ ਦੀਆਂ ਭਰਪੂਰ ਕੋਸ਼ਿਸ਼ਾਂ ਕੀਤੀਆਂ ਗਈਆਂ ਹਨ।

ਬਾਬਾ ਬੰਦਾ ਸਿੰਘ ਬਹਾਦਰ ਤੋਂ ਬਾਅਦ ਵਿਰੋਧਤਾ ਦਾ ਦੌਰ ਹੋਰ ਤਿੱਖਾ ਹੋ ਗਿਆ। ਨਿਰਮਲੇ ਅਤੇ ਉਦਾਸੀ ਸੰਪਰਦਾਵਾਂ ਵੱਲੋਂ ਲਹਿਰ ਦਾ ਰੂਪ ਵਿਗਾੜਕੇ ਇਸਦੀ ਦਿਸ਼ਾ ਬਦਲਣ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ। ਪਰ ਇਸਦੇ ਬਚਾਅ ਵਿੱਚ ਆਏ ਭਾ: ਬਿਨੋਦ ਸਿੰਘ, ਭਾ: ਬਾਜ ਸਿੰਘ, ਭਾ: ਤਾਰੂ ਸਿੰਘ, ਭਾ: ਗਰਜਾ ਸਿੰਘ, ਭਾ: ਸ਼ਾਹਬਾਜ ਸਿੰਘ, ਵਰਗਿਆਂ ਨੇ ਆਪਣੀ ਜਾਨ ਦੀ ਬਾਜ਼ੀ ਲਾ ਕੇ ਸ਼ਹੀਦੀਆਂ ਪਾਈਆਂ। ਮਹਾਰਾਜਾ ਰਣਜੀਤ ਸਿੰਘ ਦੇ ਰਾਜ (1780 ਤੋ. 1839)ਜਿਸ ਨੂੰ ਸਿੱਖ ਰਾਜ ਦਾ ਨਾਂ ਵੀ ਦਿੱਤਾ ਜਾਂਦਾ ਹੈ, ਇਸ ਵਿੱਚ ਮਹੰਤਵਾਦ ਨੂੰ ਪਨਪਣ ਦਾ ਬਹੁਤ ਮੌਕਾ ਮਿਲਿਆ ਕਿਉਂਕਿ ਮਹਾਰਾਜਾ ਨੇ ਧਾਰਮਿਕ ਸਥਾਨਾਂ ਦੇ ਨਾਂ ਵੱਡੀਆ ਜਗੀਰਾਂ ਲੁਆ ਦਿੱਤੀਆਂ ਸਨ। ਅੰਤਾਂ ਦਾ ਸਿੱਖੀ ਵਿਰੋਧੀ ਸਾਹਿਤ ਰਚਿਆ ਗਿਆ ਜਿਸ ਵਿੱਚ ਗੁਰਬਿਲਾਸ ਪਾਤਸ਼ਾਹੀ 6, ਗੁਰਬਿਲਾਸ ਪਾਤਸ਼ਾਹੀ 10, ਬੰਸਾਵਲੀ ਨਾਮਾ, ਪ੍ਰਾਚੀਨ ਪੰਥ ਪ੍ਰਕਾਸ਼, ਸੂਰਜ ਪ੍ਰਕਾਸ਼, ਗਰਬ ਗੰਜਨੀ

ਆਦਿ ਸ਼ਾਮਲ ਹਨ ਜਿਸ ਨੇ ਸਿੱਖੀ ਸਾਹਿਤ ਵਿੱਚ ਖੋਟ ਮਿਲਾਉਣ ਦਾ ਕੰਮ ਕੀਤਾ। 1897 ਵਿੱਚ 'ਦਸਮ ਗਰੰਥ' ਦੇ ਆਉਣ ਨਾਲ ਰਹਿੰਦੀ ਕਸਰ ਵੀ ਪੂਰੀ ਹੋ ਗਈ। ਗੁਰੂ ਗੋਬਿੰਦ ਸਿੰਘ ਨੂੰ ਪੂਰਾ ਦੁਰਗਾ ਭਗਤ ਬਣਾ ਦਿੱਤਾ ਗਿਆ। 'ਵਾਹ ਦੁਰਗਾ ਕੀ' ਵਾਰ ਸ੍ਰੀ ਭਗਾਉਤੀ ਜੀ ਕੀ ਪਾਤਸ਼ਾਹੀ 10' ਕਰ ਦਿੱਤਾ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜਿਸਨੂੰ ਸ਼ਬਦ ਗੁਰੂ ਦਾ ਦਰਜਾ ਹਾਸਲ ਸੀ, ਉਸਦਾ ਸ਼ਰੀਕ 'ਦਸਮ ਗ੍ਰੰਥ' ਨੂੰ ਬਣਾਕੇ ਉਸਦੇ ਬਰਾਬਰ ਸਥਾਪਤ ਕਰ ਦਿੱਤਾ ਗਿਆ। ਇਸਨੂੰ ਅੱਜ ਕੱਲ੍ਹ 'ਸ੍ਰੀ ਗੁਰੂ ਦਸਮ ਗਰੰਥ ਸਾਹਿਬ' ਦਾ ਨਾਂ ਦੇਕੇ ਪੰਜ ਤਖਤਾਂ ਵਿਚੋਂ ਦੋ ਤਖਤਾਂ 'ਤੇ ਬਰਾਬਰ 'ਸੁਭਾਇਮਾਨ' ਕਰ ਦਿੱਤਾ ਗਿਆ ਹੈ। ਉਹ ਦਿਨ ਦੂਰ ਨਹੀਂ ਜਦੋਂ ਸਾਰੇ ਗੁਰਦੁਆਰਿਆਂ ਵਿੱਚ ਵੀ ਇਸਦਾ ਬਰਾਬਰ ਪ੍ਰਕਾਸ਼ ਹੋਣਾ ਸ਼ੁਰੂ ਹੋ ਜਾਵੇਗਾ।

1920 ਤੋਂ 1925 ਤੱਕ ਸ਼੍ਰੋਮਣੀ ਕਮੇਟੀ ਵੱਲੋਂ ਮਹੰਤਾਂ ਨੂੰ ਗੁਰਦੁਆਰਿਆਂ ਵਿੱਚੋਂ ਕੱਢਣ ਲਈ 'ਗੁਰਦੁਆਰਾ ਸੁਧਾਰ ਲਹਿਰ' ਚਲਾਈ ਗਈ। ਮਹੰਤਾਂ ਨੂੰ ਕੱਢਣ ਵਿੱਚ ਕਾਮਯਾਬੀ ਤਾਂ ਮਿਲ ਗਈ ਪਰ ਮਹੰਤਵਾਦ ਅੱਜ ਵੀ ਗੁਰਦੁਆਰਿਆਂ ਵਿੱਚ ਕਾਇਮ ਹੈ। ਸਗੋਂ ਗੁਰਦੁਆਰਿਆਂ ਵਿੱਚੋਂ ਨਿਕਲਕੇ ਇਸਨੇ ਕਈ ਡੇਰੇ ਸਥਾਪਤ ਕਰ ਲਏ ਅਤੇ ਗੁਰੂ ਨਾਨਕ ਦੀ ਵਿਚਾਰਧਾਰਾ ਦਾ ਰੱਜ ਕੇ ਨੁਕਸਾਨ ਕੀਤਾ। ਸਿੱਖੀ ਦੇ ਇਸ ਸੰਕਟ ਸਮੇਂ ਭਾ: ਗੁਰਮੁੱਖ ਸਿੰਘ ਅਤੇ ਭਾ: ਦਿੱਤ ਸਿੰਘ ਗਿਆਨੀ ਵਲੋਂ ਬਣਾਈ 'ਸਿੰਘ ਸਭਾ ਲਹਿਰ' ਦੀ ਹਿੰਮਤ ਨਾਲ ਕਾਫ਼ੀ ਕਾਮਯਾਬੀ ਮਿਲੀ। ਸਾਧੂ ਦਇਆਨੰਦ ਵੱਲੋਂ ਚਲਾਈ 'ਆਰੀਆ ਸਮਾਜ ਲਹਿਰ' ਅਤੇ ਅੰਗਰੇਜ਼ਾਂ ਵੱਲੋਂ ਚਲਾਈ 'ਇਸਾਈ ਮਿਸ਼ਨਰੀ' ਕਾਰਣ ਜੋ ਸਿੱਖ 1881 ਵਿੱਚ ਮਰਦਮ ਸ਼ੁਮਾਰੀ ਅਨੁਸਾਰ 17 ਲੱਖ ਰਹਿ ਗਏ ਸਨ ਉਹ 'ਸਿੰਘ ਸਭਾ ਲਹਿਰ' ਦੀ ਕਾਰਗੁਜ਼ਾਰੀ ਕਾਰਣ 1991 ਤੱਕ 21 ਲੱਖ ਤੋਂ ਵੀ ਟੱਪ ਗਏ।

ਗੁਰੂ ਨਾਨਕ ਦੀ ਸਿੱਖੀ ਤੇ ਹਮਲੇ ਲਗਾਤਾਰ ਜਾਰੀ ਰਹੇ। ਸ਼੍ਰੋਮਣੀ ਕਮੇਟੀ ਦੇ ਹੋਂਦ ਵਿੱਚ ਆਉਣ ਨਾਲ ਇਹ ਹਮਲੇ ਗੁੱਝੇ ਰੂਪ ਵਿੱਚ ਵੀ ਅਤੇ ਪ੍ਰਤੱਖ ਰੂਪ ਵਿੱਚ ਵੀ ਸ਼੍ਰੋਮਣੀ ਕਮੇਟੀ ਉੱਤੇ ਹੋਣੇ ਸ਼ੁਰੂ ਹੋ ਗਏ ਕਿਉਂਕਿ ਇਹ ਸਿੱਖੀ ਦਾ ਧੁਰਾ ਬਣਨ ਜਾ ਰਹੀ ਸੀ। ਇਸਦੇ ਮੁਕਾਬਲੇ ਉਸੇ ਸਾਲ ਤੋਂ ਹੋਰ ਕਈ ਸੰਸਥਾਵਾਂ ਵੀ ਹੋਂਦ ਵਿੱਚ ਆ ਗਈਆਂ। ਇਹਨਾਂ ਹਮਲਿਆਂ ਨੇ ਸ਼੍ਰੋਮਣੀ ਕਮੇਟੀ ਦੀ ਅਸਲ ਹੋਂਦ ਨੂੰ ਖਤਰੇ ਵਿੱਚ ਪਾਇਆ ਹੋਇਆ ਹੈ। ਇਹਨਾਂ ਸਮਿਆਂ ਵਿੱਚ ਸਿੱਖੀ ਸਾਹਿਤ ਦੇ ਖੇਤਰ ਵਿੱਚ ਡਾ: ਸਾਹਿਬ ਸਿੰਘ ਦੀ ਗੁਰਬਾਣੀ ਵਿਆਖਿਆ ਅਤੇ ਸਿੱਖ ਇਤਿਹਾਸ, ਭਾਈ ਕਾਹਨ ਸਿੰਘ ਨਾਭਾ ਦੀਆਂ ਕਈ ਪੁਸਤਕਾਂ ਖਾਸ ਕਰਕੇ 'ਮਹਾਨ ਕੋਸ਼', ਭਾਈ ਤੇਜਾ ਸਿੰਘ, ਡਾ: ਰਤਨ ਸਿੰਘ ਜੱਗੀ, ਡਾ: ਗੰਡਾ ਸਿੰਘ ਦੀ ਖੋਜ ਨੇ ਵਡਮੁੱਲਾ ਯੋਗਦਾਨ ਪਾਇਆ। ਇਸੇ ਤਰ੍ਹਾਂ ਸ; ਗੁਰਬਖਸ਼ ਸਿੰਘ ਕਾਲਾ ਅਫ਼ਗਾਨਾ ਦਾ ਸਿੱਖੀ ਸਾਹਿਤ ਡਾ: ਸੰਗਤ ਸਿੰਘ ਅਤੇ ਡਾ: ਹਰਜਿੰਦਰ ਸਿੰਘ ਦਲਗੀਰ ਵਰਗਿਆਂ ਦੇ ਸਿੱਖ ਇਤਿਹਾਸ ਅਤੇ ਖੋਜੀ ਸਾਹਿਤ ਨੇ ਸਿੱਖੀ ਨੂੰ ਬਚਾਉਣ ਲਈ ਵਧੀਆ ਕੰਮ ਕੀਤਾ ਹੈ। ਪ੍ਰੋ: ਇੰਦਰ ਸਿੰਘ ਘੱਗਾ ਪ੍ਰੋ: ਸਰਬਜੀਤ ਸਿੰਘ ਧੂੰਦਾ ਸਮੇਤ ਕਈ ਲੇਖਕ ਅਤੇ ਪ੍ਰਚਾਰਕ ਅਤੇ ਸ: ਜੁਗਿੰਦਰ ਸਿੰਘ ਦੀ ਸਪੋਕਸਮੈਨ ਲਹਿਰ ਗੁਰੂ ਨਾਨਕ ਦੀ ਵਿਚਾਰਧਾਰਾ ਨੂੰ ਅਸਲ ਰੂਪ ਵਿੱਚ ਬਚਾਉਣ ਲਈ ਸ਼ਲਾਘਾਯੋਗ ਕੰਮ ਕਰ ਰਹੇ ਹਨ। ਦੂਜੇ ਪਾਸੇ ਭਾਵੇਂ ਸਖ਼ਤ ਚਟਾਨ ਹੈ ਪਰ ਇਸ ਨੂੰ ਸਰ ਕਰਨਾ ਅਸੰਭਵ ਨਹੀਂ ਮੁਸ਼ਕਲ ਜਰੂਰ ਹੈ।

5. ਅਜੋਕੀ ਸਥਿਤੀ ਦੀ ਗੰਭੀਰਤਾ :-

ਅੱਜ ਟੀ.ਵੀ. ਅਖ਼ਬਾਰਾਂ ਅਤੇ ਸ਼ੋਸਲ ਮੀਡੀਆ ਦਾ ਯੁਗ ਹੁੰਦਿਆਂ ਵੀ ਜਦੋਂ ਬਾਬਾ ਨਾਨਕ ਦੀ ਵਿਚਾਰਧਾਰਾ ਦੇ ਸੰਦਰਭ ਵਿੱਚ ਸਿੱਖਾਂ ਅਤੇ ਗੁਰਦੁਆਰਿਆਂ 'ਤੇ ਧਿਆਨ ਮਾਰੀਏ ਤਾਂ ਸਥਿਤੀ ਬੜੀ ਗੰਭੀਰ ਅਤੇ ਚਿੰਤਾਜਨਕ ਨਜ਼ਰ ਆਉਂਦੀ ਹੈ। ਹਰ ਥਾਂ ਬ੍ਰਾਹਮਣਵਾਦ ਕਬਜ਼ਾ ਕਰੀ ਬੈਠਾ ਹੈ। ਆਮ ਸਿੱਖ ਲਈ ਤਾਂ ਮੁਸ਼ਕਲ ਹੋਇਆ ਪਿਆ ਹੈ ਕਿ ਉਹ ਅੱਜ ਦੇ ਹਾਲਾਤ ਵਿੱਚੋਂ ਗੁਰੂ ਨਾਨਕ ਦੀ ਵਿਚਾਰਧਾਰਾ ਨੂੰ ਨਿਖੇੜੇ ਵੀ ਤਾਂ ਕਿਵੇਂ ਨਿਖੇੜੇ ? ਗੁਰਦੁਆਰਿਆਂ ਵਿੱਚ ਸ਼ਿਵਲਿੰਗ ਵਾਂਗੂ ਫਰਸ਼ ਨੂੰ ਦੁੱਧ ਨਾਲ ਧੋਤਾ ਜਾਂਦਾ ਹੈ। ਸੰਗਰਾਂਦ, ਪੂਰਨਮਾਸੀ, ਮੱਸਿਆ, ਚੌਦਾਂ ਆਦਿ ਨੂੰ ਵੱਧ ਚੜ੍ਹਕੇ ਮਨਾਇਆ ਜਾਂਦਾ ਹੈ ਜਦੋਂਕਿ ਸਿੱਖੀ ਦਾ ਇਹਨਾਂ ਨਾਲ ਦੂਰ ਦਾ ਵੀ ਵਾਸਤਾ ਨਹੀਂ ਹੈ। ਗੁਰੂਆਂ ਦੀਆਂ ਤਸਵੀਰਾਂ ਨੂੰ ਮੂਰਤੀ ਪੂਜਾ ਵਾਂਗ ਧੂਫ਼ ਬੱਤੀ ਕੀਤੀ ਜਾਂਦੀ ਹੈ, ਜੋਤਾਂ ਜਗਾਈਆਂ ਜਾਂਦੀਆਂ ਹਨ, ਮੱਥੇ ਟੇਕੇ ਜਾਂਦੇ ਹਨ, ਸੁਖਣਾ ਸੁਖੀਆਂ ਜਾਂਦੀਆਂ ਹਨ। ਬਿਨਾਂ ਅਰਥ ਸਮਝਿਆਂ ਮੰਤਰਾਂ ਵਾਂਗ ਤੋਤਾ ਰਟਨ ਕਰਕੇ ਪਾਠ ਅਤੇ ਸੰਪਟ ਪਾਠ ਕੀਤੇ ਜਾ ਰਹੇ ਹਨ। ਗਰੰਥ ਸਾਹਿਬ ਨੂੰ ਮੌਸਮ ਅਨੁਸਾਰ ਗਰਮ, ਸਰਦ ਵਸਤਰਾਂ ਵਿੱਚ ਵਲ੍ਹੇਟਿਆ ਜਾਂਦਾ ਹੈ, ਮੁੱਠੀ ਚਾਪੀ ਕੀਤੀ ਜਾਂਦੀ ਹੈ, ਸੈਰ ਕਰਵਾਈ ਜਾਂਦੀ ਹੈ। ਪਾਠ ਵੇਲੇ ਕਿਸੇ ਹਵਨ ਵਾਂਗੂ ਨਾਰੀਅਲ, ਕੁੰਭ ਆਦਿ ਸਮੱਗਰੀ ਰੱਖੀ ਜਾਂਦੀ ਹੈ। ਗੁੱਟਾਂ 'ਤੇ ਗਾਨੇ ਅਤੇ ਧਾਗੇ ਤਵੀਤ ਬੰਨ੍ਹੇ ਜਾਂਦੇ ਹਨ। ਕਬਰਾਂ ਤੇ ਦੀਵੇ ਬਾਲੇ ਜਾਂਦੇ ਹਨ, ਸ਼ਨੀਚਰਵਾਰ ਨੂੰ ਲੋਹਾ ਅਤੇ ਸਰ੍ਹੋਂ ਦਾ ਤੇਲ ਚੜ੍ਹਾਇਆ ਜਾਂਦਾ ਹੈ। ਗਰੰਥ ਸਾਹਬ ਅੱਗੇ ਖਾਣੇ ਦੀ ਥਾਲੀ ਰੱਖਕੇ ਭੋਗ ਲਵਾਇਆ ਜਾਂਦਾ ਹੈ। ਤੀਰਥ ਇਸ਼ਨਾਨ, ਸ਼ਰਾਧ ਕਰਨੇ, ਸਾਹੇ ਕਢਵਾਉਣੇ, ਕਰਵਾ ਚੌਥ, ਰੱਖੜੀਆਂ, ਲੋਹੜੀ ਆਦਿ ਮਨਾਉਣੀ ਕੁਝ ਵੀ ਤਾਂ ਸਿੱਖੀ ਅਸੂਲਾਂ ਦੇ ਅਨੁਸਾਰ ਨਹੀਂ ਹੈ ਪਰ ਫਿਰ ਵੀ ਪੂਰੀ ਸ਼ਿਦਤ ਅਤੇ ਸ਼ਰਧਾ ਨਾਲ ਮਨਾਏ ਜਾ ਰਹੇ ਹਨ। ਹੋਰ ਕੀ ਕੀ ਹੋ ਰਿਹਾ ਹੈ ਗਿਣਿਆ ਵੀ ਨਹੀਂ ਜਾ ਸਕਦਾ। ਅੱਜ ਜੇ ਗੁਰੂ ਨਾਨਕ ਕਿਤੇ ਆ ਕੇ ਇਹ ਸਾਰਾ ਆਡੰਬਰ ਵੇਖਣ ਤਾਂ ਉਹਨਾਂ ਲਈ ਵੀ ਆਪਣੇ ਵਲੋਂ ਤੋਰੇ ਰਾਹ ਦਾ ਨਿਖੇੜਾ ਕਰਨਾ ਮੁਸ਼ਕਲ ਹੋਵੇਗਾ।

ਹੁਣ ਅਸੀਂ ਨਵੰਬਰ 2019 ਵਿੱਚ ਸਿੱਖੀ ਦੀ ਚੜ੍ਹਦੀ ਕਲਾ ਦਾ ਝੂਠਾ ਜਿਹਾ ਵਿਖਾਵਾ ਕਰਦਿਆਂ ਗੁਰੂ ਨਾਨਕ ਦਾ 550 ਵਾਂ ਜਨਮ ਦਿਨ ਬੜੀ ਧੂਮਧਾਮ ਨਾਲ ਮਨਾਉਣ ਜਾ ਰਹੇ ਹਾਂ। ਸਰਕਾਰ ਵੱਲੋਂ ਅਤੇ ਸ਼੍ਰੋਮਣੀ ਕਮੇਟੀ ਵੱਲੋਂ ਵੱਖਰੇ ਵੱਖਰੇ ਤੌਰ ਤੇ ਵੱਡੀ ਪੱਧਰ ਤੇ ਇਹ ਦਿਹਾੜਾ ਮਨਾਇਆ ਜਾਵੇਗਾ। ਸਾਰੇ ਗੁਰਦੁਆਰਿਆਂ ਵਿੱਚ ਵੀ ਬਹੁਤ ਜ਼ੋਰ ਲਗਾ ਕੇ ਮਨਾਇਆ ਜਾਵੇਗਾ। ਪੂਰੀ ਤਾਕਤ ਅਤੇ ਅਰਬਾਂ ਰੁਪਿਆ ਖਰਚਣ ਦੇ ਬਾਵਜੂਦ ਵੀ ਯਕੀਨਨ ਸਿੱਖੀ ਦਾ ਕੁਝ ਨਹੀਂ ਸੰਵਰੇਗਾ। ਸਿਰਫ਼ ਵੱਡੇ ਵੱਡੇ ਨਗਰ ਕੀਰਤਨ ਕੱਢੇ ਜਾਣਗੇ, ਵਧੀਆ ਵਧੀਆ ਕੀਰਤਨ ਸਮਾਗਮ ਕਰਵਾਏ ਜਾਣਗੇ ਅਤੇ ਮਹਿੰਗੇ ਮਹਿੰਗੇ ਲੰਗਰ ਲਾਏ ਜਾਣਗੇ ਪਰ ਲਾਭ ? ਕੁਝ ਨਹੀਂ। ਜਨਤਾ ਦਾ ਪੈਸਾ ਫਜ਼ੂਲ ਖਰਚੀ ਬਣਕੇ ਰਹਿ ਜਾਵੇਗਾ।

ਕਾਸ਼! ਅਸੀਂ ਇਸ ਮੌਕੇ ਤੇ ਕੋਈ ਠੋਸ ਕਦਮ 'ਸਰਬਤ ਦੇ ਭਲੇ' ਲਈ ਚੁੱਕਿਆ ਹੁੰਦਾ, ਵਿਦਿਆ ਵਿਚਾਰੀ ਤਾਂ ਪਰਉਪਕਾਰੀ' ਦੇ ਪਸਾਰ ਲਈ ਅਤੇ ਗਰੀਬਾਂ ਲਈ ਹਸਪਤਾਲ ਬਣਾਉਣ ਲਈ ਕੁਝ ਕੀਤਾ ਹੁੰਦਾ; ਗੁਰਦੁਆਰਿਆਂ ਵਿੱਚ ਹੁੰਦੀਆਂ ਮਨਮਤੀਆਂ ਕਾਰਵਾਈਆਂ ਲਈ ਕੁਝ ਕੀਤਾ ਹੁੰਦਾ; ਕਰਮ ਕਾਂਡ ਤੇ ਫੋਕੇ ਰੀਤੀ ਰਿਵਾਜ਼ ਬੰਦ ਕਰਨ ਲਈ ਕੋਈ ਠੋਸ ਰਣਨੀਤੀ ਤਿਆਰ ਕੀਤੀ ਹੁੰਦੀ; ਸਮਾਜ ਵਿੱਚ ਪ੍ਰਚੱਲਤ ਸਭ ਤੋਂ ਭਿਆਨਕ ਬੀਮਾਰੀ ਜਾਤਪਾਤ ਜੋ ਨਾ ਸਿਰਫ਼ ਸਿੱਖ ਸਮਾਜ ਨੂੰ ਖਾ ਰਹੀ ਹੈ ਬਲਕਿ ਦੇਸ਼ ਅਤੇ ਸਮਾਜ ਦੀ ਏਕਤਾ ਨੂੰ ਵੀ ਢਾਹ ਲਾ ਰਹੀ ਹੈ, ਇਸ ਨੂੰ ਤਿਲਾਂਜਲੀ ਦੇਣ ਲਈ ਘੱਟੋ ਘੱਟ ਪਹਿਲਾ ਕਦਮ ਪੁੱਟਣ ਦਾ ਹੀ ਐਲਾਨ ਕਰ ਦਿੱਤਾ ਜਾਂਦਾ ਕਿ ਅੱਜ ਤੋਂ ਬਾਅਦ ਕੋਈ ਵੀ ਸਿੱਖ ਆਪਣੇ ਨਾਂ ਨਾਲ ਜਾਤੀ ਪੂਛ ਨਹੀਂ ਲਾਵੇਗਾ। ਮੰਨਿਆ ਕਿ ਇਸ ਜਾਤੀਵਾਦ ਦੀਆਂ ਜੜ੍ਹਾ ਬਹੁਤ ਡੂੰਘੀਆਂ ਹਨ ਪਰ ਇਹ ਛੋਟਾ ਜਿਹਾ ਮਹੱਤਵਪੂਰਣ ਪਹਿਲਾ ਕਦਮ ਬਾਬਾ ਨਾਨਕ ਦੀ ਸੋਚ ਪਕੜਕੇ ਸਹੀ ਦਿਸ਼ਾ ਵੱਲ ਜਾਣ ਦੀ ਤਸੱਲੀ ਤਾਂ ਜਰੂਰ ਦਿੰਦਾ। ਯਾਦ ਰਹੇ ਕਿਸੇ ਸੰਸਥਾ ਜਾਂ ਵਿਅਕਤੀਗਤ ਤੌਰ ਤੇ ਪੁੱਟਿਆ ਸਹੀ ਇੱਕ ਕਦਮ ਹੀ ਕਿਸੇ ਵੇਲੇ ਕਾਫ਼ਲਾ ਬਣਨ ਦੀ ਤਾਕਤ ਰੱਖਦਾ ਹੁੰਦਾ ਹੈ। ਵੱਡੇ ਤੋਂ ਵੱਡਾ, ਲੰਬੇ ਤੋਂ ਲੰਬਾ ਸਫ਼ਰ ਵੀ ਪਹਿਲੇ ਇਕ ਕਦਮ ਨਾਲ ਹੀ ਸ਼ੁਰੂ ਹੁੰਦਾ ਹੈ। ਇਹੀ ਸਹੀ ਤੇ ਪਹਿਲਾ ਕਦਮ ਜੋ ਮਨੁੱਖਤਾ ਨੂੰ ਸਮਰਪਿਤਹੋਵੇ, ਸਾਂਝੀਵਾਲਤਾ ਦਾ ਲਖਾਇਕ ਹੋਵੇ ਤਾਂ ਇਹ ਇੱਕ ਦਿਨ ਦੇਸ਼ ਤੇ ਸਮਾਜ ਦੀ ਮਜ਼ਬੂਤੀ ਦੀ ਜਾਮਨੀ ਵੀ ਬਣ ਸਕਦਾ ਹੈ। ਇਹੋ ਤਾਂ ਹੈ ਗੁਰੂ ਨਾਨਕ ਦਾ ਰਾਹ।

ਸਿੱਖੀ ਦੀਆਂ ਵਰਤਮਾਨ ਸੰਸਥਾਵਾਂ ਤੋਂ ਕੋਈ ਉਮੀਦ ਨਹੀਂ ਹੈ ਕਿ ਉਹ ਗੁਰੂ ਨਾਨਕ ਦੀ ਸੋਚ ਨੂੰ ਅੱਗੇ ਵਧਾਉਣਗੀਆਂ ਆਓ ਅਸੀਂ ਨਿੱਜੀ ਤੌਰ ਤੇ ਹੀ ਸੰਕਲਪ ਲੈ ਲਈਏ ਕਿ ਬਾਬਾ ਨਾਨਕ ਅਸੀਂ ਸਾਢੇ ਪੰਜ ਸੌ ਸਾਲ ਸੁੱਤਿਆਂ ਲੰਘਾ ਦਿੱਤੇ, ਤੁਹਾਨੂੰ ਸਮਝ ਨਹੀਂ ਸਕੇ, ਸਮਝਣਾ ਤਾਂ ਇੱਕ ਪਾਸੇ ਅਸੀਂ ਤਾਂ ਤੁਹਾਡੇ ਜਨਮ ਦਿਨ ਦੀ ਹਾਲੇ ਤੱਕ ਸਹੀ ਤਰੀਕੇ ਵੀ ਨਹੀਂ ਮਿਥ ਸਕੇ, ਨਾ ਅਸੀਂ ਆਪਣੀ ਰੋਜ਼ਾਨਾ ਅਰਦਾਸ ਹੀ ਤੁਹਾਡੀ ਸੋਚ ਅਨੁਸਾਰ ਢਾਲ ਸਕੇ ਹਾਂ; ਅਸੀਂ ਇਸ ਲਈ ਗੁਨਾਹਗਾਰ ਹਾਂ ਤੇ ਮਾਫ਼ੀ ਦੇ ਜਾਚਕ ਹਾਂ। ਪਰ ਹੁਣ ਅਸੀਂ ਅੱਗੋਂ ਆਪਣੇ ਜਾਗੇ ਹੋਣ ਦਾ ਸਬੂਤ ਜਰੂਰ ਦੇਵਾਂਗੇ।

-98726-70278

ਭਾਂਡੇ ਮਾਂਜਣ, ਕੱਪੜੇ ਧੋਣ ਤੇ ਝਾੜੂ ਲਾਉਣ ਆਉਂਦੀ ਹੈ। ਅੱਧੀ ਕੁ ਉਮਰ ਦੀ ਦਾ ਸਰੀਰ ਮਿਹਨਤ ਨਾਲ ਗਠਿਆ ਪਿਆ ਹੈ। ਉਸਦੇ ਕੰਮ ਦੀ ਬਲਵੰਤ ਕਦੇ ਕਦੇ ਤਾਰੀਫ਼ ਕਰ ਦਿੰਦੈ ਤਾਂ ਉਹ ਖੁਸ਼ ਹੋ ਜਾਂਦੀ ਹੈ ਪਰ ਬਲਵੰਤ ਡਰ ਜਾਂਦਾ ਹੈ ਕਿਤੇ ਉਹ ਤਾਰੀਫ਼ ਦੇ ਗ਼ਲਤ ਅਰਥ ਹੀ ਨਾ ਕੱਢ ਲਵੇ। ਬਲਵੰਤ ਦੀ ਸਰੀਰਕ ਭੁੱਖ ਤਾਂ ਕਦੋਂ ਦੀ ਮਰ ਚੁੱਕੀ ਹੈ, ਮਰਦਾਂ ਵਾਲੀ ਹਿਰਸ ਕਦੇ ਕਦੇ ਉਸਨੂੰ ਤੜਫ਼ਾਉਂਦੀ ਹੈ। ਭਲਾਂ ਮਾਨਸਿਕ ਭੁੱਖ, ਅਹਿਸਾਸ ਤੇ ਮੁਹੱਬਤ ਕਿਹੜੀ ਦੁਕਾਨ ਤੋਂ ਮੁੱਲ ਲੈ ਆਵੇ। ਇਸ ਬੁੱਢੜ ਨੂੰ ਭਲਾਂ ਕੌਣ ਕੋਈ ਪਿਆਰ ਕਰੇਗਾ। ਭਾਵਨਾਵਾਂ ਦੀ ਕੌਣ ਕਦਰ ਕਰਦੈ? ਕੌਣ ਬੁਕਲ 'ਚ ਬਹਿ ਕੇ ਸੁਣੇਗਾ ਦਿਲ ਕੀ ਹੂਕ? ਬੰਟੀ ਨੂੰ ਅਹਿਸਾਸ ਸੀ, ਹਮ ਉਮਰ ਸੀ ਪਰ ਉਹ ਤਾਂ ਕੋਰਾ ਹੀ...।

ਬਲਵੰਤ ਰਿਟਾਇਰ ਹੋ ਕੇ ਘਰ ਆ ਗਿਆ ਸੀ। ਦਫਤਰ ਦਿਲ ਲੱਗ ਜਾਂਦਾ ਸੀ ਕੰਮ ਵਿੱਚ, ਘਰ ਸਾਰੀ ਦਿਹਾੜੀ ਬੈਠਣਾ ਬੜਾ ਮੁਸ਼ਕਲ ਲੱਗਦਾ। ਸੱਥ 'ਚ ਬੈਠਦਾ ਉਹ ਉਂਝ ਚੰਗਾ ਨਹੀਂ ਸੀ ਸਮਝਦਾ। ਰਾਤ ਨੂੰ ਦੋ ਪੈਗ ਲਾ ਕੇ ਰੋਟੀ ਖਾ ਕੇ ਸੌਂ ਜਾਂਦਾ। ਬੇਟਾ ਵੀ ਛੇਤੀ ਘਰ ਆਉਣ ਲੱਗ ਪਿਆ ਸੀ।

ਪਿਛਲੇ ਦਿਨੀਂ ਅੱਧੀ ਕੁ ਰਾਤ ਨੂੰ ਸੁਪਨੇ ਵਿੱਚ ਲੱਗਾ ਕਿਵੇਂ ਸਤਵੰਤ ਉਸਨੂੰ ਨਸੀਹਤਾਂ ਦਿੰਦੀ ਆਖ ਰਹੀ ਸੀ; "ਪੱਗ ਦਾ ਲੜ ਠੀਕ ਕਰੋ, ਦੁਬਾਰਾ ਬੰਨੋ।"

"ਕਮੀਜ਼ ਦਾ ਬੱਟਨ ਟੁਟਿਆ ਪਿਆ ਹੈ।"

"ਦਿਹਾੜੀ ਮਗਜ਼ ਮਾਰਕੇ ਆਉਨੇ ਓ, ਦੁੱਧ ਪੀ ਲਿਆ ਕਰੋ।"

"ਛੇਤੀ ਉਠੋ। ਦਫ਼ਤਰੋਂ ਲੇਟ ਹੋ ਜਾਉਗੇ, ਟਿਫ਼ਨ ਤਿਆਰ ਆ। ਪਾਣੀ ਗਰਮ ਆ ਨਹਾ ਲਵੋ।"

ਉਹ ਨਸੀਅਤਾਂ ਦਿੰਦੀ ਬਲਵੰਤ ਦਾ ਮੂੰਹ ਚੁੰਮ ਕੇ ਜਿਵੇਂ ਦਰਵਾਜਾ ਪਾਰ ਕਰ ਗਈ ਸੀ। ਬਲਵੰਤ ਹੜਬੜਾ ਕੇ ਉੱਠਿਆ, ਚਾਰੇ ਪਾਸੇ ਹਨ੍ਹੇਰਾ ਹੀ ਹਨ੍ਹੇਰਾ। ਬਟਨ ਦਬਾ ਕੇ ਵੇਖਦਾ ਦਰਵਾਜ਼ਾ ਉਵੇਂ ਹੀ ਬੰਦ ਹੈ, ਉੱਠਕੇ ਦਰਵਾਜਾ ਖੋਲ੍ਹ ਕੇ ਚਾਰੇ ਪਾਸੇ ਵੇਖਦਾ ਪਰ ਸਤਵੰਤ ਕਿਤੇ ਵੀ ਨਹੀਂ ਸੀ। ਭਰਮ ਸਮਝ ਮੁੜ ਸੌਣ ਦਾ ਯਤਨ ਕਰਦਾ ਹੈ ਪਰ ਸੌਂ ਨਹੀਂ ਸੀ ਸਕਿਆ। ਉਸਨੂੰ ਘਰ ਦੀ ਹਰ ਸ਼ੈਅ ਵਿੱਚ ਸਤਵੰਤ ਨਜ਼ਰ ਆ ਰਹੀ ਸੀ।

ਛੋਟੇ ਦੀ ਵਧਦੀ ਉਮਰ ਤੇ ਮਾੜੀਆਂ ਆਦਤਾਂ ਤੋਂ ਉਹ ਪੋਟਾ ਪੋਟਾ ਦੁੱਖੀ ਹੋਇਆ ਪਿਆ ਸੀ; ਵੱਡੇ ਨੇ ਵੀ ਕਦੇ ਆ ਕੇ ਹਾਲ ਨਹੀਂ ਸੀ ਪੁੱਛਿਅ। ਉਹ ਸੋਚਦਾ ਜਾਵੇ ਤਾਂ ਕਿਥੇ ਜਾਵੇ। ਹੁਣ ਉਸ ਨੂੰ ਜਿਉਣ ਦੇ ਅਰਥ ਬੇਕਾਰ ਲੱਗ ਰਹੇ ਸਨ। ਉਹ ਮਰਨ ਦੀ ਕਈ ਵਾਰ ਸੋਚਦਾ। ਇੱਕ ਦਿਨ ਨਾਲ ਦੀ ਲੰਘਦੀ ਬਠਿੰਡਾ ਬਰਾਂਚ ਦੇ ਸੁੰਨੇ ਪੁਲ ਤੇ ਮਰਨ ਲਈ ਜਾ ਚੜ੍ਹਿਆ; ਜਿਉਂ ਹੀ ਉਸ ਨੇ ਛਾਲ ਮਾਰਨ ਦੀ ਕੋਸ਼ਿਸ਼ ਕੀਤੀ ਤਾਂ ਪਾਣੀ ਚੋਂ ਇੱਕ ਪ੍ਰਛਾਵਾਂ ਉੱਭਰ ਕੇ ਸਾਹਮਣੇ ਆ ਖੜ੍ਹਿਆ, "ਨਾ ਹੁਣ ਕਾਇਰਾਂ ਆਗੂੰ ਮਰੇਂਗਾ? ਮੇਰੇ ਜੁਆਕਾਂ ਦੇ ਮੂੰਹ ਤੇ ਕਾਲਖ਼ ਮਲੇਂਗਾ? ਸਿਆਣਾ ਬਣ, ਦੁਖ ਸੁਖ ਤਾਂ ਆਉਂਦੇ ਈ ਰਹਿੰਦੇ ਨੇ...... ਜਾਹ ਘਰ ਨੂੰ ਮੁੜ ਜਾ... ਗਤੀ ਨੀ ਹੋਣੀ....।"

ਬਲਵੰਤ ਨੂੰ ਲੱਗਾ ਜਿਵੇਂ ਸਤਵੰਤ ਉਸਦੇ ਅੱਗੇ ਆ ਕੇ ਮਿਹਣੇ ਮਾਰ ਰਹੀ ਹੋਵੇ। ਉਹ ਨਿਮੋਝੂਣਾ ਜਿਹਾ ਹੋਇਆ ਘਰ ਨੂੰ ਮੁੜ ਆਇਆ ਸੀ, ਘਰੇ ਆ ਸਤਵੰਤ ਦੀ ਫੋਟੋ ਹਿੱਕ ਨਾਲ ਲਾ ਉੱਚੀ ਉੱਚੀ ਭੁਬਾਂ ਮਾਰਕੇ ਰੋਣ ਲੱਗ ਪਿਆ। —99143-74001

--0--

ਵੋਟਾਂ ਦੀ ਰੁੱਤ

—ਹਰਚੰਦ ਸਿੰਘ ਪੰਜੋਲੀ

ਐ ਮੇਰੇ ਪੰਜਾਬ, ਐ ਮੇਰੇ ਜੋਸ਼ੀਲੇ ਪੰਜਾਬ।
ਜਦੋਂ ਵੋਟਾਂ ਦੀ ਰੁੱਤ ਆਉਂਦੀ,
ਤੂੰ ਪਹਿਰੇਦਾਰ ਬਣ ਜਾਂਦਾ।
ਤੂੰ ਸਰਦਾਰ ਬਣ ਜਾਂਦਾ।
ਪਾ ਕੇ ਰੰਗਲਾ ਸੂਹਾ ਚੂੜਾ,
ਤੂੰ ਸੋਹਣੀ ਨਾਰ ਬਣ ਜਾਂਦਾ।
ਲੱਛੇਦਾਰ ਭਾਸ਼ਣਾਂ ਨਾਲ਼,
ਤੂੰ ਮਾਲਾ ਮਾਲ ਬਣ ਜਾਂਦਾ।
ਤੂੰ ਛਲਿਆ ਜਾਂਦਾ,
ਛਲੇਡਿਆਂ ਦੇ ਜਾਲ਼ ਵਿੱਚ ਆ ਕੇ,
ਫਸਿਆ ਝੂਠੇ ਲਾਰਿਆਂ ਦਾ
ਤੂੰ ਲਾਚਾਰ ਬਣ ਜਾਂਦਾ।
ਠੱਗ ਲੈਂਦੀ ਹੈ ਮੇਰੇ ਅੰਨਦਾਤਿਆਂ ਨੂੰ,
ਭੈੜੀ ਨੀਤ ਇਨ੍ਹਾਂ ਸਰਕਾਰਾਂ ਦੀ।

ਪੰਜ ਆਬ ਨੂੰ ਮਾਰਨ ਦੀ ਸਾਜਿਸ਼,
ਸਦਾ ਰਹੀ ਹੈ ਇਨ੍ਹਾਂ ਸਰਕਾਰਾਂ ਦੀ।
ਗੁੜ ਵਿੱਚ ਵਲੇਟੀ ਕੁਨੀਨ,
ਨਿੱਗਲੀ ਜਾਂਦੀ ਹੈ ਨਿੱਤ,
ਕਿਸੇ ਵੱਡੇ ਅਜਗਰ ਦੇ ਵਾਂਗ
ਮੇਰੇ ਪਾਲਣਹਾਰ ਕਿਸਾਨ ਨੂੰ।
ਮੇਰੇ ਹੋਣਹਾਰ ਜਵਾਨ ਨੂੰ।
ਮੇਰੇ ਭੋਲੇ ਪੰਜਾਬ ਦੇ ਕਿਸਾਨ,
ਖੁਸ਼ ਹੋ ਜਾਂਦਾ ਹੈਂ ਤੂੰ ਵੀ,
ਝੂਠੇ ਲਾਰਿਆਂ ਦੇ ਨਾਲ਼।
ਬੜਾ ਚਾਅ ਚੜ੍ਹ ਜਾਂਦੈ ਤੈਨੂੰ
ਇਹ ਸੁਣਕੇ ਕਿ,
ਤੇਰੀ ਆਮਦਨ,
ਹੁਣ ਦੋ ਗੁਣਾਂ ਹੋ ਜਾਣੀ ਐ।
ਬਸ ਸਮਝ।
ਹੋ ਗਿਆ ਤੂੰ ਭੀ,
ਮਾਲਾ ਮਾਲਾ ਹੁਣ।
ਪਰ ਪੱਲੇ ਪੈਂਦੇ ਸਿਰਫ ਨਮੋਸ਼ੀ
ਬਸ ਸਿਰਫ ਨਮੋਸ਼ੀ।
ਲੁਟਿਆ ਜਾਂਦੈਂ ਤੂੰ,
ਦਿਨ ਦਿਹਾੜੇ।
ਮੇਰਿਆ ਭੋਲਿਆ ਅੰਨਦਾਤਿਆ।
ਨੌਜਵਾਨ ਵੀ ਦੇਕੇ ਮੁੱਛਾਂ ਨੂੰ ਤਾਅ
ਸੋਚਦੈ ਹੁਣ ਤਾਂ,
ਮੈਂ ਵੀ ਹੋ ਜਾਣਾ ਮਾਲੋ ਮਾਲ,
ਘਰ ਘਰ ਨੌਕਰੀ ਜੋ ਆਈ,
ਕੈਪਟਨ ਨੇ ਇਹ ਆਖ ਸੁਣਾਈ।
ਪਰ ਪਲੇ ਪੈਂਦੀ ਤੇਰੇ ਰੁਸ਼ਨਾਈ।
ਉੱਠ ਜਾਗ ਜਰਾ।
ਮੇਰੇ ਸ਼ੇਰ ਪੰਜਾਬੀਆ।
ਹੱਥ ਤੇ ਹੱਥ ਰੱਖਣ ਨਾਲ਼,
ਕੁਝ ਨਹੀਂ ਜੇ ਬਨਣਾਂ ਹੁਣ।
ਐਂਵੇ ਹੀ ਕਿਉਂ?
ਅਣਿਆਈ ਮੌਤ ਹੈ ਮਰਨਾ ਹੁਣ।
ਉੱਠ ਮੇਰੇ ਸ਼ੇਰ ਪੰਜਾਬੀ।

ਉੱਠ ਮੇਰੇ ਉੱਦਮੀ ਜਵਾਨ।
ਉੱਠ ਮੇਰੇ ਮੇਹਨਤੀ ਕਿਸਾਨ।
ਏਨ੍ਹਾਂ ਕਾਲ਼ੀਆਂ ਭੇਡਾਂ ਨੂੰ ਚੁੱਕ ਕੇ ਏਥੋਂ,
ਵਿੱਚ ਬਜਾਰੀਂ ਨੰਗਾ ਕਰਕੇ
ਕਿਸੇ ਡੂੰਘੇ ਟੋਏ ਵਿੱਚ ਸੁੱਟਣ ਦਾ,
ਕੌੜਾ ਘੁੱਟ ਭਰਨਾ ਹੀ ਪੈਣਾਂ ਹੁਣ।
ਉੱਠ ਮੇਰੇ ਨੌਜਵਾਨ ਜੁਮੇਵਾਨ!
ਮਿਨਤਾਂ, ਹਾੜ੍ਹੇ ਬਹੁਤ ਕੱਢ ਲੇ ਤੈਂ।
ਲੇਲ੍ਹੜੀਆਂ ਵੀ ਬਹੁਤ ਕੱਢੀਆਂ ਤੈਂ।
ਪਰ ਰਾਸ ਨਾ ਆਈਆਂ ਤੈਨੂੰ,
ਮੇਰੇ ਦੁੱਲੇ ਪੰਜਾਬ ਦੇ ਨੌਜਵਾਨੋ।
ਉਠੋ! ਪੁਕਾਰ ਰਹੀ ਹੈ ਥੋਨੂੰ,
ਹੱਕ ਸੱਚ ਦੀ ਲੜਾਈ।
ਕਮਰ ਕਸੇ ਕਰੋ।
ਵੱਡ੍ਹੋ ਜੂੜ ਇਨ੍ਹਾਂ ਅਖੌਤੀ-
ਝੂਠੇ, ਜੁਮਲੇਬਾਜਾਂ ਦਾ।
ਧੋਖੇਬਾਜਾਂ ਦਾ।
ਜਗਾਉ ਸੁੱਤੀ ਹੋਈ ਕਲਾ ਸ਼ਕਤੀ,
"ਕੋਈ ਕਿਸੇ ਕੋ ਰਾਜ ਨ ਦੇਹਿ ਹੈ,
ਜੋ ਲੇਹਿ ਹੈ ਨਿਜਿ ਬਲਿ ਸੇ ਲੇਹਿ ਹੈ।"
ਦੱਸ ਦਿਉ ਮੇਰੇ ਦੂੱਲੇ ਪੰਜਾਬੀਓ।
ਪੰਜਾਬ ਕੀ ਹੈ ? ਤੇ ਪੰਜਾਬੀਅਤ ਕੀ?
ਪੰਜੋਲੀ ਹਰਚੰਦ ਆਖਦਾ ਪੰਜਾਬੀਓ-
ਤੁਸੀਂ ਸ਼ਕਤੀ ਹੋ ਦਸ਼ਮੇਸ਼ ਦੀ।
ਤੁਸੀਂ ਭਗਤੀ ਹੋ ਦਸ਼ਮੇਸ਼ ਦੀ।
ਤੁਸੀਂ ਚੰਡੀ ਦੀ ਵਾਰ ਵੀ ਹੋਂ।
ਦੁਸ਼ਮਣ ਲਈ ਤਿੱਖੀ ਤਲਵਾਰ ਵੀ ਹੋਂ।
ਮਿੱਤਰਾਂ ਲਈ ਸੱਚਾ ਪਿਆਰ ਵੀ ਹੋਂ
ਦਿਲਦਾਰਾਂ ਦੇ ਦਿਲਦਾਰ ਵੀ ਹੋਂ
ਤੁਸੀਂ, ਸਤਿਕਾਰ ਵੀ ਹੋ। ਤੁਸੀਂ ਮਲਾਰ ਵੀ ਹੋਂ।

—62831-93156

--0--

ਸਮਾਜਕ ਅਤੇ ਇਤਿਹਾਸਕ ਪਿਛੋਕੜ ਵਿੱਚ

ਗੁਰੂ ਨਾਨਕ ਦਾ ਫਲਸਫਾ ਅਤੇ ਅਸੀਂ

-ਫਤਿਹ ਜੰਗ ਸਿੰਘ

ਇਸ ਧਰਤੀ ਤੇ ਕਦੇ ਕਦੇ ਅਜਿਹੀਆਂ ਸ਼ਖ਼ਸ਼ੀਅਤਾਂ ਜਨਮ ਲੈਂਦੀਆਂ ਹਨ ਕਿ ਉਹਨਾਂ ਦਾ ਜੀਵਨ ਆਉਣ ਵਾਲੀਆਂ ਪੀੜ੍ਹੀਆਂ ਲਈ ਸਦੀਆਂ ਤੀਕਰ ਚਾਨਣ ਮੁਨਾਰਾ ਬਣਕੇ ਰਾਹ ਦੱਸਦਾ ਰਹਿੰਦਾ ਹੈ। ਇਹ ਵੱਖਰੀ ਗੱਲ ਹੈ ਕਿ ਕੋਈ ਇਸ ਤੋਂ ਦਿਸ਼ਾ ਨਿਰਦੇਸ਼ ਲੈਂਦਾ ਹੈ ਜਾਂ ਨਹੀਂ। ਇਹੋ ਜਿਹੀਆਂ ਸ਼ਖ਼ਸ਼ੀਅਤਾਂ ਕਾਲ (ਮੌਤ) ਅਤੇ ਸਮੇਂ ਦੇ ਅਧੀਨ ਨਹੀਂ ਹੁੰਦੀਆਂ ਸਗੋਂ ਇਹ ਕਾਲ ਅਤੇ ਸਮੇਂ ਨੂੰ ਆਪਣੀ ਤੋਰੇ ਤੋਰਨ ਦੇ ਸਮੱਰਥ ਹੁੰਦਿਆਂ ਯੁੱਗ ਪੁਰਸ਼ ਬਣ ਜਾਂਦੀਆਂ ਹਨ। ਯੁੱਗ ਭਾਵੇਂ ਇਹਨਾਂ ਨਾਲ ਬੇਵਫਾਈ ਕਰੇ, ਅਨਿਆਂ ਕਰੇ, ਇਹਨਾਂ ਦੇ ਰਾਹਾਂ ਵਿੱਚ ਦੁਸ਼ਵਾਰੀਆਂ ਦੇ ਕੰਡੇ ਬਿਖੇਰੇ ਪਰ ਇਹਨਾਂ ਔਝੜੇ ਰਾਹਾਂ ਦੇ ਇਹ ਰਾਹੀ ਲਗਾਤਾਰ ਅਡੋਲ ਤੁਰਦੇ ਹੋਏ ਅਖ਼ੀਰ ਆਪਣਾ ਵੱਖਰਾ ਰਾਹ ਬਣਾ ਜਾਂਦੇ ਹਨ ਜਿਸਤੇ ਕਿੰਨੇ ਹੀ ਹੋਰ ਤੁਰ ਸਕਣ ਦਾ ਬਲ ਇੱਕਠਾ ਕਰਦਿਆਂ ਸਫ਼ਲ/ਅਸਫ਼ਲ ਹੁੰਦੇ ਰਹਿੰਦੇ ਹਨ। ਇਹੋ ਜਿਹੇ ਰਾਹ ਦੇ ਰਾਹੀਆਂ ਦਾ ਪਤਾ ਨਹੀਂ ਚਲਦਾ ਕਦੋਂ ਕਾਫ਼ਲਾ ਬਣ ਜਾਂਦਾ ਹੈ, ਜਦੋਂ ਕਾਫ਼ਲਾ ਪੰਥ/ਸੰਸਥਾ ਬਣਜਾਂਦੀ ਹੈ,ਕਦੋ ਪੰਥ ਆਪਣਾ ਫਲਸਫ਼ਾ ਬਣਾ ਲੈਂਦਾ ਹੈ ਤੇ ਕਦੋਂ ਇਹ ਪੰਥ ਤੇ ਫਲਸਫ਼ਾ ਆਪਣਾ ਜਨਮ ਸਥਾਨ, ਪਿੰਡ, ਕਸਬਾ, ਸ਼ਹਿਰ, ਦੇਸ਼ ਛੱਡ ਸਮੁੱਚੀ ਲੋਕਾਈ ਨੂੰ ਆਪਣੇ ਕਲਾਵੇ ਵਿੱਚ ਲੈ ਲੈਂਦਾ ਹੈ।

ਇਹੋ ਜਿਹੀ ਹੀ ਹਸਤੀ ਜਿਸਨੇ 15 ਅਪ੍ਰੈਲ 1469 (ਸ਼੍ਰੋਮਣੀ ਕਮੇਟੀ ਅਨੁਸਾਰ ਨਵੰਬਰ 1469) ਨੂੰ ਪਿਤਾ ਕਾਲੂ ਅਤੇ ਮਾਤਾ ਤ੍ਰਿਪਤਾ ਦੇ ਘਰ ਤਲਵੰਡੀ ਰਾਇ ਭੋਇ (ਹੁਣ ਨਨਕਾਣਾ ਸਾਹਿਬ ਪਾਕਿਸਤਾਨ) ਵਿਖੇ ਬਾਲਕ ਦੇ ਰੂਪ ਵਿੱਚ ਜਨਮ ਲਿਆ। ਇਸੇ ਹੀ ਬਾਲਕ ਨੇ ਵੱਡਿਆਂ ਹੋ ਕੇ ਨਾਨਕ ਫਿਰ ਗੁਰੂ ਨਾਨਕ ਅਤੇ ਫਿਰ ਸਤਿਗੁਰ ਨਾਨਕ ਅਖਵਾਇਆ। ਸਤਿਗੁਰ ਤੱਕ ਦਾ ਇਹ ਸਫਰ ਇਨਾ ਆਸਾਨ ਨਹੀਂ ਸੀ। ਇਸ ਵਿੱਚ ਨਾਨਕ ਦੀ ਜੀਵਨ ਭਰ ਦੀ ਮਿਹਨਤ, ਘਾਲਣਾ ਅਤੇ ਲਗਨ ਵੇਖੀ ਜਾ ਸਕਦੀ ਹੈ, ਰਾਹ ਵੀ ਕੰਡਿਆਲੇ ਸਨ ਅਤੇ ਮੌਸਮ ਵੀ ਬੇਵਫ਼ਾ ਰਿਹਾ ਪਰ ਇਹ ਸਭ ਮਿਲਕੇ ਵੀ ਇਸ ਰਾਹੀ ਨੂੰ ਮੰਜ਼ਲ ਵੱਲ ਵੱਧਣ ਤੋਂ ਨਾ ਰੋਕ ਸਕੇ। ਇਹਨਾਂ ਹਾਲਾਤਾਂ ਦਾ ਜ਼ਿਕਰ ਭਾਈ ਗੁਰਦਾਸ ਦੀਆਂ ਇਹ ਸਤਰ੍ਹਾਂ 'ਸਤਿਗੁਰ ਨਾਨਕ ਪ੍ਰਗਟਿਆ, ਮਿਟੀ ਧੁੰਦ ਜਗ ਚਾਨਣ ਹੋਆ' ਭਲੀਭਾਂਤ ਬਿਆਨ ਕਰਦੀਆਂ ਹਨ ਕਿ ਉਨਾਂ ਦੇ ਜਨਮ ਸਮੇਂ ਸਮਾਜ ਵਿੱਚ ਕਿੰਨਾ ਅੰਧਕਾਰ, ਹਨ੍ਹੇਰਾ ਗੁਬਾਰ ਅਤੇ ਧੁੰਦ ਸੀ ਜਿਸਨੂੰ ਗੁਰੂ ਨਾਨਕ ਨੇ ਸੂਰਜ ਬਣ ਦੂਰ ਕਰਨ ਦੇ ਜਤਨ ਕੀਤੇ।

ਜਨਮ ਵੇਲੇ ਦੇ ਹਾਲਾਤ ਦਾ ਪਿਛੋਕੜ :

ਗੁਰੂ ਨਾਨਕ ਦੇ ਜਨਮ ਵੇਲੇ ਦੇ ਹਾਲਾਤ ਸਮਝਿਆਂ ਬਿਨਾਂ ਉਨ੍ਹਾਂ ਦੇ ਫਲਸਫ਼ੇ ਦੀਆਂ ਜੜ੍ਹਾਂ ਤੱਕ ਨਹੀਂ ਜਾਇਆ ਜਾ ਸਕਦਾ। ਇਹਨਾਂ 'ਤੇ ਇੱਕ ਝਾਤ ਪਾਉਣੀ ਜ਼ਰੂਰੀ ਹੈ। ਇਹ ਉਹਸਮਾਂ ਸੀ ਜਦੋਂ ਮੁਗਲਾਂ ਦੇ ਲਗਾਤਾਰ ਹਮਲਿਆਂ ਨੇ ਪਹਿਲਾਂ ਤੋਂ ਹੀ ਡਿਗੂੰ ਡਿਗੂੰ ਕਰਦੇ ਭਾਰਤ ਦੀਆਂ



ਜੜ੍ਹਾਂ ਹਿਲਾ ਕੇ ਰੱਖ ਦਿੱਤੀਆਂ ਸਨ। ਗ਼ੁਲਾਮੀ ਦਰ ਗ਼ੁਲਾਮੀ ਨਿੱਤ ਵਧਦੀ ਜਾ ਰਹੀ ਸੀ। ਜਾਤਪਾਤ, ਊਚ-ਨੀਚ, ਘੋਰ ਗ਼ਰੀਬੀ, ਸਮਾਜਕ ਅਨਿਆਂ, ਭ੍ਰਿਸ਼ਟਾਚਾਰ ਕਰਮ ਕਾਂਡ ਤੇ ਸਮਾਜਕ ਕੁਰੀਤੀਆਂ ਦਾ ਹਰ ਪਾਸੇ ਬੋਲਬਾਲਾ ਸੀ।

ਭਾਰਤ ਦੀ ਗੁਲਾਮੀ ਅਤੇ ਸਮਾਜਕ ਗਿਰਾਵਟ ਦੀ ਨੀਂਹ ਤਾਂ ਗੁਰੂ ਨਾਨਕ ਦੇ ਜਨਮ ਤੋਂ ਬਹੁਤ ਪਹਿਲਾਂ (ਲਗਭਗ 1500 ਪੂਰਵ ਈਸਵੀ) ਆਰੀਅਨਾਂ ਦੇ ਆਗਮਨ ਨਾਲ ਰੱਖੀ ਜਾ ਚੁੱਕੀ ਸੀ ਪਰ ਇਸ ਨੂੰ ਬੁੱਧਮੱਤ ਦੇ ਉਭਾਰ ਨਾਲ ਤੇ ਫਿਰ ਮਹਾਰਾਜਾ ਅਸ਼ੋਕ ਦੇ ਰਾਜ ਵੇਲੇ ਠੱਲ੍ਹ ਪੈ ਗਈ ਸੀ। ਸਮਰਾਟ ਅਸ਼ੋਕ ਦੇ ਵੰਸ਼ਜ ਬ੍ਰਹਿਦਰਥ ਤੇ ਉਸਦੇ ਬ੍ਰਾਹਮਣ ਸੈਨਾਪਤੀ ਪੁਸ਼ਿਆ ਮਿਤਰ ਵੱਲੋਂ ਕਤਲ ਕਰਕੇ ਰਾਜਪਾਟ ਸੰਭਾਲਣ ਨਾਲ ਇਹ ਵਿਵਸਥਾ ਮੁੜ ਬੜੀ ਤੀਬਰਤਾ ਤੇ ਸਖ਼ਤੀ ਨਾਲ ਲਾਗੂ ਕਰਨੀ ਸ਼ੁਰੂ ਕੀਤੀ ਗਈ। ਇਹੀ ਉਹ ਸਮਾਂ ਸੀ ਜਦੋਂ ਭਾਰਤ ਦੇ ਇਤਿਹਾਸ ਦੇ ਸੁਨਹਿਰੀ ਕਾਲ ਨੂੰ ਸਿਆਹ ਕਾਲੇ ਸਮੇਂ ਵਿੱਚ ਤਬਦੀਲ ਕਰਨ ਦੀਆਂ ਸਾਜ਼ਿਸ਼ਾਂ ਸ਼ੁਰੂ ਹੋ ਗਈਆਂ ਸਨ। ਯੁੱਗ ਸੁਖੀ ਵਸਦੇ ਸਮਾਜ ਵਿੱਚ ਮੁੜ ਤੋਂ ਵਰਣਾ ਅਤੇ ਜਾਤੀਆਂ ਦੀਆਂ ਪੱਕੀਆਂ ਲਕੀਰਾਂ ਖਿਚ ਦਿੱਤੀਆਂ ਗਈਆਂ। ਜਾਤੀਆਂ ਦੀਆਂ ਇਹ ਪੱਕੀਆਂ ਲਕੀਰਾਂ ਹੀ ਊਚ-ਨੀਚ, ਛੂਤ-ਅਛੂਤ ਦੀਆਂ ਦੀਵਾਰਾਂ ਬਣਕੇ ਸਮਾਜ ਨੂੰ ਹਜ਼ਾਰਾਂ ਟੁਕੜਿਆਂ ਵਿੱਚ ਵੰਡ ਗਈਆਂ। ਇਹਨਾਂ ਜਾਤੀ ਟੁਕੜਿਆਂ ਨੂੰ 'ਧਾਰਮਿਕ' ਗ੍ਰੰਥਾਂ ਰਾਹੀਂ ਧਰਮ ਅਤੇ ਰੱਬ ਦੇ ਡੰਡੇ ਦੇ ਜ਼ੋਰ ਨਾਲ ਡਰਾ ਧਮਕਾ ਕੇ ਪੱਕਿਆਂ ਤੋਂ ਹੋਰ ਪਕੇਰੇ ਅਤੇ ਪੀਡੇ ਬਣਾਇਆ ਗਿਆ ਜੋ ਇੱਕ ਦੂਜੇ ਦੇ ਵਿਰੋਧੀ ਤੇ ਦੁਸ਼ਮਣ ਵੀ ਬਣਦੇ ਚਲੇ ਗਏ। ਇਸ ਸਮਾਜਕ ਫੁੱਟ ਦਾ ਬਾਹਰਲੇ ਹਮਲਾਵਰਾਂ ਨਏ ਭਰਪੂਰ ਲਾਭ ਉਠਾਇਆ।

ਮੁਹੰਮਦ ਬਿਨ ਕਾਸਮ ਦੀਆਂ ਮੁੱਠੀ ਭਰ ਫੌਜਾਂ ਨੇ ਸਿੰਧ ਦੇ ਰਾਜੇ ਦਾਹਰ ਨੂੰ ਹਰਾ ਕੇ ਆਪਣੇ ਰਾਜ ਦੀ ਨੀਂਹ ਰੱਖ ਦਿੱਤੀ। ਹਾਰ ਦਾ ਕਾਰਣ ਸੀ ਸਮਾਜ ਵਿੱਚ ਫੈਲਿਆ ਵਿਆਪਕ ਭ੍ਰਿਸ਼ਟਾਚਾਰ, ਲਾਲਚ, ਗਦਾਰਪੁਣਾ, ਤੇ ਜਾਤੀਵੰਡ। ਆਮ ਲੋਕਾਂ ਵਿੱਚ ਵਹਿਮ ਸੀ ਕਿ ਲੜਾਈ ਦੌਰਾਨ ਜੇ ਮੰਦਰ ਦਾ ਝੰਡਾ ਡਿੱਗ ਪਵੇ ਤਾਂ ਹਾਰ ਨਿਸ਼ਚਿਤ ਹੈ। ਮੰਦਰ ਦੇ ਪੁਜਾਰੀ ਨੇ ਮੁਹੰਮਦ ਬਿਨ ਕਾਸਮ ਤੋਂ ਰਿਸ਼ਵਤ ਲੈ ਕੇ ਝੰਡਾ ਗਿਰਾ ਦਿੱਤਾ ਤਾਂ ਦਾਹਰ ਦੀਆਂ ਫੌਜਾਂ ਵਿੱਚ ਹਫੜਾ ਦਫ਼ੜੀ ਮੱਚ ਗਈ ਜੋ ਹਾਰ ਦਾ ਕਾਰਣ ਬਣੀ। ਇਸ ਤੋਂ ਬਾਅਦ ਤਾਂ ਹਮਲੇ ਤੇ ਬਾਅਦ ਹਮਲਾ ਹੁੰਦਾ ਗਿਆ। 1026 ਵਿੱਚ ਅਹਿਮਦ ਸ਼ਾਹ ਅਬਦਾਲੀ ਨੇ ਗੁਜਰਾਤ ਦੇ ਸੋਮ ਨਾਥ ਮੰਦਰ 'ਤੇ ਹਮਲਾ ਕਰਕੇ ਹੀਰੇ, ਜਵਾਹਰਾਤ, ਸੋਨਾ, ਚਾਂਦੀ ਲੁੱਟੇ ਅਤੇ ਔਰਤਾਂ ਨੂੰ ਵੀ ਚੁੱਕ ਲਿਆ ਗਿਆ। ਉਸਨੇ ਲਗਾਤਾਰ ਕਈ ਹਮਲੇ ਇਸ ਤਰ੍ਹਾਂ ਦੇ ਕੀਤੇ ਪਰ ਉਸਨੂੰ ਰੋਕਣ ਵਾਲਾ ਕੋਈ ਨਹੀਂ ਸੀ। ਇਸਦਾ ਕਾਰਣ ਵੀ ਵਰਣ ਵੰਡ ਸੀ ਜਿਸ ਅਧੀਨ ਲੜਾਈ ਕਰਨ ਅਤੇ ਹਥਿਆਰ ਰੱਖਣ ਦਾ ਅਧਿਕਾਰ ਸਿਰਫ਼ ਕਸ਼ੱਤਰੀ ਨੂੰ ਹੀ ਸੀ। ਆਮ ਲੋਕੀਂ ਧਾੜਵੀਆਂ ਨੂੰ ਲੁੱਟ ਕੇ ਜਾਂਦਿਆਂ ਨੂੰ ਖੇਤਾਂ ਖਲਿਆਨਾਂ ਵਿੱਚੋਂ ਕੰਮ ਕਰਦਿਆਂ ਵੇਖਦੇ ਰਹਿੰਦੇ ਪਰ ਕਰ ਕੁਝ ਨਹੀਂ ਸੀ ਸਕਦੇ। ਜੇ ਉਹਨਾਂ ਨੂੰ ਵੀ ਹਥਿਆਰ ਵਰਤਣ ਦਾ ਅਧਿਕਾਰ ਹੁੰਦਾ ਤਾਂ ਉਹ ਡੰਡੇ ਸੋਟਿਆਂ ਅਤੇ ਪੱਥਰ ਢੀਂਗਾਂ ਮਾਰ ਮਾਰ ਕੇ ਹੀ ਹਮਲਾਵਰਾਂ ਨੂੰ ਭਜਾ ਸਕਦੇ ਸੀ। ਉੱਧਰ ਧਾਰਮਿਕਤਾ ਦਾ ਇਹ ਹਾਲ ਸੀ ਕਿ ਹਮਲਿਆਂ ਦਾ ਜਵਾਬ ਮੰਦਰਾਂ ਵਿੱਚ ਪੂਜਾ ਕਰਕੇ ਜਾਂ ਹਮਲਾਵਰਾਂ ਦੇ ਰਾਹ ਵਿੱਚ ਗਊਆਂ ਛੱਡਕੇ ਦਿੱਤਾ ਜਾਂਦਾ ਸੀ ਫਿਰ ਜਿੱਤ ਕਿਵੇਂ ਹਾਸਲ ਹੋ ਸਕਦੀ ਸੀ ?

ਇਸ ਤੋਂ ਬਾਅਦ ਗੁਲਾਮ ਵੰਸ਼, ਖਿਲਜੀ ਵੰਸ਼, ਤੁਗਲਕ ਵੰਸ਼ ਤੇ ਲੋਧੀ ਵੰਸ਼ ਆਉਂਦੇ ਗਏ, ਰਾਜ ਕਰਦੇ ਰਹੇ ਤੇ ਲੁੱਟ ਮਚਾਉਂਦੇ ਰਹੇ। ਗੁਰੂ ਨਾਨਕ ਦੇ ਜਨਮ ਸਮੇਂ ਬਹਿਲੋਲ ਖਾਂ ਲੋਧੀ ਦਾ ਰਾਜ ਸੀ ਜੋ 1450 ਤੋਂ 1489 ਤੱਕ ਰਿਹਾ। ਫਿਰ 1526 ਵਿੱਚ ਆਖਰੀ ਲੋਧੀ ਇਬਰਾਹੀਮ ਨੂੰ ਬਾਬਰ ਵੱਲੋਂ ਮਾਰਕੇ ਆਪਣਾ ਰਾਜ ਸਥਾਪਤ ਕੀਤਾ ਗਿਆ। ਉਸ ਵੇਲੇ ਗੁਰੂ ਨਾਨਕ 57 ਸਾਲਾਂ ਦੇ ਸਨ ਤੇ ਖ਼ੂਬ ਪ੍ਰਚਾਰ ਵਿੱਚ ਜੁੱਟੇ ਹੋਏ ਸਨ। ਬਾਬਰ ਦੇ ਕਤਲੇਆਮ ਅਤੇ ਨਾਕਸ ਰਾਜਕੀ ਪ੍ਰਬੰਧਾਂ ਦਾ ਉਹਨਾਂ ਨੇ ਆਪਣੀ 'ਬਾਬਰਵਾਣੀ' ਵਿੱਚ ਵਿਸਥਾਰ ਪੂਰਵਕ ਜ਼ਿਕਰ ਕੀਤਾ ਹੈ ਅਤੇ 'ਪਾਪ ਕੀ ਜੰਞ ਲੈ ਕਾਬਲਹੁ ਧਾਇਆ, ਜ਼ੋਰੀ ਮੰਗੇ ਦਾਨ ਵੇ ਲਾਲੋ' ਆਖਕੇ ਬਾਬਰ ਦੀਆਂ ਫੌਜਾਂ ਨੂੰ ਪਾਪ ਕੀ ਜੰਞ ਆਖਿਆ। ਇਹਨਾਂ ਸਥਿਤੀਆਂ ਵਿੱਚ 'ਰੱਬ' ਨੂੰ ਵੀ ਨਹੀਂ ਬਖਸ਼ਿਆ ਗਿਆ ਤੇ ਉਹਨਾਂ ਨੇ ਇਹ ਆਖਕੇ ਤਾਹਨਾਂ ਕਸਿਆ ਕਿ 'ਏਤਿ ਮਾਰ ਪਈ ਕੁਰਲਾਣੇ, ਤੈਂ ਕੀ ਦਰਦ ਨਾ ਆਇਆ।' ਪ੍ਰਸਿੱਧ ਇਤਿਹਾਸਕਾਰ ਡਾ: ਗੰਡਾ ਸਿੰਘ ਨੇ ਗੁਰੂ ਨਾਨਕ ਦੀ ਇਸ ਲਲਕਾਰ ਨੂੰ ਦੇਸ਼ ਦੀ ਆਜ਼ਾਦੀ ਦੀ ਪਹਿਲੀ ਲੜਾਈ ਗਰਦਾਨਿਆ ਹੈ।

ਦੂਜੇ ਪਾਸੇ ਨਾਲ ਹੀ ਬ੍ਰਾਹਮਣਵਾਦ ਵੱਲੋਂ ਰੱਬ, ਆਤਮਾ, ਸਵਰਗ, ਨਰਕ, ਜੂਨਾਂ ਦੇ ਗੇੜ, ਗ੍ਰਹਿਆਂ ਦੇ ਚੱਕਰ, ਮੰਤਰ, ਧਾਗੇ ਤਵੀਤ, ਟੂਣੇ ਆਦਿ ਦੇ ਡਰਾਵਿਆਂ ਨਾਲ ਲੋਕਾਈ ਨੂੰ ਕੁਰਾਹੇ ਪਾ ਕੇ ਲੁਟਿਆ ਖਸੁੱਟਿਆ ਜਾ ਰਿਹਾ ਸੀ। ਤਰ੍ਹਾਂ ਤਰ੍ਹਾਂ ਦੇ ਕਰਮ ਕਾਂਡ, ਕਰਾਮਾਤਾਂ, ਰਿੱਧੀਆਂ ਸਿੱਧੀਆਂ, ਜੋਤਿਸ਼ ਆਦਿ ਨਾਲ ਲੋਕਾਂ ਨੂੰ ਭੰਬਲਭੂਸੇ ਵਿੱਚ ਪਾਇਆ ਹੋਇਆ ਸੀ। ਵਰਣ ਵੰਡ ਵਿੱਚ ਸਭ ਤੋਂ ਹੇਠਲੇ ਸ਼ੂਦਰ ਉੱਤੇ ਤਰ੍ਹਾਂ ਤਰ੍ਹਾਂ ਦੇ ਅਤਿਆਚਾਰ ਹੁੰਦੇ ਸਨ। ਉਹਨਾਂ ਨੂੰ ਤਾਂ ਕੀੜੇ ਮਕੌੜਿਆਂ ਤੋਂ ਵੱਧ ਕੁਝ ਨਹੀਂ ਸੀ ਸਮਝਿਆ ਜਾਂਦਾ। ਇਸਤਰੀ ਦੀ ਕੋਈ ਇੱਜ਼ਤ ਨਹੀਂ ਸੀ।

ਉਸਨੂੰ ਪੈਰ ਦੀ ਜੁੱਤੀ, ਕੁਲੱਛਣੀ, ਗੁੱਤ ਪਿੱਛੇ ਮੱਤ ਆਦਿ ਦੇ ਨਾਵਾਂ ਨਾਲ ਨਿਵਾਜ਼ਿਆ ਜਾਂਦਾ ਸੀ। ਪਤੀ ਦੀ ਮੌਤ ਹੋ ਜਾਣ ਤੇ ਉਸਨੂੰ ਵੀ ਚਿਤਾ ਵਿੱਚ ਜਲਕੇ ਸਤੀ ਹੋਣਾ ਪੈਂਦਾ ਸੀ। ਉਸ ਲਈ ਵਿਧਵਾ ਵਿਆਹ ਦੀ ਆਗਿਆ ਨਹੀਂ ਸੀ। ਮਹਾਂਕਵੀ ਤੁਲਸੀ ਦਾਸ ਨੇ ਤਾਂ 'ਢੋਰ, ਗੰਵਾਰ, ਸ਼ੂਦਰ, ਪਸ਼ੂ, ਨਾਰੀ, ਯੇ ਸਭ ਤਾੜਨ ਕੇ ਅਧਿਕਾਰੀ' ਆਖਕੇ ਸ਼ੂਦਰ ਅਤੇ ਔਰਤ ਨੂੰ ਪਸ਼ੂਆਂ ਬਰਾਬਰ ਹੀ ਮੰਨਿਆ ਹੈ। ਇਸ ਸਭ ਕੁਝ ਨੇ ਮਿਲਕੇ ਸਮਾਜ ਵਿੱਚ ਅੰਧਕਾਰ, ਹਨ੍ਹੇਰਾ, ਧੁੰਦ ਫੈਲਾਈ ਹੋਈ ਸੀ ਜਿਸ ਦਾ ਜ਼ਿਕਰ ਭਾਈ ਗੁਰਦਾਸ ਨੇ 'ਸਤਿਗੁਰ ਨਾਨਕ ਪ੍ਰਗਟਿਆ, ਮਿਟੀ ਧੁੰਦ ਜੱਗ ਚਾਨਣ ਹੋਆ' ਵਿੱਚ ਕੀਤਾ ਸੀ। ਗੁਰੂ ਨਾਨਕ ਇਸੇ ਹਨ੍ਹੇਰੇ ਨੂੰ ਗਿਆਨ ਦੇ ਚਾਨਣ ਨਾਲ ਦੂਰ ਕਰਨ ਲਈ ਦੇਸ ਦੇਸਾਂ ਤਰ੍ਹਾਂ ਵਿੱਚ ਚਾਰੇ ਪਾਸੇ ਲੰਬੀਆਂ ਯਾਤਰਾਵਾਂ (ਉਦਾਸੀਆਂ) ਕਰਨ ਲਈ ਉੱਠ ਤੁਰੇ ਜਿਸਨੂੰ ਭਾਈ ਗੁਰਦਾਸ ਨੇ 'ਚੜ੍ਹਿਆ ਸੋਧਣਿ ਧਰਤਿ ਲੁਕਾਈ' ਆਖਿਆ ਹੈ।

3. ਗੁਰੂ ਨਾਨਕ ਦਾ ਫਲਸਫਾ :

ਗੁਰੂ ਨਾਨਕ ਨੇ ਸਮਾਜ ਵਿੱਚ ਫੈਲੇ ਅੰਧਕਾਰ ਦਾ ਗੰਭੀਰਤਾ ਨਾਲ ਅਧਿਐਨ ਕੀਤਾ ਅਤੇ ਜੋ ਕੁਝ ਵੀ ਗਲਤ ਦਿੱਸਿਆ ਉਸਦੇ ਵਿਰੁੱਧ ਜ਼ੋਰਦਾਰ ਆਵਾਜ਼ ਉਠਾਈ। ਸਭ ਤੋਂ ਵੱਡੇ ਸਮਾਜਕ ਕੋਹੜ ਜਾਤਪਾਤੀ ਵਖਰੇਵੇਂ ਦਾ ਫਾਹਾ ਵੱਢਣ ਲਈ ਅਤੇ ਸ਼ੂਦਰਾਂ, ਅਛੂਤਾਂ, ਨੀਚਾਂ ਨਾਲ ਹੁੰਦੇ ਦੁਰਵਿਹਾਰ ਅਤੇ ਅਤਿਆਚਾਰਾਂ ਨੂੰ ਠੱਲ੍ਹਣ ਲਈ ਉਹ ਨੀਚਾਂ ਦੀ ਹਮਾਇਤ ਵਿੱਚ ਨਾਲ ਖਲੋਏ :-

ਨੀਚਾ ਅੰਦਰ ਨੀਚ ਜਾਤ,
ਨੀਚੀ ਹੂੰ ਅਤਿ ਨੀਚ।
ਨਾਨਕ ਤਿਨਕੇ ਸੰਗ ਸਾਥ,
ਵਡਿਆਂ ਸਿਉਂ ਕਿਆ ਰੀਸ।
ਜਿਥੇ ਨੀਚ ਸਮਾਲੀਅਨ,
ਕਿਥੇ ਨਦਰਿ ਤੇਰੀ ਬਖਸੀਸ।

ਕਿਉਂਕਿ ਗੁਰੂ ਨਾਨਕ ਦਾ ਫਲਸਫਾ ਸਮਾਜਕ ਬਰਾਬਰੀ ਦਾ ਸੀ, ਸਾਂਝੀਵਾਲਤਾ ਦਾ ਸੀ, ਸਰਬਤ ਦੇ ਭਲੇ ਦਾ ਸੀ ਫਿਰ ਉਹ ਔਰਤ ਜੋ ਕਿ ਕੁੱਲ ਵੱਸੋਂ ਦਾ ਅੱਧ ਹੈ ਉਸ ਨੂੰ ਕਿਵੇਂ ਅੱਖੋਂ ਉਹਲੇ ਕਰ ਸਕਦੇ ਸਨ, ਉਸਦੀ ਕਰੁਣਾਮਈ ਹਾਲਤ ਤੋਂ ਉਹ ਬਹੁਤ ਵਿਆਕੁਲ ਹੋਏ। ਉਹਨਾਂ ਦਾ ਪੂਰਾਂ ਸ਼ਬਦ ਇਸਤਰੀ ਜਾਤੀ ਨੂੰ ਸਮਰਪਿਤ ਹੈ ਜਿਸ ਵਿੱਚ ਉਹ ਦੱਸਦੇ ਹਨ ਕਿ ਔਰਤ ਦੀ ਕੁੱਖੋਂ ਜਨਮ ਲਿਆ ਜਾਂਦਾ ਹੈ, ਉਸ ਨਾਲ ਵਿਆਹ ਕੀਤਾ ਜਾਂਦਾ ਹੈ, ਦੋਸਤੀ ਕੀਤੀ ਜਾਂਦੀ ਹੈ, ਉਸਦਾ ਦੁੱਧ ਪੀ ਕੇ ਜੀਵਨ ਪਾਇਆ ਜਾਂਦਾ ਹੈ ਤਾਂ ਫਿਰ ਇਹ ਰਾਜਿਆਂ ਮਹਾਰਾਜਿਆਂ ਨੂੰ ਜਨਮ ਦੇਣ ਵਾਲੀ ਮਾੜੀ ਕਿਵੇਂ ਹੋ ਗਈ :-

'ਸੋ ਕਿਉਂ ਮੰਦਾ ਆਖਿਐ
ਜਿਤਿ ਜੰਮਹਿ ਰਾਜਾਨ।'

ਗੁਰੂ ਜੀ ਹੱਥੀਂ 'ਕਿਰਤ ਕਰਨ' ਤੇ ਬਹੁਤ ਜ਼ੋਰ ਦਿੰਦੇ ਸਨ। ਲੁੱਟ ਖੋਹ, ਧੋਖਾ ਜਾਂ ਪਾਪ ਕਰਕੇ ਕਮਾਉਣ ਖਾਣ ਨੂੰ ਉਹ ਪੂਰੀ ਤ੍ਰਾਂ ਨਕਾਰਦੇ ਹਨ। ਕਿਸੇ ਦਾ ਹੱਕ ਮਾਰਕੇ ਖਾਣ ਨੂੰ ਉਹ ਹਿੰਦੂ ਲਈ ਗਾਂ ਖਾਣ ਬਰਾਬਰ ਅਤੇ ਮੁਸਲਮਾਨ ਲਈ ਸੂਰ ਖਾਣ ਦੇ ਬਰਾਬਰ ਮੰਨਦੇ ਹਨ :-

1. 'ਹੱਕ ਪਰਾਇਆ ਨਾਨਕਾ
ਉਸ ਸੂਅਰ ਉਸ ਗਾਇ।'
2. 'ਘਾਲਿ ਖਾਇ ਕਿਛੁ ਹਥੋ ਦੇਹਿ,
ਨਾਨਕ ਰਾਹ ਪਛਾਣਹਿ ਸੇਇ।'
3. 'ਬਾਬਾ ਆਖੇ ਹਾਜੀਆ,
ਸ਼ੁਭ ਅਮਲਾਂ ਬਾਝੋਂ ਦੋਵੇਂ ਰੋਈ
ਹਿੰਦੂ ਮੁਸਲਮਾਨ ਦੋਇ,
ਦਰਗਾਹ ਅੰਦਰ ਲੈਣ ਨਾ ਢੋਈ।'

ਇਸੇ ਤਰ੍ਹਾਂ ਗਲਤ ਤਰੀਕਿਆਂ ਨਾਲ ਮਾਇਆ ਇਕੱਤਰ ਕਰਨ ਨੂੰ ਪਾਪ ਆਖਿਆ ਗਿਆ ਹੈ :-

'ਪਾਪਾਂ ਬਾਝਹੁ ਹੋਵੈ ਨਾਹਿ,
ਮੋਇਆ ਸਾਥਿ ਨਾ ਜਾਈ।'

ਗੁਰੂ ਨਾਨਕ ਦੇ ਫਲਸਫੇ ਦੀ ਖਾਸ ਗੱਲ ਇਹ ਹੈ ਕਿ ਇਹ ਵਿਗਿਆਨਕ ਸੱਚਾਈ ਉੱਤੇ ਆਧਾਰਤ ਹੈ। ਉਹਨਾਂ ਨੇ ਸਾਰੇ ਪਾਖੰਡਾਂ ਨੂੰ ਛੱਡਣ ਲਈ ਛੋਡੀਲੇ ਪਾਖੰਡਾ' ਆਖਿਆ। ਉਹਨਾਂ ਵਲੋਂ ਪੇਸ਼ ਕੀਤੇ ਸਿਧਾਂਤ ਅੱਜ 500 ਸਾਲਾਂ ਬਾਅਦ ਸਿਧ ਕਰ ਰਹੇ ਹਨ। 'ਧਰਤੀ ਹੋਰ ਪਰੈ ਹੋਰ', ਜਾਂ 'ਕੀਤਾ ਪਸਾਉ ਏਕੋ ਕਵਾਉ' (ਬਿੱਗ ਬੈਂਗ ਸਿਧਾਂਤ) ਵਰਗੇ ਸਿਧਾਂਤ ਵਿਗਿਆਨੀਆ ਨੇ ਮੰਨ ਲਏ ਹਨ।

ਵਾਤਾਵਰਣ ਸਬੰਧੀ ਵੀ ਉਹਨਾਂ ਦੀ ਸੋਚ ਬਾ-ਕਮਾਲ ਸੀ। ਉਹਨਾਂ ਨੇ ਹਵਾ ਨੂੰ ਗੁਰੂ, ਪਾਣੀ ਨੂੰ ਪਿਤਾ ਅਤੇ ਧਰਤੀ ਨੂੰ ਮਾਂ ਦਾ ਦਰਜਾ ਦਿੱਤਾ :'ਪਵਨ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ।' ਅੱਜ ਇਹ ਤਿੰਨੇ ਖਤਰੇ ਦੀ ਧੱਧਰ ਤੱਕ ਪਹੁੰਚ ਚੁੱਕੇ ਹਨ ਤੇ ਜੀਵਾਂ ਲਈ ਘਾਤਕ ਬਣੇ ਹੋਏ ਹਨ। ਇਹਨਾਂ ਦੀ ਮਹੱਤਤਾ ਨੂੰ ਸਮਝਦਿਆਂ ਗੁਰੂ ਨਾਨਕ ਦੀ ਸੋਚ ਤੇ ਪਹਿਰਾ ਦਿੱਤਾ ਹੁੰਦਾ ਤਾਂ ਅਸੀਂ ਇਸ ਗੰਭੀਰ ਸੰਕਟ ਤੋਂ ਬਚ ਸਕਦੇ ਸੀ। ਪੰਜਾਬ ਤਾਂ ਰੇਗਿਸਤਾਨ ਦੇ ਕੰਢੇ ਪਹੁੰਚਿਆ ਖੜ੍ਹਾ ਹੈ। ਗੁਰੂ ਨਾਨਕ ਨੇ ਐਵੇਂ ਤਾਂ ਨਹੀਂ ਸੀ ਆਖਿਆ 'ਪਹਿਲਾ ਪਾਣੀ ਜੀਉ ਹੈ ਜਿਤ ਹਰਿਆ ਸਭ ਕੋਇ।'

ਅੱਜ ਇੱਕ ਹੋਰ ਸਮਾਜਿਕ ਬੁਰਾਈ ਦਿਨ ਪ੍ਰਤੀ ਦਿਨ ਵਧਦੀ ਜਾ ਰਹੀ ਹੈ। ਉਹ ਹੈ 'ਅਸਹਿਣਸ਼ੀਲਤਾ।' ਜਦੋਂ ਕਿ ਗੁਰੂ ਨਾਨਕ ਦੇ ਅਸੂਲ 'ਰੋਸ ਨਾ ਕੀਜੈ ਉਤਰ ਦੀਜੈ' ਅਨੁਸਾਰ ਚਲਿਆਂ, ਸਵਾਲ-ਜਵਾਬ ਦੇ ਜਰੀਏ ਅਸੀਂ ਇਸਤੇ ਕਾਬੂ ਪਾ ਸਕਦੇ ਹਾਂ। ਨਿੱਤ ਦੀ ਮਾਰ ਕੁੱਟ, ਜਾਨੋਂ ਮਾਰ ਦੇਣਾ, ਭੀੜ ਵੱਲੋਂ ਕੋਈ ਗੱਲ ਮਨਵਾਉਣ ਲਈ ਤਸੀਹੇ ਦੇ ਦੇ ਕੋਹ ਦੇਣਾ ਆਮ ਗੱਲ ਹੋ ਗਈ ਹੈ। ਬਾਬਾ ਨਾਨਕ ਨੇ ਵਿਚਾਰ ਵਟਾਂਦਰੇ ਰਾਹੀਂ ਸੱਜਣ ਠੱਗ, ਵਲੀ ਕੰਧਾਰੀ, ਕੌਡੇ ਰਾਖਸ਼, ਮਲਿਕ ਭਾਗੋ ਆਦਿ ਨੂੰ ਸਿੱਧੇ ਰਾਹ ਪਾਇਆ ਸੀ ਪਰ ਅਸੀਂ ਇਸ ਤੋਂ ਉਲਟ ਚਲਦਿਆਂ ਇਹਨਾਂ ਭਟਕਿਆਂ ਹੋਇਆਂ ਵੀ ਮੁੜ ਸੁਰਜੀਤੀ ਕਰਨ ਦੇ ਰਾਹ ਪਏ ਹੋਏ ਹਾਂ।

ਗੁਰੂ ਨਾਨਕ ਨੇ ਗ੍ਰਹਿਸਥੀ ਜੀਵਨ ਨੂੰ ਉੱਤਮ ਮੰਨਿਆ ਹੈ। ਉਹ ਆਪ ਗ੍ਰਹਿਸਥ ਨਿਭਾਉਂਦੇ ਰਹੇ ਹਨ। ਸਾਰਾ ਕੁੱਝ ਛੱਡ ਛਡਾ ਕੇ ਜੰਗਲਾਂ ਨੂੰ ਨਹੀਂ ਗਏ। ਮੋਦੀਖਾਨੇ ਨੌਕਰੀ ਕਰਦਿਆਂ, ਖੇਤੀ ਕਰਦਿਆਂ ਉਹਨਾਂ ਗ੍ਰਹਿਸਥੀ ਵੀ ਨਿਭਾਈ ਅਤੇ ਪ੍ਰਚਾਰ ਵੀ ਕੀਤਾ। ਉਹਨਾਂ ਨੇ ਇਸਨੂੰ ਭਾਰ ਬਣਾਕੇ ਜਾਂ ਗੁੰਝਲਦਾਰ ਬਣਾਕੇ ਜਿਉਣ ਲਈ ਨਹੀਂ ਕਿਹਾ ਸਗੋਂ 'ਹਸੰਦਿਆਂ ਖਿਡੰਦਿਆਂ' ਸਹਿਜ ਅਵੱਸਥਾ ਵਿੰਚ ਰਹਿੰਦਿਆਂ ਗ੍ਰਹਿਸਥੀ ਦਾ ਪਾਲਣਾ ਕਰਨ ਲਈ ਆਖਿਆ ਹੈ।

4. ਗੁਰੂ ਨਾਨਕ ਤੋਂ ਬਾਦ ਦੇ ਹਾਲਾਤ :

ਇਸ ਤਰ੍ਹਾਂ ਅਸੀਂ ਵੇਖਿਆ ਕਿ ਇਤਿਹਾਸਕ ਉਥਲ ਪੁਥਲ ਅਤੇ ਗੰਭੀਰ ਸਮਾਜਿਕ ਕੁਰੀਤੀਆਂ ਹੀ ਗੁਰੂ ਨਾਨਕ ਦੀ ਕਰਮ ਭੂਮੀ ਬਣੀਆਂ। ਇਹਨਾਂ ਨੂੰ ਸਮਝਦਿਆਂ, ਜੜ੍ਹਾਂ ਤੱਕ ਪਹੁੰਚਦਿਆਂ ਉਹ ਸੱਚਾਈ ਨੂੰ ਲੱਭ ਲੈਂਦੇ ਸਨ ਜਿਸ ਨਾਲ ਉਨ੍ਹਾਂ ਦੀ ਸਮਾਜਕ ਸੂਝ ਬੂਝ ਹੋਰ ਤਿੱਖੀ ਹੁੰਦੀ ਚਲੀ ਗਈ। ਉਹ ਹੱਡ ਮਾਸ ਦਾ ਹੀ ਇੱਕ ਸਮਾਜਕ ਬੁੱਧੀਜੀਵੀ ਪ੍ਰਾਣੀ ਸੀ ਜਿਸਨੇ ਸਮਾਜ ਵਿੱਚ ਰਹਿੰਦਿਆਂ ਇਸਨੂੰ ਹੰਢਾਇਆ ਅਤੇ ਸਭ ਕੁਝ ਨੂੰ ਨੀਝ ਲਾ ਕੇ ਤੱਕਿਆ। ਉਨ੍ਹਾਂ ਜੋ ਕੁਝ ਕਿਹਾ ਉਹ ਅਮਲ ਕਰਨ ਯੋਗ ਸੀ ਅਤੇ ਕਲਿਆਣਕਾਰੀ ਸੀ। ਉਹ ਖੜਾਵਾਂ ਤੇ ਉਡਣ ਵਾਲਾ ਜਾਂ ਤੇਰਾ ਤੇਰਾ ਆਖਕੇ ਮੋਦੀਖਾਨਾ ਲੁਟਾਉਣ ਵਾਲਾ ਕਰਾਮਾਤੀ ਫ਼ਕੀਰ ਨਹੀਂ ਸੀ ਜਿਵੇਂ ਕਿ ਜਨਮ ਸਾਖੀ ਸਾਹਿਤ ਨੇ ਉਹਨਾਂ ਨੂੰ ਪ੍ਰਚਲਤ ਕੀਤਾ। ਉਹ ਆਪਣੀ ਵਿਚਾਰਧਾਰਾ ਨੂੰ ਇਕ ਲਹਿਰ ਦਾ ਰੂਪ ਦੇਣਾ ਚਾਹੁੰਦੇ ਸਨ ਜਿਸ ਨੂੰ ਬਾਅਦ ਵਿੱਚ ਦੂਜੇ ਗੁਰੂਆਂ ਵੱਲੋਂ ਅੱਗੇ ਤੋਰਿਆ ਗਿਆ। ਸਮਾਜ ਵਿਰੋਧੀ ਅਤੇ ਸੱਤਾਧਾਰੀ ਸ਼ਕਤੀਆਂ ਨੂੰ ਇਹ ਮੰਨਜੂਰ ਨਹੀਂ ਸੀ ਜਿਸ ਕਰਕੇ ਉਹ ਗਾਹੇ ਬਗਾਹੇ ਟੱਕਰ ਲੈਣ ਦੇ ਰੌਅ ਵਿੱਚ ਰਹਿੰਦੀਆਂ ਸਨ। ਦਸਵੇਂ ਗੁਰੂ ਦੇ ਸਮੇਂ ਤੱਕ ਅਤੇ ਫਿਰ ਬਾਬਾ ਬੰਦਾ ਸਿੰਘ ਬਹਾਦਰ (1716) ਤੱਕ ਵਿਰੋਧੀ ਇਸ ਲਹਿਰ ਦਾ ਕੁਝ ਨਾ ਵਿਗਾੜ ਸਕੇ ਭਾਵੇਂ ਅੰਦਰੋਂ ਹੀ ਪ੍ਰਿਥੀ ਚੰਦ, ਦਾਤੂ, ਸ੍ਰੀ ਚੰਦ, ਲਖਮੀ ਚੰਦ, ਬਾਬਾ ਮੋਹਨ, ਮਿਹਰਬਾਨ, ਹਰਿ ਜੀ, ਧੀਰ ਮੱਲ, ਰਾਮ ਰਾਇ ਆਦਿ ਨੂੰ ਮੂਹਰੇ ਕਰਕੇ ਲਹਿਰ ਨੂੰ ਖੋਰਾ ਲਾਉਣ ਦੀਆਂ ਭਰਪੂਰ ਕੋਸ਼ਿਸ਼ਾਂ ਕੀਤੀਆਂ ਗਈਆਂ ਹਨ।

ਬਾਬਾ ਬੰਦਾ ਸਿੰਘ ਬਹਾਦਰ ਤੋਂ ਬਾਅਦ ਵਿਰੋਧਤਾ ਦਾ ਦੌਰ ਹੋਰ ਤਿੱਖਾ ਹੋ ਗਿਆ। ਨਿਰਮਲੇ ਅਤੇ ਉਦਾਸੀ ਸੰਪਰਦਾਵਾਂ ਵੱਲੋਂ ਲਹਿਰ ਦਾ ਰੂਪ ਵਿਗਾੜਕੇ ਇਸਦੀ ਦਿਸ਼ਾ ਬਦਲਣ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ। ਪਰ ਇਸਦੇ ਬਚਾਅ ਵਿੱਚ ਆਏ ਭਾ: ਬਿਨੋਦ ਸਿੰਘ, ਭਾ: ਬਾਜ ਸਿੰਘ, ਭਾ: ਤਾਰੂ ਸਿੰਘ, ਭਾ: ਗਰਜਾ ਸਿੰਘ, ਭਾ: ਸ਼ਾਹਬਾਜ ਸਿੰਘ, ਵਰਗਿਆਂ ਨੇ ਆਪਣੀ ਜਾਨ ਦੀ ਬਾਜ਼ੀ ਲਾ ਕੇ ਸ਼ਹੀਦੀਆਂ ਪਾਈਆਂ। ਮਹਾਰਾਜਾ ਰਣਜੀਤ ਸਿੰਘ ਦੇ ਰਾਜ (1780 ਤੋਂ 1839) ਜਿਸ ਨੂੰ ਸਿੱਖ ਰਾਜ ਦਾ ਨਾਂ ਵੀ ਦਿੱਤਾ ਜਾਂਦਾ ਹੈ, ਇਸ ਵਿੱਚ ਮਹੰਤਵਾਦ ਨੂੰ ਪਨਪਣ ਦਾ ਬਹੁਤ ਮੌਕਾ ਮਿਲਿਆ ਕਿਉਂਕਿ ਮਹਾਰਾਜਾ ਨੇ ਧਾਰਮਿਕ ਸਥਾਨਾਂ ਦੇ ਨਾਂ ਵੱਡੀਆ ਜਗੀਰਾਂ ਲਾਆ ਦਿੱਤੀਆਂ ਸਨ। ਅੰਤਾਂ ਦਾ ਸਿੱਖੀ ਵਿਰੋਧੀ ਸਾਹਿਤ ਰਚਿਆ ਗਿਆ ਜਿਸ ਵਿੱਚ ਗੁਰਬਿਲਾਸ ਪਾਤਸ਼ਾਹੀ 6, ਗੁਰਬਿਲਾਸ ਪਾਤਸ਼ਾਹੀ 10, ਬੰਸਾਵਲੀ ਨਾਮਾ, ਪ੍ਰਾਚੀਨ ਪੰਥ ਪ੍ਰਕਾਸ਼, ਸੂਰਜ ਪ੍ਰਕਾਸ਼, ਗਰਬ ਗੰਜਨੀ

ਆਦਿ ਸ਼ਾਮਲ ਹਨ ਜਿਸ ਨੇ ਸਿੱਖੀ ਸਾਹਿਤ ਵਿੱਚ ਖੋਟ ਮਿਲਾਉਣ ਦਾ ਕੰਮ ਕੀਤਾ। 1897 ਵਿੱਚ 'ਦਸਮ ਗਰੰਥ' ਦੇ ਆਉਣ ਨਾਲ ਰਹਿੰਦੀ ਕਸਰ ਵੀ ਪੂਰੀ ਹੋ ਗਈ। ਗੁਰੂ ਗੋਬਿੰਦ ਸਿੰਘ ਨੂੰ ਪੂਰਾ ਦੁਰਗਾ ਭਗਤ ਬਣਾ ਦਿੱਤਾ ਗਿਆ। 'ਵਾਹ ਦੁਰਗਾ ਕੀ' ਵਾਰ ਸ੍ਰੀ ਭਗਾਉਤੀ ਜੀ ਕੀ ਪਾਤਸ਼ਾਹੀ 10' ਕਰ ਦਿੱਤਾ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜਿਸਨੂੰ ਸ਼ਬਦ ਗੁਰੂ ਦਾ ਦਰਜਾ ਹਾਸਲ ਸੀ, ਉਸਦਾ ਸ਼ਰੀਕ 'ਦਸਮ ਗ੍ਰੰਥ' ਨੂੰ ਬਣਾਕੇ ਉਸਦੇ ਬਰਾਬਰ ਸਥਾਪਤ ਕਰ ਦਿੱਤਾ ਗਿਆ। ਇਸਨੂੰ ਅੱਜ ਕੱਲ੍ਹ 'ਸ੍ਰੀ ਗੁਰੂ ਦਸਮ ਗਰੰਥ ਸਾਹਿਬ' ਦਾ ਨਾਂ ਦੇਕੇ ਪੰਜ ਤਖਤਾਂ ਵਿਚੋਂ ਦੋ ਤਖਤਾਂ 'ਤੇ ਬਰਾਬਰ 'ਸੁਭਾਇਮਾਨ' ਕਰ ਦਿੱਤਾ ਗਿਆ ਹੈ। ਉਹ ਦਿਨ ਦੂਰ ਨਹੀਂ ਜਦੋਂ ਸਾਰੇ ਗੁਰਦੁਆਰਿਆਂ ਵਿੱਚ ਵੀ ਇਸਦਾ ਬਰਾਬਰ ਪ੍ਰਕਾਸ਼ ਹੋਣਾ ਸ਼ੁਰੂ ਹੋ ਜਾਵੇਗਾ।

1920 ਤੋਂ 1925 ਤੱਕ ਸ਼੍ਰੋਮਣੀ ਕਮੇਟੀ ਵੱਲੋਂ ਮਹੰਤਾਂ ਨੂੰ ਗੁਰਦੁਆਰਿਆਂ ਵਿੱਚੋਂ ਕੱਢਣ ਲਈ 'ਗੁਰਦੁਆਰਾ ਸੁਧਾਰ ਲਹਿਰ' ਚਲਾਈ ਗਈ। ਮਹੰਤਾਂ ਨੂੰ ਕੱਢਣ ਵਿੱਚ ਕਾਮਯਾਬੀ ਤਾਂ ਮਿਲ ਗਈ ਪਰ ਮਹੰਤਵਾਦ ਅੱਜ ਵੀ ਗੁਰਦੁਆਰਿਆਂ ਵਿੱਚ ਕਾਇਮ ਹੈ। ਸਗੋਂ ਗੁਰਦੁਆਰਿਆਂ ਵਿੱਚੋਂ ਨਿਕਲਕੇ ਇਸਨੇ ਕਈ ਡੇਰੇ ਸਥਾਪਤ ਕਰ ਲਏ ਅਤੇ ਗੁਰੂ ਨਾਨਕ ਦੀ ਵਿਚਾਰਧਾਰਾ ਦਾ ਰੱਜ ਕੇ ਨੁਕਸਾਨ ਕੀਤਾ। ਸਿੱਖੀ ਦੇ ਇਸ ਸੰਕਟ ਸਮੇਂ ਭਾ: ਗੁਰਮੁੱਖ ਸਿੰਘ ਅਤੇ ਭਾ: ਦਿੱਤ ਸਿੰਘ ਗਿਆਨੀ ਵਲੋਂ ਬਣਾਈ 'ਸਿੰਘ ਸਭਾ ਲਹਿਰ' ਦੀ ਹਿੰਮਤ ਨਾਲ ਕਾਫ਼ੀ ਕਾਮਯਾਬੀ ਮਿਲੀ। ਸਾਧੂ ਦਇਆਨੰਦ ਵੱਲੋਂ ਚਲਾਈ 'ਆਰੀਆ ਸਮਾਜ ਲਹਿਰ' ਅਤੇ ਅੰਗਰੇਜ਼ਾਂ ਵੱਲੋਂ ਚਲਾਈ 'ਇਸਾਈ ਮਿਸ਼ਨਰੀ' ਕਾਰਣ ਜੋ ਸਿੱਖ 1881 ਵਿੱਚ ਮਰਦਮ ਸ਼ੁਮਾਰੀ ਅਨੁਸਾਰ 17 ਲੱਖ ਰਹਿ ਗਏ ਸਨ ਉਹ 'ਸਿੰਘ ਸਭਾ ਲਹਿਰ' ਦੀ ਕਾਰਗੁਜ਼ਾਰੀ ਕਾਰਨ 1991 ਤੱਕ 21 ਲੱਖ ਤੋਂ ਵੀ ਟੱਪ ਗਏ।

ਗੁਰੂ ਨਾਨਕ ਦੀ ਸਿੱਖੀ ਤੇ ਹਮਲੇ ਲਗਾਤਾਰ ਜਾਰੀ ਰਹੇ। ਸ਼੍ਰੋਮਣੀ ਕਮੇਟੀ ਦੇ ਹੋਂਦ ਵਿੱਚ ਆਉਣ ਨਾਲ ਇਹ ਹਮਲੇ ਗੁੱਝੇ ਰੂਪ ਵਿੱਚ ਵੀ ਅਤੇ ਪ੍ਰਤੱਖ ਰੂਪ ਵਿੱਚ ਵੀ ਸ਼੍ਰੋਮਣੀ ਕਮੇਟੀ ਉੱਤੇ ਹੋਣੇ ਸ਼ੁਰੂ ਹੋ ਗਏ ਕਿਉਂਕਿ ਇਹ ਸਿੱਖੀ ਦਾ ਧੁਰਾ ਬਣਨ ਜਾ ਰਹੀ ਸੀ। ਇਸਦੇ ਮੁਕਾਬਲੇ ਉਸੇ ਸਾਲ ਤੋਂ ਹੋਰ ਕਈ ਸੰਸਥਾਵਾਂ ਵੀ ਹੋਂਦ ਵਿੱਚ ਆ ਗਈਆਂ। ਇਹਨਾਂ ਹਮਲਿਆਂ ਨੇ ਸ਼੍ਰੋਮਣੀ ਕਮੇਟੀ ਦੀ ਅਸਲ ਹੋਂਦ ਨੂੰ ਖਤਰੇ ਵਿੱਚ ਪਾਇਆ ਹੋਇਆ ਹੈ। ਇਹਨਾਂ ਸਮਿਆਂ ਵਿੱਚ ਸਿੱਖੀ ਸਾਹਿਤ ਦੇ ਖੇਤਰ ਵਿੱਚ ਡਾ: ਸਾਹਿਬ ਸਿੰਘ ਦੀ ਗੁਰਬਾਣੀ ਵਿਆਖਿਆ ਅਤੇ ਸਿੱਖ ਇਤਿਹਾਸ, ਭਾਈ ਕਾਹਨ ਸਿੰਘ ਨਾਭਾ ਦੀਆਂ ਕਈ ਪੁਸਤਕਾਂ ਖਾਸ ਕਰਕੇ 'ਮਹਾਨ ਕੋਸ਼', ਭਾਈ ਤੇਜਾ ਸਿੰਘ, ਡਾ: ਰਤਨ ਸਿੰਘ ਜੱਗੀ, ਡਾ: ਗੰਡਾ ਸਿੰਘ ਦੀ ਖੋਜ ਨੇ ਵਡਮੁੱਲਾ ਯੋਗਦਾਨ ਪਾਇਆ। ਇਸੇ ਤਰ੍ਹਾਂ ਸ; ਗੁਰਬਖਸ਼ ਸਿੰਘ ਕਾਲਾ ਅਫ਼ਗਾਨਾ ਦਾ ਸਿੱਖੀ ਸਾਹਿਤ ਡਾ: ਸੰਗਤ ਸਿੰਘ ਅਤੇ ਡਾ: ਹਰਜਿੰਦਰ ਸਿੰਘ ਦਲਗੀਰ ਵਰਗਿਆਂ ਦੇ ਸਿੱਖ ਇਤਿਹਾਸ ਅਤੇ ਖੋਜੀ ਸਾਹਿਤ ਨੇ ਸਿੱਖੀ ਨੂੰ ਬਚਾਉਣ ਲਈ ਵਧੀਆ ਕੰਮ ਕੀਤਾ ਹੈ। ਪ੍ਰੋ: ਇੰਦਰ ਸਿੰਘ ਘੱਗਾ ਪ੍ਰੋ: ਸਰਬਜੀਤ ਸਿੰਘ ਧੂੰਦਾ ਸਮੇਤ ਕਈ ਲੇਖਕ ਅਤੇ ਪ੍ਰਚਾਰਕ ਅਤੇ ਸ: ਜੁਗਿੰਦਰ ਸਿੰਘ ਦੀ ਸਪੋਕਸਮੈਨ ਲਹਿਰ ਗੁਰੂ ਨਾਨਕ ਦੀ ਵਿਚਾਰਧਾਰਾ ਨੂੰ ਅਸਲ ਰੂਪ ਵਿੱਚ ਬਚਾਉਣ ਲਈ ਸ਼ਲਾਘਾਯੋਗ ਕੰਮ ਕਰ ਰਹੇ ਹਨ। ਦੂਜੇ ਪਾਸੇ ਭਾਵੇਂ ਸਖ਼ਤ ਚਟਾਨ ਹੈ ਪਰ ਇਸ ਨੂੰ ਸਰ ਕਰਨਾ ਅਸੰਭਵ ਨਹੀਂ ਮੁਸ਼ਕਲ ਜਰੂਰ ਹੈ।

5. ਅਜੋਕੀ ਸਥਿਤੀ ਦੀ ਗੰਭੀਰਤਾ :-

ਅੱਜ ਟੀ.ਵੀ. ਅਖ਼ਬਾਰਾਂ ਅਤੇ ਸ਼ੋਸਲ ਮੀਡੀਆ ਦਾ ਯੁਗ ਹੁੰਦਿਆਂ ਵੀ ਜਦੋਂ ਬਾਬਾ ਨਾਨਕ ਦੀ ਵਿਚਾਰਧਾਰਾ ਦੇ ਸੰਦਰਭ ਵਿੱਚ ਸਿੱਖਾਂ ਅਤੇ ਗੁਰਦੁਆਰਿਆਂ 'ਤੇ ਧਿਆਨ ਮਾਰੀਏ ਤਾਂ ਸਥਿਤੀ ਬੜੀ ਗੰਭੀਰ ਅਤੇ ਚਿੰਤਾਜਨਕ ਨਜ਼ਰ ਆਉਂਦੀ ਹੈ। ਹਰ ਥਾਂ ਬ੍ਰਾਹਮਣਵਾਦ ਕਬਜ਼ਾ ਕਰੀ ਬੈਠਾ ਹੈ। ਆਮ ਸਿੱਖ ਲਈ ਤਾਂ ਮੁਸ਼ਕਲ ਹੋਇਆ ਪਿਆ ਹੈ ਕਿ ਉਹ ਅੱਜ ਦੇ ਹਾਲਾਤ ਵਿੱਚੋਂ ਗੁਰੂ ਨਾਨਕ ਦੀ ਵਿਚਾਰਧਾਰਾ ਨੂੰ ਨਿਖੇੜੇ ਵੀ ਤਾਂ ਕਿਵੇਂ ਨਿਖੇੜੇ? ਗੁਰਦੁਆਰਿਆਂ ਵਿੱਚ ਸ਼ਿਵਲਿੰਗ ਵਾਂਗੂੰ ਫਰਸ਼ ਨੂੰ ਦੁੱਧ ਨਾਲ ਧੋਤਾ ਜਾਂਦਾ ਹੈ। ਸੰਗਰਾਂਦ, ਪੂਰਨਮਾਸੀ, ਮੱਸਿਆ, ਚੌਂਦਾਂ ਆਦਿ ਨੂੰ ਵੱਧ ਚੜ੍ਹਕੇ ਮਨਾਇਆ ਜਾਂਦਾ ਹੈ ਜਦੋਂਕਿ ਸਿੱਖੀ ਦਾ ਇਹਨਾਂ ਨਾਲ ਦੂਰ ਦਾ ਵੀ ਵਾਸਤਾ ਨਹੀਂ ਹੈ। ਗੁਰੂਆਂ ਦੀਆਂ ਤਸਵੀਰਾਂ ਨੂੰ ਮੂਰਤੀ ਪੂਜਾ ਵਾਂਗ ਧੂਫ਼ ਬੱਤੀ ਕੀਤੀ ਜਾਂਦੀ ਹੈ, ਜੋਤਾਂ ਜਗਾਈਆਂ ਜਾਂਦੀਆਂ ਹਨ, ਮੱਥੇ ਟੇਕੇ ਜਾਂਦੇ ਹਨ, ਸੁਖਣਾ ਸੁਖੀਆਂ ਜਾਂਦੀਆਂ ਹਨ। ਬਿਨਾਂ ਅਰਥ ਸਮਝਿਆਂ ਮੰਤਰਾਂ ਵਾਂਗ ਤੋਤਾ ਰਟਨ ਕਰਕੇ ਪਾਠ ਅਤੇ ਸੰਪਟ ਪਾਠ ਕੀਤੇ ਜਾ ਰਹੇ ਹਨ। ਗਰੰਥ ਸਾਹਿਬ ਨੂੰ ਮੌਸਮ ਅਨੁਸਾਰ ਗਰਮ, ਸਰਦ ਵਸਤਰਾਂ ਵਿੱਚ ਵਲੇਟਿਆ ਜਾਂਦਾ ਹੈ, ਮੁੱਠੀ ਚਾਪੀ ਕੀਤੀ ਜਾਂਦੀ ਹੈ, ਸੈਰ ਕਰਵਾਈ ਜਾਂਦੀ ਹੈ। ਪਾਠ ਵੇਲੇ ਕਿਸੇ ਹਵਨ ਵਾਂਗੂੰ ਨਾਰੀਅਲ, ਕੁੰਭ ਆਦਿ ਸਮੱਗਰੀ ਰੱਖੀ ਜਾਂਦੀ ਹੈ। ਗੁੱਟਾਂ 'ਤੇ ਗਾਨੇ ਅਤੇ ਧਾਗੇ ਤਵੀਤ ਬੰਨ੍ਹੇ ਜਾਂਦੇ ਹਨ। ਕਬਰਾਂ ਤੇ ਦੀਵੇ ਬਾਲੇ ਜਾਂਦੇ ਹਨ, ਸ਼ਨੀਚਰਵਾਰ ਨੂੰ ਲੋਹਾ ਅਤੇ ਸਰ੍ਹੋਂ ਦਾ ਤੇਲ ਚੜ੍ਹਾਇਆ ਜਾਂਦਾ ਹੈ। ਗਰੰਥ ਸਾਹਬ ਅੱਗੇ ਖਾਣੇ ਦੀ ਥਾਲੀ ਰੱਖਕੇ ਭੋਗ ਲਵਾਇਆ ਜਾਂਦਾ ਹੈ। ਤੀਰਥ ਇਸ਼ਨਾਨ, ਸ਼ਰਾਧ ਕਰਨੇ, ਸਾਹੇ ਕਢਵਾਉਣੇ, ਕਰਵਾ ਚੌਥ, ਰੱਖੜੀਆਂ, ਲੋਹੜੀ ਆਦਿ ਮਨਾਉਣੀ ਕੁਝ ਵੀ ਤਾਂ ਸਿੱਖੀ ਅਸੂਲਾਂ ਦੇ ਅਨੁਸਾਰ ਨਹੀਂ ਹੈ ਪਰ ਫਿਰ ਵੀ ਪੂਰੀ ਸ਼ਿਦਤ ਅਤੇ ਸ਼ਰਧਾ ਨਾਲ ਮਨਾਏ ਜਾ ਰਹੇ ਹਨ। ਹੋਰ ਕੀ ਕੀ ਹੋ ਰਿਹਾ ਹੈ ਗਿਣਿਆ ਵੀ ਨਹੀਂ ਜਾ ਸਕਦਾ। ਅੱਜ ਜੇ ਗੁਰੂ ਨਾਨਕ ਕਿਤੇ ਆ ਕੇ ਇਹ ਸਾਰਾ ਆਡੰਬਰ ਵੇਖਣ ਤਾਂ ਉਹਨਾਂ ਲਈ ਵੀ ਆਪਣੇ ਵਲੋਂ ਤੋਰੇ ਰਾਹ ਦਾ ਨਿਖੇੜਾ ਕਰਨਾ ਮੁਸ਼ਕਲ ਹੋਵੇਗਾ।

ਹੁਣ ਅਸੀਂ ਨਵੰਬਰ 2019 ਵਿੱਚ ਸਿੱਖੀ ਦੀ ਚੜ੍ਹਦੀ ਕਲਾ ਦਾ ਝੂਠਾ ਜਿਹਾ ਵਿਖਾਵਾ ਕਰਦਿਆਂ ਗੁਰੂ ਨਾਨਕ ਦਾ 550 ਵਾਂ ਜਨਮ ਦਿਨ ਬੜੀ ਧੂਮਧਾਮ ਨਾਲ ਮਨਾਉਣ ਜਾ ਰਹੇ ਹਾਂ। ਸਰਕਾਰ ਵੱਲੋਂ ਅਤੇ ਸ਼੍ਰੋਮਣੀ ਕਮੇਟੀ ਵੱਲੋਂ ਵੱਖਰੇ ਵੱਖਰੇ ਤੌਰ ਤੇ ਵੱਡੀ ਪੱਧਰ ਤੇ ਇਹ ਦਿਹਾੜਾ ਮਨਾਇਆ ਜਾਵੇਗਾ। ਸਾਰੇ ਗੁਰਦੁਆਰਿਆਂ ਵਿੱਚ ਵੀ ਬਹੁਤ ਜ਼ੋਰ ਲਗਾ ਕੇ ਮਨਾਇਆ ਜਾਵੇਗਾ। ਪੂਰੀ ਤਾਕਤ ਅਤੇ ਅਰਬਾਂ ਰੁਪਿਆ ਖਰਚਣ ਦੇ ਬਾਵਜੂਦ ਵੀ ਯਕੀਨਨ ਸਿੱਖੀ ਦਾ ਕੁਝ ਨਹੀਂ ਸੰਵਰੇਗਾ। ਸਿਰਫ਼ ਵੱਡੇ ਵੱਡੇ ਨਗਰ ਕੀਰਤਨ ਕੱਢੇ ਜਾਣਗੇ, ਵਧੀਆ ਵਧੀਆ ਕੀਰਤਨ ਸਮਾਗਮ ਕਰਵਾਏ ਜਾਣਗੇ ਅਤੇ ਮਹਿੰਗੇ ਮਹਿੰਗੇ ਲੰਗਰ ਲਾਏ ਜਾਣਗੇ ਪਰ ਲਾਭ ? ਕੁਝ ਨਹੀਂ। ਜਨਤਾ ਦਾ ਪੈਸਾ ਫਜ਼ੂਲ ਖਰਚੀ ਬਣਕੇ ਰਹਿ ਜਾਵੇਗਾ।

ਕਾਸ਼! ਅਸੀਂ ਇਸ ਮੌਕੇ ਤੇ ਕੋਈ ਠੋਸ ਕਦਮ 'ਸਰਬਤ ਦੇ ਭਲੇ' ਲਈ ਚੁੱਕਿਆ ਹੁੰਦਾ, ਵਿਦਿਆ ਵਿਚਾਰੀ ਤਾਂ ਪਰਉਪਕਾਰੀ' ਦੇ ਪਸਾਰ ਲਈ ਅਤੇ ਗਰੀਬਾਂ ਲਈ ਹਸਪਤਾਲ ਬਣਾਉਣ ਲਈ ਕੁਝ ਕੀਤਾ ਹੁੰਦਾ; ਗੁਰਦੁਆਰਿਆਂ ਵਿੱਚ ਹੁੰਦੀਆਂ ਮਨਮਤੀਆਂ ਕਾਰਵਾਈਆਂ ਲਈ ਕੁਝ ਕੀਤਾ ਹੁੰਦਾ; ਕਰਮ ਕਾਂਡ ਤੇ ਫੋਕੇ ਰੀਤੀ ਰਿਵਾਜ਼ ਬੰਦ ਕਰਨ ਲਈ ਕੋਈ ਠੋਸ ਰਣਨੀਤੀ ਤਿਆਰ ਕੀਤੀ ਹੁੰਦੀ; ਸਮਾਜ ਵਿੱਚ ਪ੍ਰਚੱਲਤ ਸਭ ਤੋਂ ਭਿਆਨਕ ਬੀਮਾਰੀ ਜਾਤਪਾਤ ਜੋ ਨਾ ਸਿਰਫ਼ ਸਿੱਖ ਸਮਾਜ ਨੂੰ ਖਾ ਰਹੀ ਹੈ ਬਲਕਿ ਦੇਸ਼ ਅਤੇ ਸਮਾਜ ਦੀ ਏਕਤਾ ਨੂੰ ਵੀ ਢਾਹ ਲਾ ਰਹੀ ਹੈ, ਇਸ ਨੂੰ ਤਿਲਾਂਜਲੀ ਦੇਣ ਲਈ ਘੱਟੋ ਘੱਟ ਪਹਿਲਾ ਕਦਮ ਪੁੱਟਣ ਦਾ ਹੀ ਐਲਾਨ ਕਰ ਦਿੱਤਾ ਜਾਂਦਾ ਕਿ ਅੱਜ ਤੋਂ ਬਾਅਦ ਕੋਈ ਵੀ ਸਿੱਖ ਆਪਣੇ ਨਾਂ ਨਾਲ ਜਾਤੀ ਪੂਛ ਨਹੀਂ ਲਾਵੇਗਾ। ਮੰਨਿਆ ਕਿ ਇਸ ਜਾਤੀਵਾਦ ਦੀਆਂ ਜੜ੍ਹਾ ਬਹੁਤ ਡੂੰਘੀਆਂ ਹਨ ਪਰ ਇਹ ਛੋਟਾ ਜਿਹਾ ਮਹੱਤਵਪੂਰਣ ਪਹਿਲਾ ਕਦਮ ਬਾਬਾ ਨਾਨਕ ਦੀ ਸੋਚ ਪਕੜਕੇ ਸਹੀ ਦਿਸ਼ਾ ਵੱਲ ਜਾਣ ਦੀ ਤਸੱਲੀ ਤਾਂ ਜਰੂਰ ਦਿੰਦਾ। ਯਾਦ ਰਹੇ ਕਿਸੇ ਸੰਸਥਾ ਜਾਂ ਵਿਅਕਤੀਗਤ ਤੌਰ ਤੇ ਪੁੱਟਿਆ ਸਹੀ ਇੱਕ ਕਦਮ ਹੀ ਕਿਸੇ ਵੇਲੇ ਕਾਫ਼ਲਾ ਬਣਨ ਦੀ ਤਾਕਤ ਰੱਖਦਾ ਹੁੰਦਾ ਹੈ। ਵੱਡੇ ਤੋਂ ਵੱਡਾ, ਲੰਬੇ ਤੋਂ ਲੰਬਾ ਸਫ਼ਰ ਵੀ ਪਹਿਲੇ ਇਕ ਕਦਮ ਨਾਲ ਹੀ ਸ਼ੁਰੂ ਹੁੰਦਾ ਹੈ। ਇਹੀ ਸਹੀ ਤੇ ਪਹਿਲਾ ਕਦਮ ਜੋ ਮਨੁੱਖਤਾ ਨੂੰ ਸਮਰਪਿਤਹੋਵੇ, ਸਾਂਝੀਵਾਲਤਾ ਦਾ ਲਖਾਇਕ ਹੋਵੇ ਤਾਂ ਇਹ ਇੱਕ ਦਿਨ ਦੇਸ਼ ਤੇ ਸਮਾਜ ਦੀ ਮਜ਼ਬੂਤੀ ਦੀ ਜਾਮਨੀ ਵੀ ਬਣ ਸਕਦਾ ਹੈ। ਇਹੋ ਤਾਂ ਹੈ ਗੁਰੂ ਨਾਨਕ ਦਾ ਰਾਹ।

ਸਿੱਖੀ ਦੀਆਂ ਵਰਤਮਾਨ ਸੰਸਥਾਵਾਂ ਤੋਂ ਕੋਈ ਉਮੀਦ ਨਹੀਂ ਹੈ ਕਿ ਉਹ ਗੁਰੂ ਨਾਨਕ ਦੀ ਸੋਚ ਨੂੰ ਅੱਗੇ ਵਧਾਉਣਗੀਆਂ ਆਓ ਅਸੀਂ ਨਿੱਜੀ ਤੌਰ ਤੇ ਹੀ ਸੰਕਲਪ ਲੈ ਲਈਏ ਕਿ ਬਾਬਾ ਨਾਨਕ ਅਸੀਂ ਸਾਢੇ ਪੰਜ ਸੌ ਸਾਲ ਸੁੱਤਿਆਂ ਲੰਘਾ ਦਿੱਤੇ, ਤੁਹਾਨੂੰ ਸਮਝ ਨਹੀਂ ਸਕੇ, ਸਮਝਣਾ ਤਾਂ ਇੱਕ ਪਾਸੇ ਅਸੀਂ ਤਾਂ ਤੁਹਾਡੇ ਜਨਮ ਦਿਨ ਦੀ ਹਾਲੇ ਤੱਕ ਸਹੀ ਤਰੀਕੇ ਵੀ ਨਹੀਂ ਮਿਥ ਸਕੇ, ਨਾ ਅਸੀਂ ਆਪਣੀ ਰੋਜ਼ਾਨਾ ਅਰਦਾਸ ਹੀ ਤੁਹਾਡੀ ਸੋਚ ਅਨੁਸਾਰ ਢਾਲ ਸਕੇ ਹਾਂ; ਅਸੀਂ ਇਸ ਲਈ ਗੁਨਾਹਗਾਰ ਹਾਂ ਤੇ ਮਾਫ਼ੀ ਦੇ ਜਾਚਕ ਹਾਂ। ਪਰ ਹੁਣ ਅਸੀਂ ਅੱਗੋਂ ਆਪਣੇ ਜਾਗੇ ਹੋਣ ਦਾ ਸਬੂਤ ਜਰੂਰ ਦੇਵਾਂਗੇ।

-98726-70278

ਬਲਮਾ ਬੇਰੁਜ਼ਗਾਰ

-ਰਾਕੇਸ਼ ਰਮਨ

'ਬਲਮਾ ਬੇਰੁਜ਼ਗਾਰ' ਆਪਣੇ ਲਈ ਇਹ ਸੰਬੋਧਨ ਮੈਂ ਖ਼ੁਦ ਹੀ ਚੁਣਿਆ ਸੀ। ਦਰਅਸਲ, ਬੰਦਾ ਜਦੋਂ ਔਖੇ ਸਮੇਂ 'ਚੋਂ ਗੁਜ਼ਰ ਰਿਹਾ ਹੋਵੇ ਤਾਂ ਇਹੋ ਜਿਹੇ ਜੁਮਲੇਨੁਮਾ ਵਾਕੰਸ਼ ਮਨ ਨੂੰ ਖੇੜੇ ਵਿੱਚ ਰੱਖਣ ਲਈ ਕਾਫ਼ੀ ਮੱਦਦਗਾਰ ਹੁੰਦੇ ਹਨ। ਉੱਠਦਾ-ਬਹਿੰਦਾ ਮੈਂ ਇਹੋ ਦੋ ਲਫ਼ਜ਼ ਦੁਹਰਾਉਂਦਾ ਰਹਿੰਦਾ ਸਾਂ। ਆਪਣੀ ਪਤਨੀ ਸਾਹਮਣੇ ਤਾਂ ਮੈਂ ਕਈ-ਕਈ ਵਾਰ ਹੱਸਦਿਆਂ ਹੋਇਆਂ ਉਹਦੇ ਵੱਲੋਂ ਆਪਣੇ ਆਪ ਨੂੰ ਬਲਮਾ ਬੇਰੁਜ਼ਗਾਰ ਆਖਦਾ, ਮਾਤਰ ਉਹਨੂੰ ਇਹ ਅਹਿਸਾਸ ਕਰਵਾਉਣ ਲਈ ਕਿ ਮੈਂ ਭਾਵੇਂ ਨਿਖੱਟੂ ਹਾਂ ਪਰ ਢੀਠ ਨਹੀਂ ਹਾਂ ਅਤੇ ਮੈਨੂੰ ਆਪਣੀ ਸਥਿਤੀ ਦਾ ਪੂਰਣ ਅਹਿਸਾਸ ਹੈ। ਅੱਗੋਂ ਉਹ ਵੀ ਹੱਸ ਛੱਡਦੀ ਅਤੇ ਅਸੀਂ ਆਪਣੀ ਅਸਲੋਂ ਮਾੜੀ ਆਰਥਿਕ ਹਾਲਤ ਵਿੱਚ ਵੀ ਇੱਕ ਸੁਖਾਵੇਂ ਜੀਵਨ ਹੁਲਾਰੇ ਤੋਂ ਮੁਕਤ ਨਾ ਹੁੰਦੇ। ਪਤਨੀ ਨੇ ਗੁਜ਼ਾਰੇ ਜੋਗੀ ਹੀ ਪੜ੍ਹਾਈ ਕੀਤੀ ਹੋਈ ਸੀ, ਦਸਵੀਂ ਪਾਸ ਸੀ ਤੇ ਉਨ੍ਹੀਂ ਦਿਨੀਂ ਦਸਵੀਂ ਪਾਸ ਕੁੜੀ ਨੂੰ ਰਿਸ਼ਤਾ ਜੁੜ ਜਾਇਆ ਕਰਦਾ ਸੀ। ਪਰਿਵਾਰ ਦੀ ਤਰਜੀਹ ਮੁਤਾਬਿਕ ਕੁੜੀ ਦਾ ਦਸਵੀਂ ਪਾਸ ਹੋਣਾ ਕਾਫ਼ੀ ਸਮਝਿਆ ਜਾਂਦਾ ਸੀ। ਮੈਂ ਉਚੇਰੀ ਪੜ੍ਹਾਈ ਕਰ ਲਈ ਸੀ। ਐਮ.ਏ. ਤੇ ਫਿਰ ਐਮ.ਫਿਲ। ਨੌਕਰੀ ਕੋਈ ਨਹੀਂ ਸੀ ਮਿਲੀ। ਮੇਰੇ ਤੋਂ ਕੁਤਾਹੀ ਇਹ ਹੋਈ ਸੀ ਕਿ ਨੌਕਰੀ ਲੈਣ ਲਈ ਲੋੜੀਂਦੇ ਗੁਰ ਸਿੱਖਣ ਦੀ ਮੈਂ ਕੋਸ਼ਿਸ਼ ਹੀ ਨਹੀਂ ਕੀਤੀ ਸੀ, ਬਸ ਪੜ੍ਹਾਈ ਹੀ ਕਰਦਾ ਰਿਹਾ ਸੀ। ਸੋ, ਨੌਕਰੀ ਸਮੇਂ ਸਿਰ ਨਾ ਲੈ ਸਕਣ ਲਈ ਕਿਸੇ ਨੂੰ ਕਸੂਰਵਾਰ ਠਹਿਰਾਉਣਾ ਹਾਲੇ ਮੇਰੀ ਫ਼ਿਤਰਤ ਵਿੱਚ ਸ਼ਾਮਿਲ ਨਹੀਂ ਸੀ ਹੋਇਆ। ਸਰਕਾਰੀ ਨੌਕਰੀ ਦੇ ਬਹੁਤ ਸਾਰੇ ਵਿਕਲਪ ਮੇਰੇ ਅਫ਼ਲਾਤੂਨੀ ਮਨ ਵਿੱਚ ਗੁਬਾਰਿਆਂ ਵਾਂਗ ਉੱਡਦੇ ਰਹਿੰਦੇ ਸਨ। ਫਿਰ ਵੀ ਹਾਲਾਤ ਇਸ ਤਰ੍ਹਾਂ ਦੇ ਬਣੇ ਹੋਏ ਸਨ ਕਿ ਮੈਨੂੰ ਰੁਜ਼ਗਾਰ ਦੀ ਫੌਰੀ ਜ਼ਰੂਰਤ ਨਹੀਂ ਸੀ।

ਲਾਲ ਸਿੰਧੀ ਅਤੇ ਸਾਹੀਵਾਲ, ਇਹ ਦੋ ਸ਼ਬਦ ਪੜ੍ਹਦਿਆਂ-ਸੁਣਦਿਆਂ ਹੁਣ ਵੀ ਮੇਰਾ ਮਨ ਮਚਲ ਉੱਠਦਾ ਹੈ। ਇਹ ਦੇਸੀ ਗਊਆਂ ਦੀਆਂ ਦੋ ਬਿਹਤਰੀਨ ਨਸਲਾਂ ਹਨ। ਇਨ੍ਹਾਂ ਸਾਰੇ ਬਾਰੇ ਪੁਖ਼ਤਾ ਜਾਣਕਾਰੀ ਮੈਨੂੰ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਪ੍ਰਕਾਸ਼ਿਤ ਹੁੰਦੇ ਸਾਹਿਤ ਤੋਂ ਹਾਸਿਲ ਹੋਈ ਸੀ। ਸਾਹਿਤ ਇਨ੍ਹਾਂ ਗਾਂਵਾਂ ਦੀ ਸ਼ਨਾਖਤ ਤੋਂ ਇਲਾਵਾ ਇਨ੍ਹਾਂ ਦੀ ਦੁੱਧ ਦੇਣ ਦੀ ਸਮਰੱਥਾ ਤੇ ਇਨ੍ਹਾਂ ਤੋਂ ਤਿਆਰ ਦੋਗਲੀਆਂ ਗਾਵਾਂ ਦੀ ਵਪਾਰਕ ਮਹੱਤਤਾ ਵੀ ਬਿਆਨ ਕਰਦਾ ਸੀ। ਦੋਗਲੀ ਨਸਲ ਦੀ ਵਲਾਇਤੀ ਗਾਂ ਮਹਿੰਗੀ ਹੋਣ ਕਾਰਨ ਮੇਰੀ ਪਹੁੰਚ ਤੋਂ ਬਾਹਰ ਸੀ। ਮੈਂ ਫੈਸਲਾ ਕੀਤਾ ਕਿ ਦੇਸੀ ਗਾਂ ਲਾਲ ਸਿੰਧੀ ਜਾਂ ਸਾਹੀਵਾਲ ਖ਼ੀਦਾਂਗਾ ਤੇ ਫਿਰ ਇਸ ਤੋਂ ਅੱਗੇ ਦੋਗਲੀਆਂ ਗਾਵਾਂ ਤਿਆਰ ਕਰਨ ਦਾ ਸਿਲਸਿਲਾ ਤੋਰ ਲਵਾਂਗਾ। ਇੰਵ ਇਹ ਸਿਲਸਿਲਾ ਮੈਨੂੰ ਇੱਕ ਵਧੀਆ ਡੇਅਰੀ ਫਾਰਮ ਦਾ ਮਾਲਕ ਬਣਾ ਦੇਵੇਗਾ। ਮੈਨੂੰ ਨੌਕਰੀ ਜਾਂ ਕੋਈ ਹੋਰ ਕਿੱਤਾ ਅਪਣਾਉਣ ਦੀ ਕੋਈ ਲੋੜ ਨਹੀਂ ਪਵੇਗੀ। ਡੇਅਰੀ ਸਥਾਪਤ ਕਰਕੇ ਮੈਂ ਨਾ ਕੇਵਲ ਆਪਣੇ ਲਈ ਰੁਜ਼ਗਾਰ ਪੈਦਾ ਕਰ ਲਵਾਂਗਾ, ਸਗੋਂ ਕਈ ਹੋਰਾਂ ਨੂੰ ਵੀ ਰੁਜ਼ਗਾਰ ਦੇਣ ਜੋਗਾ ਹੋ ਜਾਵਾਂਗਾ। ਗੋਬਰ ਗੈਸ ਪਲਾਂਟ ਲਗਾਵਾਂਗਾ, ਜੈਵਿਕ ਖਾਦ ਤਿਆਰ ਕਰਾਂਗਾ, ਸੰਭਵ ਹੋਇਆ ਤਾਂ ਛੋਟੇ-ਮੋਟੇ ਦੁੱਧ ਉਤਪਾਦ ਤਿਆਰ ਕਰਨ ਦੇ ਪ੍ਰਯੋਗ ਵੀ ਕਰਾਂਗਾ। ਮੈਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਛਾਪੇ ਕਿਤਾਬਚੇ ਵਿੱਚ ਦਰਜ ਲਾਲ ਸਿੰਧੀ ਅਤੇ ਸਾਹੀਵਾਲ ਦੇ ਪਛਾਣ-ਚਿੰਨ੍ਹਾਂ ਦੀ ਤਰਜ਼ 'ਤੇ ਲੋੜੀਂਦੀ ਗਾਂ ਦੀ ਤਲਾਸ਼ ਵਿੱਚ ਜੁੱਟ ਗਿਆ।

ਮੈਨੂੰ ਪੂਰੀ ਉਮੀਦ ਸੀ ਕਿ ਬੇਟ ਦੇ ਕਿਸੇ ਪਿੰਡ 'ਚੋਂ ਮੇਰੀ ਮਨਇੱਛਤ ਗਊ ਲੱਭ ਪਵੇਗੀ। ਇਸ ਲਈ ਜ਼ਰੂਰੀ ਸੀ ਕਿ ਮੈਂ ਆਪਣਾ ਮਿਸ਼ਨ ਪੂਰਾ ਕਰਨ ਲਈ ਬੇਟ ਦੇ ਪਿੰਡੋਂ ਕਿਸੇ ਦੀ ਮੱਦਦ ਲੈਂਦਾ। ਬੇਟ ਦੇ ਪਿੰਡਾਂ ਵਿੱਚ ਰਾਏ ਸਿੱਖ ਬਰਾਦਰੀ ਦੇ ਲੋਕਾਂ ਦੇ ਮਾਲ-ਡੰਗਰ ਵਿੱਚ ਅਜੇ ਵੀ ਦੇਸੀ ਨਸਲ ਦੀਆਂ ਗਾਵਾਂ ਦਿਸ ਪੈਂਦੀਆਂ ਸਨ। ਸੋ, ਇਨ੍ਹਾਂ ਲੋਕਾਂ ਤੱਕ ਰਸਾਈ ਕਰਨ ਲਈ ਮੈਂ ਬੇਟ 'ਚ ਬਾਹਰੋਂ ਆ ਕੇ ਵਸੇ ਪਰਿਵਾਰ ਦੇ ਮੁੰਡੇ ਘੁੱਕ ਨਾਲ ਪਹਿਲਾਂ ਤੋਂ ਹੀ ਚੱਲੀ ਆ ਰਹੀ ਨੇੜਤਾ ਦਾ ਲਾਹਾ ਲੈਣ ਦੀ ਸਲਾਹ ਬਣਾਈ ਤੇ ਉਹਨੂੰ ਆਪਣੀ ਲੋੜ ਸਮਝਾਈ। ਉਹ ਝੱਟ ਮੇਰੀ ਮੱਦਦ ਕਰਨ ਲਈ ਰਾਜ਼ੀ ਹੋ ਗਿਆ। ਘੁੱਕ ਕਿਰਸਾਣੀ ਟੱਬਰ ਦੇ ਚਾਰ ਭਰਾਵਾਂ ਵਿੱਚੋਂ ਤੀਜੇ ਨੰਬਰ 'ਤੇ ਸੀ। ਵੱਡੇ ਦੋ ਵਿਆਹੇ ਹੋਏ ਸਨ। ਇਹਨੂੰ ਅਜੇ ਤੱਕ ਕੋਈ ਰਿਸ਼ਤਾ ਨਹੀਂ ਸੀ ਜੁੜਿਆ। ਨਾ ਹੀ ਕਿਸੇ ਨੇ ਇਸ ਮਾਮਲੇ ਵਿੱਚ ਉਹਦੇ 'ਚ ਕੋਈ ਦਿਲਚਸਪੀ ਦਿਖਾਈ ਸੀ। ਉਹ ਅੰਦਰੋ-ਅੰਦਰ ਦੁਖੀ ਸੀ ਅਤੇ ਮਹਿਸੂਸ ਕਰਦਾ ਸੀ ਕਿ ਜੇ ਸਾਰਾ ਕੁਝ ਏਵੇਂ ਹੀ ਚੱਲਦਾ ਰਿਹਾ ਤਾਂ ਉਹ ਜ਼ਰੂਰ ਵਿਆਹ ਤੋਂ ਵਾਂਝਾ ਰਹਿ ਜਾਵੇਗਾ। ਮੇਰੀ ਗਾਂ ਲੱਭਣ ਦੀ ਮੱਦਦ ਦੀ ਫ਼ਰਿਆਦ ਸੁਣ ਕੇ ਉਹ ਬੇਮਲੂਮਾ ਜਿਹਾ ਮੁਸਕਰਾਇਆ ਤੇ ਬੋਲਿਆ,"ਚੰਗਾ ਬਈ, ਕਾਮਰੇਟਾ! ਤੂੰ ਮੇਰੇ ਲਈ ਲੱਭ ਜਨਾਨੀ ਤੇ ਮੈਂ ਤੇਰੇ ਲਈ ਲੱਭਦਾਂ ਗਊ ਲਾਲ ਸਿੰਧੀ, ਆਪਾਂ ਮਾਰਿਆਂ ਕਰਾਂਗੇ ਆਥਣ ਨੂੰ ਗੇੜਾ, ਹੈਗੀਆਂ ਮੇਰੀ ਨਿਗ੍ਹਾਂ 'ਚ ਦੋ ਚਾਰ।"

ਅਸੀਂ ਬੇਟ ਦੇ ਪਿੰਡਾਂ 'ਚ ਗਾਵਾਂ ਦੀਆਂ ਦੁਰਲੱਭ ਨਸਲਾਂ ਦੀ ਖੋਜ ਲਈ ਸ਼ਾਮ ਨੂੰ ਚਾਰ ਵਜੇ ਘਰੋਂ ਨਿਕਲ ਪੈਂਦੇ ਤੇ ਦੋ-ਤਿੰਨ ਘੰਟਿਆਂ ਮਗਰੋਂ ਦੇਸੀ ਦਾਰੂ ਦੇ ਦੋ-ਚਾਰ ਪੈੱਗ ਮਾਰਕੇ ਵਾਪਸ ਆ ਜਾਂਦੇ, ਕਿਸੇ ਗਾਂ ਦੇ ਪਛਾਣ ਚਿੰਨ੍ਹ ਸਾਨੂੰ ਉਹ ਨਾ ਮਿਲਦੇ, ਜਿਹੜੇ ਯੂਨੀਵਰਸਿਟੀ ਦੇ ਕਿਤਾਬਚੇ ਵਿੱਚ ਦਿੱਤੇ ਹੋਏ ਸਨ। ਦਾਰੂ ਦੀ ਲੋਰ 'ਚ ਘੁੱਕ ਆਪਣੀਆਂ ਭਰਜਾਈਆਂ ਨੂੰ ਮਿੱਠੀਆਂ ਧਮਕੀਆਂ ਦੇਣ ਲਗਦਾ, "ਛਿੰਦੋ ਦੀਏ ਬੱਚੀਏ, ਮੇਰੀ ਵੀ ਕਰ ਕੋਈ ਬੰਨ੍ਹ-ਸੁੱਬ, ਨਹੀਂ ਤਾਂ ਮੈਂ ਉਹ ਚੁੱਕ ਲਿਆਉਣੀ ਆ।" ਅੱਗੋਂ ਭਾਬੀ ਛਿੰਦੋ ਵੀ ਉਹਦੇ ਵਾਲੇ ਮੁਹਾਵਰੇ ਵਿੱਚ ਹੀ ਪੁੱਛਦੀ,"ਵੇ ਬਾਂਦਰਾ, ਕਿਹੜੀ 'ਤੇ ਅੱਖ ਟਿਕਾਈ ਆ!"

"ਉਹ ਜਿਹੜੀ ਕੱਪੜੇ ਦੀ ਦੁਕਾਨ ਦੇ ਬਾਹਰ ਖੜ੍ਹਾਈ ਹੁੰਦੀ ਐ, ਲਾਲਿਆਂ ਨੇ। ਲਾਲ਼ੇ ਨਾਲ ਮੇਰੀ ਗੱਲ ਹੋਗੀ, ਕਹਿੰਦਾ ਪੈਸੇ ਦੇ ਕੇ ਲੈ ਜਾਈਂ!" ਉਨ੍ਹਾਂ ਨੂੰ ਅਠਖੇਲੀਆਂ ਕਰਦਿਆਂ ਛੱਡ ਮੈਂ ਘਰ ਪਰਤ ਆਉਂਦਾ ਉਂ ਅਗਲੀ ਸ਼ਾਮ ਫਿਰ ਅਸੀਂ ਚਾਰ ਵਜੇ ਘਰੋਂ ਨਿਕਲ ਪੈਂਦੇ। ਇੱਕ ਤਰ੍ਹਾਂ ਨਾਲ ਅਸੀਂ ਦੋਵੇਂ ਆਪੋ-ਆਪਣੇ ਸੁਪਨੇ ਲੈ ਕੇ ਘਰੋਂ ਤੁਰਦੇ ਸਾਂ। ਉਹ ਟੱਬਰ ਬਣਾਉਣ ਦਾ ਸੁਪਨਾ ਲੈ ਕੇ ਤੁਰਦਾ ਸੀ ਤੇ ਮੈਂ ਟੱਬਰ ਪਾਲਣ ਦਾ। ਮੈਨੂੰ ਇਸ ਗੱਲ ਦੀ ਬੜੀ ਤਸੱਲੀ ਤੇ ਖੁਸ਼ੀ ਸੀ ਕਿ ਘੁੱਕ ਮੇਰੀ ਮੱਦਦ ਕਰ ਰਿਹਾ ਸੀ, ਮੇਰੇ ਨਾਲ ਤੁਰ ਪੈਂਦਾ ਸੀ। ਮੱਦਦ ਬਾਰੇ ਮੇਰੇ ਤਜ਼ੁਰਬੇ ਕਿਉਂਕਿ ਬਹੁਤ ਕੁੜੱਤਣ ਭਰੇ ਸਨ, ਇਸ ਕਰਕੇ ਘੁੱਕ ਮੈਨੂੰ ਕਾਫ਼ੀ ਚੰਗਾ ਲੱਗਦਾ ਸੀ।

ਪੜ੍ਹਾਈ ਦੌਰਾਨ ਮੈਂ ਲੇਖਕਾਂ ਵਿੱਚ ਕੁਝ ਪਛਾਣ ਬਣਾ ਲਈ ਸੀ ਤੇ ਕੁਝ ਲੇਖਕ ਮੇਰੇ ਕਾਫ਼ੀ ਚੰਗੇ ਦੋਸਤ ਸਨ। ਪਰ ਮੈਂ ਦੇਖ ਰਿਹਾ ਸੀ ਕਿ ਇੱਕ ਲੇਖਕ ਦੂਜੇ ਲੇਖਕ ਲਈ ਜਿੰਨਾਂ ਮਰਜ਼ੀ ਭਾਵੁਕ ਹੋਵੇ, ਆਰਥਿਕ ਮੱਦਦ ਕਰਨ ਤੋਂ ਲੱਗਭਗ ਪਾਸਾ ਹੀ ਵੱਟਦਾ ਰਹਿੰਦਾ ਹੈ। ਉਹ ਦੂਜੇ ਲੇਖਕ ਨੂੰ ਰੱਜਵੀਂ ਦਾਰੂ ਤਾਂ ਪਿਆ ਸਕਦਾ ਹੈ ਪਰ ਔਖੇ ਵੇਲੇ ਨਾਲ ਤੁਰਨ ਨੂੰ ਤਿਆਰ ਨਹੀਂ ਹੁੰਦਾ। ਮੇਰੇ ਨਾਲ ਵੀ ਇੰਞ ਹੀ ਵਾਪਰ ਰਿਹਾ ਸੀ, ਪੰਜਾਬੀ ਦੇ ਇੱਕ ਵੱਡੇ ਸ਼ਾਇਰ ਨੇ ਮੇਰੀ ਇਸ ਮਾਮਲੇ ਵਿੱਚ ਬਾਂਹ ਫੜੀ ਤੇ ਮੈਨੂੰ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵਿੱਚ ਅਫ਼ਸਰ ਲੱਗੇ ਇੱਕ ਵੱਡੇ ਕਹਾਣੀਕਾਰ ਕੋਲ ਲੈ ਗਿਆ। ਮੇਰੀ ਵਿਦਿਅਕ ਯੋਗਤਾ ਦੱਸ ਕੇ ਸ਼ਾਇਰ ਨੇ ਇਸ ਵੱਡੇ ਮਾਨਵਵਾਦੀ ਕਹਾਣੀਕਾਰ ਕੋਲੋਂ ਮੇਰੇ ਲਈ ਕਿਸੇ ਨੌਕਰੀ ਦੀ ਮੰਗ ਕੀਤੀ। ਕਹਾਣੀਕਾਰ ਨੇ ਅੱਗੋ ਦੋ-ਚਾਰ ਇਹੋ ਜਿਹੇ ਸਵਾਲ ਕਿ ਮੁੰਡਾ ਗੋਡੀ ਕਰ ਲਵੇਗਾ ? ਮੁੰਡਾ ਸਪਰੇਅ ਕਰ ਲਵੇਗਾ ? ਆਦਿ ਕਰਕੇ ਨੌਕਰੀ ਤੋਂ ਜਵਾਬ ਦੇਣ ਦਾ ਰਾਹ ਪੱਧਰਾ ਕਰ ਲਿਆ। ਮੈਂ ਵੀ ਝਟ-ਪੱਟ ਇਹ ਫੈਸਲਾ ਕਰ ਲਿਆ ਕਿ ਜੇਕਰ ਨੱਕੇ ਹੀ ਮੋੜਨੇ ਹਨ ਤਾਂ ਫਿਰ ਘਰ ਜਾ ਕੇ ਬਾਪੂ ਵਾਲੇ ਸਿਆੜਾਂ 'ਤੇ ਹੀ ਮੋੜ ਲਵਾਂਗਾ ਤੇ ਨਾਲ ਹੀ

ਖੇਤੀਬਾੜੀ ਯੂਨੀਵਰਸਿਟੀ ਦੇ ਸਿਫ਼ਾਰਸ਼ ਕੀਤੇ ਦੁਧਾਰੂ ਪਸ਼ੂਆਂ ਨਾਲ ਡੇਅਰੀ ਦਾ ਕੰਮ-ਧੰਦਾ ਸ਼ੁਰੂ ਕਰਾਂਗਾ। ਮੈਂ ਹੈਰਾਨ ਸਾਂ ਕਿ ਇਸ ਮਾਨਵਵਾਦੀ ਕਹਾਉਂਦੇ ਬੰਦੇ ਨੇ ਆਪਣੀਆਂ ਨਿੱਕੀਆਂ ਅੱਖਾਂ ਨੂੰ ਹੋਰ ਸੁੰਗੇੜ ਲਿਆ ਤੇ ਮੈਨੂੰ ਕੋਈ ਦਿਲਾਸਾ ਦੇਣਾ ਵੀ ਯੋਗ ਨਾ ਸਮਝਿਆ। ਉਸ ਵੱਡੇ ਕਹਾਣੀਕਾਰ ਦੇ ਮੁਕਾਬਲੇ ਘੁੱਕ ਮੈਨੂੰ ਕਿਤੇ ਬਿਹਤਰ ਇਨਸਾਨ ਜਾਪ ਰਿਹਾ ਸੀ। ਸਿੱਧਾ-ਸਾਦਾ, ਘੁਲਿਆ-ਮਿਲਿਆ ਤੇ ਆਪਣੇ ਵਿੱਤ ਮੁਜਬ ਮੱਦਦ ਲਈ ਤਿਆਰ-ਬਰ-ਤਿਆਰ।

..... ਤੇ ਫਿਰ ਇੱਕ ਦਿਨ ਘੁੱਕ ਨੇ ਦੱਸਿਆ ਕਿ ਇੱਕ ਗਾਂ ਦੇਖੀ ਹੈ, ਬਿਲਕੁੱਲ ਤੇਰੀਆਂ ਦੱਸੀਆਂ ਨਿਸ਼ਾਨੀਆਂ ਵਾਲੀ, ਸੱਜਰ ਸੂਈ, ਬਣ ਵੀ ਸਾਥ ਨਾਲ ਹੀ ਜਾਊ। ਉਹਦੀ ਗੱਲ ਸੁਣਦਿਆਂ ਹੀ ਜਾਪਿਆ ਜਿਵੇਂ ਮੇਰੀਆਂ ਆਸਾਂ ਨੂੰ ਬੂਰ ਪੈਣਾ ਸ਼ੁਰੂ ਹੋ ਗਿਆ ਹੋਵੇ। ਇਹ ਗਾਂ ਕਿਸੇ ਰਾਏ ਸਿੱਖ ਪਰਿਵਾਰ ਦੇ ਘਰ ਖੜ੍ਹੀ ਸੀ। ਘੁੱਕ ਮੈਨੂੰ ਨਾਲ ਲੈ ਕੇ ਇਸ ਘਰ ਜਾ ਵੜਿਆ। ਛੋਟ ਸਿੰਙਾਂ ਵਾਲੀ ਇਸ ਵਹਿੜ ਨੂੰ ਮੈਂ ਫੌਰਨ ਕਿਤਾਬਚੇ ਵਾਲੀ ਗਾਂ ਨਾਲ ਮਿਲਾਉਣ ਲੱਗਾ। ਹੁਲੀਆ ਕਾਫ਼ੀ ਮਿਲਦਾ-ਜੁਲਦਾ ਜਾਪਿਆ। ਪਛਾਣ ਚਿੰਨ੍ਹ ਦਰਸਾਉਂਦੇ ਸਨ ਕਿ ਗਾਂ ਸਾਹੀਵਾਲ ਨਸਲ ਦੀ ਹੈ। ਗਾਂ ਮਗਰ ਵੱਛਾ ਦੇਸੀ ਨਸਲ ਦਾ ਹੋਣ ਕਾਰਨ ਮਾਲਕ ਨੇ ਇਸਦਾ ਭਾ ਕਾਫ਼ੀ ਵੱਧ ਦੱਸਿਆ। ਖ਼ੈਰ, ਫਿਰ ਵੀ ਸੌਦਾ ਤੈਅ ਹੋ ਗਿਆ। ਪੰਜਾਹਾਂ ਦਾ ਨੋਟ ਸਾਈ ਵਜੋਂ ਦੇ ਕੇ, ਅਗਲੇ ਦਿਨ ਬਾਕੀ ਰਕਮ ਤਾਰ ਕੇ ਗਾਂ ਲੈ ਜਾਣ ਦਾ ਇਕਰਾਰ ਕਰਕੇ ਮੈਂ ਘਰ ਮੁੜ ਆਇਆ। ਘੁੱਕ ਨੇ ਪੈਗ ਲਾਉਂਦਿਆਂ ਮੈਨੂੰ ਤਾਕੀਦ ਕੀਤੀ,"ਕਾਮਰੇਟਾ, ਲੈ ਹੁਣ ਮੇਰਾ ਕੰਮ ਭੁੱਲ ਨਾ ਜਾਈਂ, ਓਧਰ ਦੇਖੀਂ ਕੋਈ ਆਵਦੇ ਸਹੁਰਿਆਂ ਵੱਲ, ਭਾਬੀਆਂ ਤਾਂ ਮੈਨੂੰ ਛੜਾ ਹੀ ਦੇਖਣਾ ਭਾਲਦੀਆਂ।" ਅਗਲੇ ਦਿਨ ਮੈਂ ਛੋਟੇ ਭਰਾ ਨੂੰ ਨਾਲ ਲਿਆ, ਬਣਦੀ ਰਕਮ ਤਾਰੀ, ਰੱਸਾ ਝੋਲੀ ਪਵਾਇਆ, ਤੇ ਅਸੀਂ ਦੋਵੇਂ ਭਰਾ 'ਸਾਹੀਵਾਲ' ਲੈ ਤੁਰੇ।

ਦਸ-ਵੀਹ ਕਦਮ ਹੀ ਤੁਰੇ ਹੋਵਾਂਗੇ ਕਿ ਗਾਂ ਵ੍ਹੇਰ ਗਈ। ਓਪਰਾਪਣ ਵਿਖਾਉਣ ਲੱਗੀ, ਉਹਨੇ ਬੇਕਾਬੂ ਹੋ ਕੇ ਪਿਛਾਂਹ ਨੂੰ ਸ਼ੂਟ ਵੱਟ ਲਈ। ਇਸ ਨੂੰ ਘਰ ਲੈ ਜਾਣਾ ਬੜਾ ਮੁਸ਼ਕਿਲ ਕੰਮ ਜਾਪਣ ਲੱਗ ਪਿਆ। ਕੋਲੋਂ ਕਿਸੇ ਨੇ ਜੁਗਤ ਦੱਸੀ, ਇਸ ਜੁਗਤ ਨੂੰ ਅਜਮਾਉਂਦਿਆਂ ਅਸੀਂ ਵਛੜੂ ਨੂੰ ਟੋਕਰੀ 'ਚ ਪਾ ਕੇ ਸਾਈਕਲ ਦੀ ਪਿਛਲੀ ਕਾਠੀ ਉਪਰ ਰੱਖ, ਸਾਈਕਲ ਅਗਾਂਹ ਰੇੜ੍ਹਨ ਲੱਗੇ, ਗਾਂ ਪਿੱਛੇ ਹੋ ਤੁਰੀ। ਗਾਂ ਨੂੰ ਤੋਰਨ ਦਾ ਤਜ਼ਰਬਾ ਸਫ਼ਲ ਹੋ ਗਿਆ। ਕੁੱਝ ਸੁੱਖ ਦਾ ਸਾਹ ਆਇਆ। ਫਸੀ ਤੇ ਫਟਕਣ ਕੀ ਵਾਲੀ ਗੱਲ ਮੈਂ ਮਨ ਹੀ ਮਨ ਕਈ ਵਾਰ ਦੁਹਰਾ ਚੁੱਕਾ ਸਾਂ।

ਸਾਡਾ ਰਾਹ ਖੇਤਾਂ ਵਿੱਚਦੀਂ ਲੰਘਦਾ ਸੀ। ਰਾਹ ਵਿੱਚ ਕੇਵਲ ਇਕ ਫਾਰਮ ਹਾਊਸ ਪੈਂਦਾ ਸੀ। ਇਹ ਸਾਡੇ ਨੇੜਲੇ ਲਿਹਾਜੀਆਂ ਦਾ ਫਾਰਮ ਹਾਊਸ ਸੀ। ਇਸ ਘਰ ਦੇ ਵੱਡੇ ਮੈਂਬਰਾਂ ਨੂੰ ਅਸੀਂ ਮਾਮੇ ਕਹਿਕੇ ਬੁਲਾਉਂਦੇ ਸਾਂ ਕਿਉਂਕਿ ਉਨ੍ਹਾਂ ਦੀ ਭੈਣ ਸਾਡੇ ਪਿੰਡ ਵਿਆਹੀ ਹੋਈ ਸੀ। ਮਾਮੇ ਅਮਰੂਦ ਦੇ ਰੁੱਖ ਹੇਠ ਬੈਠੇ ਹਾਸਾ-ਠੱਠਾ ਕਰ ਰਹੇ ਸਨ। ਜਦੋਂ ਅਸੀਂ ਉਨ੍ਹਾਂ ਕੋਲ ਦੀ ਗੁਜ਼ਰੇ। ਟਿੱਚਰਬਾਜ਼ੀ ਵਿੱਚ ਮਾਹਿਰ ਮਾਮਿਆਂ ਨੂੰ ਹਾਸੇ-ਠੱਠੇ ਲਈ ਇਕ ਸ੍ਰੋਤ ਹੋਰ ਮਿਲ ਗਿਆ। ਉਨ੍ਹਾਂ 'ਚੋਂ ਇੱਕ ਮਾਮਾ ਉੱਚੀ ਆਵਾਜ਼ ਵਿੱਚ ਕਰਾਰੀ ਟਿੱਚਰ ਕਰ ਗਿਆ, "ਕਾਮਰੇਟਾ, ਡੇਅਰੀ ਆਲ਼ਿਆਂ ਨਾਲ ਠੇਕਾ ਕਰ ਲਈਂ।" ਅਸੀਂ,"ਕੋਈ ਨਾ ਮਾਮਾ, ਕੋਈ ਨਾ ਮਾਮਾ" ਆਖਦੇ ਅੱਗੇ ਲੰਘ ਗਏ। ਉਨ੍ਹਾਂ ਸਾਹਮਣੇ ਬੜਾ ਛਿੱਥਾ ਜਿਹਾ ਹੱਸਣਾ ਪਿਆ ਮੈਨੂੰ। ਮੇਰਾ ਇਹ ਹਾਸਾ ਉਨ੍ਹਾਂ ਦੇ ਠਹਾਕੇ 'ਚ ਗੁਆਚ ਗਿਆ। ਗਊ ਟਿੱਚਰਾਂ ਦੇ ਲੈਕ ਹੀ ਸੀ, ਉਹ ਕਾਫ਼ੀ ਲਿੱਸੀ ਜਿਉਂ ਸੀ।

ਘਰ ਅੱਪੜੇ ਤਾਂ ਸਵਾਗਤ ਕਰਨ ਆਈ ਪਤਨੀ ਨੂੰ ਇਸ ਸਾਹੀਵਾਲ ਨੇ ਐਸੀ ਢੁੱਡ ਮਾਰੀ ਕਿ ਦਿਨੇ ਤਾਰੇ ਦਿਖਾ ਦਿੱਤੇ। ਉਂਝ ਉਹਨੇ ਹਿੰਮਤ ਨਹੀਂ ਹਾਰੀ, ਔਖੀ-ਸੌਖੀ ਹੋ ਗਾਂ ਨੂੰ ਪੁਚਕਾਰ ਲਿਆ। ਤਿੱਖੀਆਂ ਜ਼ੋਰਦਾਰ ਛੜਾਂ ਖਾ ਕੇ ਵੀ ਗੜਵੀ ਦੁੱਧ ਦੀ ਚੋਅ ਲਈ। ਗੜਵੀ ਵੱਲ ਦੇਖ ਮੈਂ ਕਿਹਾ, 'ਬਲਮਾ ਬੇਰੁਜ਼ਗਾਰ' ਤਾਂ ਉਹ ਹੱਸਣੋਂ ਨਾ ਰਹਿ ਸਕੀ, ਪਰ ਉਹਦੇ ਹਾਸੇ ਵਿੱਚ ਮੈਨੂੰ ਇੱਕ ਗੁੱਝੀ ਪੀੜ ਮਹਿਸੂਸ ਹੋਈ। ਸ਼ਾਇਦ ਅਸੀਂ ਦੋਵੇਂ ਕਿਸੇ ਨਾ ਕਿਸੇ ਢੰਗ ਨਾਲ ਇਹ ਪੀੜ ਹੰਢਾਅ ਰਹੇ ਸਾਂ। ਮੈਨੂੰ ਵਿਸ਼ਵਾਸ ਹੋ ਗਿਆ ਕਿ ਦ੍ਰਿੜ ਇਰਾਦੇ ਵਾਲੀ ਮੇਰੀ ਪਤਨੀ ਇਸ ਕੌੜ ਗਾਂ ਨੂੰ ਸੰਭਾਲ ਲਵੇਗੀ। ਜਿਸ ਨੇ ਮੇਰੇ ਵਰਗਾ ਬੰਦਾ ਕਾਬੂ ਕਰ ਲਿਆ ਸੀ, ਇਹ ਗਾਂ ਕਾਬੂ ਕਰਨੀ ਉਹਦੇ ਲਈ ਕੋਈ ਵੱਡੀ ਚੁਣੌਤੀ ਨਹੀਂ ਸੀ। ਮੈਨੂੰ ਹੁਣ ਤੱਕ ਅਫ਼ਸੋਸ ਸੀ ਤਾਂ ਸਿਰਫ਼ ਇਸ ਗੱਲ ਦਾ ਕਿ ਮੈਂ ਗਾਂ ਦੇ ਪਛਾਣ ਚਿੰਨ੍ਹਾਂ ਵਿੱਚ ਟਪਲਾ ਖਾ ਗਿਆ ਸਾਂ। ਸਾਹੀਵਾਲ ਦੀਆਂ ਜਿਹੜੀਆਂ ਖ਼ੂਬੀਆਂ ਦਾ ਜ਼ਿਕਰ ਯੂਨੀਵਰਸਿਟੀ ਦੇ ਕਿਤਾਬਚੇ ਵਿੱਚ ਸੀ, ਉਨ੍ਹਾਂ ਵਿੱਚੋਂ ਤਾਂ ਇੱਕ ਵੀ ਇਹਦੇ ਵਿੱਚ ਨਹੀਂ ਸੀ।

ਸਾਡੇ ਪਰਿਵਾਰ ਦੀ ਰਿਹਾਇਸ਼ ਦੋ ਥਾਵਾਂ 'ਤੇ ਸੀ। ਬੀਵੀ-ਬੱਚਿਆਂ ਸਮੇਤ ਮੈਂ ਆਪਣੀ ਰਿਹਾਇਸ਼ ਆਪਣੇ ਜੱਦੀ ਪਿੰਡ ਦੇ ਜੱਦੀ ਘਰ ਰੱਖੀ ਹੋਈ ਸੀ। ਪਰਿਵਾਰ ਦੇ ਨਾਲ-ਨਾਲ ਮੈਂ ਆਪਣੇ ਵਿਰਸੇ ਦਾ ਮੋਹ ਵੀ ਪਾਲ਼ ਰਿਹਾ ਸਾਂ। ਦੋਵੇਂ ਭਰਾਵਾਂ ਸਮੇਤ ਮਾਤਾ-ਪਿਤਾ ਉਸ ਪਿੰਡ ਰਹਿੰਦੇ ਸਨ, ਜਿਥੇ ਸਾਡੀ ਜ਼ਮੀਨ ਸੀ ਤੇ ਫਾਰਮ ਹਾਊਸ ਨੁਮਾ ਘਰ ਵੀ। ਸਵੇਰ ਸਮੇਂ ਮੈਂ ਸਾਈਕਲ ਚੁੱਕਦਾ ਤੇ ਏਥੇ ਆ ਜਾਂਦਾ। ਲੱਗਭਗ ਸਾਰਾ ਦਿਨ ਖੇਤਾਂ ਵਿੱਚ ਕੰਮ ਕਰਦਿਆਂ ਗੁਜ਼ਰਦਾ।

ਰੋਜ਼ ਵਾਂਗ ਅਗਲੇ ਦਿਨ ਖੇਤ ਆਇਆ ਤਾਂ ਗਊ-ਕਾਂਡ ਦਾ ਸਾਰਾ ਵੇਰਵਾ ਪਿਤਾ ਜੀ ਕੋਲ ਪਹੁੰਚ ਚੁੱਕਾ ਸੀ। ਸਾਈਕਲ ਦਾ ਸਟੈਂਡ ਲਾ ਜਦੋਂ ਨਜ਼ਰਾਂ ਬਚਾਉਂਦਾ ਮੈਂ ਏਧਰ-ਉਧਰ ਕਿਸੇ ਕੰਮ ਨੂੰ ਹੱਥ ਪਾਉਣ ਦੀ ਤਿਆਰੀ ਕਰ ਰਿਹਾ ਸਾਂ ਤਾਂ ਬੜੇ ਸਹਿਜ ਨਾਲ ਪਿਤਾ ਜੀ ਮੇਰੇ ਕੋਲ ਆਏ। ਉਹ ਗਲਤ ਫੈਸਲੇ ਦੀ ਨਿੰਦਾ ਅਕਸਰ ਵਿਅੰਗ ਨਾਲ ਕਰਨ ਦੇ ਆਦੀ ਸਨ। ਇਸ ਵਾਰ ਵੀ ਆਪਣਾ ਵਿਰੋਧ ਜ਼ਾਹਿਰ ਕਰਦਿਆਂ ਉਨ੍ਹਾਂ ਕਿਹਾ," ...ਕਿਉਂ, ਕਰ ਆਇਐਂ ਖ਼ੁਰ ਵਢਾਉਣ ਦਾ ਬੰਦੋਬਸਤ...!" ਅੱਗੋਂ ਮੈਂ ਨਿਰਾਸਤਾ ਦੇ ਭਾਵ ਨਾਲ ਕੇਵਲ ਏਨਾ ਹੀ ਕਹਿ ਸਕਿਆ,"ਕੋਈ ਨਾ ਕੋਈ ਕਾਰੋਬਾਰ ਤਾਂ ਕਰਨਾ ਹੀ ਪੈਣਾ ਹੈ।" ਮੈਂ ਖੇਤ ਵੱਲ ਹੋ ਤੁਰਿਆ ਤਾਂ ਪਿੱਛੋਂ ਪਿਤਾ ਜੀ ਦੇ ਇਹ ਬੋਲ ਮੇਰੇ ਕੰਨੀਂ ਪਏ,"ਦੇਖਾਂਗੇ, ਜਦੋਂ ਤੇਰੀ ਉਹ ਖੜਸੁੱਕ ਜਿਹੀ ਗਾਂ ਦੁੱਧ ਦੀਆਂ ਵਲਟੋਹੀਆਂ ਭਰੂਗੀ।" ਪਿਤਾ ਜੀ ਦੀ ਗੱਲ ਮੇਰੇ ਅੰਤਹਕਰਣ ਵਿੱਚ ਸ਼ਾਇਦ ਪ੍ਰਭਾਵ-ਰਹਿਤ ਹੀ ਰਹਿ ਗਈ, ਇਸ ਦੀ ਥਾਂ ਉਥੇ, ਮੇਰੇ ਮਨ ਮਸਤਕ 'ਚ, ਬਲਮਾ ਬੇਰੁਜ਼ਗਾਰ ਦਾ ਸ਼ੋਰ ਮੱਚਿਆ ਹੋਇਆ ਸੀ। ਉਂਝ ਪਿਤਾ ਜੀ ਦੀ ਪੇਸ਼ੀਨਗੋਈ ਠੀਕ ਸਿੱਧ ਹੋਈ। ਗਾਂ ਦੋ-ਢਾਈ ਗੜਵੀਆਂ ਦੁੱਧ ਤੋਂ ਨਾ ਵਧੀ। ਪਰ ਗਾਂ ਦਾ ਦੁੱਧ ਘਰ ਦਾ ਬੁੱਤਾ ਸਾਰ ਦਿੰਦਾ ਸੀ। ਇੱਕ ਮੱਝ ਜੋ ਪਹਿਲਾਂ ਤੋਂ ਹੀ ਮੇਰੇ ਕੋਲ ਸੀ, ਦਾ ਸਾਰਾ ਦੁੱਧ ਡੇਅਰੀ ਪਾ ਕੇ ਮੈਂ ਆਪਣੀ ਕਮਾਈ ਵਧਾਉਣ ਵਿੱਚ ਸਫ਼ਲਤਾ ਹਾਸਲ ਕਰ ਲਈ ਸੀ।

ਮੇਰੀ ਸਾਹੀਵਾਲ ਦੀ ਚਰਚਾ ਅਕਸਰ ਚੱਲਦੀ ਰਹਿੰਦੀ ਸੀ। ਗਾਂ ਹੱਕੀ ਆਉਂਦਿਆਂ ਨੂੰ ਰਾਹ 'ਚ ਜਿਹੜੇ ਮਾਮਿਆਂ ਨੇ ਮੈਨੂੰ ਟਿੱਚਰਾਂ ਕੀਤੀਆਂ ਸਨ, ਉਨ੍ਹਾਂ ਵਿੱਚੋਂ ਇੱਕ ਛੜਾ ਸੀ ਤੇ ਆਥਣ ਵੇਲੇ ਪਿਤਾ ਜੀ ਕੋਲ ਘੰਟਾ ਦੋ ਘੰਟੇ ਗੱਲਾਂ-ਬਾਤਾਂ ਕਰਦਿਆਂ ਬਿਤਾਉਂਦਾ ਸੀ। ਸਿਗਰਟ ਬੁੱਝਣ ਨਹੀਂ ਸੀ ਦਿੰਦਾ ਤੇ ਪੀਂਦਾ ਵੀ ਦੋ ਸਿਗਰਟਾਂ ਜੋੜਕੇ ਸੀ, ਪੂਰੀ ਤਸੱਲੀ ਨਾਲ। ਇਸ ਨੇ ਗਊ ਬਾਰੇ ਆਪਣੀ ਰਾਇ ਬਦਲ ਲਈ ਸੀ। ਪਿਤਾ ਜੀ ਦੀ ਮੌਜੂਦਗੀ ਵਿੱਚ ਉਸ ਨੇ ਇੱਕ ਦਿਨ ਮੈਨੂੰ ਮਸ਼ਵਰਾ ਦਿੰਦਿਆਂ ਕਿਹਾ,"ਭਾਣਜੇ, ਸੌਦਾ ਤੇਰਾ ਮਾੜਾ ਨਹੀਂ, ਗਾਂ ਦੇ ਮਗਰ ਵੱਛਾ ਹੈ, ਦੇਸੀ ਵੱਛੇ ਵਾਲੀ ਗਾਂ ਕਿਤੇ ਲੱਭਦੀ ਐ ਅੱਜ ਕੱਲ੍ਹ, ਬੱਸ ਤੂੰ ਇਉਂ ਕਰੀਂ, ਵੱਛੇ ਨੂੰ ਅੱਧੀ ਛਟਾਂਕੀ ਸਰੋਂ ਦਾ ਤੇਲ, ਲੱਸੀ 'ਚ ਪਾ ਕੇ ਦੇ ਦਿਆ ਕਰੀਂ ਤੇ ਪਾਈਆ ਛੋਲੇ ਰੋਜ਼ ਦੇ ਚਾਰੀ ਜਾਈਂ.... ਦੇਖੀਂ ਫਿਰ ਵੱਛਾ ਬਣਦਾ ਵਛੇਰੇ ਵਰਗਾ, ਲੋਕ ਦੇਖਣ ਆਇਆ ਕਰਨਗੇ... ਜਿੰਨੇ ਦਾ ਮਰਜ਼ੀ ਵੇਚ ਲਈਂ....।"

ਸਲਾਹ ਦਾ ਹੁੰਗਾਰਾ ਭਰਦਿਆਂ ਜਦੋਂ ਮੈਂ,

ਠੀਕ ਆ, ਮਾਮਾ!" ਕਿਹਾ ਤਾਂ ਪਿਤਾ ਜੀ ਨੇ ਮੇਰੇ ਵੱਲ ਕੌੜ ਅੱਖਾਂ ਨਾਲ ਦੇਖਿਆ।

ਮਾਮਾ ਪ੍ਰੀਤਮ ਤਾਂ ਆਪਣੇ ਕੀਮਤੀ ਮਸ਼ਵਰੇ ਦੇ ਕੇ ਚਲਾ ਗਿਆ ਪਰ ਪਿਤਾ ਜੀ ਤੋਂ ਆਪਣੀ ਫ਼ਿਕਰਮੰਦੀ ਛੁਪਾ ਨਾ ਹੋਈ। ਆਪਣੇ ਸਹਿਜ ਅੰਦਾਜ਼ ਵਿੱਚ ਉਨ੍ਹਾਂ ਮੈਨੂੰ ਤਾੜਨਾ ਕੀਤੀ, "ਦੇਖੀਂ, ਕਿਤੇ ਪੀਤੂ ਦੀ ਸਲਾਹ ਨਾ ਮੰਨ ਲਈਂ।" ਮੈਂ ਐਵੇਂ ਹੀ ਕਿਹਾ ਹਾਲਾਂਕਿ ਸਲਾਹ ਮੰਨਣ ਦਾ ਮੇਰਾ ਵੀ ਇਰਾਦਾ ਨਹੀਂ ਸੀ, "ਉਂ ਜੇ ਸਲਾਹ ਮੰਨ ਲਈਏ ਵਹਿੜਕਾ ਤਾਂ ਵਧੀਆ ਨਿਕਲ ਆਊ, ਗਾਂ ਤਾਂ ਜੋ ਹੈ ਸੋ ਹੈ...।" ਮੇਰਾ ਜਵਾਬ ਸੁਣਦਿਆਂ ਸਾਰ ਪਿਤਾ ਜੀ ਤੈਸ਼ ਵਿੱਚ ਆ ਗਏ। ਘੂਰ ਕੇ ਕਹਿਣ ਲੱਗੇ,"ਕਿਉਂ, ਵਹਿੜਕਾ ਤੂੰ ਕਿਲ੍ਹਾ ਰਾਏਪੁਰ ਦੀਆਂ ਖੇਡਾਂ 'ਚ ਦੁੜਾਉਣੈ?.... ਆਵਦਾ ਕੰਮ ਕਰੀਦਾ ਹੁੰਦਾ ਚੁੱਪ ਕਰਕੇ, ਪੀਤੂ ਵਰਗਿਆਂ ਦੀਆਂ ਸਲਾਹਾਂ ਤਾਂ ਐਵੇਂ ਹੀ ਦੂਜਿਆਂ ਦਾ ਘਰ ਪੁੱਟਣ ਲਈ ਹੁੰਦੀਆਂ, ਸਮਝਿਆ ਮੇਰੀ ਗੱਲ....ਗਾਂ ਦੁੱਧੋਂ ਭੱਜਗੀ ਤਾਂ ਐਥੇ ਲੈ ਆਈਂ.... ਵੱਛਾ ਜਗਰਾਵਾਂ ਆਲੀ ਮੰਡੀ 'ਚ ਵੇਚ ਆਵਾਂਗੇ... ਕਿਸੇ ਲੰਮੇ ਚੌੜੇ ਚੱਕਰ 'ਚ ਪੈਣ ਦੀ ਲੋੜ ਨੀਂ ਤੈਨੂੰ।" ਪਿਤਾ ਜੀ ਦੇ ਬਚਨਾਂ 'ਤੇ ਫੁੱਲ ਚੜ੍ਹਾਏ ਗਏ। ਉਨ੍ਹਾਂ ਦੀਆਂ ਦੋਵੇਂ ਮੱਝਾਂ ਦੁੱਧ ਤੋਂ ਜਵਾਬ ਦੇ ਗਈਆਂ ਤਾਂ ਛੋਟਾ ਭਰਾ ਮੇਰੀ ਸਾਹੀਵਾਲ ਏਥੇ ਹੱਕ ਲਿਆਇਆ। ਚੰਗੀ ਸੇਵਾ ਹੋਈ ਗਾਂ 'ਤੇ ਫਿਰ ਰੰਗ ਆ ਗਿਆ, ਦੁੱਧ ਵੱਧ ਗਿਆ ਤੇ ਦੂਜੇ ਬੰਨੇ ਮੇਰੇ ਪ੍ਰਤੀ ਪਿਤਾ ਜੀ ਦੇ ਮਨ ਵਿੱਚ ਕੁੜੱਤਣ ਵੀ ਦੂਰ ਹੋ ਗਈ। ਉਹ ਮਲ਼ਵੀਂ ਜਿਹੀ ਜੀਭ ਨਾਲ ਕਦੇ-ਕਦੇ ਗਾਂ ਦੀ ਸਿਫ਼ਤ ਵੀ ਕਰ ਦਿੰਦੇ।

ਸਾਹੀਵਾਲ ਭੁਲੇਖੇ ਖਰੀਦੀ ਮਾਰਨਖੁੰਡੀ ਗਾਂ ਨੂੰ ਬਰਦਾਸ਼ਤ ਕਰਨ ਵਿੱਚ ਮੇਰੀ ਪਤਨੀ ਨੇ ਕੋਈ ਕਸਰ ਬਾਕੀ ਨਾ ਛੱਡੀ। ਜਦੋਂ ਵੀ ਕੋਈ ਤਕਲੀਫ਼, ਗਾਂ ਦੇ ਮਾਮਲੇ ਵਿੱਚ, ਉਹ ਮੇਰੇ ਨਾਲ ਸਾਂਝੀ ਕਰਨ ਦੀ ਕੋਸ਼ਿਸ਼ ਕਰਦੀ ਤਾਂ ਮੈਂ ਅੱਗੋਂ 'ਬਲਮਾ ਬੇਰੁਜ਼ਗਾਰ' ਆਖ ਦਿੰਦਾ, ਕਦੇ ਹੱਸ ਕੇ ਆਖਦਾ ਤੇ ਕਦੇ ਸੰਜ਼ੀਦਗੀ ਨਾਲ। ਉਹ ਪਸੀਜ ਜਾਂਦੀ ਤੇ ਆਪਣਾ ਕੰਮ ਜਾਰੀ ਰੱਖਦੀ, ਭਾਵੇਂ ਮਨ ਮਾਰ ਕੇ ਹੀ। ਇਸ ਗਾਂ ਨੇ ਮੇਰਾ ਡੇਅਰੀ ਦਾ ਸੁਪਨਾ ਠੰਡੇ ਬਸਤੇ ਵਿੱਚ ਪਾ ਦਿੱਤਾ, ਪਰ ਹੋਰ ਬਹੁਤ ਕੁਝ ਹਾਸਲ ਹੋ ਗਿਆ, ਘਰੋਂ ਵਿਰਾਸਤੀ ਦੌਲਤ ਮਿਲ ਗਈ, ਕਬੀਲਦਾਰੀ ਲੀਹ 'ਤੇ ਚੜ੍ਹ ਗਈ। ਪਰ ਇਸ ਠੰਡੇ ਬਸਤੇ ਵੱਲ, ਜਿਸ ਵਿੱਚ ਮੇਰਾ ਡੇਅਰੀ ਦਾ ਸੁਪਨਾ ਪੈ ਗਿਆ ਸੀ, ਅਜੇ ਵੀ ਮੇਰੀ ਨਿਗ੍ਹਾ ਚਲੀ ਜਾਂਦੀ ਹੈ, ਜਦੋਂ ਮੇਰੀ ਪਤਨੀ ਕਦੇ-ਕਦੇ ਮੈਨੂੰ ਛੇੜਦੀ ਆਖਦੀ,"ਬਲਮਾ ਬੇਰੁਜ਼ਗਾਰ।" ਇਨ੍ਹਾ ਪਲਾਂ 'ਚ ਮੈਨੂੰ ਲੱਗਦਾ ਹੈ ਜਿਵੇਂ ਠੰਡਾ ਬਸਤਾ ਖੁੱਲ੍ਹ ਗਿਆ ਹੋਵੇ ਤੇ ਇਸ ਵਿੱਚੋਂ ਸੈਂਕੜੇ ਵਲਾਇਤੀ ਗਾਵਾਂ ਵਿਸ਼ਾਲ ਸ਼ੈੱਡ ਵਿੱਚ ਕਤਾਰ ਬੰਨ੍ਹ ਕੇ ਖਲੋ ਗਈਆਂ ਹੋਣ।

-98785-31166

--0--

ਕਹਾਣੀ

ਲਾਈ ਅੱਗ ਦਾ ਸੇਕ

-ਚਰਨਜੀਤ ਸਿੰਘ ਕਤਰਾ



ਸ਼ਹਿਰ 'ਚ ਦੰਗੇ ਫਸਾਦ ਹੋ ਰਹੇ ਸਨ। ਕਹਿੰਦੇ ਨੇ ਕਿਸੇ ਨੇ ਇੱਕ ਧਾਰਮਿਕ ਸੰਤ ਮਹਾਤਮਾ ਦਾ ਕਿਸੇ ਕਾਰਣ ਕਤਲ ਕਰ ਦਿੱਤਾ। ਇਲਾਕੇ ਵਿੱਚ ਤੇ ਬਾਹਰ ਵੀ ਉਸ ਦੀ ਬਹੁਤ ਮਾਨਤਾ ਸੀ। ਸਰਕਾਰੀ ਦਰਬਾਰੀ ਉਸ ਦੀ ਉਪਰ ਤੱਕ ਪਹੁੰਚ ਸੀ। ਇਸੇ ਕਾਰਣ ਕਤਲ ਦੀ ਖ਼ਬਰ ਚਾਰੇ ਪਾਸੇ ਉਸ ਜੰਗਲ ਦੀ ਅੱਗ ਵਾਂਗ ਫੈਲ ਗਈ।

ਹੈਰਾਨੀ ਤੇ ਦੁੱਖ ਉਦੋਂ ਹੋਇਆ ਜਦੋਂ ਵੇਖਿਆ ਸੁਣਿਆ ਕਿ ਕਈ ਸ਼ਹਿਰ ਫਸਾਦ ਦੀ ਲਪੇਟ ਵਿੱਚ ਆ ਗਏ। ਲੋਕ ਭੜਕ ਗਏ ਜਾਂ ਭੜਕਾ ਦਿੱਤੇ, ਬਸ ਸਥਿਤੀ ਬੇਕਾਬੂ ਹੋ ਗਈ। ਸਰਕਾਰੀ ਤੇ ਗੈਰ ਸਰਕਾਰੀ ਸੰਪਤੀ ਨੂੰ ਨਸ਼ਟ ਕਰ ਦਿੱਤਾ। ਅਸੀਂ ਵੇਖਿਆ ਕਿ ਗਰੀਬਾਂ ਦੀ ਰੋਜ਼ੀ ਰੋਟੀ ਦੇ ਸਾਧਨ ਬਰਬਾਦ ਕਰ ਦਿੱਤੇ। ਲੁਟੇਰੇ ਕਿਸਮ ਦੇ ਲੋਕ ਅਲੱਗ ਫਾਇਦਾ ਉਠਾ ਰਹੇ ਸਨ, ਲੁੱਟ ਰਹੇ ਸਨ ਅੱਗਾਂ ਲਾ ਰਹੇ ਸਨ, ਜੋ ਵਿਰੋਧ ਕਰਦਾ ਉਨ੍ਹਾਂ ਦੀ ਕਟਾਈ ਕਰ ਰਹੇ ਸਨ। ਬੇਕਸੂਰ ਲੋਕਾਂ ਤੇ ਗੁੱਸਾ ਕੱਢਿਆ ਜਾ ਰਿਹਾ ਸੀ ਜਿੰਨ੍ਹਾਂ ਦਾ ਉਸ ਘਟਨਾ ਨਾਲ ਦੂਰ ਦਾ ਵੀ ਸੰਬੰਧ ਨਹੀਂ ਸੀ।

ਹਾਲਾਤ ਨੂੰ ਵੇਖਦੇ ਹੋਏ ਅਸੀਂ ਘਰ ਬੈਠੇ ਸਾਂ। ਘਰ ਬੈਠੇ ਖਿੜਕੀ 'ਚੋ ਧੂਆਂ ਉਠਦਾ ਵੇਖ ਰਹੇ ਸਾਂ, ਚਾਰੇ ਪਾਸੇ ਹਾਹਾਕਾਰ ਮਚੀ ਹੋਈ ਸੀ। ਫੋਨ ਦੀ ਘੰਟੀ ਨੇ ਸਾਡਾ ਧਿਆਨ ਖਿੱਚਿਆ, ਫੋਨ ਸੁਣਿਆ ਤਾਂ ਅਸੀਂ ਪ੍ਰੇਸ਼ਾਨ ਹੋ ਗਏ, ਮੁਸੀਬਤ ਦਾ ਪਹਾੜ ਸਾਡੇ ਤੇ ਢਿੱਗ ਪਿਆ। ਭਾਬੀ ਦਾ ਫੋਨ ਸੀ ਜੋ ਨਾਲ ਵਾਲੇ ਸ਼ਹਿਰ 'ਚ ਬੱਚਿਆਂ ਸਮੇਤ ਰਹਿ ਰਹੇ ਸਨ। ਉਥੇ ਭਾਈ ਸਾਹਿਬ ਦੀ ਕੱਪੜੇ ਦੀ ਦੁਕਾਨ ਸੀ। ਭਾਬੀ ਕਹਿ ਰਹੀ ਸੀ ਕਿ ਫਸਾਦੀਆਂ ਨੇ ਕੱਪੜੇ ਦੀ ਦੁਕਾਨ ਸਾੜ ਦਿੱਤੀ, ਭਾਈ ਸਾਹਿਬ ਦੇ ਵਿਰੋਧ ਕਰਨ ਤੇ ਉਹ ਜਖ਼ਮੀ ਕਰ ਗਏ ਸੱਟਾਂ ਮਾਰ ਗਏ। ਹੁਣ ਹਸਪਤਾਲ ਵਿੱਚ ਹੈ। ਉਹ ਪ੍ਰੇਸ਼ਾਨ ਸੀ ਇੱਧਰ ਅਸੀਂ ਬੇਵਸ, ਬਸ ਫੋਨ ਤੇ ਹੌਂਸਲਾ ਦਿੰਦੇ ਰਹੇ।

ਜਦੋਂ ਤੱਕ ਪੁਲਿਸ ਨੇ ਸਥਿਤੀ ਨੂੰ ਕਾਬੂ ਵਿੱਚ ਕੀਤਾ, ਬਹੁਤ ਕੁਝ ਬਰਬਾਦ ਹੋ ਚੁੱਕਾ ਸੀ, ਜਾਨੀ ਮਾਲੀ ਨੁਕਸਾਨ ਕਾਫੀ ਹੋ ਚੁਕਾ ਸੀ। ਸ਼ਾਂਤੀ ਹੁੰਦਿਆਂ ਹੀ ਅਸੀਂ ਭਾਈ ਸਾਹਿਬ ਵੱਲ ਭੱਜੇ। ਘਰ ਵਾਲੀ ਨੂੰ ਬੱਚਿਆਂ ਕੋਲ ਘਰ ਛੱਡਿਆ, ਜਿਨ੍ਹਾਂ ਨੂੰ ਹੁਣ ਤੱਕ ਗੁਆਂਢੀ ਸੰਭਾਲ ਰਹੇ ਸਨ ਅਤੇ ਮੈਂ ਹਸਪਤਾਲ ਪਹੁੰਚ ਗਿਆ।

ਹਸਪਤਾਲ ਜਖ਼ਮੀਆਂ ਨਾਲ ਭਰਿਆ ਪਿਆ ਸੀ। ਪੀੜਾਂ ਨਾਲ ਵਿੰਨੇ ਮਰੀਜ਼ਾਂ ਵੱਲ ਵੇਖਿਆ ਨਹੀਂ ਸੀ ਜਾ ਰਿਹਾ। ਡਾਕਟਰ ਨਰਸਾਂ ਦੀ ਨੱਠ ਭੱਜ ਤੇ ਸੇਵਾ ਭਾਵਨਾ ਮਨ. ਨੂੰ ਧਰਵਾਸ ਦੇ ਰਹੀ ਸੀ। ਕਈ ਹੱਥ ਹੁੰਦੇ ਨੇ ਜੀਵਨ ਨੂੰ ਖਤਮ ਕਰਨ 'ਚ ਰੁਝੇ ਹੋਏ, ਤੇ ਕਈ ਹੱਥ ਉਨਾਂ ਨਾਲੋਂ ਵੀ ਵੱਖ ਤਤਪਰ ਹੁੰਦੇ ਹਨ ਜੀਵਨ ਨੂੰ ਬਚਾਉਣ 'ਚ ਰੁਝੇ ਹੋਏ। ਹਸਪਤਾਲ ਆ ਕੇ ਇਹੀ ਮਹਿਸੂਸ ਕੀਤਾ।

ਭਾਈ ਸਾਹਿਬ ਦੀ ਹਾਲਤ ਠੀਕ ਨਹੀਂ ਸੀ, ਆਪਣੇ ਜਖ਼ਮਾਂ ਦੀ·ਪੀੜ ਨਾਲੋਂ ਵੱਧ ਦੁੱਖ ਰੁਜ਼ਗਾਰ ਖਤਮ ਹੋਣ ਦਾ ਮੰਨ ਰਹੇ ਸਨ। ਸਭ ਬਰਬਾਦ ਹੋ ਗਿਆ ਬਸ ਫੁਸਫੁਸਾਉਂਦੇ ਹੋਏ ਇੱਕ ਪਾਸੇ ਵੱਲ ਵੇਖੀ ਜਾ ਰਹੇ ਸਨ। ਗਹਿਰੇ ਸਦਮੇ ਵਿੱਚ ਸਨ। "ਭਾਈ ਸਾਹਿਬ ਫਿਕਰ ਨਾ ਕਰੋ, ਸਭ ਕੁਝ ਠੀਕ ਹੋ ਜਾਣਾ, ਰੱਬ ਦਾ ਸ਼ੁਕਰ ਹੈ ਜਾਨ ਬਚ ਗਈ। ਆਈ ਮੁਸੀਬਤ ਨੂੰ ਇਕੱਠੇ ਹੋ ਕੇ ਕਟਾਂਗੇ, ਤੁਸੀਂ ਫਿਕਰ ਨਾ ਕਰੋ।" ਮੇਰੇ ਦਿਲਾਸਾ ਦੇਣ ਦੇ ਬਾਵਜੂਦ ਵੀ ਧਿਆਨ ਨਾ ਦਿੰਦੇ, ਡੂੰਘੇ ਡੂੰਘੇ ਹਾਉਕੇ ਲੈਂਦੇ ਰਹੇ। ਭਾਬੀ ਰਹਿੰਦੀਤਾਂ ਹੌਂਸਲੇ ਵਿੱਚ ਸੀ ਪਰ ਅਜਿਹੀ ਸਥਿਤੀ ਵਿੱਚ ਫਿਸ ਪੈਂਦੀ ਤੇ ਦੂਜੇ ਪਾਸੇ ਮੂੰਹ ਕਰ ਲੈਂਦੀ।

ਮੈਂ ਭਾਈ ਸਾਹਿਬ ਨੂੰ ਕਰਬਲ ਦੁਆ ਰਿਹਾ ਸੀ ਕਿ ਅਚਾਨਕ ਸਾਹਮਣੇ ਵਾਲੇ ਕਮਰੇ ਵਿੱਚੋਂ ਰੋਣ ਦੀ ਆਵਾਜ਼ ਆਈ। ਕਈ ਉਧਰ ਵੇਖਣ ਲੱਗੇ, ਨਰਸਾਂ ਦੌੜ ਪਈਆਂ, ਸ਼ਾਇਦ ਕਿਸੇ ਦੀ ਮੌਤ ਹੋ ਗਈ, ਮਨ ਉਦਾਸ ਹੋ ਗਿਆ। ਭਾਬੀ ਨੇ ਕਮਰੇ 'ਚੋਂ ਨਰਸਾਂ ਤੋਂ ਪਤਾ ਕੀਤਾ, ਜਿਸ ਔਰਤ ਦੇ ਬੱਚੇ ਪਰਸੋਂ ਜਖ਼ਮਾਂ ਦੀ ਤਾਬ ਨਾ ਸੁਹਾਰਦੇ ਹੋਏ ਦਮ ਤੋੜ ਗਏ ਸਨ, ਅੱਜ ਵਿਚਾਰੀ ਉਹ ਔਰਤ ਵੀ ਚਲ ਵਸੀ। ਭਾਬੀ ਨੇ ਹਾਉਂਕਾ ਭਰਦਿਆਂ ਕਿਹਾ,"ਵਿਚਾਰੀ ਬਸ ਵਿੱਚ ਬੱਚਿਆਂ ਸਮੇਤ ਝੁਲਸ ਗਈ ਸੀ, ਜ਼ਾਲਮਾਂ ਨੇ ਖੜ੍ਹੀ ਬਸ ਨੂੰ ਅੱਗ ਲਾ ਦਿੱਤੀ ਸੀ। ਬਸ ਵਿੱਚ ਭੀੜ ਹੋਣ ਕਾਰਣ ਇਹ ਵਿਚਾਰੀ ਫਸ ਗਈ ਹੋਣੀ। ਉਹ ਹੈ ਵਿਚਾਰਾ ਜਿਸ ਦਾ ਘਰ ਵਹਿਸ਼ੀਆਂਨੇ ਬਰਬਾਦ ਕਰ ਦਿੱਤਾ।" ਭਾਬੀ ਨੇ ਇੱਕ ਆਦਮੀ ਵੱਲ ਇਸ਼ਾਰਾ ਕਰਦਿਆਂ ਕਿਹਾ ਜਿਸ ਨੂੰ ਨੇਤਾ ਕਿਸਮ ਦੇ ਲੋਕ ਪਕੜ ਕੇ ਬਾਹਰ ਲੈ ਜਾ ਰਹੇ ਸਨ। ਉਹ ਧਾਹਾਂ ਮਾਰ ਰੋ ਰਿਹਾ ਸੀ।

ਮੈਂ ਵੀ ਬਾਹਰ ਵੱਲ ਤੁਰ ਪਿਆ। ਮੈਨੂੰ ਉਸ ਦਾ ਚਿਹਰਾ ਕਿਤੇ ਵੇਖਿਆ ਹੋਇਆ ਲੱਗਿਆ ਪਰ ਯਾਦ ਨਹੀਂ ਆ ਰਿਹਾ। ਮੈਂ ਹੋਰ ਨਜ਼ਦੀਕ ਗਿਆ? ਅਚਾਨਕ ਯਾਦ ਆਉਣ ਤੇ ਹੈਰਾਨ ਪ੍ਰੇਸ਼ਾਨ ਹੋ ਗਿਆ। ਇਹ ਤਾਂ ਉਹ ਸਖਸ਼ ਹੈ ਜੋ ਸਾਡੇ ਸ਼ਹਿਰ ਫਸਾਦੀਆਂ ਦੀ ਅਗਵਾਈ ਕਰ ਰਿਹਾ ਸੀ, ਲੋਕਾਂ ਨੂੰ ਭੜਕਾ ਰਿਹਾ ਸੀ, ਬਦਲਾ ਲੈਣ ਲਈ ਉਕਸਾ ਰਿਹਾ ਸੀ।

ਮੈਂ ਗੁੱਸੇ ਵਿੱਚ ਪਾਗਲਾਂ ਵਾਂਗੂ ਹੋ ਗਿਆ, ਮੁੱਠੀਆ ਮਿਚ ਗਈਆਂ ਮੇਰੀਆਂ, ਮੈਂ ਬੇਵਸ ਕੀ ਕਰ ਸਕਦਾ ਸਾਂ, ਹਾਲਾਤ ਨੂੰ ਵੇਖਦੇ ਹੋਏ ਆਪਣੇ ਗੁੱਸੇ ਨੂੰ ਕਾਬੂ ਵਿੱਚ ਕੀਤਾ ਤੇ ਭਾਈ ਸਾਹਿਬ ਵੱਲ ਵਾਪਸ ਮੁੜ ਪਿਆ।

ਪਰ ਭਾਬੀ ਮੇਰਾ ਚਿਹਰਾ ਵੇਖ ਪ੍ਰੇਸ਼ਾਨ ਹੋ ਗਈ, ਕੀ ਹੋਇਆ ਤੈਨੂੰ ਮੈਨੂੰ ਪੁੱਛਦੀ ਰਹੀ ਪਰ ਮੈਂ ਸੋਚਦਾ ਰਿਹਾ ਕਿ ਕਿਵੇਂ ਆਪ ਲਾਈ ਅੱਗ 'ਚ ਸੜ ਰਿਹਾ ਹੈ ਹੁਣ ਪੀੜ ਨਾਲ ਕੁਰਲਾ ਰਿਹਾ ਹੈ। ਕੁਸ਼ ਨੀ ਭਾਬੀ ਮੈਂ ਕਹਿੰਦਾ ਹੋਇਆ ਕਦੇ ਭਾਬੀ ਸਾਹਿਬ ਵੱਲ ਵੇਖ ਲੈਂਦਾ ਤੇ ਕਦੇ ਬਾਹਰ ਉਸ ਘਿਨੌਣੇ ਚਿਹਰੇ ਵੱਲ ਵੇਖ ਲੈਂਦਾ।

-98769-31529

--0--

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਨਾਟਕੀ ਪ੍ਰਚਾਰ ਢੰਗ

-ਮਾਸਟਰ ਬੋਹੜ ਸਿੰਘ ਮੱਲਣ

ਹਿੰਦੂ-ਮੁਸਲਮਾਨ ਦੇ ਧਰਮਾਂ ਵਿੱਚ ਵੰਡੀ, ਜ਼ਾਤਾਂ-ਪਾਤਾਂ ਵਿੱਚ ਉਲਝੀ, ਰਾਜੇ-ਨਵਾਬਾਂ ਦੇ ਅੱਤਿਆਚਾਰਾਂ ਦੀ ਸ਼ਿਕਾਰ, ਧਰਮ ਦੇ ਨਾਂ ਤੇ ਪਾਪਾਂ ਵਿੱਚ ਫਾਥੀ, ਹਿੰਦੁਸਤਾਨ ਦੀ ਹਰ ਪਾਸਿਓਂ ਦੁਖੀ ਲੋਕਾਈ ਦੀ ਹਾਇ! ਹਾਇ!! ਦੀ ਪੁਕਾਰ ਸੁਣਕੇ ਪ੍ਰਭੂ, ਅਕਾਲ ਪੁਰਖ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ 15 ਅਪ੍ਰੈਲ 1469 ਈਸਵੀ (20 ਵੈਸਾਖ ਦਿਨ ਸ਼ਨੀਵਾਰ) ਨੂੰ ਰਾਇ-ਭੋਇ ਦੀ ਤਲਵੰਡੀ ਹੁਣ ਸ੍ਰੀ ਨਨਕਾਣਾਂ ਸਾਹਿਬ (ਪਾਕਿਸਤਾਨ) ਵਿਖੇ ਪਿਤਾ ਕਲਿਆਣ ਰਾਏ (ਕਾਲੂ) ਜੀ ਦੇ ਗ੍ਰਿਹ ਵਿਖੇ ਮਾਤਾ ਤ੍ਰਿਪਤਾ ਦੀ ਕੁੱਖੋਂ ਅਵਤਾਰ ਦੇ ਰੂਪ ਵਿੱਚ ਭੇਜਿਆ। ਗੁਰੂ ਜੀ ਨੇ ਸੱਤ ਸਾਲਾਂ ਦੀ ਉਮਰ ਵਿੱਚ ਗੋਪਾਲ ਪਾਂਧੇ ਤੋਂ ਹਿੰਦੀ, ਪੰਡਤ ਬ੍ਰਿਜ ਲਾਲ ਪਾਸੋਂ ਸੰਸਕਿਰਤ ਅਤੇ ਤੇਰਾਂ ਸਾਲ ਦੀ ਉਮਰ ਵਿੱਚ ਮੌਲਵੀ ਕੁਤਬਦੀਨ ਪਾਸੋਂ ਫ਼ਾਰਸੀ ਪੜ੍ਹੀ। ਤਿੰਨੇ ਹੀ ਉਸਤਾਦ ਆਪਣੇ ਆਪਣੇ ਸਮੇਂ ਤੇ ਗੁਰੂ ਜੀ ਦੀ ਤੀਖਣ ਬੁੱਧੀ ਵੇਖਕੇ ਬੜੇ ਹੈਰਾਨ ਹੋਏ। ਉਨ੍ਹਾਂ ਦੀ ਬਾਲ ਉਮਰ ਵਿੱਚ ਗੰਭੀਰ ਜੀਵਨ ਜਾਂਚ ਨੂੰ ਤੱਕ ਕੇ, ਗਰੀਬਾਂ ਦੇ ਹਮਦਰਦ ਹੋਣ ਕਰਕੇ ਨਗਰ ਦੇ ਸਾਰੇ ਹਿੰਦੂ-ਮੁਸਲਮਾਨ ਸੀਸ ਝੁਕਾਣ ਲੱਗ ਪਏ। ਆਮ ਪਾਠਕਾਂ ਦੀ ਜਾਣਕਾਰੀ ਲਈ ਦੱਸਿਆ ਜਾਂਦਾ ਹੈ ਕਿ ਗੁਰੂ ਜੀ ਦਾ ਪਿਛਲਾ ਪਿੰਡ "ਪੱਠੇ-ਵਿੰਡ" ਜ਼ਿਲ੍ਹਾ ਤਰਨਤਾਰਨ ਸੀ ਪ੍ਰੰਤੂ ਪਿਤਾ ਜੀ ਰਾਇ ਬੁਲਾਰ ਮੁਸਲਿਮ ਹਾਕਮ ਦੇ ਪਟਵਾਰੀ ਹੋਣ ਕਰਕੇ ਪੱਕੇ ਤੌਰ ਤੇ ਤਲਵੰਡੀ ਵਿਖੇ ਹੀ ਵੱਸ ਗਏ ਸਨ। ਆਓ! ਅੱਜ ਉਨ੍ਹਾਂ ਦੇ ਮਨਾਏ ਜਾ ਰਹੇ ਅਵਤਾਰ ਦਿਵਸ ਤੇ ਉਨ੍ਹਾਂ ਨੇ ਕਿਵੇਂ ਪਾਖੰਡ, ਵਹਿਮ ਭਰਮ, ਗ਼ਲਤ ਰੀਤੀ ਰਿਵਾਜਾਂ 'ਤੇ ਜ਼ੁਲਮ ਦੇ ਖਿਲਾਫ਼ ਨਿਵੇਕਲੇ ਢੰਗ ਨਾਲ ਅਵਾਜ਼ ਉਠਾਈ, ਆਪਣੇ ਕੋਲ ਵੱਡਾ ਇਕੱਠ ਕਰਕੇ ਕਿਸੇ ਨੂੰ ਆਪਣਾਂ 'ਸਿੱਖ' ਬਣਨ ਲਈ ਨਹੀਂ ਕਿਹਾ ਸਗੋਂ ਦੂਰ-ਦਰਾਡੇ, ਦੇਸ਼ਾਂ ਪ੍ਰਦੇਸ਼ਾਂ ਵਿੱਚ ਜਾ ਕੇ ਨਿੱਡਰ ਤੇ ਮੌਤੋਂ ਬੇ-ਪਰਵਾਹ ਹੋ ਕੇ ਉਥੇ ਫੈਲੀਆਂ ਬੁਰਾਈਆਂ ਨੂੰ ਖਤਮ ਕਰਨ ਲਈ ਘਰ ਘਰ ਫੇਰਾ ਪਾਇਆ। ਸਭ ਤੋਂ ਪਹਿਲਾਂ ਜਦੋਂ ਦਸ ਸਾਲ ਦੀ ਉਮਰ ਵਿੱਚ ਜਦੋਂ ਹਰਦਿਆਲ ਪ੍ਰੋਹਿਤ ਭਰੇ ਇਕਠ ਵਿੱਚ ਜਨੇਊ ਪਹਿਨਾਉਣ ਲੱਗਿਆ ਤਾਂ ਉਨ੍ਹਾਂ ਨੇ ਉਸ ਦਾ ਹੱਥ ਫੜ ਕੇ ਕਿਹਾ, "ਪੰਡਤ ਜੀ ਇਸ ਦੇ ਪਹਿਨਣ ਦਾ ਕੀ ਲਾਭ ਹੈ ਤੇ ਨਾ ਪਹਿਨਣ ਦਾ ਕੀ ਨੁਕਸਾਨ ? ਕੀ ਇਹ ਮੈਲਾ ਤੇ ਪੁਰਾਣਾ ਹੋ ਕੇ ਟੁੱਟੇਗਾ ਤਾਂ ਨਹੀਂ ?" ਪੰਡਿਤ ਹਰਦਿਆਲ ਨੂੰ ਇਨ੍ਹਾਂ ਵਿੱਚੋਂ ਇਕ ਸਵਾਲ ਦੀ ਵੀ ਉਮੀਦ ਨਹੀਂ ਸੀ। ਛਿੱਥੇ ਹੋਏ ਪੰਡਤ ਨੇ ਕਿਹਾ, "ਇਹ ਮੈਲਾ ਵੀ ਹੋਏਗਾ ਤੇ ਟੁੱਟੇਗਾ ਵੀ। ਇਹ ਨਵਾਂ ਪਾਇਆ ਜਾਵੇਗਾ। ਗੁਰੂ ਜੀ ਅਜਿਹਾ ਜਨੇਊ ਜੋ ਟੁੱਟੇ ਵੀ ਨਾ ਤੇ ਮੈਲਾ ਵੀ ਨਾ ਹੋਵੇ। ਇਸ ਦੇ ਪਹਿਨਣ ਦਾ ਕੀ ਲਾਭ ?

"ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟਿ।
ਇਹੁ ਜਨੇਊ ਜੀਅ ਕਾ, ਹਈ ਤ ਪਾਂਡੇ ਘਤੁ।"

ਇਹ ਸ਼ਬਦ ਸੁਣ ਕੇ ਪੰਡਤ ਜੀ ਨੇ ਪਿਤਾ ਕਾਲੂ ਜੀ ਨੂੰ ਕਿਹਾ, "ਕਾਲੂ ਜੀ ਇਹ ਧਰਮ ਕਰਮ ਵਿੱਚ ਵਿਸ਼ਵਾਸ਼ ਨਹੀਂ ਰੱਖੇਗਾ। ਇਸ ਦੇ ਸਿਰ ਤੇ ਛਤਰ ਝੁੱਲੇਗਾ, ਪਤਾ ਨਹੀਂ ਉਹ ਛਤਰ ਧਾਰਮਿਕ ਹੋਵੇਗਾ ਜਾਂ ਰਾਜਨੀਤਕ।" ਆਮ ਲੋਕ ਖੁਸ਼ ਸਨ, ਪ੍ਰੰਤੂ ਮਾਪੇ ਤੇ ਰਿਸ਼ਤੇਦਾਰ ਹੈਰਾਨ-ਪ੍ਰੇਸ਼ਾਨ। ਇਓਂ ਗੁਰੂ ਜੀ ਨੇ ਆਪਣੇ ਘਰ ਤੋਂ ਗ਼ਲਤ ਰੀਤੀ ਰਿਵਾਜ਼ ਤੋੜਦੇ ਹੋਏ ਰਿਸ਼ਤੇਦਾਰਾਂ ਦੀ ਨਰਾਜ਼ਗੀ ਦੀ ਪ੍ਰਵਾਹ ਨਾ ਕਰਦਿਆਂ ਹੋਇਆਂ ਉਨ੍ਹਾਂ ਨੇ ਇਸ ਵਹਿਮ ਨੂੰ ਅਸਲੀਅਤ ਦਾ ਪ੍ਰਭਾਵ ਪਾ ਕੇ ਤੋੜਿਆ। "ਨਾਟਕੀ ਪ੍ਰਚਾਰ" ਦਾ ਇਹ ਪਹਿਲਾ ਕਦਮ ਸੀ। ਨੇੜੇ ਦੀ ਮੰਡੀ ਚੂਹੜਕਾਣੇ 20 ਰੁਪਏ ਦੇ ਕੇ ਖ਼ਰਾ ਸੌਦਾ ਕਰਨ ਲਈ ਭੇਜਿਆ ਤਾਂ ਗੁਰੂ ਜੀ ਨੇ ਤਨ ਤੋਂ ਨੰਗੇ (ਕੱਪੜਾ ਨਾ ਮਿਲਣ ਕਰਕੇ) ਤਿੰਨ ਦਿਨਾਂ ਤੋਂ ਭੁੱਖੇ ਸਾਧੂਆਂ ਨੂੰ ਲੰਗਰ ਛਕਾ ਕੇ ਆਪਣੇ ਵੱਲੋਂ ਖ਼ਰਾ ਸੌਦਾ ਕੀਤਾ ਕਿਉਂਕਿ ਉਨ੍ਹਾਂ ਨੂੰ ਪਤਾ ਸੀ ਕਿ ਇਹ ਪਾਖੰਡੀ ਨਹੀਂ। ਬੇਸ਼ੱਕ ਇਸ ਪਿੱਛੇ ਉਨ੍ਹਾਂ ਨੂੰ ਪਿਤਾ ਦੀਆਂ ਚਪੇੜਾਂ ਵੀ ਖਾਣੀਆਂ ਪਈਆਂ, ਕਿਉਂਕਿ ਉਹ ਸੰਤ ਘਰ-ਘਰ ਮੰਗਣ ਨਹੀਂ ਜਾਂਦੇ ਸਨ। ਅੱਜ ਵੀ ਗੁਰੂ ਜੀ ਦੀ ਸਿੱਖਿਆ ਤੇ ਅਮਲ ਕਰਨ ਦੀ ਲੋੜ ਹੈ ਕਿਉਂਕਿ ਸਾਡੇ ਦੇਸ਼ ਦੇ ਅਨੇਕਾਂ ਨੰਗੇ ਤੇ ਭੁੱਖੇ ਲੋਕ ਅਸਮਾਨ ਦੀ ਛੱਤ ਹੇਠ ਸੌਂਦੇ ਹਨ। ਖ਼ਰਾਬ ਹੋ ਰਿਹਾ ਅਨਾਜ ਉਨ੍ਹਾਂ ਨੂੰ ਵੰਡ ਦੇਣਾ ਚਾਹੀਦਾ ਹੈ। ਇਸ ਤੋਂ ਬਾਅਦ ਅੱਗੇ ਗੁਰੂ ਜੀ ਨੇ ਹਿੰਦੂ ਤੀਰਥਾਂ, ਜੋਗੀਆਂ ਦੇ ਮੱਠ, ਇਸਲਾਮ ਦੇ ਧਰਮ ਕੇਂਦਰ, ਬ੍ਰਾਹਮਣਾਂ, ਜੋਗੀਆਂ, ਸਿੱਧਾਂ, ਸਈਯਦਾਂ, ਪੀਰਾਂ, ਫ਼ਕੀਰਾਂ, ਸਭਨਾਂ ਦੀਆਂ ਜਨਤਾ ਉੱਤੇ ਹੋ ਰਹੀਆਂ ਵਧੀਕੀਆਂ ਨਸ਼ਰ ਕਰਨੀਆਂ ਪੈਣੀਆਂ ਸਨ, ਇਸ ਲਈ ਉਨ੍ਹਾਂ ਨਾਲ ਵੈਰ ਸਹੇੜਨਾ ਪੈਣਾ ਸੀ। ਦਲੇਰ ਹੋ ਕੇ ਜਨਤਾ ਨੂੰ ਆਪਣੇ ਪੈਰਾਂ ਤੇ ਖੜ੍ਹਾ ਹੋਣ ਲਈ ਦਲੇਰੀ ਤੇ ਹੱਲਾ-ਸ਼ੇਰੀ ਦੇਣੀ ਪੈਣੀ ਸੀ। ਇਹ ਇੱਕ ਬਗਾਵਤ ਦੇ ਤੁੱਲ ਸੀ। ਮਰਦਾਨੇ ਸਾਥੀ ਸਮੇਤ, ਘਰ ਦੀ ਸਰਦਾਰੀ ਨੂੰ ਲੱਤ ਮਾਰ, ਸਰੀਰਕ ਔਖਿਆਈਆ, ਹਜ਼ਾਰਾਂ ਕੋਹਾਂ ਦਾ ਸਫ਼ਰ, ਕਈ ਕਈ ਦਿਨਾਂ ਦੀ ਭੁੱਖ ਤ੍ਰੇਹ, ਕਿਤੇ ਮੀਲਾਂ ਤੱਕ ਰੇਗਿਸਤਾਨ ਹੀ ਰੇਗਿਸਤਾਨ, ਕਹਿਰ ਦੀਆਂ ਲੋਆਂ ਵਿੱਚ ਭੱਠ -ਤਪਦੇ ਰੇਤ ਥਲੇ, ਕਿਤੇ ਜੰਗਲ ਹੀ ਜੰਗਲ, ਜਿਥੇ ਲਹੂ-ਪੀਣੇ ਮੱਛਰ ਨਾ ਦਿਨੇ ਚੈਨ ਲੈਣ ਨਾ ਰਾਤ ਨੂੰ, ਨਾ-ਮਾਤਰ ਕੱਜ ਵਿੱਚ ਗਰਮੀ ਤੇ ਸਰਦੀ ਦਾ ਕਸ਼ਟ, ਓਪਰੇ ਲੋਕ, ਕਿਤੇ ਜੰਗਲੀ ਤੇ ਮਾਣਸ-ਖਾਣੇ ਲੋਕਾਂ ਦਾ ਮੁਕਾਬਲਾ ਕਰਨ ਲਈ ਪਹਾੜ ਜਿੱਡਾ ਜਿਗਰਾ ਕਰਕੇ, ਇੱਕ ਲੰਮਾ ਕੁੜਤਾ, ਸਿਰ ਤੇ ਪੱਗ ਤੇ ਤੇੜ ਚਾਦਰ, ਭਾਰਤ ਦੇ ਆਮ ਸਾਧਾਂ-ਸੰਤਾਂ ਵਾਲੇ ਗੇਰੂਏ ਰੰਗ ਦੇ ਇਹ ਬਸਤਰ ਪਹਿਨੀ ਪਹਿਲੀ ਉਦਾਸੀ ਸੰਨ 1508 ਈ: ਨੂੰ ਘਰੋਂ ਨਿਕਲ ਪਏ। ਅਮੀਰ ਪਰਿਵਾਰ ਦੇ ਪੁੱਤਰ ਨੂੰ ਉਦਾਸੀਆਂ ਵਾਲੇ ਭੇਸ ਵਿੱਚ ਤੱਕ ਕੇ ਮਾਂ-ਬਾਪ ਆਪਣੇ ਅੱਥਰੂ ਨਾ ਰੋਕ ਸਕੇ।

ਪਹਿਲੀ ਉਦਾਸੀ ਸਮੇਂ ਏਮਨਾਬਾਦ (ਸੈਦਪੁਰ) ਗਰੀਬ, ਕਿਰਤੀ ਪ੍ਰੰਤੂ ਸਤਸੰਗੀ ਭਾਈ ਲਾਲੋ ਤਰਖ਼ਾਣ ਦੇ ਘਰ ਰੋਟੀ ਖਾ ਕੇ ਸੁੱਤੇ। ਸੂਬਾ ਉਥੋਂ ਦੇ ਸਭ ਤੋਂ ਅਮੀਰ ਮਲਕ ਭਾਗੋ ਦੇ ਪਿਤਾ ਦਾ ਸ਼ਰਾਧ ਸੀ। ਪੇਟ ਪਾਲੂ, ਗੋਗੜਾਂ ਵਾਲੇ, ਪਾਖੰਡੀ ਸਾਧ ਤਾਂ ਕਈ ਦਿਨਾਂ ਦੇ ਡੇਰੇ ਲਾਈ ਬੈਠੇ ਸਨ। ਪ੍ਰੰਤੂ ਗੁਰੂ ਨਾਨਕ ਦੇਵ ਜੀ ਤਿੰਨ ਵਾਰ ਸੱਦਾ ਔਣ ਤੇ ਹੀ ਉਸ ਦੇ ਘਰ ਗਏ। ਸਭ ਤੋਂ ਪਹਿਲਾਂ ਮਲਕ ਭਾਗੋ ਨੇ ਹੈਂਕੜ ਕੇ ਕਿਹਾ, "ਮੇਰਾ ਘਰ ਛੱਡਕੇ ਤੁਸੀਂ ਨੀਚ ਲਾਲੋ ਦੇ ਘਰ ਦਾ ਖਾਣਾ ਖਾਧਾ ਹੈ। ਗੁਰੂ ਜੀ ਨੇ ਕਿਹਾ, "ਸਭ ਲੋਕ ਇਕੋ ਪ੍ਰਮਾਤਮਾ ਦੇ ਪੈਦਾ ਕੀਤੇ ਹੋਏ ਹਨ, ਕੋਈ ਉਚਾ ਨੀਂਵਾਂ ਨਹੀਂ ਜੇ ਤੁਸੀਂ ਕਹਿੰਦੇ ਹੋ ਮੈਂ ਤਾਂ ਸੰਗੀ-ਸਾਥੀ ਹੀ ਇਨ੍ਹਾਂ ਦਾ ਹਾਂ।"

"ਨੀਚਾ ਅੰਦਰ ਨੀਚ ਜਾਤਿ ਨੀਚੀ ਹੂ ਅਤਿ ਨੀਚੁ।"

ਬਾਕੀ ਰਹੀ ਗੱਲ ਤੇਰੇ ਬ੍ਰਹਮ ਭੋਜ ਦੀ, ਇਹ ਸਭ ਪਦਾਰਥ ਮਾਸ ਤੋਂ ਬਣੇ ਹੋਏ ਹਨ ਤੇ ਅਸੀਂ ਕਦੇ ਮਾਸ ਨਹੀਂ ਖਾਧਾ। ਮਲਕ ਭਾਗੋ ਤਿਲਮਲਾ ਉੱਠਿਆ, "ਮਾਸ" ? "ਇਹ ਤਾਂ ਸਾਰੇ ਵੈਸ਼ਨੂੰ ਪਕਵਾਨ ਹਨ" ਤਾਂ ਗੁਰੂ ਜੀ ਕਹਿੰਦੇ, "ਕੇਵਲ ਮਾਸ" ਹੀ ਨਹੀਂ "ਜ਼ਹਿਰ" ਵੀ ਹੈ। ਗ਼ਰੀਬਾਂ ਦਾ ਖ਼ੂਨ ਚੂਸ ਕੇ ਉਸ ਵਿੱਚ ਮਾਹਲ-ਪੂੜੇ ਤਲੇ ਹਨ ਤੇ ਖ਼ੀਰ ਵਿੱਚ ਗ਼ਰੀਬਾਂ ਦੀ ਚਰਬੀ ਦਿਸਦੀ ਹੈ, ਜਦੋਂ ਕਿ ਕਿਰਤੀ ਭਾਈ ਲਾਲੋ ਦੀ ਰੋਟੀ ਵਿੱਚ ਅੰਮ੍ਰਿਤ ਤੇ ਦੁੱਧ ਹੈ। ਉਸਨੂੰ ਪ੍ਰਤੱਖ ਅਹਿਸਾਸ ਕਰਵਾ ਕੇ ਸਾਰੀ ਦੌਲਤ ਗ਼ਰੀਬਾਂ ਨੂੰ ਵੰਡਣ ਲਈ ਕਿਹਾ। ਕਰਾਮਾਤ ਵਰਗੀ ਅਸਲੀਅਤ ਵੇਖ ਗੁਰੂ ਜੀ ਨਾਲ ਹੀ ਬਹੁਤ ਸਾਰੇ ਲੋਕ ਚੱਲ ਪਏ।

29 ਮਾਰਚ 1508 ਈਸਵੀ ਦਿਨ ਸੋਮਵਾਰ ਯੂ.ਪੀ. ਦੇ ਜ਼ਿਲ੍ਹਾ ਸਹਾਰਨਪੁਰ ਦੇ ਗੰਗਾ ਨਦੀ ਦੇ ਕੰਢੇ, ਹਿੰਦੂਆਂ ਦੇ ਮਹਾਨ ਤੀਰਥ ਹਰਿਦੁਆਰ ਪਹੁੰਚੇ। ਗੁਰੂ ਜੀ ਅਜਿਹੇ ਇੱਕਠਾ ਤੇ ਆਪਣੀ ਵਿਚਾਰਧਾਰਾ ਦਾ ਪ੍ਰਚਾਰ ਕਰਨ ਲਈ ਮਿੱਥ ਕੇ ਜਾਂਦੇ ਸਨ। ਲੱਖਾਂ ਦੀ ਗਿਣਤੀ ਵਿੱਚ ਲੋਕ ਗੰਗਾ ਵਿੱਚ ਇਸ਼ਨਾਨ ਕਰਕੇ ਚੜਦੇ ਵੱਲ ਪਾਣੀ ਸੁੱਟ ਰਹੇ ਸਨ। ਗੁਰੂ ਜੀ ਮਰਦਾਨੇ ਸਮੇਤ ਛਿਪਦੇ ਵੱਲ ਪਾਣੀ ਸੁੱਟਣ ਲੱਗੇ। ਵੱਡੇ ਹਜ਼ੂਮ ਦੇ ਵਿਚਲੇ ਬੰਦਿਆਂ ਨੇ ਗੁਰੂ ਸਾਹਿਬ ਤੇ ਸਵਾਲ ਕੀਤਾ, "ਤੁਸੀਂ ਪਾਣੀ ਕਿੱਧਰ ਡੋਲ੍ਹ ਰਹੇ ਹੋ ?" ਗੁਰੂ ਜੀ ਨੇ ਜਵਾਬ ਦੇਣ ਦੇ ਥਾਂ ਉਲਟਾ ਉਨ੍ਹਾਂ ਤੇ ਹੀ ਸਵਾਲ ਕੀਤਾ, "ਤੁਸੀਂ ਪਾਣੀ ਕਿੱਧਰ ਸੁੱਟ ਰਹੇ ਹੋ ?" ਉਨ੍ਹਾਂ ਨਾਲ ਗੱਲ ਕਰਨ ਤੋਂ ਬਾਅਦ ਗੁਰੂ ਜੀ 'ਤੇ ਮਰਦਾਨਾਂ ਅੱਗੇ ਤੋਂ ਵੱਧ ਜ਼ੋਰ ਨਾਲ ਪਾਣੀ ਚੁੱਕ ਕੇ ਸੁੱਟਣ ਲੱਗੇ। ਇੱਕਠ ਵਿੱਚੋਂ ਹੋਰ ਬੰਦੇ ਆ ਕੇ ਬੋਲੇ, "ਅਸੀਂ ਆਪਣੇ ਮਰ ਚੁੱਕੇ ਪਿੱਤਰਾਂ ਨੂੰ ਪਾਣੀ ਭੇਜ ਰਹੇ ਹਾਂ, ਜੋ ਸੂਰਜ ਰਾਹੀਂ ਉਨ੍ਹਾਂ ਨੂੰ ਮਿਲ ਜਾਵੇਗਾ।" ਗੁਰੂ ਸਾਹਿਬ ਕਹਿੰਦੇ, "ਪੰਜਾਬ ਵਿੱਚ ਮੀਂਹ ਨਾ ਪੈਣ ਕਾਰਨ ਆਪਣੀਆ ਬੀਜੀਆਂ ਹੋਈਆਂ ਫ਼ਸਲਾਂ ਨੂੰ ਸੋਕੇ ਤੋਂ ਬਚਾਉਣ ਲਈ ਉਨ੍ਹਾਂ ਨੂੰ ਪਾਣੀ ਦੇ ਰਹੇ ਹਾਂ।" ਪਿੱਤਰਾਂ ਨੂੰ ਪਾਣੀ ਦੇਣ ਦਾ ਭਰਮ ਪਾਲਣ ਵਾਲੇ ਕਹਿੰਦੇ, "ਤੁਹਾਡਾ ਪਾਣੀ ਤੁਹਾਡੇ ਖੇਤਾਂ ਵਿੱਚ ਕਿਵੇਂ ਪਹੁੰਚ ਜਾਵੇਗਾ ?" ਹਾਜ਼ਰ ਜਵਾਬ ਗੁਰੂ ਜੀ ਨੇ ਕਿਹਾ, "ਜੇਕਰ

ਤੁਹਾਡਾ ਪਾਣੀ ਓਨੰਜਾ ਹਜ਼ਾਰ ਕੋਹ ਤੇ ਸੜੇ ਬਿਨਾਂ ਪੁੱਜ ਸਕਦਾ ਹੈ ਤਾਂ ਸਾਡਾ ਕੇਵਲ ਤਿੰਨ ਸੌ ਕੋਹ ਤੱਕ ਵੀ ਨਹੀਂ ਪਹੁੰਚ ਸਕੇਗਾ ?" ਗੁਰੂ ਜੀ ਦਾ ਦਲੇਰੀ ਭਰਿਆ ਉੱਤਰ ਸੁਣ ਕੇ ਪੰਡਤ ਛਿੱਥੇ ਪੈ ਗਏ। ਜਿੱਤ ਗੁਰੂ ਸਾਹਿਬ ਦੀ ਹੋਈ। ਇਤਨੀ ਭੀੜ ਵਿੱਚ ਸਿੱਧਿ ਪ੍ਰਚਾਰ ਨਾਲ ਕਿਸਨੇ ਮੰਨਣਾ ਸੀ। ਭੀੜ ਵਿੱਚੋਂ ਅਨੇਕਾਂ ਲੋਕਾਂ ਨੂੰ ਆਪਣੇ ਪਿੱਛੇ ਲਾਉਣਾ 'ਨਾਟਕੀ ਢੰਗ' ਦੀ ਕਰਾਮਾਤ ਹੀ ਸੀ। ਜੇਕਰ ਸਾਰੀਆਂ ਮਿਸਾਲਾਂ ਲਿਖੀਏ ਤਾਂ ਲੇਖ ਬਹੁਤ ਲੰਮਾ ਹੋ ਜਾਵੇਗਾ। ਇਸੇ ਤਰ੍ਹਾਂ ਗੁਰੂ ਸਾਹਿਬ ਦੇ ਸ਼ਬਦ,"ਸੱਜਣ ਸੇਈ ਨਾਲਿ ਮਹਿ...। ਪੂਰਾ ਸ਼ਬਦ ਰਬਾਬ ਤੇ ਗਾਇਆ ਤਾਂ ਸੱਜਣਾਂ ਦਾ ਦਿਲ ਕੰਬ ਗਿਆ। ਉਸਨੂੰ ਸੱਚ-ਮੁੱਚ ਦਾ ਸੱਜਣ ਬਣਾ ਕੇ ਆਪਣਾ ਪਹਿਲਾ 'ਪ੍ਰਚਾਰਕ' ਥਾਪਿਆ। ਸਿੱਧਾਂ, ਗੋਰਖ ਨਾਥ, ਭਰਥਰੀ ਹੋਰਾਂ ਨੂੰ ਸਮਝਾਇਆ ਕਿ ਅਸੀਂ ਗ੍ਰਹਿਸਥ ਨਹੀਂ ਤਿਆਗਿਆ ਸਗੋਂ ਮਾਇਆ ਤੋਂ ਨਿਰਲੇਪ ਹੋ ਕੇ ਵਿਚਰ ਰਹੇ ਹਾਂ। ਜਦੋਂ ਕਿ ਤੁਸੀਂ ਗ੍ਰਹਿਸਥ ਤਿਆਗ ਕੇ ਉਨ੍ਹਾਂ ਦੇ ਘਰ ਮੰਗਣ ਜਾਂਦੇ ਹੋਂ। ਭੂਮੀਏ ਚੋਰ ਨੂੰ ਨਾਟਕੀ ਢੰਗ ਨਾਲ ਚੋਰੀ ਕਰਨੀ ਛੁਡਵਾਈ।

ਤੀਜੀ ਉਦਾਸੀ (1518-1521) ਦਰਮਿਆਨ 5 ਦਸੰਬਰ 1519 ਨੂੰ ਇਸਲਾਮ ਦੇ ਸਭ ਤੋਂ ਵੱਡੇ ਤੀਰਥ ਮੱਕੇ ਪਹੁੰਚੇ ਜਿੱਥੇ ਸਾਰੀ ਦੁਨੀਆਂ ਦੇ ਮੁਸਲਮਾਨ ਇੱਕ ਵਿਸ਼ੇਸ਼ ਦਿਨ ਤੇ ਹਾਜਰੀ ਦੇ ਤੌਰ ਤੇ ਪਹੁੰਚਦੇ ਹਨ। ਰਾਤ ਠਹਿਰ ਕੇ ਅਗਲੇ ਦਿਨ "ਅੱਲਾ ਹੂ ਅਕਬਰ" ਕਹਿ ਕੇ ਜਾਨਵਰਾਂ ਦੀ ਬਲੀ ਦਿੰਦੇ ਹਨ। ਗੁਰੂ ਜੀ ਵੀ ਰਾਤ ਨੂੰ ਉਨ੍ਹਾਂ ਵਾਲੇ ਭੇਸ ਵਿੱਚ ਮੱਕੇ ਪਹੁੰਚ ਗਏ ਤੇ ਕਾਅਬੇ ਵੱਲ ਪੈਰ ਪਸਾਰ ਕੇ ਪੈ ਗਏ। ਵਰਨਣ ਯੋਗ ਹੈ ਕਿ ਜਿਸ ਇਲਾਕੇ ਵਿੱਚ ਗੁਰੂ ਜੀ ਜਾਂਦੇ ਉਨ੍ਹਾਂ ਵਾਲੇ ਲਿਬਾਸ ਵਿੱਚ ਜਾਂਦੇ ਤੇ ਉਨ੍ਹਾਂ ਦੇ ਹੀ ਧਰਮ ਵਿਚਲੀਆਂ ਕੁਰੀਤੀਆਂ ਦਾ ਵਿਰੋਧ ਕਰਦੇ। ਇਓਂ ਗੁਰੂ ਜੀ ਮੌਤ ਨੂੰ ਮਖ਼ੌਲ ਹੀ ਕਰਦੇ ਸਨ। ਮੱਕੇ ਗੁਰੂ ਜੀ ਨੂੰ ਆਮ ਲੋਕ ਭੰਗ-ਪੀਤੀ ਜਾਂ ਪਾਗਲ ਸਮਝਕੇ ਅਣਡਿੱਠ ਕਰਕੇ ਕੋਲੋਂ ਲੰਘਦੇ ਰਹੇ ਪ੍ਰੰਤੂ ਜੀਵਨ ਨਾਮ ਦਾ ਕਾਜ਼ੀ ਭਾਰਤੀ ਜੱਥੇ ਨਾਲ ਗਿਆ ਸੀ, ਉਸ ਨੇ ਗੁਰੂ ਜੀ ਦੇ ਠੁੱਡਾ ਮਾਰਿਆ ਤੇ ਕ੍ਰੋਧ ਵਿੱਚ ਬੋਲਿਆ,"ਤੂੰ ਕਾਅਬੇ ਵੱਲ ਪੈਰ ਕਿਓਂ ਪਸਾਰੇ ਹਨ ?" ਗੁਰੂਜੀ ਨਿਮਰਤਾ ਸਹਿਤ ਬੋਲੇ, "ਸ਼ੇਖ ਜੀ ਮੇਰੇ ਪੈਰ ਉਸ ਪਾਸੇ ਵੱਲ ਕਰ ਦਿਓ ਜਿੱਧਰ ਕਾਅਬਾ ਨਹੀਂ ਹੈ, ਪ੍ਰੰਤੂ ਵਿਚਾਰ ਲੈਣਾ ਉਧਰ ਕਾਅਬਾ ਨਾ ਹੋਵੇ।" ਗੱਲ ਸਾਧਾਰਨ ਸੀ ਪ੍ਰੰਤੂ ਜੀਵਨ ਤੇ ਹੋਰ ਕਾਜ਼ੀ ਠਠੰਬਰ ਗਏ। ਦੂਸਰੇ ਹਾਜੀ ਭੀ ਸਮਝ ਗਏ। ਪਹਿਲਾਂ ਦੀ ਤਰ੍ਹਾਂ ਉਨ੍ਹਾਂ ਨੂੰ ਨਾਟਕੀ ਬੋਲਾਂ ਨਾਲ ਸਮਝ ਆ ਗਈ ਕਿ ਖ਼ੁਦਾ ਦਾ ਘਰ ਤਾਂ ਹਰ ਪਾਸੇ ਹੈ। "ਪੁੱਛਣ ਕਿਤਾਬ ਨੂੰ ਹਿੰਦੂ ਵੱਡਾ ਕਿ ਮੁਸਲਮ ਹੋਈ। ਬਾਬਾ ਆਖੇ ਹਾਜੀਆ ਸ਼ੁਭ ਅਮਲਾਂ ਬਾਝੋਂ ਦੋਵੇ ਰੋਈ।"

ਅਖ਼ੀਰ ਗੁਰੂ ਨਾਨਕ ਦੇਵ ਜੀ ਅਰਬ ਦੇਸ਼ਾਂ ਤੱਕ ਅੰਧ-ਵਿਸ਼ਵਾਸ਼ ਵਹਿਮ-ਭਰਮ, ਜ਼ਾਤ-ਪਾਤ, ਊਚ-ਨੀਚ, ਏਕ ਪਿਤਾ ਏਕਸ ਕੇ ਹਮ ਬਾਰਿਕ, ਦਾ ਪ੍ਰਚਾਰ ਕਰਕੇ 1521 ਈਸਵੀ ਨੂੰ ਉਦਾਸੀ ਭੇਖ ਉਤਾਰ ਕੇ 52 ਸਾਲ ਦੀ ਉਮਰੇ ਕਰਤਾਰਪੁਰ (ਪਾਕਿਸਤਾਨ) ਵਿਖੇ ਪੱਕਾ ਟਿਕਾਣਾ ਬਣਾ ਕੇ, ਦੱਬ ਕੇ ਹਲ ਵਾਹ ਕੇ ਖੇਤੀ ਕੀਤੀ। ਆਪ ਨੇ 'ਜਪੁਜੀ' ਤੋਂ ਬਿਨਾਂ 19 ਰਾਗਾਂ ਵਿੱਚ ਬਾਣੀ ਉਚਾਰ ਕੇ, ਛੇ ਤਾਰਾਂ ਵਾਲੀ ਰਬਾਬ ਤੇ ਗਾ ਕੇ ਪਹਿਲੇ ਕੀਰਤਨੀਏ ਬਣੇ। ਸੰਗਤ ਪੰਗਤ ਦੇ ਨਾਲ, ਨਾਮ ਜਪੋ ਵੰਡ ਛਕੋ ਦੇ ਨਾਅਰੇ ਨੂੰ ਅਪਣਾ ਕੇ ਜਦੋਂ 22 ਸਤੰਬਰ 1539 ਈਸਵੀ ਨੂੰ ਜੋਤੀ ਜੋਤ ਸਮਾਏ ਤਾਂ ਹਿੰਦੂ-ਮੁਸਲਮਾਨਾਂ ਦੋਹਾਂ ਵਿੱਚ ਹਰਮਨ ਪਿਆਰੇ ਹੋਣ ਦਾ ਸਬੂਤ ਵੇਖਣ ਨੂੰ ਉਦੋਂ ਮਿਲਿਆ ਜਦੋਂ ਹਿੰਦੂਆਂ ਨੇ ਅੱਧੀ ਚਾਦਰ ਦਾ ਸੰਸਕਾਰ ਕੀਤਾ ਅਤੇ ਮੁਸਲਮਾਨਾਂ ਨੇ ਅੱਧੀ ਚਾਦਰ ਦਫ਼ਨਾ ਕੇ ਆਪਣੇ ਸਤਿਕਾਰ ਦਾ ਸਬੂਤ ਦਿੱਤਾ। ਕਰਤਾਰਪੁਰ ਅੱਜ ਭੀ ਮਜ਼ਾਰ ਤੇ ਗੁਰਦੁਆਰਾ ਸਾਹਿਬ ਦੀ ਕੰਧ ਸਾਂਝੀ ਹੈ। ਤਦ ਹੀ ਗੁਰੂ ਨਾਨਕ ਨੂੰ ਮਨੁੱਖਤਾ ਦਾ ਸਾਂਝੇ ਗੁਰੂ ਬਾਰੇ ਸਰ ਮੁਹੰਮਦ ਇਕਬਾਲ (ਗ਼ੈਰ-ਸਿੱਖ) ਨੇ ਲਿਖਿਆ ਹੈ :-

"ਫਿਰ ਉੱਠੀ ਆਖ਼ਰ ਸਦਾ,
ਤੌਹੀਦ ਕੀ ਪੰਜਾਬ ਸੇ।
ਹਿੰਦ ਕੋ ਇੱਕ ਮਰਦਿ-ਕਾਮਲ
ਨੇ ਜਗਾਇਆ ਖ਼ਾਬ ਸੇ।"

-96461-41243

--o--

ਫੋਕੇ ਜਸ਼ਨ

-ਮਲਕੀਤ ਦਰਦੀ



ਧਰਮੀ ਤਰਕਸ਼ ਵਿੱਚੋਂ ਨੇਤਾ
ਗੁੱਝਾ ਤੀਰ ਚਲਾ ਦਿੰਦੇ ਨੇ।
ਇੱਕ ਪਾਸੇ ਅੱਗ ਬੁਝਦੀ ਨਾ
ਦੂਜੇ ਪਾਸੇ ਲਾ ਦਿੰਦੇ ਨੇ।
ਦਾਨੀ ਤਾਂ ਪੁੰਨ-ਦਾਨ ਹੈ ਕਰਦਾ
ਦੁੱਖਦਾ ਢਿੱਡ ਭੰਡਾਰੀ ਦਾ।
ਸਦੀਆਂ ਪੁਰਾਣਾ ਸੀ ਜੋ ਮੰਦਰ
ਵਿੱਚ ਪਲਾਂ ਦੇ ਢਾ ਦਿੰਦੇ ਨੇ।
ਭੱਤੇ ਅਤੇ ਬਕਾਇਆ ਭੱਤੇ
ਕਲਗੀਆਂ ਵਾਲੇ ਲੈ ਜਾਂਦੇ ਨੇ।
ਖਜਾਨੇ ਦਾ ਬਹਾਨਾ ਬਣਾ ਕੇ
ਦੂਜਿਆਂ ਨੂੰ ਟਰਕਾ ਦਿੰਦੇ ਨੇ।
ਘਰਾਂ ਤੱਕ ਤਾਂ ਜੰਗ ਆ ਪਹੁੰਚੀ
ਪਟਾਕੇ ਵੀ ਚੰਦ ਉਤੋਂ ਸੁਣਦੇ।
ਢਿੱਡਾਂ ਦੀ ਭੁੱਖ ਮਿਟੀ ਨਾ ਹਾਲੇ
ਚੰਦ ਤੇ ਨਗਰ ਵਸਾ ਦਿੰਦੇ ਨੇ।
ਬਿਨ ਖਾਧੇ ਹਾਜਮੋਲੇ ਤੋਂ ਹੀ
ਨੇਤਾ ਦਾ ਹੈ ਤੇਜ ਹਾਜਮਾ।
ਤੋਪ ਜਹਾਜਾਂ ਦੇ ਵੀ ਪੁਰਜੇ
ਢਿੱਡ ਦੇ 'ਚ ਖਪਾ ਦਿੰਦੇ ਨੇ।
ਚਿਨਾਰਾਂ ਉੱਤੋਂ ਦਫਾ ਹਟਾਕੇ
ਕਹਿੰਦੇ ਭਾਰਤ ਇੱਕ ਹੋ ਗਿਆ।
ਵੋਟਾਂ ਵੇਲੇ ਖ਼ੂਨ ਦੇ ਰਿਸ਼ਤੇ 'ਚ
ਵੀ ਪਾਟਕ ਪਾ ਦਿੰਦੇ ਨੇ।
ਸੋਹਲੇ ਜਿਹੜੇ ਗਾਵੇ ਕੁਰਸੀ
ਮੁੱਖੀ ਬਰਾਬਰ ਡਹਿ ਜਾਂਦੀ ਹੈ।
ਰੱਖੇ ਸੋਚ ਵਿਰੋਧੀ ਉਸਦੀ
ਧੁਰ ਦੀ ਟਿਕਟ ਕਟਾ ਦਿੰਦੇ ਨੇ।
ਬਹੱਤਰ ਸਾਲ ਦੀ ਹੋਈ ਅਜਾਦੀ
'ਦਰਦੀ' ਬੈਠਾ ਸੋਚੀ ਜਾਵੇ।
ਹਰ ਚਿਹਰਾ ਮੁਰਝਾਇਆ ਦਿਸਦਾ
ਫੋਕੇ ਜਸ਼ਨ ਮਨਾ ਦਿੰਦੇ ਨੇ।

-73474-89902

--0--

ਦੋ ਕਵਿਤਾਵਾਂ

-ਸੁਨੀਲ ਕੁਮਾਰ ਨੀਲ

(1)

ਉਡੀਕ

ਜਦ ਵੀ ਤੇਰਾ ਨਾਂ ਆਵੇਗਾ,
ਬਣ ਕੇ ਠੰਡੀ ਛਾਂ ਆਵੇਗਾ।

ਹੋ ਤੱਪਦੇ ਪੈਰਾਂ ਦੀ ਮੰਜ਼ਿਲ,
ਬਣ ਕੇ ਇਕ ਗਰਾਂ ਆਵੇਗਾ।

ਸੁਫ਼ਨਾ ਜੋ ਕਲ ਹੀ ਆਇਆ,
ਰਬ ਹੀ ਬਣ ਕੇ ਮਾਂ ਆਵੇਗਾ।

ਪੰਛੀ ਪਏ ਮਰਦੇ ਨੇ ਪਿਆਸੇ,
ਕਦ ਬੱਦਲਾਂ ਦਾ ਹਾਂ ਆਵੇਗਾ।

ਸ਼ਾਇਦ ਜਦ ਮੈਂ ਮਿੱਟੀ ਹੋਸਾਂ,
ਤੈਨੂੰ ਭਰੋਸਾ ਤਾਂ ਆਵੇਗਾ।

--0--

(2)

ਸਿੱਖਿਆ ਵਪਾਰ

ਉਹ
ਜੋ ਚਾਹੁੰਦੇ ਹਨ
ਕਿ ਤੁਸੀਂ ਅਤੇ ਤੁਹਾਡੇ ਨਿਆਣੇ
ਨਾ ਕਰੋ ਵਿਸ਼ਵਾਸ ਕਿਰਤ 'ਤੇ
ਅਤੇ ਬਣ ਜਾਵੋਂ ਮੁਫਤਖੋਰ ਨਿਕੰਮੇ,
ਅਕਸਰ ਮੁਫਤ ਵੰਡਦੇ ਹਨ
ਬਿਜਲੀ, ਪਾਣੀ,
ਮੋਬਾਇਲ, ਡੈਟਾ
ਅਤੇ ਹੋਰ ਬਹੁਤ ਕੁਝ।

ਅਸਲ ਵਿਚ ਉਹ
ਨਹੀਂ ਚਾਹੁੰਦੇ ਕਿ ਖ਼ਤਮ ਹੋਵੇ
ਅਕਿਰਤੀ ਤੇ ਕਿਰਤੀ ਦਾ ਪਾੜਾ,
ਸਿੱਖਿਅਤ ਤੇ ਅਸਿੱਖਿਅਤ ਦਾ ਰਾੜਾ,
ਤਾਹੀਓ ਤਾਂ ਉਹ
ਮੁਫਤ ਨਹੀਂ ਹੋਣ ਦਿੰਦੇ
ਵਪਾਰੀਕਰਨ ਦੀ ਪੌੜੀ ਚੜ੍ਹ ਚੁੱਕੀ
ਸਿੱਖਿਆ ਨੂੰ।

-94184-70707

--0--

ਘਰ ਬੈਠੇ ਬੱਚਾ ਜਾਂ ਬਲਾਤਕਾਰ

-ਮੂਲ ਲੇਖਿਕਾ : ਸੀਮਾਠਾਕਰ

ਅਨੁਵਾਦ : ਪਵਨ ਕੁਮਾਰ ਰੱਤੋਂ

ਹਰੇਕ ਅਖ਼ਬਾਰ ਦੇ ਛੋਟੇ ਇਸ਼ਤਿਹਾਰਾਂ ਵਿੱਚੋਂ ਜ਼ਿਆਦਾ ਇਸ਼ਤਿਹਾਰ 'ਬਾਬਾ ਕੇ ਪਾਸ ਆਈਏ ਔਰ ਜਾਇਦਾਦ, ਪਤੀ ਪਤਨੀ ਦੇ ਝਗੜੇ, ਸੌਤਨ ਤੋਂ ਛੁਟਕਾਰਾ ਪਾਈਏ ਵਰਗੇ ਹੁੰਦੇ ਹਨ।

ਅਜਿਹੇ ਇਸ਼ਤਿਹਾਰ ਦੇਣ ਵਾਲੇ ਬਾਬਿਆਂ ਦਾ ਦਾਅਵਾ ਹੁੰਦਾ ਹੈ ਕਿ ਉਹ ਕਿਸੇ ਵੀ ਵੱਡੀ ਤੋਂ ਵੱਡੀ ਪ੍ਰੇਸ਼ਾਨੀ ਨੂੰ ਚੁਟਕੀ ਵਜਾਉਂਦੇ ਸਾਰ ਹੱਲ ਕਰ ਸਕਦੇ ਹਨ, ਉਹ ਆਪਣੇ ਆਪ ਨੂੰ ਤੰਤਰ ਵਿੱਦਿਆ ਵਿੱਚ ਮਾਹਰ ਤਾਂਤਰਿਕ ਦੱਸਦੇ ਹਨ। ਇਸ਼ਤਿਹਾਰ ਦੁਆਰਾ ਉਹ ਘਰ ਬੈਠੇ ਲੋਕਾਂ ਤੱਕ ਅਸਾਨੀ ਨਾਲ ਪਹੁੰਚ ਜਾਂਦੇ ਹਨ।

ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਲੋਕ ਇਹਨਾਂ ਦੇ ਇਸ ਛਲਾਵੇ ਵਿੱਚ ਆ ਵੀ ਜਾਂਦੇ ਹਨ। ਉਹ ਇਹਨਾਂ ਨੂੰ ਫ਼ੋਨ ਕਰਦੇ ਹਨ, ਆਪਣੀਆਂ ਪ੍ਰੇਸ਼ਾਨੀਆਂ ਸੁਣਾਂਦੇ ਹਨ, ਕਈ ਵਾਰ ਤਾਂ ਇਹ ਪਾਖੰਡੀ ਬਾਬੇ ਉਹਨਾਂ ਨੂੰ ਫ਼ੋਨ ਉੱਤੇ ਹੀ ਊਲ ਜਲੂਲ ਸੁਝਾਅ ਦਿੰਦੇ ਹਨ ਜਾਂ ਆਪਣੇ ਕੈਂਪ ਜਾਂ ਕਹੇ ਦਫ਼ਤਰ ਵਿੱਚ ਬੁਲਾਂਦੇ ਹਨ।

ਇਹਨਾਂ ਬਾਬਿਆਂ ਦੇ ਕੋਲ ਆਮ ਤੌਰ ਉੱਤੇ ਲੋਕ ਔਲਾਦ ਪ੍ਰਾਪਤ ਕਰਨ ਦੀ ਉਮੀਦ ਵਿੱਚ ਹੀ ਜਾਂਦੇ ਹਨ ਅਤੇ ਇਸ ਪ੍ਰੇਸ਼ਾਨੀ ਤੋਂ ਬਚਣ ਦੇ ਲਈ ਜਾਂ ਤਾਂ ਬਾਬਾ ਇਸਤਰੀ ਨੂੰ ਬਹਿਲਾਫੁਸਲਾ ਕੇ ਸੈਕਸ ਕਰਦੇ ਹਨ ਜਾਂ ਫੇਰ ਉਸਨੂੰ ਬੇਹੋਸ਼ ਕਰਕੇ ਬਲਾਤਕਾਰ।

ਮਹਾਂਰਾਸ਼ਟਰ ਦੀ ਇੱਕ ਵਾਰਦਾਤ ਹੈ। ਆਪਣੇ ਆਪ ਨੂੰ 'ਭਗਵਾਨ ਦਾ ਦੂਤ' ਕਹਿਣ ਵਾਲੇ 45 ਸਾਲ ਦੇ ਅਜਿਹੇ ਹੀ ਇੱਕ ਪਾਖੰਡੀ ਦੇ ਕੋਲ ਇੱਕ ਜ਼ਨਾਨੀ ਪਹੁੰਚੀ। ਉਸ ਇਸਤਰੀ ਨੇ ਜਦ ਬਾਬੇ ਨੂੰ ਆਪਣੀ ਪ੍ਰੇਸ਼ਾਨੀ ਦੱਸੀ ਤਾਂ ਉਹ ਉਸਨੂੰ ਇਕ ਕਮਰੇ ਵਿੱਚ ਲੈ ਗਿਆ। ਉਥੇ ਇਸਤਰੀ ਦੇ ਉਪਰ ਗੰਗਾਜਲ ਛਿੜਕਿਆ ਗਿਆ ਅਤੇ ਉਸਨੂੰ ਨੀਂਦ ਦੀ ਦਵਾਈ ਦਿੱਤੀ ਗਈ। ਦਵਾਈ ਦਾ ਅਸਰ ਹੋਣ ਲੱਗਾ ਤਾ ਬਾਬਾ ਅਤੇ ਉਸਦੇ ਇੱਕ ਨੰਗਧੜੰਗ ਸਾਥੀ ਨੇ ਉਸ ਜਨਾਨੀ ਨੂੰ ਇਧਰ ਉਧਰ ਤੋਂ ਛੂਹਣਾ ਸ਼ੁਰੂ ਕਰ ਦਿੱਤਾ ਅਤੇ ਬਾਅਦ ਵਿੱਚ ਪਖੰਡੀ ਬਾਬੇ ਨੇ ਉਸ ਦਾ ਬਲਾਤਕਾਰ ਕੀਤਾ।

ਇਸ ਮਾਮਲੇ ਉੱਤੇ ਵਕੀਲ ਰੰਜਨਾ ਜੀ ਦਾ ਮੰਨਣਾ ਹੈ ਕਿ ਪੀੜਤ ਜਨਾਨੀਆਂ ਦੁਆਰਾ ਅਜਿਹੇ ਪਖੰਡੀਆਂ ਦੇ ਵਿਰੁੱਧ ਕਿਸੇ ਤਰ੍ਹਾਂ ਦੀ ਕੋਈ ਕਾਰਵਾਈ ਦੀ ਮੰਗ ਨਹੀਂ ਕੀਤੀ ਜਾਂਦੀ ਕਿਉਂਕਿ ਉਹਨਾਂ ਨੂੰ ਸਮਾਜ ਦਾ ਡਰ ਤਾਂ ਹੁੰਦਾ ਹੀ ਹੈ, ਨਾਲ ਹੀ ਇਸ ਗੱਲ ਦਾ ਵੀ ਡਰ ਹੁੰਦਾ ਹੈ ਕਿ ਕਿਤੇ ਉਹਨਾਂ ਦੇ ਪਤੀ ਉਹਨਾਂ ਨੂੰ ਛੱਡ ਨਾ ਦੇਣ।

ਔਲਾਦ ਦੇ ਨਾਂ ਉੱਤੇ ਬਲਾਤਕਾਰ ਹੀ ਸਿਰਫ਼ ਇੱਕ ਅਪਰਾਧ ਨਹੀਂ ਹੈ ਜਿਹੜੇ ਇਹ ਪਖੰਡੀ ਕਰਦੇ ਹਨ, ਸਗੋਂ ਪੂਜਾ ਪਾਠ ਅਤੇ ਦੁੱਖਾਂ ਨੂੰ ਖ਼ਤਮ ਕਰਨ ਦੇ ਨਾਂ ਉੱਤੇ ਲੋਕਾਂ ਨੂੰ ਲੁੱਟਣਾ ਬਲੀ ਚੜਵਾਉਣਾ ਅਤੇ ਟੂਣਾਟੋਟਕਾ ਕਰਨਾ ਵੀ ਇਹਨਾਂ ਦਾ ਪੇਸ਼ਾ ਹੈ।

ਅਜਿਹੇ ਹੀ ਦੋ ਬਾਬਿਆਂ ਵਿੱਚ ਮੁਹੰਮਦ ਆਸਿਫ਼ ਅਤੇ ਮੁਹੰਮਦ ਤਾਹਿਰ ਦੇ ਨਾਂ ਵੀ ਸ਼ਾਮਲ ਹਨ। ਹੈਦਰਾਬਾਦ ਦੇ ਇਹਨਾਂ ਦੋ ਪਖੰਡੀਆਂ ਨੇ ਲਿਬਰਟੀ ਪਲਾਜ਼ਾ ਨਾਂ ਦੀ ਇਮਾਰਤ ਵਿੱਚ ਆਪਣਾ ਦਫ਼ਤਰ ਖੋਲ੍ਹ ਕੇ ਲੋਕਾਂ ਨੂੰ ਠੱਗਣ ਦਾ ਬੜਾ ਹੀ ਚੰਗਾ ਪ੍ਰਬੰਧ ਕੀਤਾ ਹੋਇਆ ਸੀ।

ਜੋਤੀ ਨਾਂਅ ਦੀ ਇੱਕ ਜਨਾਨੀ ਇਹਨਾਂ ਦੇ ਕੋਲ ਆਪਣੀ ਪਰਿਵਾਰਕ ਸਮੱਸਿਆ ਦੇ ਹੱਲ ਲਈ ਆਈ। ਇਹਨਾਂ ਦੋਹਾਂ ਨੇ ਉਸ ਨੂੰ ਕਿਹਾ ਕਿ ਉਸਦੇ ਘਰ ਪਰਿਵਾਰ ਉੱਤੇ ਬੁਰੀਆਂ ਤਾਕਤਾਂ ਦਾ ਸਾਇਆ ਹੈ, ਨਾਲ ਹੀ ਇਹ ਭਰੋਸਾ ਵੀ ਦਿੱਤਾ ਕਿ ਉਨ੍ਹਾਂ ਦੁਆਰਾ ਕੀਤੇ ਗਏ ਟੂਣੇਟੋਟਕੇ ਨਾਲ ਇਹ ਸਾਇਆ ਪੂਰੀ ਤਰ੍ਹਾਂ ਤੋਂ ਹੱਟ ਜਾਵੇਗਾ।

ਨਾਸਮਝੀ ਦੇ ਕਾਰਨ ਜੋਤੀ ਨੇ ਆਪਣੇ ਗਹਿਣੇ ਅਤੇ 50,000/-ਰੁਪਏ ਇਹਨਾਂ ਪਖੰਡੀਆਂ ਦੀ ਝੋਲੀ ਵਿੱਚ ਲਿਆ ਕੇ ਰੱਖ ਦਿੱਤੇ। ਪੈਸੇ ਅਤੇ ਗਹਿਣੇ ਲੈ ਕੇ ਇਹ ਪਾਖੰਡੀ ਉਥੇ ਤੋਂ ਖਿਸਕ ਗਏ। ਜਦ ਕਿ ਜੋਤੀ ਆਪਣਾ ਮੱਥਾ ਪਿੱਟਦੀ ਰਹਿ ਗਈ।

ਮਾਡਰਨ ਬਾਬੇ : ਇਹਨ ਤਾਂਤਰਿਕਾਂ ਅਤੇ ਵਸ਼ੀਕਰਨ ਕਰਨ ਵਾਲੇ ਬਾਬਿਆਂ ਨੇ ਆਪਣਾ ਪੱਧਰ ਬਹੁਤ ਜ਼ਿਆਦਾ ਵਧਾ ਲਿਆ ਹੈ। ਹੁਣ ਸਿਰਫ਼ ਅਖ਼ਬਾਰਾਂ, ਮੈਗਜ਼ੀਨਾ ਅਤੇ ਪੋਸਟਰ ਹੀ ਅਜਿਹਾ ਜ਼ਰੀਆ ਨਹੀਂ ਹਨ ਜਿੰਨ੍ਹਾਂ ਦੇ ਦੁਆਰਾ ਇਹ ਆਪਣਾ ਕਾਰੋਬਾਰ ਫ਼ੈਲਾ ਰਹੇ ਹਨ, ਸਗੋਂ ਹੁਣ ਇਹਨਾਂ ਦੀਆਂ ਵੈਬਸਾਇਟ ਵੀ ਬਣਨ ਲੱਗੀਆਂ ਹਨ। ਅਜਿਹੀ ਹੀ ਇੱਕ ਵੈਬਸਾਈਟ ਉੱਤੇ ਲਿਖਿਆ ਹੋਇਆ ਸੀ,'ਕਹੀਂ ਨਾ ਹੋ ਕਾਮ, ਹਮ ਸੇ ਪਾਏਂ ਸਮਾਧਾਨ ਲਵਮੈਰਿਜ, ਸੌਤਨ, ਦੁਸ਼ਮਣ ਸੇ ਛੁਟਕਾਰਾ, ਨਿਰਾਸ਼ ਪ੍ਰੇਮੀ ਸੰਪਰਕ ਕਰੇਂ....।'

ਇਸ ਵਾਕ ਨੂੰ ਪੜ੍ਹ ਕੇ ਜਿਹੜਾ ਪਹਿਲਾ ਸਵਾਲ ਦਿਮਾਗ ਵਿੱਚ ਆਉਂਦਾ ਹੈ, ਉਹ ਇਹ ਹੈ ਕਿ ਕੀ ਸੱਚਮੁੱਚ ਇਹਨਾਂ ਬੇਤੁਕੀਆਂ ਗੱਲਾਂ ਉੱਤੇ ਲੋਕ ਯਕੀਨ ਕਰਦੇ ਹੋਣਗੇ? ਇਸ ਸਵਾਲ ਦਾ ਜਵਾਬ ਪ੍ਰਾਪਤ ਕਰਨ ਵਿੱਚ ਜ਼ਿਆਦਾ ਦੇਰ ਨਹੀਂ ਲੱਗੀ। ਨਾਲਾਸੋਪਾਰਾ ਇਲਾਕੇ ਵਿੱਚ ਫ਼ਰਜ਼ੀ ਬਾਬਾ, ਸਾਂਈ ਦੇ ਭੇਖ ਵਿੱਚ ਬਲਾਤਕਾਰੀ ਅਤੇ ਦੋ ਭਾਈਆਂ ਨੇ ਬਲੀ ਚੜ੍ਹਾਇਆ ਪਰਿਵਾਰ ਵਰਗੀਆਂ ਘਟਨਾਵਾਂ ਪੜ੍ਹ ਕੇ ਤਾਂ ਯਕੀਨ ਹੋ ਗਿਆ ਕਿ ਭਾਰਤ ਵਿੱਚ ਅੰਧਵਿਸ਼ਵਾਸੀਆਂ ਦੀ ਕਮੀ ਨਹੀਂ ਹੈ।

ਮੁੱਦਾ ਇਹ ਨਹੀਂ ਹੈ ਕਿ ਪਖੰਡੀ ਬਾਬੇ ਬਣਕੇ ਇਹ ਸੱਭ ਅਪਰਾਧ ਕਿਉਂ ਕਰ ਰਹੇ ਹਨ, ਬਲਕਿ ਮੁੱਦਾ ਇਹ ਹੈ ਕਿ ਲੋਕ ਇਹਨਾਂ ਨੂੰ ਇਹ ਅਪਰਾਧ ਕਰਨ ਹੀ ਕਿਉਂ ਦੇ ਰਹੇ ਹਨ?

ਪਖੰਡੀਆਂ ਤੋਂ ਬਚੋ :-ਇਹਨਾਂ ਪਖੰਡੀਆਂ ਉੱਤੇ ਉਂਗਲੀ ਚੁੱਕਣ ਤੋਂ ਪਹਿਲਾਂ ਇਹਨਾਂ ਦੇ ਕੋਲ ਜਾਣ ਵਾਲੇ ਲੋਕਾਂ ਦੀ ਗ਼ਲਤੀ ਨੂੰ ਵੱਡਾ ਮੰਨਣਾ ਜ਼ਿਆਦਾ ਬਿਹਤਰ ਹੋਵੇਗਾ। ਆਖ਼ਰ ਇਹ ਉਹੀ ਲੋਕ ਹਨ ਜਿਹੜੇ ਨਿਰਮਲ ਬਾਬੇ ਦੇ 'ਲਾਲ ਚਟਨੀ ਨਾਲ ਸਮੋਸਾ ਖਾਣ ਦੀ ਬਜਾਏ ਹਰੀ ਚਟਨੀ ਨਾਲ ਖਾਵੋ, ਸਾਰੀਆਂ ਪ੍ਰੇਸ਼ਾਨੀਆਂ ਠੀਕ ਹੋ ਜਾਣਗੀਆਂ' ਵਰਗੇ ਉਪਦੇਸ਼ਾਂ ਉੱਤੇ ਯਕੀਨ ਕਰਦੇ ਹਨ।

ਗੱਲ ਉਥੇ ਹੀ ਆ ਜਾਂਦੀ ਹੈ ਕਿ ਬਚਾਅ ਕੀ ਹੈ? ਤਾਂ ਬਚਾਓ ਇਹੀ ਹੈ ਕਿ ਇਹਨਾਂ ਪਖੰਡੀਆਂ ਦੇ ਪੰਜੇ ਤੋਂ ਦੂਰ ਰਹਿਣਾ। ਘਰ ਵਿੱਚ, ਦਫ਼ਤਰ ਵਿੱਚ ਜਾਂ ਆਪਸੀ ਰਿਸ਼ਤਿਆਂ ਵਿੱਚ ਜਿਹੜਾ ਦੁੱਖ ਹੈ, ਉਹਨਾਂ ਦਾ ਹੱਲ ਤੁਹਾਨੂੰ ਆਪਣੀ ਖੁਦ ਦੀ ਸਮਝਦਾਰੀ ਨਾਲ ਮਿਲੇਗਾ, ਕਿਸੇ ਦੇ ਟੂਣੇਟੋਟਕੇ ਨਾਲ ਨਹੀਂ। ਔਲਾਦ ਨਾ ਹੋਣ ਦੇ ਕਈ ਕਾਰਨ ਹੋ ਸਕਦੇ ਹਨ ਤੇ ਵਿਗਿਆਨ ਵਿੱਚ ਉਹਨਾਂ ਦੇ ਉਪਾਅ ਵੀ ਹਨ। ਇਹਨਾਂ ਬਾਬਿਆਂ ਕੋਲ ਜਾ ਕੇ ਕੋਈ ਭਭੂਤ ਖਾ ਕੇ ਜਾਂ ਬਲਾਤਕਾਰ ਦਾ ਸ਼ਿਕਾਰ ਹੋ ਕੇ ਬੱਚਾ ਪ੍ਰਾਪਤ ਕਰਨਾ ਕੋਈ ਹੱਲ ਨਹੀਂ ਹੈ।

-94173-71455

--0--

ਹੜ੍ਹ ਅਤੇ ਬਾਬੇ

–ਬਲਰਾਜ ਸਿੰਘ ਸਿੱਧੂ ਐਸ.ਪੀ.

ਇਸ ਵੇਲੇ ਅੱਧਾ ਪੰਜਾਬ ਹੜ੍ਹਾਂ ਕਾਰਨ ਬਰਬਾਦ ਹੋਇਆ ਪਿਆ ਹੈ ਪਰ ਜੱਗ ਤਾਰਨ ਵਾਲੇ ਜਾਣੀ ਜਾਣ ਬਾਬੇ ਦ੍ਰਿਸ਼ਾਵਲੀ ਤੋਂ ਬੁਰੀ ਤਰ੍ਹਾਂ ਗਾਇਬ ਹਨ। ਸਿਰਫ਼ ਬਲਬੀਰ ਸਿੰਘ ਸੀਚੇਵਾਲ ਅਤੇ ਖਾਲਸਾ ਏਡ ਨੂੰ ਛੱਡਕੇ ਹੋਰ ਕੋਈ ਸਾਧ, ਸੰਤ, ਸ੍ਰੀਮਾਨ, ਬ੍ਰਹਮ ਗਿਆਨੀ, ਕਾਰ ਸੇਵਾ ਵਾਲਾ ਅਤੇ ਮਹਾਂਮੰਡਲੇਸ਼ਵਰ ਇਸ ਕਰੋਪੀ ਦੌਰਾਨ ਲੋਕਾਂ ਦੀ ਮੱਦਦ ਕਰਨ ਲਈ ਨਹੀਂ ਬਹੁੜਿਆ। ਇਸ ਭਿਆਨਕ ਗਰਮੀ ਵਿੱਚ ਆਪਣੇ ਏ.ਸੀ. ਡੇਰੇ ਅਤੇ ਦੋ-ਦੋ ਕਰੋੜ ਦੀਆਂ ਕਾਰਾਂ ਦੀ ਠੰਡਕ ਛੱਡ ਕੇ ਆਮ ਲੋਕਾਂ ਦੀ ਸੇਵਾ ਕਰਨਾ ਬਾਬਿਆਂ ਦੇ ਵੱਸ ਦੀ ਗੱਲ ਨਹੀਂ। ਬੀਬੀਆਂ ਤੋਂ ਲੱਤਾਂ ਘੁਟਵਾਉਣ, ਪੁੱਤ ਬਖਸ਼ਣ, ਚਿੱਟੇ ਦੁੱਧ ਕੱਪੜੇ ਪਾਉਣ ਅਤੇ ਤਿੰਨ-ਤਿੰਨ ਗੱਦਿਆਂ ਦੇ ਪੋਲੇ ਆਸਣ 'ਤੇ ਬੈਠ ਕੇ ਨਰਮ ਨਰਮ ਹੱਥਾਂ ਨਾਲ ਹਰਮੋਨੀਅਮ ਵਜਾਉਣ ਵਾਲੇ ਬਾਬੇ, ਜਿਹਨਾਂ ਨੂੰ ਸੰਗਤ ਤੋਂ ਸੇਵਾ ਕਰਵਾਉਣ ਦੀ ਆਦਤ ਪਈ ਹੈ, ਐਨੀ ਗਰਮੀ ਵਿੱਚ ਜਾਨਵਰਾਂ ਦੀਆਂ ਲਾਸ਼ਾਂ ਅਤੇ ਸੜ ਰਹੀਆ ਫਸਲਾਂ ਦੀ ਬਦਬੋ ਕਿਵੇਂ ਸਹਿ ਸਕਦੇ ਹਨ? ਉਹ ਤਾਂ ਚੌਵੀ ਘੰਟੇ ਮਹਿੰਗੇ ਵਿਦੇਸ਼ੀ ਪ੍ਰਫਿਊਮਾਂ ਦੀ ਸੁਗੰਧ ਵਿੱਚ ਰਹਿਣ ਦੇ ਆਦੀ ਹਨ।

ਕਈ ਪਿੰਡਾਂ ਦੇ ਲੋਕਾਂ ਨੇ ਇਸ ਮੌਕੇ ਮੱਦਦ ਲਈ ਨਾ ਬਹੁੜਨ ਕਾਰਨ ਆਪਣੇ ਇਲਾਕੇ ਦੀਆਂ ਧਾਰਮਿਕ ਸੰਸਥਾਵਾਂ ਨੂੰ ਉਗਰਾਹੀ ਦੇਣ 'ਤੇ ਪਾਬੰਦੀ ਲੱਗਾ ਦਿੱਤੀ ਹੈ। ਇਸ ਵੇਲੇ ਧਾਰਮਿਕ ਸਥਾਨਾਂ ਅਤੇ ਡੇਰਿਆਂ ਕੋਲ ਕਰੋੜਾਂ ਟਨ ਅਨਾਜ ਅਤੇ ਅਰਬਾਂ ਰੁਪਇਆ ਜਮ੍ਹਾਂ ਹੈ। ਪੰਜਾਬ ਵਿੱਚ ਛੋਟੇ ਵੱਡੇ ਹਜਾਰਾਂ ਡੇਰੇ ਹਨ, ਜੇ ਇਕ ਡੇਰਾ ਇੱਕ ਪਿੰਡ ਨੂੰ ਵੀ ਅਪਣਾ ਲਵੇ ਤਾਂ ਸਾਰੇ ਹੜ੍ਹ ਪੀੜਤ ਪਿੰਡ ਸੰਭਾਲੇ ਜਾਣ। ਪਰ ਜਿਆਦਾਤਰ ਬਾਬੇ ਇਸ ਵੇਲੇ ਹੋਰ ਹੀ ਮਾਲ ਕਮਾਊ ਕੰਮਾਂ ਵਿੱਚ ਰੁੱਝੇ ਹੋਏ ਹਨ। ਕੋਈ ਆਪਣੇ ਵੱਡੇ ਬਾਬੇ ਦੀ ਬਰਸੀ ਮਨਾ ਰਿਹਾ ਹੈ, ਕੋਈ ਤਰਿਆਂ ਨੂੰ ਤਾਰਨ ਲਈ ਕਨੇਡਾ ਅਮਰੀਕਾ ਦੇ ਦੌਰੇ 'ਤੇ ਚੜ੍ਹਿਆ ਹੋਇਆ ਹੈ ਤੇ ਕੋਈ ਆਪਣੀ ਧਾਰਮਿਕ ਸਥਾਨ ਨੂੰ ਸਜਾਉਣ ਲਈ ਕਰੋੜਾਂ ਦੇ ਫੁੱਲ ਬਰਬਾਦ ਕਰ ਰਿਹਾ ਹੈ। ਜਦੋਂ ਇਹੀ ਪੈਸਾ ਕਿਸੇ ਗਰੀਬ ਦੀ ਮੱਦਦ ਲਈ ਵਰਤਿਆ ਜਾ ਸਕਦਾ ਹੈ। ਬਾਬੇ ਪਿੰਡਾਂ ਵਿੱਚ ਸਪੀਕਰਾਂ 'ਤੇ ਬੋਲ ਬੋਲ ਕੇ ਲੋਕਾਂ ਨੂੰ ਹੜ੍ਹ ਪੀੜਤਾਂ ਵਾਸਤੇ ਦਾਨ ਦੇਣ ਲਈ ਲਲਕਾਰ ਰਹੇ ਹਨ। ਜਦੋਂ ਤੱਕ ਰਸਦ ਇੱਕਠੀ ਹੋਣੀ ਹੈ, ਹਾਲਾਤ ਆਮ ਵਰਗੇ ਹੋ ਚੁੱਕੇ ਹੋਣੇ ਹਨ ਤੇ ਅੱਧਾ ਸਮਾਨ ਬਾਬਿਆਂ ਨੇ ਖੁਦ ਦੱਬ ਜਾਣਾ ਹੈ। ਅਮਰੀਕਾ-ਕੈਨੇਡਾ ਤੋਂ ਕਾਰੋਬਾਰੀ ਲੋਕ ਆਪਣੇ ਕੰਮ ਧੰਦੇ ਛੱਡਕੇ ਮੱਦਦ ਵਾਸਤੇ ਪਹੁੰਚ ਚੁੱਕੇ ਹਨ, ਪਰ ਸਾਡੇ ਵਿਹਲੜ ਬਾਬੇ ਨਹੀਂ ਪਧਾਰੇ।

ਬਾਬੇ ਲੋਕਾਂ ਨੂੰ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਤੋਂ ਦੂਰ ਰਹਿਣ ਦੀਆਂ ਨਸੀਹਤਾਂ ਦਿੰਦੇ ਹਨ ਪਰ ਖੁਦ ਕਦੇ ਅਮਲ ਨਹੀਂ ਕਰਦੇ। ਧਰਮ ਦਾ ਅਖੌਤੀ ਪ੍ਰਚਾਰ ਕਰਨ ਲਈ ਸਮਾਗਮਾਂ 'ਤੇ ਜਾਣ ਲਈ ਸਿੰਗਰਾਂ ਵਾਂਗ ਲੱਖਾਂ ਰੁਪਇਆ ਵਸੂਲਦੇ ਹਨ। ਲੋਕਾਂ ਨੂੰ ਮੌਤ ਤੋਂ ਨਾ ਡਰਨ ਦਾ ਗਿਆਨ ਦੇਣ ਵਾਲੇ ਬਾਬਿਆਂ ਦੇ ਦੁਆਲੇ ਰਾਈਫਲਾਂ ਵਾਲੇ ਗੰਨਮੈਨ ਦਨਦਨਾਉਂਦੇ ਫਿਰਦੇ ਹਨ। ਹੰਕਾਰ ਤੋਂ ਦੂਰ ਰਹਿਣ ਦਾ ਸੰਦੇਸ਼ ਦੇਣ ਵਾਲੇ ਬਾਬੇ ਦੇ ਨੇੜੇ ਕੋਈ ਗਰੀਬ ਵਿਅਕਤੀ ਫੜਕ ਤੱਕ ਨਹੀਂ ਸਕਦਾ। ਬਾਬੇ ਸਿਰਫ਼ ਮਾਇਆਧਾਰੀ ਤੇ ਮੋਟਾ ਚੜ੍ਹਾਵਾਂ ਚੜ੍ਹਾਉਣ ਵਾਲੇ ਭਗਤਾਂ ਨੂੰ ਹੀ ਮਿਲਣਾ ਪਸੰਦ ਕਰਦੇ ਹਨ। ਜੇ ਬਾਬੇ ਆਪਣੀ ਜਮ੍ਹਾਂ ਕੀਤੀ ਮਾਇਆ ਮੋਹਣੀ ਦਾ ਸਿਰਫ਼ ਅੱਧ ਹੀ ਹੜ੍ਹ ਪੀੜ੍ਹਤਾਂ ਵਾਸਤੇ ਦਾਨ ਕਰ ਦੇਣ ਤਾਂ ਅਰਬਾਂ ਰੁਪਈਆ 'ਕੱਠਾ ਹੋ ਜਾਵੇਗਾ। ਪਰ ਮੁਫਤ ਦਾ ਦੇਸੀ ਘਿਉ ਖਾ ਕੇ ਝੋਟਿਆਂ ਵਾਂਗ ਫਿੱਟੇ ਸਾਧਾਂ ਨੂੰ ਲੋਕਾਂ ਦਾ ਦਰਦ ਦਿਖਾਈ ਨਹੀਂ ਦੇ ਰਿਹਾ, ਸ਼ਾਇਦ ਇਹਨਾਂ ਦੀਆਂ ਅੱਖਾਂ ਨੂੰ ਵੀ ਚਰਬੀ ਚੜ੍ਹ ਗਈ ਹੈ। ਜਿਹੜੇ ਮਹਾਂਪੁਰਖਾਂ ਦੀਆਂ ਉਦਾਹਰਣਾਂ ਦੇ ਕੇ ਇਹ ਲੋਕਾਂ ਨੂੰ ਮੂਰਖ ਬਣਾਉਂਦੇ ਹਨ, ਉਹਨਾਂ ਨੇ ਆਪਣਾ ਸਭ ਕੁਝ ਦੁਨੀਆਂ ਵਾਸਤੇ ਕੁਰਬਾਨ ਕਰ ਦਿੱਤਾ ਸੀ ਤੇ ਇਹ ਆਪਣੇ ਡੇਰੇ ਦੀ ਨੀਂਹ ਹੀ ਸਰਕਾਰੀ ਜ਼ਮੀਨ ਦੱਬ ਕੇ ਰੱਖਦੇ ਹਨ। ਜੇ ਸਾਡੀਆਂ ਬੀਬੀਆਂ ਸਾਧਾਂ ਕੋਲ ਜਾਣਾ ਬੰਦ ਕਰ ਦੇਣ ਤਾਂ ਬਹੁਤੇ ਬਾਬੇ ਰਾਜ ਮਿਸਤਰੀਆਂ ਮਗਰ ਇੱਟਾਂ ਫੜਾਉਂਦੇ ਦਿਖਾਈ ਦੇਣਗੇ।

ਭਾਰਤ ਵਿੱਚ ਅਜਿਹੇ ਮੁਸ਼ਟੰਡੇ ਸਾਧਾਂ ਨੂੰ ਨੱਥ ਪਾਉਣ ਲਈ ਐਕਟ ਆਫ ਗਾਡ (ਰੱਬ ਵੱਲੋਂ ਕੀਤੀ ਬਰਬਾਦੀ) ਨਾਮਕ ਕਾਨੂੰਨ ਬਣਨਾ ਚਾਹੀਦਾ ਹੈ। ਇਸ ਕਾਨੂੰਨ ਅਧੀਨ ਕੁਦਰਤੀ ਆਫ਼ਤਾਂ ਨਾਲ ਹੋਣ ਵਾਲੇ ਨੁਕਸਾਨ ਦੀ ਭਰਪਾਈ ਧਰਮ ਸਥਾਨਾਂ ਦੀ ਜਮਾਂ ਪੂੰਜੀ ਨਾਲ ਕੀਤੀ ਜਾਵੇ ਕਿਉਂਕਿ ਇਹ ਸੰਪਤੀ ਰੱਬ ਦੀ ਹੈ ਤੇ ਕੁਦਰਤੀ ਆਫਤ ਰੱਬ ਦਾ ਹੀ ਕੰਮ ਹੈ। ਜੇ ਭਾਰਤ ਦੇ ਕਿਸੇ ਵੀ ਹਿੱਸੇ ਵਿੱਚ ਹੜ੍ਹ, ਭੁਚਾਲ, ਸੋਕਾਂ ਜਾਂ ਸੁਨਾਮੀ ਆਵੇ ਤਾਂ ਸਾਰੇ ਧਰਮ ਸਥਾਨਾਂ ਦਾ ਪੈਸਾ ਸਰਕਾਰ ਰਾਹਤ ਦੇ ਤੌਰ 'ਤੇ ਪੀੜਤਾਂ ਨੂੰ ਵੰਡ ਦੇਵੇ। ਜੇ ਸਰਕਾਰ ਇਹ ਐਕਟ ਬਣਾ ਦੇਵੇ ਤਾਂ ਰੱਬ ਤਾਂ ਭਾਵੇਂ ਪ੍ਰਸੰਨ ਹੋਵੇ ਜਾਂ ਨਾ ਹੋਵੇ। ਪਰ ਧਰਮ ਦੇ ਠੇਕੇਦਾਰ ਜ਼ਰੂਰ ਦੁੱਖੀ ਹੋਣਗੇ ਤੇ ਕੁਦਰਤੀ ਆਫਤ ਆਉਂਦੇ ਸਾਰ ਗੋਲਕ ਦਾ ਪੈਸਾ ਲੈ ਕੇ ਚੰਪਤ ਹੋ ਜਾਇਆ ਕਰਨਗੇ। ਅੱਜ ਦੇ ਬਾਬਿਆਂ ਨੂੰ ਦੇਣ ਦੀ ਬਜਾਏ ਲੈਣ ਦੀ ਆਦਤ ਪਈ ਹੋਈ ਹੈ। ਧਾਰਮਿਕ ਸਥਾਨਾਂ ਤੋਂ ਅਜਿਹੀਆਂ ਅਨਾਊਸਮੈਂਟਾਂ ਤਾਂ ਸਭ ਨੇ ਸੁਣੀਆਂ ਹੋਣਗੀਆਂ ਕਿ ਅੱਜ ਸਾਰੇ ਮਾਈ ਭਾਈ ਡੇਰੇ ਆਉ, ਪੰਜਵੀਂ ਮੰਜ਼ਲ ਦਾ ਲੈਂਟਰ ਪੈਣਾ ਹੈ, ਅੱਜ ਮਾਈਆਂ ਬੀਬੀਆਂ ਸਵੇਰੇ ਪੰਜ ਵਜੇ ਪਹੁੰਚਣ ਸੰਗਤਾਂ ਲਹੀ ਲੰਗਰ ਤਿਆਰ ਕਰਨਾ ਹੈ, ਅੱਜ ਡੇਰੇ ਦੀ ਜ਼ਮੀਨ 'ਚੋਂ ਕਣਕ ਝੋਨਾ ਵੱਢਣਾ ਹੈ, ਅੱਜ ਵੱਡੇ ਹਾਲ ਵਿੱਚ ਮਿੱਟੀ ਪਾਉਣੀ ਹੈ ਆਦਿ ਆਦਿ। ਪਰ ਕਦੇ ਕਿਸੇ ਨੇ ਅਜਿਹੀ ਅਨਾਊਸਮੈਂਟ ਨਹੀਂ ਸੁਣੀ ਹੋਣੀ ਕਿ ਅੱਜ ਸਾਰਾ ਨਗਰ ਖੇੜਾ ਡੇਰੇ ਆਉ, ਗੋਲਕ ਦੀ ਮਾਇਆ ਗਿਣਨੀ ਹੈ। ਲੋਕ ਥੋ[illegible] ਥੋੜ੍ਹਾ ਦਾਨ ਦੇ ਕੇ ਵੀ ਸਾਧਾਂ ਨੂੰ ਕਰੋੜਪ[illegible] ਬਣਾ ਦਿੰਦੇ ਹਨ। ਜ਼ਾਤ ਪਾਤ ਦੀਆਂ ਫੌਲਾ[illegible] ਬੇੜੀਆਂ ਵਿੱਚ ਜਕੜੇ ਇਸ ਦੇਸ਼ ਦੇ ਕਿ[illegible] ਧਰਮ ਸਥਾਨ ਨੇ ਕਦੇ ਕਿਸੇ ਛੋਟੀ ਜਾਤ ਵਾ[illegible] ਦਾ ਦਾਨ ਲੈਣ ਤੋਂ ਇਨਕਾਰ ਕੀਤਾ ਹੈ[illegible] ਅਸਲ ਵਿੱਚ ਸਾਰਾ ਮਸਲਾ ਆਣ ਕੇ ਪੈਸੇ ਤੇ[illegible] ਹੀ ਮੁੱਕਦਾ ਹੈ। ਧਰਮ ਸਥਾਨ ਦੀ ਉਸਾਰੀ[illegible] ਲਈ ਦਿਲ ਖੋਲ੍ਹ ਕੇ (ਚਾਹੇ ਉਧਾਰ ਚੁੱਕ ਕੇ[illegible] ਗੱਫੇ ਦੇਣ ਵਾਲੇ ਸਿਆਣੇ, ਪਿੰਡ ਦੇ ਸਕੂਲ ਦੇ ਕਮਰੇ ਦੀ ਛੱਤ ਬਦਲਣ ਵਾਸਤੇ ਦੁਆਨੀ ਨਹੀਂ ਦਿੰਦੇ। ਕੋਈ ਕਾਰ ਸੇਵਾ ਵਾਲਾ ਬਾਬਾ ਕਿਸੇ ਧਰਮ ਸਥਾਨ ਦੀ ਉਸਾਰੀ ਵਾਸਤੇ ਪਿੰਡ ਵਿੱਚ ਹੋਕਾ ਦੇ ਦੇਵੇ (ਸ਼ਹਿਰੀਏ ਕਾਰ ਸੇਵਾ ਲਈ ਨਹੀਂ ਜਾਂਦੇ) ਤਾਂ ਸੈਂਕੜੇ ਲੋਕ ਟਰੱਕਾਂ ਨੂੰ ਚੰਬੜ ਜਾਂਦੇ ਹਨ। ਪਰ ਦਰਿਆਵਾਂ ਵਿੱਚ ਪਏ ਪਾੜ ਪੂਰਨ ਲਈ ਕਿਸੇ ਸਾਧ ਨੇ ਸੰਗਤ ਨਹੀਂ ਲਿਜਾਣੀ ਕਿਉਂਕਿ ਉਥੇ ਕੋਈ ਪੈਸਾ ਨਹੀਂ ਬਣਨਾ। ਇਤਿਹਾਸਕ ਮਹੱਤਤਾ ਵਾਲੇ ਸਥਾਨ ਭਾਵੇਂ ਜਿੰਨੇ ਮਰਜ਼ੀ ਢੁਹਾ ਲਉ ਇਹਨਾਂ ਕੋਲੋਂ। ਵੈਸੇ ਬਾਬਿਆਂ ਦੀਆਂ ਛੁਰਲੀਆਂ 'ਤੇ ਬਹੁਤਾ ਗੌਰ ਨਹੀਂ ਕਰਨਾ ਚਾਹੀਦਾ। ਇਹ ਕਰਦੇ ਕੁਝ ਹਨ ਅਤੇ ਕਹਿੰਦੇ ਕੁਝ ਹਨ। ਹਰਿਆਣੇ ਦਾ ਇੱਕ ਕਰੋੜਪਤੀ ਯੋਗਾ ਗੁਰੂ ਲੋਕਾਂ ਨੂੰ ਗਾਂ ਦਾ ਪਿਸ਼ਾਬ ਵੇਚਕੇ ਹੀ ਅਰਬਾਂ ਰੁਪਈਆ ਬਣਾਈ ਬੈਠਾ ਹੈ। ਉਸ ਦਾ ਖਾਸ ਚੇਲਾ ਕੁਝ ਦਿਨਾਂ ਤੋਂ ਦਿਲ ਦੇ ਰੋਗ ਕਾਰਨ ਏਮਜ਼ ਹਸਪਤਾਲ (ਦਿੱਲੀ) ਵਿੱਚ ਦਾਖਲ ਹੈ। ਡਾਕਟਰਾਂ ਅਤੇ ਐਲੋਪੈਥੀ ਇਲਾਜ ਨੂੰ ਲੱਖ ਲੱਖ ਗਾਲ੍ਹਾਂ ਕੱਢਣ ਅਤੇ ਦੇਸੀ ਦਵਾਈਆਂ ਨਾਲ ਕੈਂਸਰ ਤੱਕ ਠੀਕ ਕਰਨ ਦਾ ਦਾਅਵਾ ਕਰਨ ਵਾਲੇ ਯੋਗਾ ਗੁਰੂ ਨੇ ਉਸਨੂੰ ਗਊ ਮੂਤਰ, ਗੋਬਰ ਅਤੇ ਹੋਰ ਖੇਹ ਸਵਾਹ ਖਵਾਉਣ ਦੀ ਬਜਾਏ ਹਸਪਤਾਲ ਭੇਜਣਾ ਪਸੰਦ ਕੀਤਾ ਕਿਉਂਕਿ ਉਸਨੂੰ ਪਤਾ ਸੀ ਕਿ ਮੂਤਰ ਚਾਹੇ ਕਿਸੇ ਜਾਨਵਰ ਦਾ ਹੋਵੇ, ਮੂਤਰ ਹੀ ਹੁੰਦਾ ਹੈ।

ਵੇਖਣ ਵਾਲੀ ਗੱਲ ਇਹ ਹੈ ਕਿ ਇਸ ਮੌਕੇ ਲੋਕਾਂ ਨੂੰ ਪਿੱਠ ਵਿਖਾਉਣ ਵਾਲੇ ਇਹ ਸਾਧ, ਜਦੋਂ ਫਸਲਾਂ ਪੱਕੀਆਂ ਤਾਂ ਪੂਰੀ ਬੇਸ਼ਰਮੀ ਨਾਲ ਜੀਪਾਂ ਟੈਂਪੂ ਲੈ ਕੇ ਇਹਨਾਂ ਹੜ੍ਹ ਨਾਲ ਬਰਬਾਦ ਹੋਏ ਪਿੰਡਾਂ ਵਿੱਚ ਹੀ ਉਗਰਾਹੀ ਕਰਨ ਜਾਣਗੇ ਤੇ ਲੋਕ ਵੀ ਪੂਰੀ ਸ਼ਰਧਾ ਨਾਲ ਸਿਰ ਢੱਕ ਕੇ, ਜੁੱਤੀਆਂ ਲਾਹ ਕੇ ਬਾਬਿਆਂ ਨੂੰ ਬੋਰੀਆਂ ਦੀਆਂ ਬੋਰੀਆਂ ਅਨਾਜ ਭੇਂਟ ਕਰਨਗੇ। ਚਾਹੀਦਾ ਤਾਂ ਇਹ ਹੈ ਕਿ ਲੋਕ ਇਹਨਾਂ ਜੋਕਾਂ ਨੂੰ ਪੁੱਛਣ ਕਿ ਹੁਣ ਤੁਸੀਂ ਕਿੱਥੋਂ ਆਣ ਸਿਰੀ ਕੱਢੀ ਹੈ? ਇਸ ਵੇਲੇ ਹੜ੍ਹ ਪੀੜਤਾਂ ਦੀ ਮੱਦਦ ਦੇ ਨਾਮ ਤੇ ਲੋਕਾਂ ਨੂੰ ਠੱਗਣ ਲਈ ਕਈ ਗਰੁੱਪ ਸਰਗਰਮ ਹਨ। ਜੇ ਕੋਈ ਦਿਲੋਂ ਹੜ੍ਹ ਪੀੜਤਾਂ ਦੀ ਮੱਦਦ ਕਰਨੀ ਚਾਹੁੰਦਾ ਹੈ ਤਾਂ ਉਹ ਖੁਦ ਰਸਦ ਉਥੇ ਪਹੁੰਚਾਵੇ ਜਾਂ ਬਾਬਾ ਸੀਚੇਵਾਲ ਅਤੇ ਖਾਲਸਾ ਏਡ ਵਰਗੇ ਕਿਸੇ ਸੱਚੇ ਸੁੱਚੇ ਸਮਾਜ ਸੇਵੀ ਤੱਕ ਪੁੱਜਦਾ ਕਰੇ।

30-9-2019

-95011-00062

--0--

ਪਾਕਿਸਤਾਨੀ ਉਰਦੂ ਕਹਾਣੀ

ਪਿਆਰ ਦੇ ਰੰਗ

-ਮੂਲ: ਪ੍ਰਿੰਸ ਆਮਿਰ ਅਲੀ ਸ਼ਾਹ

ਮੇਰੀ ਸਮਝ ਵਿੱਚ ਨਹੀਂ ਆ ਰਿਹਾ ਸੀ ਕਿ ਕੀ ਫੈਸਲਾ ਕਰਾਂ? ਇੱਕ ਪਾਸੇ ਮੇਰੀ ਪਹਿਲੀ ਮੁਹੱਬਤ ਦੂਜੇ ਪਾਸੇ ਉਹ, ਜਿਸ ਨੇ ਮੈਨੂੰ ਇਹੋ ਜਿਹੇ ਵਕਤ ਸਹਾਰਾ ਦਿੱਤਾ ਸੀ, ਜਦੋਂ ਮੈਂ ਬਿਲਕੁੱਲ ਟੁੱਟ ਚੁੱਕਾ ਸੀ। ਮੇਰੀ ਹਾਲਤ ਦੀਵਾਨਿਆਂ ਵਰਗੀ ਸੀ। ਮੈਂ ਉਸ ਸਮੇਂ ਦੋ ਕਿਸ਼ਤੀਆਂ ਦਾ ਮੁਸਾਫਰ ਸੀ। ਇਹੋ ਵਜ੍ਹਾ ਸੀ ਕਿ ਮੈਂ ਫੈਸਲਾ ਕਰਨ ਵਿੱਚ ਅਸਮਰੱਥ ਸੀ ਪਰ ਕਿਸੇ ਇੱਕ ਰਾਹ ਨੂੰ ਤਾਂ ਚੁਣਨਾ ਹੀ ਸੀ। ਉਹ ਰਾਹ ਕਿਹੜਾ ਹੋਵੇਗਾ, ਇਸੇ ਸੋਚ ਵਿੱਚ ਗੁੰਮ ਸਾਂ ਅਤੇ ਉਸੇ ਸੋਚ ਨੇ ਮੈਨੂੰ ਅਤੀਤ ਵਿੱਚ ਪਹੁੰਚਾ ਦਿੱਤਾ।

ਸਬਾ ਮੇਰੇ ਸੱਭ ਤੋਂ ਛੋਟੇ ਮਾਮੂ ਦੀ ਬੇਟੀ ਸੀ। ਉਸੇ ਘਰਵਾਲਿਆਂ ਨਾਲ ਸਾਡੀ ਪਿਛਲੇ ਦੱਸ ਸਾਲ ਤੋਂ ਗੱਲਬਾਤ ਬੰਦ ਸੀ। ਹੁਣ, ਜਦ ਕਿ ਮੇਰੀ ਭੈਣ ਦੀ ਸ਼ਾਦੀ ਹੋਣ ਵਾਲੀ ਸੀ ਤਾਂ ਸੱਭ ਘਰ ਵਾਲਿਆਂ ਨੇ ਫੈਸਲਾ ਕੀਤਾ ਸੀ ਕਿ ਇਸ ਖੁਸ਼ੀ ਦੇ ਮੌਕੇ 'ਤੇ ਉਨ੍ਹਾਂ ਲੋਕਾਂ ਨਾਲ ਦੋਸਤੀ ਕਰ ਲੈਣੀ ਚਾਹੀਦੀ ਹੈ।

ਪਹਿਲਾਂ ਮੈਂ ਦੋਹਾਂ ਘਰਾਣਿਆਂ ਦਾ ਪਰੀਚੇ ਕਰਾ ਦਿਆਂ ਤਾਂ ਕਿ ਤੁਸੀਂ ਲੋਕ ਅਰਾਮ ਨਾਲ ਮੇਰੀ ਗੱਲ ਸਮਝ ਸਕੋ! ਅਸੀਂ ਦੋ ਭੈਣਾਂ ਅਤੇ ਦੋ ਭਰਾ ਹਾਂ, ਜਿਨਾਂ 'ਚੋਂ ਇੱਕ ਭੈਣ ਅਤੇ ਇੱਕ ਭਰਾ ਦੀ ਸ਼ਾਦੀ ਹੋ ਚੁੱਕੀ ਹੈ। ਹੁਣ ਦੂਜੀ ਭੈਣ ਦੀ ਸ਼ਾਦੀ ਹੋ ਰਹੀ ਹੈ। ਉਸਦੇ ਬਾਅਦ ਮੇਰਾ ਨੰਬਰ ਹੈ, ਵਾਲਿਦ ਸਾਹਿਬ ਦਾ ਇੰਤਕਾਲ ਹੋ ਚੁੱਕਾ ਹੈ। ਇਸ ਲਈ ਸਾਰੀ ਜ਼ਿੰਮੇਵਾਰੀ ਸਾਡੇ ਦੋਹਾਂ 'ਤੇ ਆ ਪਈ ਹੈ। ਵੱਡੇ ਭਰਾ ਤਾਂ ਗੌਰਮਿੰਟੀ ਨੌਕਰ ਸਨ ਪਰ ਮੈਂ ਇੱਕ ਪ੍ਰਾਈਵੇਟ ਕੰਪਨੀ ਵਿੱਚ ਨੌਕਰੀ ਕਰ ਰਿਹਾ ਹਾਂ। ਜੇਕਰ ਮੇਰੇ ਕੋਲ ਵੀ ਨੌਕਰੀ ਹੁੰਦੀ ਤਾਂ ਸ਼ਾਇਦ ਹੁਣ ਤੱਕ ਜਾਂ ਭੈਣ ਦੇ ਨਾਲ-ਨਾਲ ਮੇਰੀ ਸ਼ਾਦੀ ਵੀ ਕਰ ਦਿੱਤੀ ਜਾਂਦੀ।

ਉਸ ਦਿਨ ਮੈਂ ਖਾਣਾ ਖਾ ਰਿਹਾ ਸੀ, ਸਾਇਰਾ, ਜੋ ਉਮਰ ਵਿੱਚ ਇੱਕ ਸਾਲ ਮੇਰੇ ਨਾਲੋਂ ਵੱਡੀ ਹੈ, ਆ ਕੇ ਬੈਠ ਗਈ,"ਸ਼ਹਬਾਜ਼ ਤੇਰਾ ਸ਼ਾਦੀ ਬਾਰੇ ਕੀ ਖਿਆਲ ਹੈ? ਮੇਰਾ ਮਤਲਬ ਹੈ ਕਿ ਕੋਈ ਲੜਕੀ ਪਸੰਦ ਹੈ ਜਾਂ ਨਹੀਂ.... ਜਾਂ ਫਿਰ ਪੂਰਬੀ ਲੜਕੀਆਂ ਦੀ ਤਰ੍ਹਾਂ ਮਾਂ-ਬਾਪ ਦੇ ਫੈਸਲੇ ਅੱਗੇ ਸਿਰ ਝੁੱਕਾ ਦੇਵੇਂਗਾ?"

"ਇਹ ਤੈਨੂੰ ਅਚਾਨਕ ਮੇਰੀ ਸ਼ਾਦੀ ਬਾਰੇ ਖਿਆਲ ਕਿਵੇਂ ਆ ਗਿਆ? ਉਂਝ ਵੀ ਪਹਿਲਾਂ ਤੈਨੂੰ ਰੁਖਸਤ ਕਰਨਾ ਹੈ, ਫਿਰ ਸੋਚਾਂਗਾ।" ਮੈਂ ਬੁਰਕੀ ਤੋੜਦੇ ਹੋਏ ਕਿਹਾ "ਅਤੇ ਦੂਜੀ ਗੱਲ ਇਹ ਹੈ ਕਿ ਮਾਂ-ਬਾਪ ਦੇ ਫੈਸਲੇ ਅੱਗੇ ਸਿਰ ਲੜਕੀਆਂ ਝੁਕਾਉਂਦੀਅ ਹਨ, ਲੜਕੇ ਨਹੀਂ, ਮਹਾਂ ਬਲਦੌਲਤ ਦਾ ਜਦ ਸ਼ਾਦੀ ਦਾ ਇਰਾਦਾ ਹੋਵੇਗਾ, ਤਦ ਦੇਖਿਆ ਜਾਵੇਗਾ।" ਮੈਂ ਸੀਨੇ ਤੇ ਹੱਥ ਮਾਰਦੇ ਹੋਏ ਕਿਹਾ।

"ਉਹ ਤਾਂ ਪਤਾ ਹੈ ਕਿ ਤੁਸੀਂ ਸ਼ਾਦੀ ਆਪਣੀ ਪਸੰਦ ਦੀ ਹੀ ਕਰਨੀ ਹੈ ਪਰ ਮੇਰਾ ਕਹਿਣ ਦਾ ਮਤਲਬ ਹੈ ਇਹ ਸੀ ਕਿ ਜਾਹਿਦ ਮਾਮੂ ਹੈ ਨਾ...ਓਹੀ, ਜਿੰਨਾਂ ਦੇ ਘਰ ਮੰਗਲ ਨੂੰ ਅੰਮੀ ਜਾ ਰਹੀ ਹੈ ਦੋਸਤੀ ਕਰਨ..." ਉਸ ਨੇ ਮੈਨੂੰ ਯਾਦ ਕਰਾਉਂਦੇ ਹੋਏ ਕਿਹਾ।

"ਹਾਂ,ਫਿਰ ਕੀ ਹੋਇਆ?" ਮੈਂ ਕੁਝ ਨਾ ਸਮਝਦੇ ਹੋਏ ਕਿਹਾ।

"ਉਨ੍ਹਾਂ ਦੀ ਇੱਕ ਲੜਕੀ ਹੈ ਸਬਾ। ਈਮਾਨ ਨਾਲ ਬਹੁਤ ਪਿਆਰੀ ਹੈ। ਜੇਕਰ ਇਕ ਦਫਾ ਤੂੰ ਦੇਖ ਲਵੇਂ ਤਾਂ ਪਹਿਲੀ ਨਜ਼ਰ ਵਿੱਚ ਫ਼ਿਦਾ ਹੋ ਜਾਏਂਗਾ।" ਸਾਇਰਾ ਨੇ ਖੁਸ਼ ਹੁੰਦੇ ਹੋਏ ਕਿਹਾ।

"ਜਿਥੋਂ ਤੱਕ ਮੈਨੂੰ ਪਤਾ ਹੈ, ਸਾਡੇ ਲੋਕਾਂ ਦਾ ਪਿਛਲੇ ਦੱਸ-ਗਿਆਰਾਂ ਸਾਲ ਤੋਂ ਉਨ੍ਹਾਂ ਲੋਕਾਂ ਨਾਲ ਮੇਲ ਮਿਲਾਪ ਨਹੀਂ ਹੈ। ਫਿਰ ਤੂੰ ਕਿਥੋਂ ਦੇਖ ਲਿਆ?" ਮੈਂ ਉਸਨੂੰ ਘੂਰਦੇ ਹੋਏ ਪੁੱਛਿਆ।

"ਮੇਰੇ ਭਰਾਵਾ, ਅਜੇ ਦੋ ਮਹੀਨੇ ਪਹਿਲਾਂ ਇੱਕ ਦਾਅਵਤ ਵਿੱਚ ਮੁਲਾਕਾਤ ਹੋਈ ਸੀ। ਉਥੇ ਦੇਖਿਆ ਸੀ ਉਸਨੂੰ। ਮੇਰਾ ਮਸ਼ਵਰਾ ਹੈ, ਅੰਮੀ ਦੇ ਨਾਲ ਤੂੰ ਵੀ ਚਲਾ ਜਾ ਅਤੇ ਦੇਖ ਆ। ਮੈਨੂੰ ਪੂਰੀ ਉਮੀਦ ਹੈ ਤੈਨੂੰ ਜਰੂਰ ਪਸੰਦ ਆਵੇਗੀ।

"ਠੀਕ ਹੈ, ਦੇਖ ਲਵਾਂਗੇ, ਪਰ ਮੈਨੂੰ ਪਸੰਦ ਨਾ ਆਈ ਤਾਂ ਫਿਰ ਦੇਖਣਾ।" ਇੰਨਾਂ ਕਹਿ ਕੇ ਉਹ ਉਠ ਗਿਆ।

ਇਹ ਤਾਂ ਸੰਯੋਗ ਸੀ। ਫੌਰਨ ਰਾਜ਼ੀ ਹੋ ਗਿਆ। ਜਦੋਂ ਅਸੀਂ ਲੋਕ ਮਾਮੂ ਦੇ ਘਰ ਪਹੁੰਚੇ ਤਾਂ ਸਾਨੂੰ ਦੇਖਕੇ ਮਾਮੂ ਦੇ ਘਰ ਵਾਲੇ ਬਹੁਤ ਖੁਸ਼ ਹੋਏ। ਅੰਮੀ ਅਤੇ ਮਾਮੂ ਤਾਂ ਇੱਕ-ਦੂਜੇ ਨਾਲ ਲਿਪਟ ਕੇ ਰੋਣ ਲੱਗੇ। ਬੜੀ ਮੁਸ਼ਕਲ ਨਾਲ ਦੋਹਾਂ ਨੂੰ ਚੁੱਪ ਕਰਾਇਆ ਗਿਆ। ਸ਼ਿਕਵੇ-ਸ਼ਿਕਾਇਤਾਂ ਦੇ ਬਾਅਦ ਅੰਮੀ ਨੇ ਸਾਇਰਾ ਦੀ ਬਾਈ ਨੂੰ ਦਾਅਵਤ ਦਿੱਤੀ। ਸਾਰੇ ਬਹੁਤ ਖੁਸ਼ ਹੋਏ। ਮਾਮੂ ਨੇ ਆਉਣ ਦਾ ਵਾਅਦਾ ਕੀਤਾ। ਮੈਨੂੰ ਜਿਸ ਦੀ ਤਲਾਸ਼ ਸੀ, ਉਹ ਚਿਹਰਾ ਅਜੇ ਤੱਕ ਨਜ਼ਰ ਨਹੀਂ ਆਇਆ ਸੀ। ਆਖਰ ਅੰਮੀ ਨੇ ਅਵਾਜ਼ ਦੇ ਕੇ ਉਸ ਨੂੰ ਬੁਲਾਇਆ। ਮੇਰੀ ਨਜ਼ਰ ਕਮਰੇ ਵੱਲ ਉੱਠੀ ਹੋਈ ਸੀ। ਆਖਰ ਉਸਦਾ ਦੀਦਾਰ ਹੋ ਗਿਆ। ਉਸਨੂੰ ਦੇਖ ਕੇ ਹੀ ਮੈਂ ਸਾਇਰਾ ਦੀ ਪਸੰਦ ਦਾ ਕਾਇਲ ਹੋ ਗਿਆ। ਸੱਚਮੁੱਚ ਹੀ ਉਹ ਖੂਬਸੂਰਤੀ ਦੀ ਸ਼ਾਹਕਾਰ ਸੀ। ਅੰਮੀ ਨੇ ਉਸ ਨੂੰ ਆਪਣੇ ਕੋਲ ਬਿਠਾ ਲਿਆ। ਮੇਰਾ ਦਿਲ ਕਰ ਰਿਹਾ ਸੀ ਕਿ ਸਮਾਂ ਰੁਕ ਜਾਵੇ ਅਤੇ ਮੈਂ ਇੱਕ ਟੱਕ ਉਸਨੂੰ ਇੰਝ ਹੀ ਦੇਖਦਾ ਰਹਾਂ।

ਜਦੋਂ ਰਾਤ ਦਾ ਖਾਣਾ ਖਾ ਕੇ ਅਸੀਂ ਲੋਕ ਜਾਣ ਲੱਗੇ ਤਾਂ ਅੰਮੀ ਨੇ ਮਾਮੂ ਤੋਂ ਇਜਾਜ਼ਤ ਲੈ ਕੇ ਸਬਾ ਨੂੰ ਨਾਲ ਲੈ ਲਿਆ। ਤਕਦੀਰ ਮੇਰੇ 'ਤੇ ਮਿਹਰਬਾਨ ਹੋ ਜਾਏਗੀ, ਮੈਨੂੰ ਉਮੀਦ ਨਹੀਂ ਸੀ ਕਿਉਂਕਿ ਸਬਾ ਸਾਰੇ ਭੈਣ ਭਰਾਵਾਂ ਵਿੱਚੋਂ ਸਭ ਤੋਂ ਵੱਡੀ ਸੀ। ਇਸ ਲਈ ਆਸਾਨੀ ਨਾਲ ਇਜਾਜ਼ਤ ਮਿਲ ਗਈ। ਉਸ ਤੋਂ ਛੋਟੀ ਇੱਕ ਭੈਣ ਅਤੇ ਦੋ ਭਰਾ ਸਨ।

ਅਜੇ ਸ਼ਾਦੀ ਵਿੱਚ ਪੂਰਾ ਇੱਕ ਮਹੀਨਾ ਸੀ। ਮੈਂ ਸਮਝ ਰਿਹਾ ਸੀ ਕਿ ਸਬਾ ਇੱਕ ਮਹੀਨੇ ਤੱਕ ਸਾਡੇ ਘਰ ਰਹੇਗੀ। ਇਸ ਤਰ੍ਹਾਂ ਉਸ ਨੂੰ ਸਮਝਣ ਵਿੱਚ ਮੈਨੂੰ ਕਾਫੀ ਸਮਾਂ ਮਿਲ ਜਾਏਗਾ। ਮੈਂ ਚਾਹੁੰਦਾ ਸੀ, ਜਦ ਸਬਾ ਸਾਡੇ ਘਰ ਰਹੇ, ਮੈਂ ਉਸਨੂੰ ਚੰਗੀ ਤਰ੍ਹਾਂ ਸਮਝ ਜਾਵਾਂ, ਕਿਉਂਕਿ ਮੇਰੀ ਨਜ਼ਰ ਵਿੱਚ ਖੂਬਸੂਰਤੀ ਹੀ ਸੱਭ ਕੁਝ ਨਹੀਂ, ਸੀਰਤ ਵੀ ਅਹਿਮੀਅਤ ਰੱਖਦੀ ਹੈ। ਲੱਗਭਗ ਵੀਹ ਦਿਨ ਸਬਾ ਸਾਡੇ ਘਰ ਰਹੀ। ਮੈਨੂੰ ਉਸਨੂੰ ਸਮਝਣ ਦਾ ਕਾਫ਼ੀ ਸਮਾਂ ਮਿਲ ਗਿਆ ਸੀ ਪਰ ਅਜੇ ਤੱਕ ਮੈਂ ਉਸ ਨੂੰ ਦਿਲ ਦੀ ਗੱਲ ਨਹੀਂ ਕਹੀ ਸੀ। ਮੈਂ ਚਾਹੁੰਦਾ ਸੀ ਕਿ ਪਹਿਲਾਂ ਸਾਇਰਾ ਦੀ ਸ਼ਾਦੀ ਹੋ ਜਾਏ, ਉਸਦੇ ਬਾਅਦ ਸਾਇਰਾ ਨਾਲ ਗੱਲ ਕਰਾਂ। ਇਸ ਦੌਰਾਨ ਅਸੀਂ ਲੋਕ ਆਪਸ ਵਿੱਚ ਕਾਫੀ ਘੁਲ-ਮਿਲ ਚੁੱਕੇ ਸੀ। ਮੈਂ ਦਿਲ ਵਿੱਚ ਫੈਸਲਾ ਕਰ ਲਿਆ ਸੀ ਕਿ ਸਾਇਰਾ ਦੀ ਸ਼ਾਦੀ ਦੇ ਫੌਰਨ ਬਾਅਦ ਸਬਾ ਨਾਲ ਗੱਲ ਕਰੂੰਗਾ ਕਿਉਂਕਿ ਉਹ ਮੈਨੂੰ ਹਰ ਨਜ਼ਰ ਵਿੱਚ ਪਸੰਦ ਸੀ।

ਸ਼ਾਦੀ ਵਾਲੇ ਦਿਨ ਉਸ ਨੇ ਕਾਲਾ ਸੂਟ ਪਹਿਨਿਆ ਸੀ, ਜਿਸ ਨੇ ਉਸਦੀ ਖੂਬਸੂਰਤੀ ਨੂੰ ਚਾਰ ਚੰਨ ਲੱਗਾ ਦਿੱਤੇ ਸਨ। ਖੁੱਲ੍ਹੇ ਵਾਲ, ਉਸ 'ਤੇ ਗਜ਼ਬ ਢਾਹ ਰਹੇ ਸਨ। ਸੱਚਮੁੱਚ ਉਹ ਆਪਣੀ ਮਿਸਾਲ ਆਪ ਸੀ। ਕੈਮਰਾ ਉਸ ਵਕਤ ਮੇਰੇ ਹੱਥ ਵਿੱਚ ਸੀ। ਮੈਂ ਦਿਲ ਵਿੱਚ ਸੋਚ ਲਿਆ ਸੀ ਕਿ ਉਸ ਦੀਆਂ ਚਾਰ ਪੰਜ ਤਸਵੀਰਾਂ ਖਿੱਚਾਂਗਾ। ਤਸਵੀਰਾਂ ਬਣਾਉਣ ਦੇ ਨਾਲ-ਨਾਲ ਮੈਂ ਮਹਿਮਾਨਾਂ ਨੂੰ ਵੀ ਦੇਖਦਾ ਸੀ ਅਤੇ ਉਹ ਕੰਮ ਮੈਂ ਬਹੁਤ ਬਾਖੂਬੀ ਨਾਲ ਨਿਭਾਅ ਰਿਹਾ ਸੀ। ਥੋੜ੍ਹੇ ਥੋੜ੍ਹੇ ਵਕਫੇ ਦੇ ਬਾਅਦ ਮੈਨੂੰ ਸਬਾ ਦੀਆਂ ਤਸਵੀਰਾਂ ਬਣਾਉਣ ਦਾ ਵੀ ਮੌਕਾ ਮਿਲਦਾ ਰਿਹਾ। ਮੈਂ ਉਸ ਦੀਆਂ ਪੰਜ-ਛੇ ਤਸਵੀਰਾਂ ਬਣਾ ਲਈਆਂ ਪਰ ਇੱਕ ਗੱਲ ਦਾ ਅਫਸੋਸ ਜਰੂਰ ਰਿਹਾ ਕਿ ਸਬਾ ਨਾਲ ਦਿਲ ਭਰ ਕੇ ਗੱਲਾਂ ਨਾ ਕਰ ਸਕਿਆ। ਪਰ ਮੈਂ ਆਸਵੰਦ ਸੀ ਕਿ ਉਸਦੇ ਘਰ ਜਾ ਕੇ ਤਾਂ ਗੱਲ ਕਰ ਸਕਦਾ ਹਾਂ।

ਵਿਦਾਈ ਦਾ ਸਮਾਂ ਆ ਗਿਆ। ਭੈਣਾਂ ਨੂੰ ਵਿਦਾ ਕਰਦੇ ਸਮੇਂ ਤਾਂ ਪੱਥਰ ਵੀ ਰੋ ਪੈਂਦੇ ਹਨ। ਅਸੀਂ ਤਾਂ ਫਿਰ ਵੀ ਇਨਸਾਨ ਸਾਂ। ਸੱਭ ਨਾਲੋਂ ਵੱਧ ਰੋਣਾ ਮੈਨੂੰ ਆ ਰਿਹਾ ਸੀ ਕਿਉਂਕਿ ਸਾਇਰਾ ਦੇ ਸੱਭ ਤੋਂ ਜਿਆਦਾ ਨੇੜੇ ਮੈਂ ਸੀ। ਅਸੀਂ ਦੋਵੇਂ ਦੋਸਤਾਂ ਦੀ ਤਰ੍ਹਾਂ ਰਹਿੰਦੇ ਸੀ। ਵਿਦਾਈ ਦੇ ਸਮੇਂ ਖਾਨਦਾਨ ਦੇ ਲੱਗਭਗ ਸਾਰੇ ਮੈਂਬਰ ਮੌਜੂਦ ਸਨ। ਸਬਾ ਦੇ ਘਰ ਵਾਲੇ ਵੀ ਅਜੇ ਤੱਕ ਨਹੀਂ ਗਏ ਸਨ। ਜਦੋਂ ਸਬਾ ਨੂੰ ਵਿਦਾ ਕੀਤਾ ਗਿਆ, ਉਸ ਸਮੇਂ ਘੜੀ ਰਾਤ ਦਾ ਇੱਕ ਵਜ੍ਹਾ ਰਹੀ ਸੀ। ਉਹ ਵੀ ਸੁਕਰ ਸੀ ਕਿ 'ਵਾਲੀਮਾ' ਦੋ ਦਿਨ ਬਾਅਦ ਸੀ। ਮੇਰੀ ਸਮਝ ਵਿੱਚ ਨਹੀਂ ਆ ਰਿਹਾ ਸੀ ਕਿ ਇਹ ਦੋ ਦਿਨ ਕਿਵੇਂ ਬੀਤਣਗੇ। ਸਬਾ ਸੱਚਮੁੱਚ ਬੁਰੀ ਤਰ੍ਹਾਂ ਮੇਰੇ ਦਿਮਾਗ 'ਤੇ ਸਵਾਰ ਹੋ ਚੁੱਕੀ ਸੀ। ਮੈਨੂੰ ਇਸ ਤਰ੍ਹਾਂ ਲੱਗ ਰਿਹਾ ਸੀ ਜਿਵੇਂ ਮੈਂ ਉਸ ਦੇ ਬਿਨਾਂ ਨਹੀਂ ਰਹਿ ਸਕਦਾ। ਮੈਂ ਦਿਲ

ਦੀ ਪੂਰੀ ਤੀਬਰਤਾ ਨਾਲ ਉਸ ਨੂੰ ਚਾਹੁੰਣ ਲੱਗਾ ਸੀ। ਮੈਂ ਫੈਸਲਾ ਕਰ ਲਿਆ ਕਿ ਵਲੀਮੇ ਦੇ ਫੌਰਨ ਬਾਅਦ ਉਸ ਨਾਲ ਗੱਲ ਕਰੂੰਗਾ।

ਵਲੀਮੇ ਵਾਲੇ ਦਿਨ ਵੀ ਉਸਦੀ ਤਿਆਰੀ ਜ਼ਬਰਦਸਤ ਸੀ। ਵਲੀਮੇ ਵਿੱਚ ਜਾਣ ਦੇ ਲਈ ਬੱਸ ਦਾ ਪ੍ਰਬੰਧ ਕੀਤਾ ਗਿਆ ਸੀ। ਬੱਸ ਵਾਲੇ ਨੂੰ ਅੱਠ ਵਜ੍ਹੇ ਦਾ ਸਮਾਂ ਦਿੱਤਾ ਗਿਆ ਸੀ ਅਤੇ ਉਸ ਸਮੇਂ ਸਾਢੇ ਅੱਠ ਵਜੇ ਤੋਂ ਵੱਧ ਦਾ ਸਮਾਂ ਹੋ ਰਿਹਾ ਸੀ। ਮੈਂ ਬਾਹਰ ਖੜ੍ਹਾ ਬੱਸ ਦੀ ਉਡੀਕ ਕਰ ਰਿਹਾ ਸੀ। ਉਸ ਸਮੇਂ ਮੇਰੇ ਇਲਾਵਾ ਉਥੇ ਕੋਈ ਨਹੀਂ ਸੀ। ਅਚਾਨਕ ਗੇਟ ਖੁੱਲਿਆ ਤਾ ਸਬਾ ਬਾਹਰ ਆ ਗਈ। ਮੈਂ ਸਮਝ ਗਿਆ ਕਿ ਉਹ ਗਰਮੀ ਤੋਂ ਘਬਰਾ ਕੇ ਬਾਹਰ ਆ ਗਈ ਹੋਵੇਗੀ।

"ਕਦ ਤਕ ਆਏਗੀ ਬੱਸ, ਨੌ ਵੱਜਣ ਵਾਲੇ ਹਨ?" ਉਸ ਨੇ ਪੁੱਛਿਆ।

"ਮੈਨੂੰ ਕੀ ਪਤਾ। ਮੈਂ ਤਾਂ ਅੱਠ ਵਜ੍ਹੇ ਦਾ ਵਕਤ ਦਿੱਤਾ ਸੀ।" ਮੈਂ ਕਿਹਾ।

"ਇਕ ਗੱਲ ਪੁੱਛਾਂ।" ਉਸਨੇ ਇੰਞ ਕਿਹਾ, ਜਿਵੇਂ ਕੋਈ ਅਹਿਮ ਗੱਲ ਹੋਵੇ।

"ਹਾਂ ਕਹੋ।" ਮੈਂ ਬੋਲਿਆ।

"ਬਹੁਤ ਮੁਹੱਬਤ ਹੈ ਤੁਹਾਨੂੰ ਸਾਇਰਾ ਬਾਜ਼ੀ ਨਾਲ? ਸੱਭ ਤੋਂ ਵੱਧ ਤੁਸੀਂ ਰੋ ਰਹੇ ਸੀ।"

"ਹਾਂ ਬਹੁਤ।" ਅਜੇ ਮੈਂ ਸਿਰਫ਼ ਐਨਾ ਹੀ ਕਿਹਾ ਸੀ ਕਿ ਸਾਹਮਣਿਓ ਬੱਸ ਆਉਂਦੀ ਦਿਖਾਈ ਦਿੱਤੀ। "ਪਰ ਮੈਂ ਤੁਹਾਡੇ ਨਾਲੋਂ ਘੱਟ ਹਾਂ।" ਐਨਾ ਦੱਸ ਦਿੱਤਾ ਸੀ ਕਿ ਉਸਨੂੰ ਇਹ ਗੱਲ ਬੁਰੀ ਨਹੀਂ ਲੱਗੀ ਅਤੇ ਮੇਰੇ ਲਈ ਇਹ ਬਹੁਤ ਵੱਡੀ ਕਾਮਯਾਬੀ ਸੀ।

ਸ਼ਾਦੀ ਦੀ ਥਕਾਵਟ ਲਾਹੁਣ ਵਿੱਚ ਲਗਭਗ ਇਕ ਹਫਤਾ ਲੱਗ ਗਿਆ। ਉਸ ਦੇ ਬਾਅਦ ਫਿਰ ਜ਼ਿੰਦਗੀ ਆਪਣੀ ਰੁਟੀਨ 'ਤੇ ਆ ਗਈ। ਤਸਵੀਰਾਂ ਆ ਚੁੱਕੀਆਂ ਸਨ, ਸਬਾ ਦੀਆਂ ਤਸਵੀਰਾਂ ਉਨ੍ਹਾਂ 'ਤੋਂ ਅੱਡ ਕਰ ਲਈਆਂ ਸਨ। ਇਹ ਤਸਵੀਰਾਂ ਵੀ ਉਸ ਵਾਂਗ ਖ਼ੂਬਸੂਰਤ ਆਈਆਂ ਸਨ। ਹੁਣ ਮੈਨੂੰ ਉਸ ਨਾਲ ਖੁੱਲ ਕੇ ਗੱਲ ਕਰਨੀ ਸੀ। ਆਖਰ ਮੈਂ ਇੱਕ ਦਿਨ ਉਸ ਦੇ ਘਰ ਪਹੁੰਚ ਗਿਆ। ਉਸ ਸਮੇਂ ਦੁਪਹਿਰ ਹੋ ਰਹੀ ਸੀ। ਮੈਨੂੰ ਪਤਾ ਸੀ ਕਿ ਉਸ ਸਮੇਂ ਸਾਰੇ ਸੌਂ ਰਹੇ ਹੋਣਗੇ।

ਦਰਵਾਜ਼ਾ ਸਬਾ ਨੇ ਹੀ ਖੋਲ੍ਹਿਆ। ਉਹ ਸਿੱਧੀ ਮੈਨੂੰ ਡਰਾਇੰਗ ਰੂਮ ਵਿੱਚ ਲੈ ਗਈ। ਮੈਨੂੰ ਬਿਠਾ ਕੇ ਉਹ ਖੁਦ ਚਾਹ ਬਣਾਉਣ ਚਲੇ ਗਈ। ਥੋੜ੍ਹੀ ਦੇਰ ਬਾਅਦ ਜਦ ਉਸ ਦੀ ਵਾਪਸੀ ਹੋਈ ਤਾਂ ਚਾਹ ਦੇ ਨਾਲ ਕਾਫੀ ਚੀਜ਼ਾਂ ਵੀ ਸਨ।

"ਅੰਮੀ ਤਾਂ ਖਾਲਾ ਦੇ ਘਰ ਗਈ ਹੋਈ ਹੈ।" ਸਬਾ ਨੇ ਦੱਸਿਆ।

"ਕੋਈ ਗੱਲ ਨਹੀਂ। ਉਂਞ ਵੀ ਮੈਂ ਤੈਨੂੰ ਹੀ ਮਿਲਣ ਆਇਆ ਹਾਂ।" ਮੈਂ ਕਿਹਾ।

"ਮੈਨੂੰ।" ਉਸਨੇ ਹੈਰਾਨ ਹੁੰਦੇ ਹੋਏ ਕਿਹਾ।

"ਹਾਂ, ਤੈਨੂੰ...ਮੈਂ ਬਹੁਤ ਜਰੂਰੀ ਗੱਲ ਕਰਨੀ ਹੈ। ਮੇਰੀ ਗੱਲ ਗੌਰ ਨਾਲ ਸੁਣ। ਫਿਰ ਸੋਚ ਕੇ ਜਵਾਬ ਦੇਣਾ।

"ਜੀ ਫ਼ਰਮਾਈਏ, ਮੈਂ ਸੁਣ ਰਹੀ ਹਾਂ।"

"ਗੱਲ ਦਰਅਸਲ ਇਹ ਹੈ ਕਿ ਮੈਂ ਤੈਨੂੰ ਪਿਆਰ ਕਰਦਾ ਹਾਂ ਅਤੇ ਤੇਰੇ ਨਾਲ ਸ਼ਾਦੀ ਕਰਨਾ ਚਾਹੁੰਦਾ ਹਾਂ। ਇਸ ਲਈ ਮੈਨੂੰ ਆਪਣਾ ਫੈਸਲਾ ਦੱਸ ਦੇ ਕਿ ਮੈਨੂੰ ਪਸੰਦ ਕਰਦੀ ਏਂ ਜਾਂ ਫਿਰ ਦਿਲ ਵਿੱਚ ਮੇਰੇ ਲਈ ਕੋਈ ਥਾਂ ਨਹੀਂ ਹੈ।

"ਦੇਖੋ ਸ਼ਹਬਾਜ਼, ਇਹ ਗੱਲ ਜੋ ਤੁਸੀਂ ਕੀਤੀ ਹੈ, ਇਹ ਮੈਂ ਪਹਿਲਾਂ ਤੋਂ ਜਾਣਦੀ ਸੀ ਅਤੇ ਮੈਨੂੰ ਪਤਾ ਸੀ ਕਿ ਇੱਕ ਦਿਨ ਤੁਸੀਂ ਗੱਲ ਕਰਨ ਦੇ ਲਈ ਜ਼ਰੂਰ ਆਓਗੇ।"

"ਤੈਨੂੰ ਕਿਵੇਂ ਪਤਾ?" ਹੁਣ ਮੇਰੇ ਹੈਰਾਨ ਹੋਣ ਦੀ ਵਾਰੀ ਸੀ।

"ਜਦੋਂ ਮੈਂ ਤੁਹਾਡੇ ਘਰ ਰਹਿਣ ਆਈ ਸੀ, ਤਾਂ ਮੈਨੂੰ ਅੰਦਾਜ਼ਾ ਹੋ ਗਿਆ ਸੀ।" ਉਸ ਨੇ ਬਹੁਤ ਹੀ ਅਰਾਮ ਨਾਲ ਗੱਲ ਕੀਤੀ। "ਫਿਰ ਤੇਰਾ ਕੀ ਫੈਸਲਾ ਹੈ?"

"ਸੱਚੀ ਗੱਲ ਤਾਂ ਇਹ ਹੈ ਕਿ ਤੁਸੀਂ ਮੈਨੂੰ ਸ਼ੁਰੂ ਤੋਂ ਹੀ ਪਸੰਦ ਸੀ।" ਉਸਨੇ ਕਿਹਾ, ਤਾਂ ਮੈਨੂੰ ਐਨੀ ਖੁਸ਼ੀ ਹੋਈ ਕਿ ਮੈਂ ਦੱਸ ਨਹੀਂ ਸਕਦਾ।

"ਪਰ ਇੱਕ ਗੱਲ ਹੋਰ ਦੱਸ ਦਿਆਂ, ਉਹ ਇਹ ਕਿ ਮੈਂ ਇਸ ਸਿਲਸਿਲੇ ਵਿੱਚ ਕੁਝ ਨਹੀਂ ਕਰ ਸਕਦੀ। ਜੋ ਕੁਝ ਕਰਨਾ ਹੈ, ਤੁਸੀਂ ਹੀ ਕਰਨਾ ਹੈ ਕਿਉਂਕਿ ਤੁਹਾਨੂੰ ਸਾਡੇ ਘਰ ਦੇ ਮਾਹੌਲ ਅਤੇ ਹਾਲਾਤ ਦਾ ਪਤਾ ਹੈ।

-ਅਨੁਵਾਦ : ਅਮਰਜੀਤ ਚੰਦਰ

-94176-00014

--0--

ਮਾਂ ਬੋਲੀ

-ਸੁੰਦਰਪਾਲ ਪ੍ਰੇਮੀ

ਮੇਰੀ ਬੋਲੀ, ਮੇਰੀ ਮਾਂ।
ਬੋਹੜ ਵਰਗੀ ਇਹਦੀ ਛਾਂ।
ਗੁਰਬਾਣੀ ਵਿੱਚ ਮਿਲੀ ਹੈ,
ਮਾਂ ਨੂੰ ਉੱਚੀ ਥਾਂ।
ਵਾਰਸ ਦੀ ਹੀਰ ਨੇ,
ਮਾਂ ਦੀ ਟੌਹਰ ਬਣਾਈ।
ਹਾਸ਼ਮ ਦੀ ਸੱਸੀ,
ਮਾਂ-ਬੋਲੀ ਵਿੱਚ ਸਮਾਈ।
ਭਾਈ ਵੀਰ ਸਿੰਘ ਨੇ,
ਮਾਂ ਦੇ ਲੇਖੇ ਕਲਮ ਲਾਈ।
ਪ੍ਰੋ: ਮੋਹਨ ਸਿੰਘ ਨੇ,
ਮਾਂ ਦੀ ਨੁਹਾਰ ਚਮਕਾਈ।
ਨਾਨਕ ਸਿੰਘ ਦੇ ਨਾਵਲਾਂ ਨੇ,
ਮਾਂ-ਬੋਲੀ 'ਚ ਸ਼ੋਹਰਤਪਾਈ।
ਸ਼ਿਵ ਦੀ ਸ਼ਾਇਰੀ ਨੇ,
ਮਾਂ ਦੀ ਸ਼ਾਨ ਵਧਾਈ।
ਸਿਰ ਕੱਢ ਕਲਮਕਾਰਾਂ ਨੇ,
ਮਾਂ-ਬੋਲੀ 'ਚ ਪਹਿਚਾਣ ਬਣਾਈ।
ਰਲ-ਮਿਲ ਆਪਾਂ ਮਿਸਾਲੀ,
ਚੇਤਨਾ ਮੁਹਿਮ ਚਲਾਈਏ,
ਹਰ ਅਦਾਰੇ ਵਿੱਚ,
ਮਾਂ ਨੂੰ ਅੱਗੇ ਲਿਆਈਏ।
ਵਿਦੇਸ਼ਣ ਦੀ ਚੌਧਰ ਨੂੰ,
ਹਾਸ਼ੀਏ 'ਤੇ ਲਿਆਈਏ।
ਮਾਂ-ਬੋਲੀ ਦੇ ਸੀਸ 'ਤੇ
ਪਟਰਾਣੀ ਦਾ ਤਾਜ ਪਹਿਨਾਈਏ।
ਮਾਂ-ਬੋਲੀ ਵੱਲ 'ਪ੍ਰੇਮੀ'
ਆਪਾਂ ਦਿਲੋਂ ਫਰਜ਼ ਨਿਭਾਈਏ।

-99814-51099

--0--

ਦੋ ਗ਼ਜ਼ਲਾਂ

-ਰਾਕੇਸ਼ ਕੁਮਾਰ

(1)

ਕਿੰਨੀਆਂ ਔਕੜਾਂ ਰਾਹਾਂ ਵਿੱਚ ਲਗਾਈਆਂ ਨੇ।
ਰਹਿਬਰ ਨੇ ਹੀ ਦਿਸ਼ਾਵਾਂ ਭਟਕਾਈਆਂ ਨੇ।
ਗਹਿਰ ਚੜ੍ਹ ਬੜੀ ਗਈ ਅਸਮਾਨ ਉੱਤੇ,
ਸਾਵਣ ਕਣੀਆਂ ਨਾ ਆਈਆਂ ਨੇ।
ਸਾਂਝ ਸਵੇਰਾ ਚੜ੍ਹਨ ਨਹੀਂ ਦੇਣਾ ਜਰਵਾਣਿਆਂ,
ਡੂੰਘੀਆਂ ਦਰਾਰਾਂ ਘਰ ਘਰ ਪਾਈਆਂ ਨੇ।
ਗਰੀਬ ਦੀ ਕੁੱਲੀ ਵਿੱਚੋਂ ਨਿਕਲੇ ਧੂੰਆਂ ਹੀ ਧੂੰਆਂ,
ਟੁੱਕਰ ਲਈ ਫਿਰ ਗਿੱਲੀਆਂ ਲੱਕੜਾਂ ਮਚਾਈਆਂ ਨੇ।
ਨਕਲੀ ਹਾਸਿਆਂ ਦਾ ਓਹਲਾ ਹੈ ਗ਼ਮਾਂ ਤੇ,
ਵਿਲਕਦੀ ਰੂਹ ਅੰਦਰ ਤਨਹਾਈਆਂ ਨੇ।
ਫਿਰ ਆਈ ਹੈ ਲਾਸ਼ ਲਿਪਟਕੇ ਤਿਰੰਗੇ ਵਿੱਚ,
ਨਹੀਂ ਚਾਹੁੰਦੇ ਜੋ ਅਮਨ ਗੋਲੀਆਂ ਚਲਾਈਆਂ ਨੇ।
ਜਿੰਨ੍ਹਾਂ ਸਿਰਨਾਵਿਆਂ 'ਤੇ ਪਾਈਆਂ ਚਿੱਠੀਆਂ,
'ਰਾਕੇਸ਼' ਚਿੱਠੀਆਂ ਬਰੰਗ ਪਰਤ ਆਈਆਂ ਨੇ।

--0--

(2)

ਕਬਰਾਂ ਉੱਤੇ ਪਾਏ ਦੁਸ਼ਾਲੇ ਨੇ।
ਨੰਗੇ ਤਨ ਝੱਲਦੇ ਸਿਆਲ਼ੇ ਨੇ।
ਝੌਂਪੜੀਆਂ ਵਿਚ ਤਾਂ ਹਨੇਰਾ ਹੀ ਹੁੰਦਾ,
ਸੰਗਮਰੀ ਘਰਾਂ ਵਿੱਚ ਹੀ ਉਜਾਲ਼ੇ ਨੇ।
ਨਦੀ ਦਾ ਵੇਗ ਜਦੋਂ ਤੇਜ਼ ਹੋਇਆ,
ਨਾ ਪੱਥਰਾਂ ਤੋਂ ਪੱਥਰ ਗਏ ਸੰਭਾਲ਼ੇ ਨੇ।
ਕਦੇ ਧੁੱਪ ਤੇ ਕਦੇ ਛਾਂ ਮਿਲਦੀ ਹੈ,
ਜੀਵਨ ਪਥ ਨਾ ਸੁਖਾਲ਼ੇ ਨੇ।
ਉਹ ਸਹਾਰਿਆਂ ਨਾਲ ਨਹੀਂ ਚੱਲਦੇ,
ਜੋ ਮੰਜ਼ਿਲ ਲਈ ਕਾਹਲ਼ੇ ਨੇ।
ਅੱਗ ਵਿੱਚ ਸੜਕੇ ਪਿਆਸ ਬੁਝਾਉਂਦੇ,
'ਰਾਕੇਸ਼' ਉਹ ਜੋ ਮਿੱਟੀ ਦੇ ਪਿਆਲ਼ੇ ਨੇ।

-94630-24455

--0--

ਦਾਜ ਨਾ ਲੈਣ ਦਾ ਝੰਜਟ

-ਗੁਲਜਾਰ ਸਿੰਘ ਨਰੂਲਾ

ਜਾਰਜ ਬਰਨਾਰਡ ਸ਼ਾਅ ਨੇ ਇੱਕ ਥਾਂ ਤੇ ਲਿਖਿਆ-ਮੈਨੂੰ ਅੱਜ ਤੱਕ ਕੋਈ ਵੀ ਸ਼ਖਸ ਅਜਿਹਾ ਨਹੀਂ ਮਿਲਿਆ, ਜਿਸਦੇ ਵਿਚਾਰ ਜੋ ਸਵੇਰ ਵੇਲੇ ਸਨ, ਉਹੀ ਸ਼ਾਮ ਦੇ ਸਮੇਂ ਵੀ ਕਾਇਮ ਰਹੇ ਹੋਣ। ਇਹ ਗੱਲ ਉਹਨਾਂ ਨੇ ਪਰਿਵਰਤਨ ਦੇ ਪ੍ਰਸੰਗ ਵਿੱਚ ਲਿਖੀ ਸੀ, ਜਿਸਨੂੰ ਅਸੀਂ ਅਕਸਰ ਪਰਿਵਰਤਨ ਪ੍ਰਕਿਰਤੀ ਦਾ ਨਿਯਮ ਮੰਨਕੇ ਸਵੀਕਾਰ ਕਰਦੇ ਹਾਂ। ਵਿਗਿਆਨ ਤਾਂ ਹੈ ਹੀ ਪਰਿਵਰਤਨ ਨਾ ਦੀ ਪ੍ਰਯੋਗਸ਼ਾਲਾ। ਸੋਚ-ਵਿਚਾਰਾਂ ਵਿੱਚ ਤਬਦੀਲੀ ਆਉਣਾ ਵੀ ਸ਼ਾਅ ਸਾਹਿਬ ਦੇ ਲਿਖਣ ਮੁਤਾਬਕ ਬਹੁਤ ਹੀ ਸੁਭਾਵਕ ਹੈ। ਜੇ ਰਾਜਨੀਤੀ ਦੇ ਵਿਸ਼ੇ ਬਾਰੇ ਸੋਚੀਏ ਤਾਂ ਸਿਆਸੀ ਲੋਕਾਂ ਦਾ ਪਾਰਟੀਆਂ ਬਦਲਣਾ ਵੀ ਇਸੇ ਪ੍ਰਸੰਗ ਵਿੱਚ ਵੇਖਿਆ ਜਾ ਸਕਦਾ ਹੈ। ਇਸੇ ਬਦਲਾਅ ਦੇ ਸੰਦਰਭ ਵਿੱਚ ਜਵਾਨੀ ਵੇਲੇ ਦੇ ਵਿਚਾਰਾਂ ਬਾਬਤ ਵੀ ਕਿਹਾ ਜਾ ਸਕਦਾ ਹੈ ਜੋ ਸਮੇਂ ਦੇ ਬੀਤਣ ਨਾਲ ਅਥਵਾ ਬਦਲਣ ਨਾਲ ਪਰਿਵਰਤਤ ਹੋ ਜਾਂਦੇ ਹਨ ਤੇ ਕਈ ਵਾਰ ਤਾਂ ਬਹੁਤ ਹੀ ਫਜ਼ੂਲ ਤੇ ਅਪ੍ਰਸੰਗਕ ਜਾਪਣ ਲੱਗਦੇ ਹਨ। ਇਸੇ ਤਰ੍ਹਾਂ ਦਾ ਇੱਕ ਫੈਸਲਾ ਜੋ ਮੈਂ ਜਵਾਨੀ ਵੇਲੇ ਕੀਤਾ ਸੀ ਇੱਕ ਸਮੇਂ 'ਝੰਜਟ' ਲੱਗਣ ਲੱਗ ਪਿਆ ਸੀ। ਕੁਝ ਸਮੇਂ ਬਾਅਦ ਉਹੀ ਫੈਸਲਾ ਰੰਗ ਬਦਲ ਕੇ 'ਥੋਥਾ ਅਤੇ ਅਰਥਹੀਣ' ਜਾਪਣ ਲੱਗਾ। ਹੋ ਸਕਦਾ ਹੈ ਕਿ ਇਸਦਾ 'ਨਾਮ' ਕੋਈ ਹੋਰ ਵੀ ਰੱਖਣਾ ਪਵੇ।

ਮੈਂ ਅੰਤਰਮੁਖੀ ਸੁਭਾਅ ਦਾ ਵਿਅਕਤੀ ਹਾਂ। ਜਜ਼ਬਾਤ ਵਿੱਚ ਆ ਕੇ ਝੱਟ ਵਿੱਚ ਕੋਈ ਫੈਸਲਾ ਕਰ ਲੈਂਦਾ ਹਾਂ: ਪਰ ਅਗਲੇ ਹੀ ਪਲ ਬਦਲ ਦਿੰਦਾ ਹਾਂ। ਕਈ ਵਾਰ ਕਿਸੇ ਨਾਵਲ ਜਾਂ ਕਹਾਣੀ ਦੇ ਪਾਤਰ ਤੋਂ ਇੰਨਾ ਪ੍ਰਭਾਵਿਤ ਹੋ ਜਾਂਦਾ ਹਾਂ ਕਿ ਉਸੇ ਵਰਗਾ ਜੀਵਨ ਜਿਉਣ ਦੀ ਕੋਸ਼ਿਸ਼ ਕਰਦਾ ਹਾਂ। ਪਰ ਕਿੱਥੇ ਲੇਖਕ ਦਾ ਕਲਪਿਤ ਪਾਤਰ ਤੇ ਕਿੱਥੇ ਕਠੋਰ ਜੀਵਨ ਦਾ ਯਥਾਰਥਕ ਧਰਾਤਲ। ਜਦ ਤਾਲਮੇਲ ਨਹੀਂ ਬੈਠਦਾ ਤਾਂ ਝੁੰਜਲਾ ਉਠਦਾ ਹਾਂ। ਬਿਲਕੁੱਲ ਉਲਟ ਦਿਸ਼ਾ ਵੱਲ ਹੋ ਤੁਰਦਾ ਹਾਂ ਤੇ ਬਰਨਾਰਡ ਸ਼ਾਅ ਦੀ ਆਖੀ ਹੋਈ ਗੱਲ ਨੂੰ ਸੌ ਪ੍ਰਤੀਸ਼ਤ ਅੰਕ ਦੇ ਦਿੰਦਾ ਹਾਂ।

ਅੱਠਵੀਂ ਨੌਵੀਂ ਤੱਕ ਪਹੁੰਚਦੇ, ਪਹੁੰਚਦੇ ਪੰਜਾਬੀ ਸਾਹਿਤ ਨਾਲ ਮੇਰੀ ਸਾਂਝ ਪੈ ਚੁੱਕੀ ਸੀ। ਅੱਲੜ੍ਹ ਉਮਰ ਦੇ ਕਿਸ਼ੋਰ-ਕਿਸ਼ੋਰੀਆਂ ਵਾਂਗ ਪਹਿਲਾਂ 'ਫ਼ਿਲਮ ਕਲਾ ਮੈਗਜ਼ੀਨ ਪੜ੍ਹਨ ਲੱਗ ਪਿਆ ਜਿਸਨੂੰ ਸ: ਕਰਤਾਰ ਸਿੰਘ ਬਲੱਗਣ ਕੱਢਦੇ ਸਨ। ਉਹ ਇੱਕ ਸਾਹਿਤਕ ਪੱਤਰਕਾ 'ਕਵਿਤਾ' ਵੀ ਕੱਢਦੇ ਸਨ ਜਿਸ ਦਾ ਵਿਗਿਆਪਨ ਫਿਲਮ ਕਲਾ ਵਿੱਚ ਛਪਦਾ ਸੀ। ਕਵਿਤਾ ਤੋਂ ਬਾਅਦ 'ਪ੍ਰੀਤਲੜੀ' ਦਾ ਚਸਕਾ ਪੈ ਗਿਆ ਤੇ ਫਿਰ ਤਾਂ ਚੱਲ-ਸੋ-ਚੱਲ। ਪ੍ਰੀਤਲੜੀ ਨੇ ਤਾਂ ਮੇਰੇ ਅੰਦਰ ਡੂੰਘੀ ਹਲਚਲ ਪੈਦਾ ਕਰ ਦਿੱਤੀ। ਉਸ ਦੀ ਨੀਤੀ ਤੇ ਵਿਚਾਰ ਤੋਂ ਮੈਂ ਬਹੁਤ ਪ੍ਰਭਾਵਿਤ ਹੋਇਆ। ਗੁਰਬਖਸ਼ ਸਿੰਘ ਦੀ ਸੋਚ ਮਨ ਨੂ ਧੂਹ ਪਾਉਂਦੀ ਤੇ ਨਵੇਂ-ਨਵੇਂ ਦਿਸਹੱਦੇ ਨਜ਼ਰ ਆਉਂਦੇ। ਪ੍ਰੀਤਲੜੀ ਦੇ ਅਸਰ ਹੇਠ ਹੀ ਬਿਨਾਂ ਕਿਸੇ ਡੂੰਘੇ ਮੰਥਨ ਦੇ, ਕੱਚੀ ਜਿਹੀ ਉਮਰ ਦੇ ਜਜ਼ਬਾਤ ਪਿੱਛੇ ਲੱਗਕੇ, ਮਨ ਹੀ ਮਨ ਮੈਂ ਫੈਸਲਾ ਕਰ ਲਿਆ-"ਮੈਂ ਬਿਨਾਂ ਦਾਜ-ਦਹੇਜ ਤੋਂ ਵਿਆਹ ਕਰਵਾਵਾਂਗਾ।

ਪ੍ਰੀਤਲੜੀ ਨੂੰ ਪੱਤਰ ਲਿਖਕੇ ਮੈਂ ਆਪਣੇ ਫੈਸਲੇ ਨੂੰ ਛਪਵਾ ਵੀ ਦਿੱਤਾ ਤਾਂ ਕਿ ਕਿਸੇ ਸਮੇਂ ਮੇਰਾ ਮਨ ਡੋਲ/ਬਦਲ ਨਾ ਜਾਵੇ। ਸ: ਨਵਤੇਜ ਸਿੰਘ ਨੇ ਮੈਨੂੰ ਇੱਕ ਚਿੱਠੀ (ਕਾਰਡ) ਲਿਖਕੇ ਮੇਰੀ ਹੌਸਲਾ-ਅਫ਼ਜ਼ਾਈ ਕੀਤੀ ਤੇ ਮੈਨੂੰ ਉਤਸ਼ਾਹਿਤ ਕੀਤਾ। ਕਾਫ਼ੀ ਸਮੇਂ ਤੱਕ ਮੈਂ ਇਸ ਕਾਰਡ ਨੂੰ ਤਮਗੇ ਵਾਂਗ ਸਾਂਭੀ ਰੱਖਿਆ।

ਸਕੂਲ ਅਧਿਆਪਕ ਦੇ ਤੌਰ ਤੇ ਮੇਰੀ ਨਿਯੁਕਤੀ ਹੋ ਗਈ ਸੀ। ਭੈਣਾਂ ਵੱਡੀਆਂ ਸਨ: ਵਿਆਹੀਆਂ ਗਈਆਂ। ਭਰਾ ਕੋਈ ਹੈ ਨਹੀਂ ਸੀ। ਬਾਪ ਸਵਰਗ ਸਿਧਾਰ ਗਿਆ। ਘਰ ਵਿੱਚ ਅਸੀਂ ਦੋ ਹੀ ਮੈਂਬਰ ਸਾਂ-ਮੈਂ ਤੇ ਮੇਰੀ ਮਾਂ।

ਦਾਜ ਨਾ ਲੈਣ ਦਾ ਸੰਕਲਪ ਤਾਂ ਮੈਂ ਕਰ ਲਿਆ ਸੀ। ਪਰ ਗ੍ਰਹਿਸਥੀ ਜੀਵਨ ਦੀ ਬਾਕੀ ਰੂਪ ਰੇਖਾ ਦਾ ਚਿੱਤਰ ਮਨ ਵਿੱਚ ਚਿਤਵਿਆ ਨਹੀਂ ਸੀ। ਉਮਰ ਅਤੇ ਵਿਚਾਰਾਂ ਵਿੱਚ ਪ੍ਰੋੜਤਾ ਅਜੇ ਆਈ ਨਹੀਂ ਸੀ। ਮੇਰੀ ਅਨਪੜ੍ਹ ਮਾਂ ਮੈਥੋਂ 'ਬਾਹਰ' ਤਾਂ ਨਹੀਂ ਸੀ ਪਰ ਮੈਨੂੰ ਜਾਪਦਾ ਸੀ ਕਿ ਉਸਨੂੰ ਮੇਰੇ ਫੈਸਲੇ ਤੇ ਕੋਈ 'ਮਾਣ' ਵੀ ਨਹੀਂ ਸੀ। ਸ਼ਾਇਦ ਉਹ ਸੋਚਦੀ ਸੀ-ਜੇ ਮੈਂ ਪੰਜ ਧੀਆਂ ਤਿਲ-ਫੁੱਲ ਦੇ ਕੇ ਤੋਰੀਆਂ ਹਨ। ਉਹ ਅਕਸਰ ਚੁੱਪ ਹੀ ਰਹਿੰਦੀ ਸੀ ਉਸਦੀ ਨਜ਼ਰ ਵਿੱਚ ਮੇਰਾ ਫੈਸਲਾ ਆਪ-ਹੁਦਰਾ ਸੀ।

ਜਿਸ ਸਕੂਲ ਵਿੱਚ ਮੈਂ ਅਧਿਆਪਕ ਸਾਂ, ਉਸ ਸਕੂਲ ਦੇ ਇੱਕ ਅਧਿਆਪਕ ਨੇ ਮੇਰੇ ਨਾਲ ਮੇਰੇ ਰਿਸ਼ਤੇ ਦੀ ਗੱਲ ਤੋਰੀ। ਮੈਂ ਉਸਨੂੰ ਦਾਜ ਦਹੇਜ ਨਾ ਲੈਣ ਦੇ ਆਪਣੇ ਫੈਸਲੇ ਤੋਂ ਜਾਣੂ ਕਰਵਾ ਦਿੱਤਾ। ਉਸ ਅਧਿਆਪਕ ਨੇ ਮੇਰੀ ਗੱਲ ਨੂੰ ਉਨੀ ਗੰਭੀਰਤਾ ਨਾਲ ਨਹੀਂ ਲਿਆ, ਜਿੰਨੀ ਮੈਂ ਜ਼ੋਰ ਦੇ ਕੇ ਆਖੀ ਸੀ। ਉਸ ਨੇ ਇਹੀ ਸਮਝਿਆ ਕਿ ਮੇਰੀ ਕੋਈ ਵਿਸ਼ੇਸ਼ ਮੰਗ ਨਹੀਂ ਸੀ। ਮੰਗਣੀ ਦੀ ਰਸਮ ਮੇਰੀ ਇੱਛਾ ਅਨੁਸਾਰ ਹੋਈ। ਪੰਜ ਰੁਪਏ ਸਾਈ ਵਜੋਂ ਮੇਰੀ ਜੇਬ ਵਿੱਚ ਪਾਏ ਗਏ ਤੇ ਉਸ ਸਮੇਂ ਦੇ ਪ੍ਰਚਲਿਤ ਸ਼ਬਦਾਂ ਵਿੱਚ ਮੈਂ 'ਪਰੁੰਨਿਆਂ' ਗਿਆ। ਹੁਣ ਮੈਂ ਉਸ ਸਾਥੀ ਅਧਿਆਪਕ ਨੂੰ 'ਮਾਮਾ ਜੀ' ਆਖਣ ਲੱਗ ਪਿਅ ਸਾਂ।

ਕੁਝ ਮਹੀਨਿਆਂ ਬਾਅਦ ਵਿਆਹ ਦੀਆਂ ਗੱਲਾਂ ਹੋਣ ਲੱਗੀਆਂ ਤੇ ਤਿਆਰੀਆਂ ਕਰਨ ਜਿਹੇ ਸ਼ਬਦ ਸਾਡੀ ਗੱਲਬਾਤ ਦਾ ਵਿਸ਼ਾ ਬਣਨ ਲੱਗੇ ਤਾਂ ਮੈਨੂੰ ਦਾਲ ਵਿੱਚ ਕੁਝ ਕਾਲਾ ਜਾਪਣ ਲੱਗ ਪਿਆ। ਮੈਂ ਅਜੇ ਢੁੱਕਵੇਂ ਸਮੇਂ ਦੀ ਤਲਾਸ਼ ਵਿੱਚ ਹੀ ਸਾਂ ਕਿ ਉਹ ਅਧਿਆਪਕ ਸਾਥੀ ਮਾਮਾ ਨੇ ਉਂਗਲ ਦੇ ਮੇਚ ਦੀਆਂ ਤੇ ਮਿਲਣੀਆਂ ਵੇਲੇ ਕੰਬਲਾਂ ਦੀ ਗਿਣਤੀ ਦੀਆਂ ਗੱਲਾਂ ਕਰਦੇ ਕਰਦੇ ਨੇ ਮੇਰੇ 'ਤੇ ਕਈ ਪ੍ਰਸ਼ਨ ਦਾਗ ਦਿੱਤੇ। ਮੈਂ ਉਸ ਨੂੰ ਸ਼ਾਮ ਨੂੰ ਉੱਤਰ ਦੇਣ ਦਾ ਵਾਅਦਾ ਕੀਤਾ। ਉਸਨੇ ਸੋਚਿਆ ਹੋਵੇਗਾ ਕਿ ਆਪਣੀ ਮਾਂ ਕੋਲੋਂ ਪੁੱਛਕੇ ਦੱਸੇਗਾ। ਸ਼ਾਮ ਨੂੰ ਪਊਏ ਕੁ ਦਾ ਪੈਗ ਲਾਕੇ ਮੈਂ ਆਧਿਆਪਕ ਸਾਥੀ ਜਾ ਹਲੂਣਿਆ, ਮੇਰੇ ਦਾਜ-ਦਹੇਜ ਬਿਨਾਂ ਵਿਆਹ ਕਰਾਉਣ ਦਾ ਤੁਸੀਂ ਕੀ ਅਰਥ ਕੱਢਦੇ ਹੋ?" ਉਸਨੇ ਕਿਹਾ,"ਅਸੀਂ ਇਹ ਅਰਥ ਕੱਢਿਆ ਹੈ ਕਿ ਤੁਹਾਡੀ ਕੋਈ ਖਾਸ ਮੰਗ ਨਹੀਂ ਹੈ। ਜੋ ਅਸੀਂ ਆਪਣੀ ਹੈਸੀਅਤ ਮੁਤਾਬਕ ਦੇ ਸਕਦੇ ਹਾਂ-ਦੇ ਦਿਆਂਗੇ।" ਉਸਨੇ ਹੋਰ ਵੀ ਬਹੁਤ ਕੁਝ ਕਿਹਾ। ਜਿੱਥੇ ਬਹਿਕੇ ਅਸੀਂ ਗੱਲਾਂ ਕਰ ਰਹੇ ਹਾਂ, ਉਥੋਂ ਹੀ ਇੱਕ ਖਾਲੀ ਪਲਾਟ ਵੱਲ ਉਂਗਲੀ ਦਾ ਇਸ਼ਾਰਾ ਕਰਕੇ ਉਸਨੇ ਕਿਹਾ,"ਔਹ ਜਿਹੜਾ ਪਲਾਟ ਖਾਲੀ ਪਿਆ ਹੈ-ਉਹ ਅਸੀਂ ਤੁਹਾਡੇ ਵਾਸਤੇ ਚੁਣਿਆ ਹੈ। ਇੱਥੇ ਹੀ ਅਸੀਂ ਤੁਹਾਨੂੰ ਕੋਠੀ ਬਣਾ ਕੇ ਦੇਣੀ ਹੈ।" ਮੈਂ ਬੜੀ ਮੁਸ਼ਕਲ ਨਾਲ ਆਪਣੀ ਜ਼ੁਬਾਨ ਤੇ ਕਾਬੂ ਰੱਖਿਆ। ਉਸਨੂੰ ਗੱਲ ਪੂਰੀ ਕਰਨ ਦਾ ਸਮਾਂ ਦਿੱਤਾ। ਫਿਰ ਮੈਂ ਇੱਕਦਮ ਆਤਿਸ਼ਬਾਜ਼ੀ ਵਾਂਗ ਭੜਕ ਉਠਿਆ ਤੇ ਉੱਚੀ ਆਵਾਜ਼ ਵਿੱਚ ਆਪਣੇ ਸਮਾਜਵਾਦੀ ਵਿਚਾਰਾਂ ਦੀ ਝੜੀ ਲਾ ਦਿੱਤੀ। ਇਸ ਸਮੇਂ ਦੌਰਾਨ ਉਹ ਸ਼ਾਂਤ ਰਿਹਾ, ਮੁਸਕਰਾਉਂਦਾ ਰਿਹਾ ਤੇ ਮੇਰੇ ਲਾਲ ਸੁਰਖ ਹੁੰਦੇ ਚਿਹਰੇ ਵੱਲ ਵੇਖਦਾ ਰਿਹਾ। ਹੁਣ ਤੱਕ ਮੇਰੇ ਉਪਰ ਸ਼ਰਾਬ ਦਾ ਨਸ਼ਾ ਵੀ ਹੋ ਚੁੱਕਾ ਸੀ। ਅਖੀਰ ਤੇ ਜੋ ਵਾਕ ਮੈਂ ਬੋਲਿਆ, ਉਹ ਇਹ ਸੀ,"ਜਿਹੜਾ ਕੱਪੜਾ ਤੁਸੀਂ ਮੈਨੂੰ ਦਿਓਗੇ, ਮੈਂ ਉਸਨੂੰ ਆਪਣੇ ਲਈ ਕੱਫਨ ਸਮਝਾਂਗਾ।"

...... ਤੇ ਰਿਸ਼ਤਾ ਟੁੱਟ ਗਿਆ।

ਮੈਂ ਉਸ ਸਕੂਲ ਵਿੱਚੋਂ ਬਦਲੀ ਕਰਵਾ ਲਈ।

ਮੈਂ ਇੱਕ ਵਾਰ ਫਿਰ 'ਕੰਵਾਰਿਆਂ' ਦੇ ਵਰਗ ਵਿੱਚ ਗਿਣਿਆਂ ਜਾਣ ਲੱਗਾ। ਇਸ ਵਰਗ ਵਿੱਚੋਂ ਕੱਢਣ ਲਈ ਫਿਰ ਪੈੜਚਾਲ ਸ਼ੁਰੂ ਹੋ ਗਈ। ਇਸ ਵਾਰ ਮੈਂ ਹੋਰ ਵੀ ਸੁਚੇਤ ਹੋ ਗਿਆ ਸਾਂ। ਆਪਣੀ ਮੰਗ ਨੂੰ ਸਾਫ਼-ਸਾਫ਼ ਦਰਸਾਉਣ ਲਈ ਨਵੀਂ-ਨਵੀਂ ਸ਼ਬਦਾਵਲੀ ਨਾਲ ਲੈਸ ਹੋ ਕੇ ਤਿਆਰੀ ਕੀਤੀ ਤਾਂ ਕਿ ਓਹਲੇ ਦੀ ਗੁੰਜਾਇਸ਼ ਹੀ ਨਾ ਰਹੇ।

.... ਤੇ ਫਿਰ ਮੈਂ ਦੂਜੀ ਵਾਰ 'ਪਰੁੰਨਿਆ ਗਿਆ।

ਇਸ ਵਾਰ ਮੈਂ ਆਪਣੇ ਵੱਲੋਂ ਸਾਫ਼ਗੋਈ ਦੀ ਕੋਈ ਕਸਰ ਬਾਕੀ ਨਾ ਛੱਡੀ। ਆਭਾਸ ਇਹੀ ਹੋ ਰਿਹਾ ਸੀ ਕਿ ਸੱਭ ਠੀਕ ਚੱਲ ਰਿਹਾ

ਸੀ। ਵਿਆਹ ਦਾ ਦਿਨ ਨਿਸਚਿਤ ਹੋ ਗਿਆ ਸੀ। ਦੂਜੀ ਧਿਰ ਵੱਲੋਂ ਕੀਤੀਆਂ ਜਾਣ ਵਾਲੀਆਂ ਤਿਆਰੀਆਂ ਦੀ ਭਿਣਕ ਮੇਰੇ ਕੰਨੀਂ ਪੈ ਗਈ। ਮੈਂ ਇਸ ਵਾਰ ਵਿਚੋਲੇ ਨੂੰ ਹਲੂਣਨਾ ਠੀਕ ਨਾ ਸਮਝਿਆ ਤੇ ਸਬੰਧਿਤ ਧਿਰ ਨਾਲ ਸਿੱਧੀਆਂ ਤਾਰਾਂ ਜੋੜਨ ਦੀ ਸੋਚੀ (ਉਹਨੀਂ ਦਿਨੀਂ ਟੈਲੀਫੋਨ ਦੀ ਸਹੂਲਤ ਨਹੀਂ ਸੀ।) ਸਾਡੇ ਵਿਚਕਾਰ ਜੋ ਸੰਵਾਦ ਹੋਇਆ, ਉਸਦਾ ਇੱਕ ਲੋੜੀਂਦਾ ਅੰਸ਼ ਹੇਠ ਲਿਖੇ ਅਨੁਸਾਰ ਸੀ :-

ਦੂਜੀ ਧਿਰ : ਬਰਾਤ ਕਿੰਨੀ ਕੁ ਆਵੇਗੀ?
ਮੈਂ : ਜਾਂ ਪੰਜ ਜਣੇ ਜਾਂ ਪੰਜਾਹ।
ਦੂਜੀ ਧਿਰ : ਪੰਜਾਹ ਹੀ ਆ ਜਾਇਓ।
ਕਾਹਦੇ 'ਤੇ ਆਓਗੇ?
ਮੈਂ : ਇਹ ਅਸੀਂ ਵੇਖਾਂਗੇ। ਇਹ ਸਾਡੀ ਸਮੱਸਿਆ ਹੈ।
ਦੂਜੀ ਧਿਰ : ਬੱਸ ਹੀ ਕਰ ਲਿਓ, ਸੌਖੇ ਰਹਾਂਗੇ।
ਮੈਂ : ਬੱਸ ਕਰਨ ਨਾਲ ਕੀ ਸੌਖ ਹੋਊ?
ਦੂਜੀ ਧਿਰ : ਸਮਾਨ ਸੌਖਾ ਲੱਦਿਆ ਜਾਊ।
ਮੈਂ : (ਜਾਇਜ਼ ਜਿਹਾ ਭੜਕ ਕੇ) ਸਮਾਨ ਕਿਹੜਾ? ਮੈਂ ਕਿੰਨੇ ਚਿਰ ਤੋਂ ਤੁਹਾਨੂੰ ਸਾਰਿਆਂ ਨੂੰ ਸਮਝਾਈ ਜਾਨਾ ਕਿ ਕੋਈ ਦਾਜ ਦਹੇਜ ਨਹੀਂ ਹੋਣਾ। ਇੱਕ ਰੁਮਾਲ ਵੀ ਨਹੀਂ।
ਦੂਜੀ ਧਿਰ : ਇਹ ਕਿਵੇਂ ਹੋ ਸਕਦਾ ਹੈ? ਸਾਡੀ ਧੀ ਦਾ ਜੇ ਤੁਹਾਡੇ ਘਰ ਹੋਇਆ ਹੀ ਕੁਝ ਨਾ, ਤਾਂ ਉਸਦੀ 'ਮੇਰ' ਕਾਹਦੇ ਤੇ ਹੋਊ? ਉਸਦਾ ਉਥੇ ਜੀਅ ਕਿਵੇਂ ਲੱਗੂ?
ਮੈਂ : ਇਉਂ ਤਾਂ ਮੈਂ ਨਹੀਂ ਕਰਨਾ।
ਦੂਜੀ ਧਿਰ : ਜਿਵੇਂ ਤੁਸੀਂ ਆਂਹਦੇ ਹੋ, ਇਉਂ ਤਾਂ ਅਸੀਂ ਵੀ ਨਹੀਂ ਕਰ ਸਕਦੇ ...ਤੇ ਟੁੱਟ ਗਈ ਤੜੱਕ ਕਰਕੇ।

ਮੈਂ ਫਿਰ "ਛੜਿਆਂ' ਦੀ ਸ਼ਰੇਣੀ ਵਿੱਚ ਗਿਣਿਆ ਜਾਣ ਲੱਗਾ।

ਮੇਰੇ ਨਾਲ ਵਾਪਰੀ ਇਹ ਦੂਜੀ (ਦੁਰ) ਘਟਨਾ ਸੁਣਕੇ ਮੇਰੀ ਇੱਕ ਭੈਣ ਤਾਂ ਮਰਗ ਵਾਲੇ ਘਰ ਅਫ਼ਸੋਸ ਕਰਨ ਵਾਲਿਆਂ ਵਾਂਗ ਰੁਆਂਸਾ ਜਿਹਾ ਮੂੰਹ ਬਣਾਕੇ ਆਈ ਤੇ ਮੇਰੇ 'ਜੱਗੋਂ ਤੇਰ੍ਹਵੇਂ' ਨਾਲ ਬਹੁਤ ਲੜੀ। ਉਸਨੇ ਮੇਰੇ ਮੂੰਹ 'ਤੇ ਮਿਹਣਿਆਂ ਦੀ ਵਾਛੜ ਹੀ ਸ਼ੁਰੂ ਕਰ ਦਿੱਤੀ। ਉਸਨੇ ਬਹੁਤ ਕੁਝ ਕਿਹਾ ਤੇ ਉਸਦਾ ਇੱਕ ਵਾਕ ਇਹ ਸੀ: ਸਾਨੂੰ ਆਪਣੇ ਸ਼ਰੀਕੇ ਕਬੀਲੇ ਵਿੱਚ ਬੜੀ ਸ਼ਰਮਿੰਦਗੀ ਉਠਾਉਣੀ ਪੈਂਦੀ ਹੈ। ਮੇਰੀਆ ਦਰਾਣੀਆਂ ਜੇਠਾਣੀਆਂ ਮੈਨੂੰ ਪੁੱਛਦੀਆਂ ਹਨ-ਤੇਰੇ ਭਰਾ 'ਚ ਕੀ ਨੁਕਸ ਹੈ ਜੋ ਉਸਦੇ ਰਿਸ਼ਤੇ ਸਿਰੇ ਨਹੀਂ ਚੜ੍ਹਦੇ? ਦੱਸ, ਮੈਂ ਕੀ ਜੁਆਬ ਦਿਆਂ? ਮੇਰੇ ਕੋਲ ਕੋਈ ਜੁਆਬ ਨਹੀਂ ਸੀ।

ਹੁਣ ਮੈਨੂੰ ਆਪਣੇ ਫੈਸਲੇ ਦੀ ਬਜਾਨਬਤਾ ਤੇ ਸ਼ੱਕ ਹੋਣ ਲੱਗ ਪਿਆ ਸੀ।

.....ਤੇ ਹੁਣ ਇੱਕ ਖੁਸ਼ਖ਼ਬਰੀ ਪਾਠਕੋ! ਖੁੱਭਿਆ ਗੱਡਾ ਜਿੱਲ੍ਹਣ ਵਿੱਚੋਂ ਨਿਕਲ ਹੀ ਗਿਆ। ਮੇਰਾ ਵੀ ਤੋਪਾ ਭਰਿਆ ਗਿਆ। ਸਮਾਜਵਾਦੀ ਵਿਚਾਰਾਂ ਵਾਲੇ ਦੇ ਵਿਆਹ ਦੇ ਅਰਥ ਕੁਝ ਇਸ ਤਰ੍ਹਾਂ ਦੇ ਵੇਖੇ-ਸੁਣੇ ਗਏ :

ਮੈਂ ਆਪਣੀ ਉਦੋਂ ਬਣਨ ਵਾਲੀ ਧਰਮ ਪਤਨੀ ਲਈ ਇੱਕ ਸੂਟ ਦਾ ਕੱਪੜਾ ਵਿਆਹ ਤੋਂ ਪਹਿਲਾਂ ਭੇਜ ਦਿੱਤਾ ਤਾਂ ਕਿ ਉਹ ਸੁਆ ਕੇ ਇਹੀ ਸੂਟ ਪਾ ਕੇ ਡੋਲੀ ਚੜ੍ਹੇ। ਮੈਂ ਆਪ ਵੀ ਇੱਕ ਰੱਤੀ ਸੋਨਾ ਨਾ ਖਰੀਦਿਆ ਤੇ ਨਾ ਦੂਜੀ ਧਿਰ ਨੂੰ ਖਰੀਦਣ ਦਿੱਤਾ। ਮੇਰੇ ਵਿਆਹ 'ਤੇ ਮੇਰਾ ਖਰਚ 120 ਰੁਪਏ ਆਇਆ ਜੋ ਮੈਂ ਇੱਕ ਜੀਪ ਵਾਲੇ ਨੂੰ ਕਿਰਾਏ ਵਜੋਂ ਦਿੱਤੇ।

ਮੈਂ ਆਪਣੀ ਇਸ ਰਚਨਾ ਦਾ ਸਿਰਲੇਖ 'ਦਾਜ ਨਾ ਲੈਣ ਦਾ ਝੰਜਟ' ਕਿਉਂ ਰੱਖਿਆ ਹੈ? ਪਾਠਕ ਜਨ ਤਾਂ ਸਮਝ ਹੀ ਗਏ ਹੋਣਗੇ। ਮੈਨੂੰ ਕਿਹੋ ਜਿਹੇ ਝੰਜਟਾਂ ਵਿੱਚੋਂ ਗੁਜ਼ਰਨਾ ਪਿਆ। ਫਿਰ ਮੈਂ ਇਸ ਦਾ ਨਾਂ 'ਥੋਥਾ ਅਤੇ ਅਰਥਹੀਣ' ਰੱਖਿਆ। ਕਿਉਂ? ਕਿਉਂਕਿ ਮੈਂ ਤਾਂ ਆਪਣੇ ਵਿਚਾਰਾਂ ਦੀ ਪੂਰਤੀ ਜ਼ਿਦ ਕਰਕੇ ਕਰਾ ਲਈ ਸੀ ਪਰ ਆਪਣੀ ਪਤਨੀ ਦੀਆਂ ਰੀਝਾਂ, ਉਸਦੇ ਚਾਵਾਂ, ਉਸ ਦੀਆਂ ਇੱਛਾਵਾਂ ਜਾਂ ਉਸਦੇ ਵਲਵਲਿਆਂ ਦਾ ਤਾਂ ਗਲਾ ਹੀ ਘੁੱਟ ਦਿੱਤਾ ਸੀ। ਉਸ ਨੇ ਉਸ ਸਮੇਂ ਦੋ ਸੂਟਾਂ ਵਿੱਚ ਹੀ ਗੁਜ਼ਾਰਾ ਕੀਤਾ। ਇੱਕ ਧੋ ਲੈਣਾ, ਇੱਕ ਪਾ ਲੈਣਾ। ਹੁਣ ਭਾਵੇਂ ਸਾਰੀ ਸਥਿਤੀ ਬਦਲ ਗਈ ਹੈ। ਪਰ ਉਸਦੀ ਜਵਾਨੀ ਦੇ ਸੁਨਹਿਰੀ ਦਿਨਾਂ ਦੇ ਸਮੇਂ ਦੀ ਦੁਖਦੀ ਚੀਸ ਜਿਵੇਂ ਅਜੇ ਵੀ ਗਿੱਲੇ ਬਾਲਣ ਵਾਂਗ ਧੁਖ ਰਹੀ ਹੈ। ਉਹਨਾਂ ਦਿਨਾਂ ਨੂੰ ਯਾਦ ਕਰਕੇ ਉਸਦੇ ਬੁੱਲ੍ਹਾਂ ਤੇ ਜ਼ਖ਼ਮੀ ਜਿਹੀ ਮੁਸਕਰਾਹਟ ਆ ਜਾਂਦੀ ਹੈ। ਹੌਕੇ ਦੀ ਗਰਮ ਹਵਾੜ੍ਹ ਛਾਤੀ ਲੂਹ ਸੁੱਟਦੀ ਹੈ। ਵਿਅਕਤੀਗਤ ਤੌਰ 'ਤੇ ਤਾਂ ਮੈਂ ਅਜੇ ਵੀ ਆਪਣੇ ਵਿਚਾਰਾਂ ਤੇ ਪਹਿਰਾ ਦਿੰਦਾ ਹਾਂ ਪਰ ਹੁਣ ਮੈਂ ਇਹਨਾਂ ਨੂੰ ਆਪਣੇ ਆਪ ਤੱਕ ਹੀ ਸੀਮਿਤ ਰੱਖਦਾ ਹਾਂ। ਕਬੀਲਦਾਰੀ ਦੇ ਲਚਕੀਲੇ ਸੰਵਿਧਾਨ ਵਿੱਚ ਸਹਿਮਤੀ ਬਣਾਏ ਬਿਨਾਂ ਆਪਣੀਆਂ ਧਾਰਨਾਵਾਂ ਨੂੰ ਲਾਗੂ ਕਰਨ ਦੀ ਹਿੰਡ ਹੁਣ 'ਮੂਰਖਤਾ' ਹੀ ਲੱਗਦੀ ਹੈ। ਜਵਾਨੀ ਵੇਲੇ ਦਾ ਲਿਆ ਹੋਇਆ ਫੈਸਲਾ ਢਲਦੀ ਉਮਰੇ ਯਥਾਰਥ ਦੀਆਂ ਕੰਧਾਂ ਨਾਲ ਟਕਰਾਅ ਕੇ ਲਹੂ-ਲੁਹਾਨ ਹੋਇਆ ਪ੍ਰਤੀਤ ਹੁੰਦਾ ਹੈ। ਮੈਂ ਆਪਣੇ ਆਪ ਨੂੰ 'ਮੁਜਰਿਮ' ਸਮਝਣ ਲੱਗਦਾ ਹਾਂ।

-81464-60163

--o--

ਮਿੰਨੀ ਕਹਾਣੀ

ਹੜ੍ਹਪੀੜਤ

-ਰਾਜਦੀਪ ਕੌਰ

ਭਾਖੜਾ ਡੈਮ ਤੋਂ ਛੱਡੇ ਗਏ ਪਾਣੀ ਨਾਲ ਪੰਜਾਬ ਦੇ ਦੁਆਬੇ ਦੇ ਬਹੁਤ ਪਿੰਡ ਹੜ੍ਹਾਂ ਦੀ ਮਾਰ ਹੇਠ ਆ ਗਏ ਲੋਕਾਂ ਕੋਲ ਨਾ ਕੁੱਝ ਖਾਣ ਪੀਣ ਨੂੰ, ਨਾ ਹੀ ਪਹਿਨਣ ਨੂੰ ਕੱਪੜੇ ਨਾ ਰਹਿਣ ਲਈ ਜਗ੍ਹਾ ਤੇ ਨਾ ਹੀ ਦਵਾਈਆਂ ਸਨ। ਅਜਿਹੇ ਹੀ ਹੜ੍ਹ ਪੀੜਤਾਂ ਵਿੱਚ ਡਮਰੂ ਤੇ ਉਸ ਦਾ ਪਰਿਵਾਰ ਵੀ ਸ਼ਾਮਿਲ ਸੀ। ਜਿਸ ਦਾ ਪਹਿਲਾਂ ਤੋਂ ਹੀ ਡਿੱਗੂੰ ਡਿੱਗੂੰ ਕਰਦਾ ਕੱਚਾ ਕੋਠਾ ਪਾਣੀ ਭਰਨ ਕਰਕੇ ਡਿੱਗ ਗਿਆ ਸੀ। ਉਨ੍ਹਾਂ ਦੇ ਪਿੰਡ ਵਿੱਚ ਪਹੁੰਚੀ ਸਮਾਜ ਸੇਵੀ ਸੰਸਥਾ ਨੇ ਡਮਰੂ ਤੇ ਉਸਦੇ ਪਰਿਵਾਰ ਨੂੰ ਸੁਰੱਖਿਅਤ ਸਥਾਨ ਤੇ ਪਹੁੰਚਾਇਆ, ਖਾਣ ਪੀਣ ਲਈ ਦਿੱਤਾ, ਪਹਿਨਣ ਲਈ ਕੱਪੜੇ, ਦਵਾਈ ਦਾਰੂ ਆਦਿ ਸਭ ਕੁਝ ਦਿੱਤਾ ਡਮਰੂ ਤੇ ਉਸ ਦਾ ਪਰਿਵਾਰ ਪਹਿਲਾਂ ਨਾਲੋਂ ਢਿੱਡ ਭਰਕੇ ਖਾਂਦਾ ਪੀਂਦਾ ਸੀ। ਜਦੋਂ ਹਾਲਾਤ ਕੁੱਝ ਠੀਕ ਹੋ ਗਏ ਪਾਣੀ ਉਤਰ ਗਿਆ ਤਾਂ ਸਮਾਜ ਸੇਵੀ ਸੰਸਥਾਵਾਂ ਨੇ ਡਮਰੂ ਦੇ ਪਰਿਵਾਰ ਲਈ ਰਹਿਣ ਨੂੰ ਘਰ ਵੀ ਬਣਾ ਕੇ ਦੇ ਦਿੱਤਾ। ਹੁਣ ਡਮਰੂ ਤੇ ਉਸਦਾ ਪਰਿਵਾਰ ਵਧੀਆ ਘਰ ਵਿੱਚ ਰਹਿੰਦੇ ਸਨ। ਡਮਰੂ ਮਿਹਨਤ ਮਜ਼ਦੂਰੀ ਕਰਕੇ ਆਪਣੇ ਪਰਿਵਾਰ ਦਾ ਪੇਟ ਪਾਲ ਰਿਹਾ ਸੀ, ਇੱਕ ਦਿਨ ਅਚਾਨਕ ਡਮਰੂ ਬਿਮਾਰ ਪੈ ਗਿਆ ਤੇ ਕੁੱਝ ਦਿਨ ਦਿਹਾੜੀ ਤੇ ਨਾ ਜਾ ਸਕਿਆ ਨਾ ਹੀ ਉਸ ਦੀ ਪਤਨੀ ਜਾ ਸਕੀ ਕਿਉਂਕਿ ਉਸ ਨੂੰ ਡਮਰੂ ਦੀ ਤੀਮਾਰਦਾਰੀ ਦੇ ਲਈ ਘਰ ਰਹਿਣਾ ਪੈਂਦਾ ਸੀ। ਜਿਸ ਕਰਕੇ ਘਰ ਵਿੱਚ ਜੋ ਕੁੱਝ ਵੀ ਸੀ ਉਹ ਸਭ ਕੁਝ ਖ਼ਤਮ ਹੋ ਗਿਆ ਸੀ। ਤੇ ਅੱਜ ਡਮਰੂ ਦੇ ਪਰਿਵਾਰ ਨੂੰ ਭੁੱਖੇ ਹੀ ਰਾਤ ਨੂੰ ਸੌਣਾ ਪਿਆ ਤੇ ਭੁੱਖੇ ਢਿੱਡ ਡਮਰੂ ਦੇ ਬੱਚਿਆਂ ਨੂੰ ਨੀਂਦ ਨਹੀਂ ਆ ਰਹੀ ਸੀ, ਉਹ ਉਸਲ ਵੱਟੇ ਖਾਂਦੇ ਰਹੇ ਜਦੋਂ ਡਮਰੂ ਦੀ ਪਤਨੀ ਨੇ ਉਨ੍ਹਾਂ ਨੂੰ ਪੁੱਛਿਆ ਕਿ ਕੀ ਹੋਇਆ ਤੁਸੀਂ ਸੌਂਦੇ ਕਿਉਂ ਨਹੀਂ ਤਾਂ ਬੱਚਿਆਂ ਨੇ ਇੱਕਦਮ ਕਿਹਾ ਕਿ ਮਾਂ ਹੁਣ ਹੜ੍ਹ ਕਦੋਂ ਆਉਣਗੇ ਤਾਂ ਡਮਰੂ ਦੀ ਪਤਨੀ ਨੇ ਹੈਰਾਨ ਹੋ ਕੇ ਪੁੱਛਿਆ ਕਿ ਤੁਸੀਂ ਹੜ੍ਹ ਆਉਣ ਬਾਰੇ ਕਿਉਂ ਪੁੱਛ ਰਹੇ ਹੋ ਤਾਂ ਬੱਚਿਆਂ ਨੇ ਜਵਾਬ ਦਿੱਤਾ ਕਿ ਜਦੋਂ ਹੜ੍ਹ ਆਏ ਹੋਏ ਸਨ ਤਾਂ ਆਪਾਂ ਨੂੰ ਹਰ ਰੋਜ਼ ਢਿੱਡ ਭਰਕੇ ਖਾਣ ਨੂੰ ਮਿਲਦਾ ਸੀ ਕਦੇ ਵੀ ਭੁੱਖੇ ਨਹੀਂ ਸੁੱਤੇ ਸੀ ਇਹ ਗੱਲ ਸੁਣ ਕੇ ਡਮਰੂ ਤੇ ਉਸ ਦੀ ਪਤਨੀ ਦੀਆਂ ਅੱਖਾਂ ਵਿੱਚ ਹੰਝੂ ਆ ਗਏ ਤੇ ਸੋਚਣ ਲਈ ਮਜਬੂਰ ਹੋ ਗਏ ਕਿ ਸ਼ਾਇਦ ਬੱਚੇ ਮਾਸੂਮੀਅਤ ਵਿੱਚ ਹੀ ਸਹੀ ਪਰ ਕਹਿ ਤਾਂ ਸਹੀ ਰਹੇ ਹਨ ਕਿ ਜਦੋਂ ਅਸੀਂ ਹੜ੍ਹ ਪੀੜਤ ਸਾਂ ਤਾਂ ਸਾਨੂੰ ਘੱਟੋ ਘੱਟ ਖਾਣ ਨੂੰ ਤਾਂ ਢਿੱਡ ਭਰਕੇ ਮਿਲਦਾ ਸੀ। ਹੁਣ ਤਾਂ ਸਾਰਾ ਦਿਨ ਰੱਜਵੀਂ ਮਿਹਨਤ ਕਰਨ ਤੋਂ ਬਾਅਦ ਵੀ ਮਸਾਂ ਰੋਟੀ ਨਸੀਬ ਹੁੰਦੀ ਹੈ ਉਹ ਵੀ ਢਿੱਡ ਭਰਕੇ ਨਹੀਂ।

-94784-36196

--0--

ਮਿੰਨੀ ਕਹਾਣੀ

ਸੋਚ

-ਤਰਸੇਮ ਲੰਡੇ

ਸੰਤਾਲੀ-ਅਠਤਾਲੀ ਸਾਲ ਦੀ ਉਮਰ ਦਾ ਪ੍ਰਤਾਪ ਸਿੰਘ ਰੱਸਾ ਚੁੱਕ ਖੇਤਾਂ ਵੱਲ ਨੂੰ ਭੱਜਿਆ ਜਾਂਦਾ ਕਹਿ ਰਿਹਾ ਸੀ,"ਅੱਜ ਨਹੀਂ ਹੇਠਾਂ ਜਾਣ ਦੇਣਾ.....ਅੱਜ...ਅੱਜ ਤਾਂ ਤੈਨੂੰ ਰੱਸੇ ਨਾਲ ਬੰਨ ਹੀ ਲੈਣਾ।" ਉਸਦੇ ਪਰਿਵਾਰਕ ਮੈਂਬਰ ਉਸਦੇ ਪਿੱਛੇ ਭੱਜੇ ਜਾ ਰਹੇ ਸਨ। ਰਸਤੇ ਵਿੱਚ ਲੋਕ ਤਮਾਸ਼ਬੀਨ ਬਣੇ ਤਰ੍ਹਾਂ-ਤਰ੍ਹਾਂ ਦੀ ਭਾਖਿਆ ਬੋਲ ਰਹੇ ਸਨ,"ਯਾਰ ਪ੍ਰਤਾਪ ਤਾਂ ਜ਼ਿੰਦਗੀ ਤੋਂ ਅੱਕ ਗਿਆ, ਇਹ ਤਾਂ ਫਾਹਾ ਲਊ।" ਕੋਈ ਕਹਿੰਦਾ,"ਇਹ ਤਾਂ ਪਾਗਲ ਬੰਦਾ..... ਜਦੋਂ ਦਾ ਦਿਮਾਗ ਹਿੱਲਿਆ ਸਾਰਾ ਟੱਬਰ ਸੂਲੀ ਤੇ ਟੰਗੀ ਬੈਠਾ..।" ਜਿੰਨੇ ਮੂੰਹ ਉਨੀਆਂ ਹੀ ਗੱਲਾਂ ਹੁੰਦੀਆਂ।

ਉਸਦੇ ਦੋਵੇਂ ਮੁੰਡਿਆਂ ਨੇ ਉਸਨੂੰ ਖੇਤ ਖੂਹ ਵਿਚ ਰੱਸਾ ਸੁੱਟਣ ਤੋਂ ਪਹਿਲਾਂ ਜਾ ਕੇ ਡੱਕ ਲਿਆ ਸੀ। ਦੋਵੇਂ ਮੁੰਡੇ ਜਰਵਾਨੇ ਹੋਣ ਕਰਕੇ ਉਹਨਾਂ ਨੇ ਪ੍ਰਤਾਪ ਨੂੰ ਨਾ ਛੱਡਿਆ। ਛੁਡਾਉਣ ਦੀ ਕੋਸ਼ਿਸ਼ ਕਰਦਾ ਉਹ ਚਿਲਾ-ਚਿਲਾ ਕੇ ਕਹਿ ਰਿਹਾ ਸੀ,"ਹਾੜੇ ਉਏ ਹਾੜੇ! ਮੈਨੂੰ ਛੱਡ ਦਿਉ, ਅੱਜ ਮੈਂ ਇਹਨੂੰ ਰੱਸਾ ਪਾ ਕੇ ਰੋਕ ਲੈਣਾ.....ਜਿਹੜਾ ਪਾਣੀ ਦਿਨੋਂ ਦਿਨ ਡੂੰਘਾ ਹੁੰਦਾ ਜਾਂਦਾ, ਰੱਸਾ ਪਾਏ ਬਿਨਾਂ ਇਹਨੇ ਥੱਲੇ ਡਿੱਗਣੋਂ ਨਹੀਂ ਹੱਟਣਾ..... ਇਹ ਆਪ ਤਾਂ ਖਤਮ ਹੋਊਗਾ ਹੀ ਨਾਲ ਮੇਰੀਆਂ ਨਸਲਾਂ ਨੂੰ ਵੀ ਖਤਮ ਕਰੂਗਾ, ਅੱਜ ਤਾਂ ਤੁਸੀਂ ਮੈਨੂੰ ਰੋਕਦੇ ਓ...... ਮੇਰੇ ਤੇ ਹੱਸਦੇ ਹੋਂ....ਫੇਰ ਪਿੱਛੋਂ ਰੋਵੋਂਗੇ....?"

ਖੇਤਾਂ ਵੱਲ ਨੂੰ ਜਾ ਰਹੇ ਚੰਦੂ ਤੇ ਚੰਦੂ ਦੇ ਕੁੜਮ ਨੇ ਇਹ ਸਭ ਦ੍ਰਿਸ਼ ਅੱਖੀਂ ਦੇਖ ਲਿਆ ਸੀ। ਚੰਦੂ ਦੇ ਕੁੜਮ ਨੇ ਚੰਦੂ ਕੋਲੋਂ ਪੁੱਛਿਆ, "ਬਾਈ ਇਹਨੂੰ ਕੀ ਗੱਲ ਹੋ ਗਈ ?"

ਚੰਦੂ ਨੇ ਪਹਿਲਾਂ ਤਾਂ ਖੰਘੂਰਾ ਮਾਰ ਕੇ ਗਲ ਸਾਫ਼ ਕੀਤਾ ਤੇ ਫਿਰ ਬੋਲਿਆ,"ਜਦੋਂ ਤੋਂ ਪਾਣੀ ਦਾ ਪੱਧਰ ਹੇਠਾਂ ਨੂੰ ਡਿੱਗਣ ਲੱਗਾ ਹੈ ਉਦੋਂ ਤੋਂ ਹੀ ਇਸ ਬੰਦੇ ਨੇ ਸਮਾਜ ਅਤੇ ਸਰਕਾਰਾਂ ਨੂੰ ਇਸ ਪਾਸੇ ਪ੍ਰੇਰਿਤ ਕਰਨ ਦੀ ਕੋਸ਼ਿਸ਼ ਵੀ ਕੀਤੀ। ਸ਼ੋਸ਼ਲ ਮੀਡੀਆ ਤੇ ਇਲੈਕਟ੍ਰਾਨਿਕ ਮੀਡੀਆ ਰਾਹੀਂ ਹਰ ਸੰਭਵ ਲੱਖ ਕੋਸ਼ਿਸ਼ਾਂ ਵੀ ਕੀਤੀਆਂ। ਆਪਣੇ ਨਾਲ ਆਸ-ਪਾਸ ਦੇ ਪਿੰਡ ਦੇ ਪੜ੍ਹੇ ਲਿਖੇ ਮੁੰਡਿਆਂ ਦੀ ਟੀਮ ਲੈ ਕੇ ਪਿੰਡ ਪਿੰਡ "ਪਾਣੀ ਬਚਾਓ" ਨੁੱਕੜ ਨਾਟਕ ਖੇਡੇ, ਪਰ ਕਿਸੇ ਦੇ ਕੰਨ ਤੇ ਭੋਰਾ ਜੂੰ ਤੱਕ ਨਾ ਸਰਕੀ....ਅੰਤ ਨੂੰ ਹਾਰ ਕੇ ਇਸਨੇ ਆਪਣੀ ਪੰਜ ਏਕੜ ਭੋਇੰ ਤੇ ਫਲਾਂ-ਫੁੱਲਾਂ, ਸਬਜ਼ੀਆਂ, ਕਮਾਦ, ਨਰਮਾ-ਕਪਾਹ ਆਦਿ ਦੀ ਬਦਲਵੀਂ ਖੇਤੀ ਕਰਨ ਦਾ ਬੀੜਾ ਵੀ ਚੁੱਕਿਆ। ਪਰ ਸਰਕਾਰ ਦੀਆਂ ਘਟੀਆ ਨੀਤੀਆਂ ਕਾਰਨ ਇਸ ਨੇ ਹਰ ਫ਼ਸਲ ਵਿੱਚੋਂ ਘਾਟਾ ਹੀ ਖਾਧਾ, ਨਾਲ ਨਾਲ ਇਹ ਵਿਚਾਰਾ ਲੋਕਾਂ ਦੇ ਮਜ਼ਾਕ ਦਾ ਪਾਤਰ ਬਣਕੇ ਰਹਿ ਗਿਆ। ਕੋਲੋਂ ਲੰਘਦੇ ਲੋਕਾਂ ਨੇ 'ਸਿਆਣਾ ਕਾਂ....' ਜਿਹੀ ਭੱਦੀ ਸ਼ਬਦਾਵਲੀ ਵਰਤ ਕੇ ਠਿੱਠ ਕੀਤਾ। ਸਭ ਪਾਸਿਓਂ ਹਾਰ ਖਾਣ ਵਾਲੇ ਪ੍ਰਤਾਪ ਦਾ ਵਾਲ-ਵਾਲ ਕਰਜ਼ੇ ਵਿੱਚ ਵਿੰਨਿਆ ਗਿਆ... ਪਰ ਫਿਰ ਵੀ ਇਸਨੇ ਦਿਲ ਨਹੀਂ ਛੱਡਿਆ। ਉਦੋਂ ਇਹ ਆਮ ਹੀ ਕਿਹਾ ਕਰਦਾ ਸੀ ਕਿ ਲੋਕ ਅਜਿਹੇ ਹਾਲਾਤਾਂ ਵਿੱਚ ਆ ਕੇ ਅਕਸਰ ਹੀ ਖੁਦਕੁਸ਼ੀਆਂ ਕਰ ਲੈਂਦੇ ਨੇ ਜੋ ਏਦਾਂ ਕਰਦੇ ਆ ਉਹ ਬੁਜ਼ਦਿਲ ਹੁੰਦੇ ਨੇ ਤੇ ਮੈਂ.... ਮੈਂ ਤਾਂ ਜ਼ਿੰਦਗੀ ਦੇ ਅੰਤਮ ਸਾਹਾਂ ਤੱਕ ਹਲਾਤਾਂ ਨਾਲ ਘੋਲ ਕਰੂੰਗਾ। ਕਰਜ਼ੇ ਦੀ ਦਲਦਲ ਵਿੱਚ ਧੱਸਦਿਆਂ ਇਸਦਾ ਦਿਮਾਗੀ ਸਤੁੰਲਨ ਵਿਗੜ ਗਿਆ। ਫੇਰ ਇਹ ਕਦੀ ਅੱਧੀ ਰਾਤ ਉੱਚ-ਉੱਚੀ ਚੀਕ ਕੇ ਲੋਕਾਂ ਨੂੰ ਕਹਿੰਦਾ ਹੈ ਕਿ ਪਾਣੀ ਬਚਾ ਲਓ ਲੋਕੋ ਪਾਣੀ.... ਆਪਣੀਆਂ ਆਉਣ ਵਾਲੀਆਂ ਨਸਲਾਂ ਨੂੰ ਕੀ ਦੇ ਕੇ ਜਾਓਗੇ ? ਕਦੀ ਖੇਤਾਂ ਵੱਲ ਜਾ ਕੇ ਲੋਕਾਂ ਦੀਆਂ ਮੋਟਰਾਂ ਬੰਦ ਕਰ ਆਉਂਦਾ। ਕਦੀ ਪਿੰਡ ਵਿੱਚ ਨਵੇਂ ਪੇੜ-ਪੌਦੇ ਲਾਉਂਦਾ ਤੇ ਉਨ੍ਹਾਂ ਨੂੰ ਪਾਣੀ ਪਾਉਂਦਾ ਹੈ। ਪਰ ਲੋਕ ਕਹਿੰਦੇ ਹਨ ਕਿ ਉਸਨੇ ਉਹਨਾਂ ਨੂੰ ਤੰਗ ਕਰ ਰੱਖਿਆ ਹੈ...।" ਚੰਦੂ ਨੇ ਸਾਰੀ ਵਿੱਥਿਆ ਆਪਣੇ ਕੁੜਮ ਅੱਗੇ ਖੋਲ੍ਹ ਕੇ ਰੱਖ ਦਿੱਤੀ ਸੀ ਤਾਂ ਅੱਗੋਂ ਉਸ ਦਾ ਕੁੜਮ ਬੋਲਿਆ,"ਬਾਈ ਚੰਦ ਸਿਹਾਂ ਇਸ ਦਾ ਮਤਲਬ ਹੈ ਕਿ ਅੱਜ ਇਹਦੇ ਦਿਲ 'ਤੇ ਲੱਗੀ ਆ ਤਾਂ ਹੀ ਇਸ ਦੀ ਇਹ ਹਾਲਤ ਹੋਈ ਹੈ, ਜਦ ਪਾਣੀ ਖਤਮ ਹੋਣ ਦੀ ਕਿਗਾਰ ਤੇ ਹੋਇਆ, ਭਿਆਨਕ ਸੋਕੇ ਦੀ ਮਾਰ ਨਾਲ ਸਾਡੇ ਬੱਚਿਆਂ ਦਾ ਕੀ ਹਸ਼ਰ ਹੋਵੇਗਾ ? ਸੋਚੋ ! ਫੇਰ ਕਸੂਰਵਾਰ ਕੋਈ ਵੀ ਹੋਵੇ ਵੇਲਾ ਵਹਾ ਕੇ ਰੋਣ ਦਾ ਕੀ ਫਾਇਦਾ...।" ਇੰਝ ਜਾਪਦਾ ਸੀ ਜਿਵੇਂ ਉਸ ਦੀ ਇਹ ਸੋਚ ਚੰਦੂ ਦੇ ਟਿਕਾਣੇ ਆ ਲੱਗੀ ਹੋਵੇ।

-99145-86784

--0--

ਮਿੰਨੀ ਕਹਾਣੀਆਂ

-ਮਨਜੀਤ ਪਿਓਰੀ ਗਿੱਦੜਬਾਹਾ

(1)

ਕੁਪੱਤੀ ਨੂੰਹ ਜਾਂ ਸੋਚ

ਕਾਫੀ ਸਾਲਾਂ ਬਾਅਦ ਮਿੰਦੋ ਦੀ ਬਚਪਨ ਦੀ ਸਹੇਲੀ ਜੋ ਬਾਹਰੋਂ ਆਈ ਸੀ, ਮਿੰਦੋ ਨੂੰ ਮਿਲਣ ਉਹਦੇ ਘਰ ਗਈ ਤਾਂ ਪਤਾ ਲੱਗਿਆ ਕਿ ਮਿੰਦੋ ਨੇ ਆਪਣੇ ਲੜਕੇ ਅਤੇ ਲੜਕੀ ਦਾ ਵਿਆਹ ਕਰ ਦਿੱਤਾ ਸੀ। ਚਾਹ-ਪਾਣੀ ਪੀਣ ਤੋਂ ਬਾਅਦ ਮਿੰਦੋ ਦੀ ਸਹੇਲੀ ਨੇ ਹਾਲ-ਚਾਲ ਸਾਂਝਾ ਕੀਤਾ ਤੇ ਨਾਲ ਹੀ ਮਿੰਦੋ ਨੂੰ ਉਸ ਦੇ ਜਵਾਈ ਬਾਰੇ ਪੁੱਛਿਆ ਤਾਂ ਮਿੰਦੋ ਨੇ ਬੜਾਂ ਖੁਸ਼ ਹੁੰਦੀ ਨੇ ਜਵਾਬ ਦਿੱਤਾ ਕਿ "ਭੈਣਾਂ, ਮੇਰਾ ਜਵਾਈ ਤਾਂ ਸੁੱਖ ਨਾਲ ਮਾਸਟਰ ਲੱਗਿਆ ਤੇ ਬੜਾ ਹੀ ਸਾਊ ਐ, ਕੁੜੀ ਤੋਂ ਪੁੱਛ ਕੇ ਗੱਲ ਕਰਦਾ ਮੇਰਾ ਜਵਾਈ, ਸ਼ਹਿਰ 'ਚ ਕੋਠੀ ਪਾ ਕੇ ਦੋਨੋਂ ਜੀਅ ਹੱਸਦੇ-ਵੱਸਦੇ ਐ, ਭੈਣ।" ਇੱਕੋ ਸਾਹੇ ਹੀ ਮਿੰਦੋ ਨੇ ਜਵਾਈ ਦੀਆਂ ਸਿਫ਼ਤਾਂ ਦੇ ਪੁੱਲ ਬੰਨ ਦਿੱਤੇ। 'ਚਲੋ ਸ਼ੁਕਰ ਐ ਭੈਣ ਤੇ ਸੁੱਖ ਨਾਲ ਤੂੰ ਮੁੰਡਾ ਵੀ ਵਿਆਹ ਲਿਆ, ਤੇਰੀ ਨੂੰਹ ਨਹੀਂ ਦਿਖਦੀ ਉਹਦਾ ਸੁਭਾਅ ਕਿਵੇਂ ਦਾ ?' ਲੰਮਾ ਹਾਉਕਾ ਲੈਂਦਿਆਂ ਮਿੰਦੋ ਨੇ ਕਿਹਾ,"ਪੁੱਛ ਨਾ ਭੈਣੇ, ਨੂੰਹ ਤਾਂ ਇੰਨੀ ਕੁਪੱਤੀ ਐ ਕਿ ਮੇਰੇ ਮੁੰਡੇ ਨੂੰ ਆਪਦੇ ਮਗਰ ਲਾਈ ਫਿਰਦੀ ਐ, ਉਹ ਵੀ ਊਰੀ ਵਾਂਗੂ ਉਹਦੇ ਪਿੱਛੇ ਲੱਗਿਆ ਰਹਿੰਦਾ ਤੇ ਸਾਨੂੰ ਛੱਡ ਕੇ ਸ਼ਹਿਰ ਰਹਿਣ ਲੱਗ ਪਏ, ਮੇਰਾ ਮੁੰਡਾ ਤਾਂ ਜੋਰੂ ਦਾ ਗੁਲਾਮ ਬਣਿਆ ਪਿਆ, ਹੋਰ ਕੀ ਦੱਸਾਂ ਭੈਣੇ।"

--0--

(2)

ਅੰਧ ਵਿਸ਼ਵਾਸ਼

ਮੱਸਿਆ ਦਾ ਦਿਨ ਹੋਣ ਕਰਕੇ ਅੱਜ ਸੁਵਖਤੇ ਜਲਦੀ ਨਾਲ ਉੱਠ ਕੇ ਲੇਖਿਕਾ ਨੇ ਇਸ਼ਨਾਨ ਕਰਨਾ ਸ਼ੁਰੂ ਕੀਤਾ। ਉਸ ਤੋਂ ਬਾਅਦ ਲੇਖਿਕਾ ਨੇ ਇੱਕ ਡੋਲ੍ਹ ਵਿੱਚ ਪਾਣੀ ਤੇ ਥੋੜਾ ਜਿਹਾ ਦੁੱਧ ਮਿਲਾ ਕੇ ਲੱਸੀ ਤਿਆਰ ਕੀਤੀ ਅਤੇ ਆਪਣੇ ਖੇਤ ਵਿੱਚ ਬਜੁਰਗਾਂ ਦੀ ਬਣੀ ਹੋਈ ਮੜ੍ਹੀ ਉਪਰ ਲੱਸੀ ਪਾਉਣ ਚਲੀ ਗਈ, ਮੱਥਾ ਟੇਕ ਕੇ ਘਰ ਵਾਪਿਸ ਆਈ, ਬੱਚਿਆਂ ਲਈ ਨਾਸਤਾ ਤਿਆਰ ਕਰਕੇ ਜਲਦੀ ਨਾਲ ਘਰ ਦੇ ਕੰਮ-ਕਾਜ ਤੋਂ ਵਿਹਲੀ ਹੋ ਕੇ ਆਪਣੀ ਅਧੂਰੀ ਪਈ ਕਿਤਾਬ 'ਲੋਕਾਂ ਵਿੱਚ ਵੱਧ ਰਿਹਾ ਅੰਧ ਵਿਸ਼ਵਾਸ' ਲਿਖਣ ਲੱਗ ਪਈ।

-94174-47986

--0--

ਪੰਜ ਮਿੰਨੀ ਕਹਾਣੀਆਂ

-ਪਰਗਟ ਸਿੰਘ ਜੰਬਰ

(1)

ਕਾਰੋਬਾਰ

ਨਵਾਂ ਪਾਠੀ ਸਹਿਜ ਪਾਠ ਤੇ ਡਿਊਟੀ ਦੇ ਰਿਹਾ ਸੀ। ਮੁੱਖ ਪਾਠੀ ਨੇ ਆਉਂਦਿਆਂ ਸਾਰਾ ਗੁਰੂ ਗ੍ਰੰਥ ਸਾਹਿਬ ਦਾ ਪੰਨਾ ਨੰਬਰ ਦੇਖਿਆ। ਪਾਠ ਕਰ ਰਹੇ ਪਾਠੀ ਨੂੰ ਸੰਬੋਧਨ ਹੁੰਦੇ ਹੋਏ ਕਿਹਾ,"ਸਿੰਘਾ ਪਾਠ ਤੇਜ ਕਰਿਆ ਕਰ ਇਸ ਰਫਤਾਰ ਨਾਲ ਪਾਠ ਸਮੇਂ ਸਿਰ ਪੂਰਾ ਨਹੀਂ ਹੋਣਾ। ਪਾਠੀ ਨੇ ਸਿਰ ਹਿਲਾ ਦਿੱਤਾ। ਜਿਵੇਂ ਕਾਰੋਬਾਰ ਦਾ ਅਸੂਲ ਸਮਝ ਗਿਆ ਹੋਵੇ।"

--0--

(2)

ਟੁੱਕੜ ਬੋਚ

'ਲੋਕਤੰਤਰ ਦਾ ਮਤਲਬ ਹੁੰਦਾ ਲੋਕਾਂ ਦਾ ਰਾਜ'

ਨਹੀਂ ਯਾਰ ਸਾਡੇ ਵਰਗਿਆਂ ਦਾ ਰਾਜ, ਅੱਛਾ ਛੱਡ ਇਨ੍ਹਾਂ ਗੱਲਾਂ ਨੂੰ ਐਤਕੀ ਕਿਸ ਦੀ ਮੱਦਦ ਕਰਨੀ ਹੈ। ਨਹੀਂ ਉਏ ਇਉਂ ਕਹਿ ਕਿਸ ਨੂੰ ਐਮ.ਐਲ.ਏ ਬਣਾਉਣਾ ਏ। ਇਕ ਹੋਰ ਬੋਲਿਆ। ਪੁਰਾਣਾ ਤਾਂ ਭੇਤੀ ਹੋ ਗਿਆ। ਸਾਡੇ ਪੱਲੇ ਤਾਂ ਕੁੱਝ ਪਾਉਂਦਾ ਨਹੀਂ। ਸਾਰਿਆਂ ਇੱਕ ਮਤ ਹੋ ਸਹਿਮਤੀ ਵਿੱਚੋਂ ਸਿਰ ਹਿਲਾਇਆ। ਨਾਲੇ ਆਪਾਂ ਜਿਸਦੀ ਚਾਹੀਏ ਹਵਾ ਬਣਾ ਦੇਈਏ। ਅਸੀਂ ਤਜ਼ਰਬੇਕਾਰ ਪੁਲਿਸ ਏਜੰਟ, ਜਾਅਲੀ ਵੋਟਾਂ ਭੁਗਤਾਉਣ ਅਤੇ ਪ੍ਰਚਾਰ ਕਰਨ ਦੇ ਮਾਹਿਰ ਹਾਂ। ਹੁਣ ਪੁਰਾਣਾ ਤਾ ਕਦਰ ਹੀ ਨਹੀਂ ਪਾਉਂਦਾ।

ਫਿਰ ਆਪਾਂ ਐਤਕੀਂ ਨਵਾਂ ਅਨਾੜੀ ਬੱਕਰਾ ਲੱਭੀਏ, ਜਿਸ ਨਾਲ ਕਈ ਸਾਲਾਂ ਦਾ ਜੁਗਾੜ ਹੋ ਜਾਏ। ਇਹ ਠੀਕ ਹੈ। ਸਾਰੇ ਇਕ ਮਤ ਹੋ ਕੇ ਬੋਲੇ। ਨਾਲੇ ਪੁਰਾਣਾ ਵੀ ਆਵਦੇ ਕੀਤੇ ਕੰਮਾਂ ਤੇ ਬਾਹਲਾ ਤਣਿਆ ਫਿਰਦਾ। ਜੇ ਉਹ ਦੁਬਾਰਾ ਜਿੱਤ ਗਿਆ ਆਪਾਂ ਨੂੰ ਕਿਸੇ ਟਕੇ ਦੇ ਭਾਅ ਨਹੀਂ ਪੁੱਛਣਾ। ਚੰਗਾ ਫੇਰ ਨਵੇਂ ਐਮ.ਐਲ.ਏ ਦੀ ਭਾਲ ਵਿੱਚ ਦਿਨ ਰਾਤ ਇਕ ਕਰ ਦੇਈਏ। ਚੱਲੋ....।

--0--

(3)

ਮਾਡਰਨ

ਮੈਂ ਆਪਣੇ ਦੋਸਤ ਜਸ਼ਨਦੀਪ ਨੂੰ ਮਿਲਣ ਗਿਆ। ਉਹ ਟੈਂਟ ਹਾਊਸ ਦਾ ਮਾਲਕ ਹੈ। ਮੈਂ ਉਸ ਦੇ ਕੋਲ ਜਾ ਕੇ ਹਾਲੇ ਰਸਮੀ ਦੁਆ ਸਲਾਮ ਹੀ ਕੀਤੀ ਸੀ ਕਿ ਮੰਗਣ ਵਾਲੀ ਇੱਕ ਔਰਤ ਬਾਕੀ ਸਾਥਣਾਂ ਨੂੰ ਪਿੱਛੇ ਛੱਡਕੇ.. ਕਾਊਂਟਰ ਤੇ ਆਈ ਅਤੇ ਆਉਂਦਿਆਂ ਹੀ ਦਸਾਂ ਦਾ ਨੋਟ ਕਾਊਂਟਰ 'ਤੇ ਰੱਖਿਆ ਤੇ ਨਾਲ ਹੀ ਪੁੱਛਿਆ,"ਕੱਲ੍ਹ ਦਾ ਪ੍ਰੋਗਰਾਮ ਸਰਦਾਰ ਜੀ" ਜਸ਼ਨਦੀਪ ਨੇ ਬਿਨ੍ਹਾਂ ਦੇਰੀ ਕਿਹਾ,"ਸੰਤੋਖਪੁਰ ਮੁਹੱਲੇ ਦੇ ਲਛਮਣ ਦਾਸ ਦੇ ਘਰ ਕੁੜੀ ਦਾ ਵਿਆਹ ਹੈ। ਬਰਾਤ ਬੀਕਾਨੇਰ ਤੋਂ ਆਉਣੀ ਹੈ। ਉਹ ਔਰਤ ਐਡਰੈਸ ਸਮਝਕੇ ਬਾਕੀ ਸਾਥਣਾਂ ਨਾਲ ਉਥੋਂ ਚਲੀ ਗਈ।

ਮੈਂ ਬੜੀ ਉਤਸਕਤਾ ਨਾਲ ਗੱਲ ਸਪੱਸ਼ਟ ਕਰਨ ਲਈ ਪੁੱਛਿਆ,"ਯਾਰ ਇਹ ਔਰਤ ਕੀ ਪੁੱਛ ਰਹੀ ਸੀ?" ਉਸ ਨੇ ਦੱਸਿਆ ਕਿ ਇਹ ਮੰਗਣ ਵਾਲੀਆਂ ਸਨ। ਵਿਆਹ ਜਾਂ ਹੋਰ ਖੁਸ਼ੀ ਦੇ ਪ੍ਰੋਗਰਾਮ ਦਾ ਪਤਾ ਪੁੱਛਣ ਆਈਆਂ ਸਨ। ਮੈਂ ਫਿਰ ਪੁੱਛਿਆ,"ਇਹ ਦਸਾਂ ਦਾ ਨੋਟ।" "ਇਹ ਸਾਡੀ ਫੀਸ ਹੈ। ਇੱਕ ਘਰ ਦੱਸਣ ਦੀ।" ਮੈਂ ਵਿਚਾਰਗੀ ਨਾਲ ਕਿਹਾ,"ਯਾਰ ਮੰਗਤੇ ਤੋਂ ਕੀ ਲੈਣਾ.....?" ਉਸ ਨੇ ਗੱਲ ਕੱਟਦਿਆਂ ਕਿਹਾ,"ਪਿਆਰੇ ਇਹ ਮਾਡਰਨ ਜ਼ਮਾਨਾ ਹੈ। ਆਦਰਸ਼ਵਾਦ ਲਈ ਇੱਥੇ ਕੋਈ ਥਾਂ ਨਹੀ ਹੈ।"

ਇਸ ਦਰਮਿਆਨ ਚਾਹ ਆ ਗਈ। ਮੈਂ ਚਾਹ ਪੀਂਦਿਆਂ ਮਾਡਰਨ ਸ਼ਬਦ ਬਾਰੇ ਸੋਚ ਰਿਹਾ ਸਾਂ। ਓਹ ਮੰਗਤੀ ਅਤੇ ਮੇਰੇ ਦੋਸਤ ਦਰਮਿਆਨ ਕਿੱਥੇ ਫਿੱਟ ਹੁੰਦਾ ਹੈ।

--0--

(4)

ਲਾਗ

'ਕਿਉਂ ਓਏ ਕੰਜਰਾ, ਸ਼ਰੀਫ ਘਰ ਦੀ ਨਾਬਾਲਿਗ ਕੁੜੀ ਵਰਗਲਾ ਕੇ ਕਿੱਥੇ ਲਈ ਫਿਰਦਾ ਸੀ।" ਥਾਣੇਦਾਰ ਨੇ ਥਾਣੇਦਾਰੀ ਦਾ ਰੋਹਬ ਝਾੜਦਿਆਂ ਮੁੰਡੇ ਦੇ ਥੱਪੜ ਮਾਰਦਿਆਂ ਕਿਹਾ,"ਨਹੀਂ ਸਰ ਅਸੀਂ ਦੋਵੇਂ ਬਾਲਗ ਹਾਂ। ਅਸੀਂ ਕੋਰਟ ਮੈਰਿਜ ਕਰਕੇ ਆ ਰਹੇ ਹਾਂ, ਹੁਣ ਤੁਹਾਡੇ ਤੋਂ ਮੱਦਦ.... "ਅੱਛਾ ਹੁਣ ਤੁਸੀਂ ਸਾਥੋਂ ਮੱਦਦ ਲੈਣ ਆਏ ਹੋ।" ਥਾਣੇਦਾਰ ਨੇ ਵਿਅੰਗ ਮਈ ਅਵਾਜ਼ ਵਿੱਚ ਦੋਹਾਂ ਵੱਲ ਦੇਖਿਆ, ਅਸੀਂ ਤੁਹਾਨੂੰ ਕਿੱਥੇ ਕਿੱਥੇ ਨਹੀਂ ਭਾਲਿਆ, ਸੇਠ ਜੀ ਦੀਆਂ ਗੱਡੀਆਂ ਦਿਨ ਰਾਤ ਇਕ ਕਰਕੇ ਤੁਹਾਨੂੰ ਭਾਲਦੇ ਰਹੇ। ਮਾਂ ਨੂੰ ਲੈ ਕੇ ਕਿੱਥੇ ਫਿਰਦਾ ਸੀ। ਅੱਜ 15 ਦਿਨਾਂ ਬਾਅਦ ਥਾਣੇ ਆ ਰਹੇ ਹੋ। ਲਿਆ ਉਏ ਬਰਾੜਾ ਪਟਾ, ਲਾਹੀਏ ਸਾਲੇ ਦਾ ਇਸ਼ਕ। ਥਾਣੇਦਾਰ ਨੇ ਸਿਪਾਹੀ ਨੂੰ ਹੁਕਮ ਝਾੜਿਆ, ਸਿਪਾਹੀ ਥਾਣੇਦਾਰ ਵੱਲ ਦੇਖ ਕੇ ਮੁਸਕਰਾਇਆ ਅਤੇ ਉਹ ਥਾਣੇਦਾਰ ਨੂੰ ਪਾਸੇ ਲਿਜਾ ਕੇ ਬੋਲਿਆ ਜਨਾਬ ਮੁੰਡਾ ਲਾਗਲੇ ਪਿੰਡ ਦੇ ਸਰਦਾਰਾਂ ਦਾ ਹੈ। ਉਨ੍ਹਾਂ ਦਾ ਹੁਣੇ ਫੋਨ ਆਇਆ ਮੁੰਡੇ ਨੂੰ ਤੱਤੀ ਵਾਅ ਨਾ ਲੱਗੇ। ਉਹ ਆਪਾਂ ਨੂੰ ਸੇਠ ਵਾਂਗ ਖੁਸ਼ ਕਰ ਦੇਣਗੇ। ਨਾਲੇ ਜਨਾਬ ਦੋਵੇਂ ਬਾਲਗ ਨੇ ਆਪਾਂ ਕਾਨੂੰਨ ਕਾਹਨੂੰ ਹੱਥ ਵਿੱਚ ਲੈਣਾ ਏ। ਦੋਹਾਂ ਦੇ ਘਰ ਦੇ ਸੱਦੋ ਆਪੋ ਆਪਣੇ ਘਰ ਤੋਰ ਦਿਉ। ਨਾਲੇ ਲਾਗੀਆਂ ਨੂੰ ਤਾਂ ਲਾਗ ਨਾਲ ਹੀ ਮਤਲਬ ਹੁੰਦਾ। ਥਾਣੇਦਾਰ ਨੇ ਹਾਂ ਵਿੱਚ ਸਿਰ ਹਿਲਾ ਦਿੱਤਾ। ਜਿਵੇਂ ਲਾਗੀ ਸਾਰੀ ਗੱਲ ਸਮਝ ਗਿਆ ਹੋਵੇ।

--0--

(5)

ਪਾਰਲਰ ਬਨਾਮ ਮਖੌਟਾ

ਮੇਰੀ ਰਿਸ਼ਤੇਦਾਰੀ 'ਚ ਲਗਦੀ ਭੈਣ ਨੇ ਬਿਊਟੀ ਪਾਰਲਰ ਖੋਲ੍ਹਿਆ ਹੋਇਆ ਹੈ। ਮੈਂ ਉਸ ਕੋਲ ਰੱਖੜੀ ਬੰਨਵਾਉਣ ਗਿਆ ਕਿਉਂਕਿ ਉਸ ਨੇ ਆਖਿਆ,"ਅੱਜ ਰੱਖੜੀ ਹੋਣ ਕਰਕੇ ਮੇਰੇ ਪਾਰਲਰ ਤੇ ਰਸ਼ ਹੋਵੇਗਾ, ਇਸ ਕਰਕੇ ਵੀਰ ਜੀ ਤੁਸੀਂ ਦਫ਼ਤਰ ਜਾਂਦੇ ਹੋਏ ਹੋ ਕੇ ਜਾਣਾ।" ਮੈਂ ਪਾਰਲਰ ਤੇ ਗਿਆ ਤਾਂ ਦੇਖਿਆ ਉਹ ਵਾਕਿਆ ਹੀ ਬਹੁਤ ਰੁੱਝੀ ਹੋਈ ਹੈ। ਦੁਆ ਸਲਾਮ ਤੋਂ ਬਾਅਦ, ਉਸ ਕਿਹਾ,"ਇੱਕ ਮਿੰਟ ਬੈਠੋ ਜ਼ਰਾ ਹੱਥਾਂ ਵਾਲਾ ਕੰਮ ਮੁਕਾ ਲਵਾਂ।" ਮੈਂ ਕਿਹਾ,"ਕੋਈ ਗੱਲ ਨਹੀਂ ਉਸ ਦੇ ਪਾਰਲਰ ਵਿੱਚ ਇੱਕ ਹੋਰ ਔਰਤ ਬੈਠੀ ਸੀ। ਮੈਂ ਉਸ ਨੂੰ ਪੁੱਛਿਆ ਭੈਣ ਜੀ ਕਰਵਾ ਚੌਥ ਜਾਂ ਵਿਆਹ ਪਾਰਟੀ ਤੇ ਤਾਂ ਪਾਰਲਰ ਵਿੱਚੋਂ ਸੱਜਣਾ ਸੰਵਰਣਾ ਸਮਝ ਆਉਂਦਾ ਹੈ। ਪਰ ਰੱਖੜੀ ਦੇ ਤਿਉਹਾਰ ਤੇ ਭਰਾ ਨੂੰ ਰੱਖੜੀ ਬੰਨਣ ਜਾਣਾ ਉਥੇ ਐਨਾ ਤਿਆਰ ਹੋ ਕੇ ਜਾਣਾ ਸਮਝ ਨਹੀਂ ਆਇਆ। ਸਾਦੇ ਢੰਗ ਨਾਲ ਵੀ ਤਾਂ ਰੱਖੜੀ ਬੰਨਣ ਜਾਇਆ ਜਾ ਸਕਦਾ ਹੈ। ਉਸ ਨੇ ਲੰਬਾ ਸਾਹ (ਹਾਉਕਾ) ਲੈਂਦੇ ਹੋਏ ਕਿਹਾ,"ਭਾਈ ਸਾਹਿਬ, ਤਿਆਰ ਹੋ ਕੇ ਜਾਣ ਨਾਲ ਘਰ ਦੇ ਸਾਰੇ ਦੁੱਖ ਦਬ ਜਾਂਦੇ ਹਨ। ਨਾਲੇ ਭਰਾ ਆਪਣੇ ਘਰ ਆਪਣੇ ਦੁੱਖਾਂ ਵਿੱਚ ਦੁੱਖੀ ਹੁੰਦੇ ਹਨ,ਉਨ੍ਹਾਂ ਨੂੰ ਹੋਰ ਦੁਖੀ ਕਿਉਂ ਕੀਤਾ ਜਾਵੇ ਜਦੋਂ ਥੋੜੇ ਜਿਹੇ ਪੈਸੇ ਨਾਲ ਵੱਡੇ ਦੁੱਖ ਦੱਬ ਜਾਂਦੇ ਹਨ। ਅਸੀਂ ਪਾਰਲਰ ਵਿੱਚੋਂ ਸੁੱਖ ਦੇ ਮਖੌਟੇ ਖਰੀਦਣ ਆਉਂਦੀਆਂ ਹਾਂ। ਰੁਮਾਲ ਨਾਲ ਅੱਖਾਂ ਪੂੰਝਦਿਆਂ ਉਸ ਔਰਤ ਨੇ ਮਸਾਂ ਗੱਲ ਪੂਰੀ ਕੀਤੀ। ਇਸ ਤੇ ਅੱਗੇ ਗੱਲ ਕਰਨ ਦੀ ਮੇਰੀ ਹਿੰਮਤ ਨਾ ਪਈ। ਮੈਨੂੰ ਪਤਾ ਹੀ ਨਾ ਲੱਗਿਆ ਕਦੋਂ ਉਹ ਕੰਮ ਤੋਂ ਵਿਹਲੀ ਹੋ ਮੇਰੇ ਰੱਖੜੀ ਬੰਨਣ ਕੋਲ ਆ ਬੈਠੀ।

ਮੈਂ ਉਥੋ ਦਫਤਰ ਜਾਂਦਾ ਰਸਤੇ ਵਿੱਚ ਸੋਚ ਰਿਹਾ ਸਾਂ ਕਿ ਪਾਰਲਰ ਸੱਚੀਂ ਮਖੌਟਿਆਂ ਦਾ ਕੰਮ ਕਰ ਰਹੇ ਹਨ ਪਰ ਮੇਰੀ ਸਮਝ ਜੁਆਬ ਏ.........?

-88377-26702

--0--

ਮਿੱਟੀ ਦੇ ਭਾਂਡੇ 'ਪੰਜਾਬੀ ਸੱਭਿਆਚਾਰਕ ਸੰਦਰਭ'

-ਲਖਬੀਰ ਸਿੰਘ ਦੌਦਪੁਰ

ਪਹੀਏ ਦੀ ਖੋਜ ਨੇ ਮਾਨਵ ਜੀਵਨ ਨੂੰ ਅਜਿਹੀ ਗਤੀ ਪ੍ਰਦਾਨ ਕੀਤੀ ਕਿ ਮਾਨਵ ਸੱਭਿਅਤਾ ਇੱਕ ਤੋਂ ਇੱਕ ਮੰਜ਼ਿਲਾਂ ਮਾਰਦੀ ਹੋਈ ਨਿਰੰਤਰ ਅੱਗੇ ਹੀ ਵੱਧਦੀ ਗਈ ਪਹੀਏ ਦੀ ਖੋਜ ਨੇ ਨਾ ਸਿਰਫ ਮਨੁੱਖ ਲਈ ਆਵਾਗਮਨ, ਢੋਆ-ਢੁਆਈ ਆਦਿ ਵਰਗੇ ਕੰਮ ਸੁਖਾਲੇ ਕੀਤੇ ਸਗੋਂ ਮਨੁੱਖੀ ਜੀਵਨ ਦੇ ਹੋਰ ਵੀ ਬਹੁਤ ਸਾਰੇ ਪਹਿਲੂਆਂ ਵਿੱਚ ਸੌਖ ਤੇ ਸਹਿਜਤਾ ਲੈ ਆਂਦੀ। ਉੱਤਰ ਪਾਸ਼ਾਣ, ਮਗਰਲਾ ਪੱਥਰ ਯੁੱਗ ਜਾਂ ਕਹਿ ਲਈਏ ਕਿ ਨਵ-ਪਾਸ਼ਾਣ ਯੁੱਗ ਨਾਲ ਮਨੁੱਖੀ ਸੱਭਿਅਤਾ ਇੱਕ ਨਵਾਂ ਮੋੜ ਕੱਟਦੀ ਹੈ। ਮਨੁੱਖ ਨੇ ਖੇਤੀ ਕਰਨਾ ਸ਼ੁਰੂ ਕੀਤਾ ਪਸ਼ੂ ਪਾਲਣ ਕਰਨਾ ਅਰੰਭਿਆ ਇਸ ਦੇ ਨਾਲ ਹੀ ਖਾਣ ਪੀਣ ਦੀਆਂ ਵਸਤਾਂ ਆਦਿ ਨੂੰ ਸੰਗ੍ਰਹਿ ਕਰਕੇ ਰੱਖਣ ਦੀ ਜਰੂਰਤ ਵੀ ਮਹਿਸੂਸ ਹੋਈ। ਪਾਣੀ, ਦੁੱਧ,ਅਨਾਜ ਆਦਿ ਨੂੰ ਲੰਮੇ ਸਮੇਂ ਤੱਕ ਪ੍ਰਯੋਗ ਕਰਨ ਲਈ ਇਹਨਾਂ ਨੂੰ ਸੰਗ੍ਰਹਿ ਕਰਕੇ ਰੱਖਣਾ ਮਨੁੱਖੀ ਲੋੜ ਬਣ ਗਈ ਜਿਸ ਸਦਕਾ ਮਿੱਟੀ ਦੇ ਭਾਂਡੇ ਬਣਾਏ ਜਾਣੇ ਸ਼ੁਰੂ ਹੋਏ ਪਹਿਲਾਂ-ਪਹਿਲ ਹੱਥਾਂ ਨਾਲ ਤੇ ਫਿਰ ਪਹੀਏ ਦੀ ਖੋਜ ਮਗਰੋਂ "ਚੱਕ" ਦੇ ਆਉਣ ਨਾਲ ਇਸ ਕਾਰਜ ਵਿੱਚ ਤੇਜੀ ਵੀ ਆਈ ਅਤੇ ਸੁੰਦਰਤਾ ਵੀ। ਭਾਵੇਂ ਤਾਂਬੇ, ਪਿੱਤਲ ਤੇ ਕਾਂਸੀ ਦੇ ਭਾਂਡੇ ਕਾਲੰਤਰ ਵਿੱਚ ਮਨੁੱਖੀ ਜੀਵਨ ਵਿੱਚ ਪ੍ਰਵੇਸ਼ ਕਰ ਗਏ ਪਰ ਫਿਰ ਵੀ ਮਿੱਟੀ ਦੇ ਭਾਂਡਿਆਂ ਨੂੰ ਜਨ-ਸਧਾਰਨ ਨੇ ਸਦਾ ਹੀ ਜੀਵਨ ਪੰਧ ਦੇ ਸਾਥੀ ਬਣਾਈ ਰੱਖਿਆ। ਭਾਵੇਂ ਵੱਖ-ਵੱਖ ਸੱਭਿਆਤਾਵਾਂ ਆਦਿ ਦੇ ਆਪਸੀ ਸੰਪਰਕ ਵਿੱਚ ਆਉਣ ਨਾਲ ਇਹਨਾਂ ਭਾਂਡਿਆਂ ਦੇ ਰੂਪ, ਸਰੂਪ, ਦਿੱਖ, ਆਕਾਰ ਆਦਿ ਵਿੱਚ ਪਰਿਵਰਤਨ ਵੇਖਣ ਨੂੰ ਮਿਲੇ ਪਰ ਇਹਨਾਂ ਨਾਲ ਇਹਨਾਂ ਦੀ ਸੁੰਦਰਤਾ, ਗੁਣਵਤਾ ਤੇ ਲੋਕ-ਪ੍ਰਿਅਤਾ ਵਿੱਚ ਵਾਧਾ ਹੀ ਹੋਇਆ। ਪੰਜਾਬ ਦੇ ਸੰਦਰਭ ਵਿੱਚ ਜੇਕਰ ਗੱਲ ਕਰੀਏ ਤਾਂ ਮਿੱਟੀ ਦੇ ਭਾਂਡੇ ਇੱਥੋਂ ਦੇ ਲੋਕਾਂ ਦੇ ਜੀਵਨ ਦਾ ਇੱਕ ਵਿਸ਼ੇਸ਼ ਤੇ ਅਟੁੱਟ ਅੰਗ ਰਹੇ ਹਨ। ਘੜੇ, ਮੱਘੇ, ਚਾਟੀਆਂ, ਤੌੜੀਆਂ, ਮੱਟ, ਕੁੱਜੇ, ਕੁੱਜੀਆਂ, ਗਾਗਰਾਂ, ਚੱਪਣ, ਚੱਪਣੀਆਂ, ਦੀਵੇ ਝਾਮੇ ਆਦਿ ਨੇ ਲੋਕਾਂ ਦੇ ਜੀਵਨ ਨੂੰ ਸੁਖਾਲਾ ਤਾ ਬਣਾਈ ਹੀ ਰੱਖਿਆ ਸਗੋਂ ਸੰਸਕ੍ਰਿਤਕ ਤੇ ਸੱਭਿਆਚਾਰਕ ਰੰਗ ਵੀ ਬਖ਼ਸ਼ੇ। ਭੜੋਲੇ, ਭੜੋਲੀਆਂ ਅਤੇ ਹਾਰਿਆਂ ਨੂੰ ਵੀ ਜੇਕਰ ਇਸ ਸ੍ਰੇਣੀ ਵਿੱਚ ਸ਼ਾਮਲ ਕਰ ਲਈਏ ਤਾਂ ਗਲਤ ਨਹੀਂ ਹੋਵੇਗਾ।



ਪੰਜਾਬੀ ਸੰਸਕ੍ਰਿਤੀ ਪੱਖੋਂ ਜੇਕਰ ਇਹਨਾਂ ਭਾਂਡਿਆਂ ਤੇ ਝਾਤ ਪਾਈਏ ਤਾਂ ਇਹ ਕੇਵਲ ਰੋਜ-ਮਰ੍ਹਾ ਦੇ ਕੰਮ ਹਿੱਤ ਪ੍ਰਯੋਗ ਕੀਤੇ ਜਾਣ ਵਾਲੇ ਭਾਂਡੇ ਹੀ ਨਾ ਹੋ ਕੇ ਪੰਜਾਬੀ ਲੋਕ ਮਨਾਂ ਦੇ ਵਲਵਲੇ ਅਤੇ ਭਾਵਨਾਵਾਂ ਦੇ ਵਾਹਕ ਵੀ ਹੋ ਨਿਬੜੇ। ਘੜਾ ਜਿਥੇ ਪਾਣੀ ਭਰਕੇ ਲਿਆਉਣ ਜਾਂ ਸੰਗ੍ਰਹਿ ਕਰਕੇ ਰੱਖਣ ਦੇ ਕੰਮ ਆਉਂਦਾ ਹੈ ਉਥੇ ਹੀ ਇਹ ਸਾਡੇ ਜੀਵਨ ਦੇ ਹਰ ਦੁੱਖ ਸੁੱਖ ਦਾ ਸਾਥੀ ਵੀ ਰਿਹਾ ਹੈ। ਇਹ ਜਨਮ ਤੋਂ ਮੌਤ ਤੱਕ ਦੇ ਸੰਸਕਾਰਾਂ ਵਿੱਚ ਆਪਣੀ ਭੂਮਿਕਾ ਨਿਭਾਉਂਦਾ ਹੈ। ਗੀਤਾਂ, ਲੋਕ ਬੋਲੀਆਂ, ਟੱਪਿਆਂ ਆਦਿ ਵਿੱਚ ਘੜੇ ਨੂੰ ਕੇਂਦਰ ਵਿੱਚ ਰੱਖਕੇ ਮਨੁੱਖੀ ਮਨ ਦੇ ਵਲਵਲੇ ਤੇ ਭਾਵ ਉਜਾਗਰ ਕੀਤੇ ਮਿਲਦੇ ਹਨ।

"ਘੜਾ ਵੱਜਦਾ ਘੜੋਲੀ ਵੱਜਦੀ
ਕਿਤੇ ਗਾਗਰ ਵੱਜਦੀ ਸੁਣ ਮੁੰਡਿਆ"

ਇਸੇ ਤਰ੍ਹਾਂ ਮਿੱਟੀ ਦੇ ਹੋਰ ਭਾਂਡੇ ਵੀ ਪੰਜਾਬੀ ਜਨਜੀਵਨ ਵਿੱਚ ਅਹਿਮ ਥਾਂ ਰੱਖਦੇ ਹਨ। ਪੰਜਾਬੀ ਵਿੱਚ ਰਚੇ ਗਏ ਹਰ ਤਰ੍ਹਾਂ ਦੇ ਸਾਹਿਤ ਵਿੱਚ ਮਿੱਟੀ ਦੇ ਭਾਂਡੇ ਵੱਡਾ ਮੁਕਾਮ ਹਾਸਲ ਕਰ ਗਏ। ਸਾਡੇ ਗੁਰੂਆਂ, ਭਗਤਾਂ ਆਦਿ ਨੇ ਵੀ ਆਪਣੀ ਬਾਣੀ ਵਿੱਚ ਮਿੱਟੀ ਦੇ ਭਾਂਡਿਆਂ ਦੇ ਕਿੰਨੇ ਹੀ ਦ੍ਰਿਸ਼ਟਾਂਤ ਤੇ ਹਵਾਲੇ ਦੇ ਕੇ ਮਨੁੱਖੀ ਜੀਵਨ ਦੀ ਅਸਲ ਸੱਚਾਈ ਨੂੰ ਬਿਆਨ ਕੀਤਾ ਹੈ।

ਇੱਕ ਸਮਾਂ ਸੀ ਜਦੋਂ ਪੰਜਾਬ ਦੇ ਘਰ-ਘਰ ਅੰਦਰ ਮੱਝਾਂ-ਲਵੇਰੀਆਂ ਦੀ ਭਰਮਾਰ ਹੁੰਦੀ ਸੀ ਲੋਕ 'ਦੱਬਕੇ ਵਾਹ ਤੇ ਰੱਜਕੇ ਖਾ ਵਾਲੇ ਸਿਧਾਂਤ ਨੂੰ ਅਪਨਾਅ ਕੇ ਜੀਵਨ ਬਸਰ ਕਰਦੇ ਸਨ। ਦੁੱਧ, ਦਹੀਂ, ਲੱਸੀ ਆਦਿ ਖੁੱਲ੍ਹਾ ਤੇ ਭਰਪੂਰ ਮਿਲਦਾ ਸੀ ਮਿੱਟੀ ਦੇ ਹਾਰਿਆਂ ਵਿੱਚ ਦੁੱਧ ਦੀਆਂ ਤੌੜੀਆਂ ਕੜ੍ਹਦੀਆਂ ਰਹਿੰਦੀਆਂ ਸਨ। ਵੱਡੇ ਤੜਕਿਆਂ ਤੋਂ ਹੀ ਚਾਟੀਆਂ ਵਿੱਚ ਮਧਾਣੀਆਂ ਦਾ ਫਿਰਨਾ ਵੱਖਰੀ ਤਰ੍ਹਾਂ ਦੀਆਂ ਸੁਰਾਂ ਛੇੜ ਦਿੰਦਾ ਸੀ 'ਹੀਰ ਵਾਰਸ' ਵਿੱਚ ਅਜਿਹੇ ਬਹੁਤ ਸਾਰੇ ਹਵਾਲੇ ਮਿਲਦੇ ਹਨ।

"ਕੈਂਦੀਆਂ ਕੋਰੀਆਂ ਚਾਟੀਆਂ ਨੈਹੀਆਂ ਨੇ,
ਕੈਂਦੀਆਂ ਕਿੱਲੀਆਂ ਨਾਲ ਮਧਾਣੀਆਂ ਨੀ।

ਇਸ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਸਾਹਿਤ ਰੂਪ ਜਿਵੇਂ ਗੀਤ, ਲੋਕ ਬੋਲੀਆਂ, ਟੱਪੇ ਆਦਿ ਹਨ ਜਿੰਨ੍ਹਾਂ ਵਿੱਚ ਮਿੱਟੀ ਦੇ ਭਾਂਡਿਆਂ ਦੇ ਹਵਾਲੇ ਮਿਲਦੇ ਹਨ ਜਿਵੇਂਕਿ ਕੋਰੇ-ਕੋਰੇ ਕੁਜੇ ਵਿੱਚ ਦਹੀਂ ਮੈਂ ਜਮਾਉਨੀ ਆਂ, ਤੌੜੀ-ਤੌੜੀ-ਤੌੜੀ ਐਡੇ ਹੇਜੀ ਨੇ ਜਾਂਦੀ ਕਿਉਂ ਨਾ ਮੋੜੀ। ਬਹੁਤ ਸਾਰੇ ਅਖਾਣ, ਮਹਾਵਰੇ ਆਦਿ ਵੀ ਇਹਨਾਂ ਦੁਆਲੇ ਘੜੇ ਗਏ ਜਿਵੇਂ ਚੱਪਣੀ 'ਚ ਨੱਕ ਡੋਬ ਕੇ ਮਰਨਾ, ਹੱਥ 'ਚ ਠੂਠਾ ਫੜਾਉਣਾ ਆਦਿ।

ਮਿੱਟੀ ਦੇ ਇਹਨਾਂ ਡਾਂਡਿਆਂ 'ਚੋ ਹੀ 'ਮੱਟ' ਵੀ ਇੱਕ ਵੱਡ ਆਕਾਰੀ ਭਾਂਡਾ ਹੈ ਜਿਸ ਦੀ ਦਿੱਖ ਘੜੇ ਵਰਗੀ ਹੁੰਦੀ ਹੈ। ਇਸ ਦੇ ਵੱਡੇ ਆਕਾਰ ਕਰਕੇ ਇਸ ਵਿੱਚ ਵੱਧ ਮਾਤਰਾ ਵਿੱਚ ਪਾਣੀ ਜਾਂ ਹੋਰ ਕੋਈ ਵੀ ਖਾਧ ਪਦਾਰਥ ਸੰਗ੍ਰਹਿ ਕਰਕੇ ਰੱਖਿਆ ਜਾ ਸਕਦਾ ਹੈ। ਪੁਰਾਣੇ ਸਮਿਆਂ ਵਿੱਚ ਲੋਕ ਇਸ ਨੂੰ ਸ਼ਰਾਬ ਆਦਿ ਪਾਉਣ ਲਈ ਵੀ ਵਰਤ ਲੈਂਦੇ ਸਨ।

"ਛਾਪਾ ਮਾਰਕੇ ਦਾਰੂ ਦਾ ਮੱਟ ਫੜਿਆ
"ਠਾਣੇਦਾਰ ਮੁਖਸਰ ਦਾ"

ਅਜੋਕੇ ਸਮੇਂ ਇਹ ਵੱਡ ਆਕਾਰੀ ਮੱਟ ਘਰੇਲੂ ਪ੍ਰਯੋਗ ਵਿੱਚੋਂ ਅਲੋਪ ਹੋ ਗਿਆ ਪ੍ਰੰਤੂ ਗਰਮੀਆਂ ਵਿੱਚ ਸਕੰਵਜੀਂ, ਜਲਜ਼ੀਰਾ ਆਦਿ ਵੇਚਣ ਵਾਲ਼ਿਆਂ ਦੀਆਂ ਰੇਹੜੀਆਂ ਤੇ ਇਸ ਦਾ ਛੋਟਾ ਰੂਪ ਵੇਖਿਆ ਜਾ ਸਕਦਾ ਹੈ। ਮਿੱਟੀ ਦੇ ਇਹ ਭਾਂਡੇ ਜਿਥੇ ਪੀਣ ਵਾਲੇ ਤਰਲ ਪਦਾਰਥਾਂ ਨੂੰ ਕੁਦਰਤੀ ਰੂਪ ਵਿੱਚ ਠੰਢਾ ਰੱਖਦੇ ਤੇ ਗਰਮੀ ਦੇ ਮੌਸਮ ਸਮੇਂ ਜਨ-ਸਧਾਰਨ ਨੂੰ ਰਾਹਤ ਪ੍ਰਦਾਨ ਕਰਦੇ ਉਥੇ ਹੀ ਸਰੀਰ ਨੂੰ ਇਹਨਾਂ ਦੇ ਵਿੱਚ ਖਾਣਾ ਖਾਣ ਪਕਾਉਣ ਆਦਿ ਦਾ ਨੁਕਸਾਨ ਨਹੀਂ ਸਗੋਂ ਲਾਭ ਹੀ ਸੀ। ਤੌੜੀਆਂ ਵਿੱਚ ਕੜ੍ਹਿਆ ਦੁੱਧ, ਦਾਲ਼, ਸਾਗ, ਦਲ਼ੀਆ ਆਦਿ ਅੱਜ ਦੁਰਲੱਭ ਹੋ ਗਏ ਹਨ। ਹੋਰ ਵੀ ਬਹੁਤ ਸਾਰੇ ਭਾਂਡੇ ਰੋਜਾਨਾ ਘਰੇਲੂ ਪ੍ਰਯੋਗ ਵਿੱਚੋਂ ਬਾਹਰ ਹੋ ਗਏ ਜਾਂ ਹੋ ਰਹੇ ਹਨ। ਮਿੱਟੀ ਦੇ ਇਹ ਭਾਂਡੇ ਸਿਰਫ਼ ਸੜਕਾਂ ਤੇ ਵਿਕਣ ਲਈ ਪਏ ਦਿਸਦੇ ਹਨ ਪਰ ਖਰੀਦਾਰ ਬਹੁਤ ਘੱਟ ਹਨ। ਜਿਸ ਕਰਕੇ ਇਸ ਪੇਸ਼ੇ ਨਾਲ ਜੁੜੇ ਹੋਏ ਲੋਕ ਵੀ ਅਜੀਵਿਕਾ ਕਮਾਉਣ ਦੇ ਹੋਰ ਵਿਕਲਪ ਤਲਾਸ਼ ਕਰ ਰਹੇ ਹਨ। ਬਿਮਾਰੀਆਂ ਤੋਂ ਬਚਣ ਲਈ ਜਿਥੇ ਇਹਨਾਂ ਦੇ ਪ੍ਰਯੋਗ ਦੀ ਬੜੀ ਲੋੜ ਹੈ ਉਥੇ ਮਿੱਟੀ ਦੇ ਬਣੇ ਕੁਲ੍ਹੜਾਂ, ਕੁੱਜਿਆਂ ਆਦਿ ਨੂੰ ਵਰਤਕੇ ਪਲਾਸਟਿਕ, ਥਰਮਾਕੋਲ ਆਦਿ ਨੁਕਸਾਨ ਦਾਇਕ ਧਾਤਾਂ ਦੇ ਕਚਰੇ ਤੋਂ ਧਰਤੀ ਨੂੰ ਬਚਾਇਆ ਜਾ ਸਕਦਾ ਹੈ।

-99924-00948

ਤਿੰਨ ਮਿਨੀ ਕਹਾਣੀਆਂ

-ਰਮੇਸ਼ ਕੁਮਾਰ ਸ਼ਰਮਾ

(1)

ਜ਼ਿਲਤ ਦੀ ਜ਼ਿੰਦਗੀ ਨਾਲੋਂ ਇੱਜ਼ਤ ਦੀ ਰੁੱਖੀ-ਸੁਖੀ ਚੰਗੀ

ਬਾਪੂ ਦੀ ਮੌਤ ਤੋਂ ਬਾਅਦ ਇੱਕ ਵਾਰ ਤਾਂ ਸਾਰੇ ਘਰ ਦਾ ਢਾਂਚਾ ਹੀ ਵਿਗੜ ਗਿਆ ਸੀ ਮਾਂ ਲੋਕਾਂ ਦੇ ਘਰਾਂ 'ਚ ਬਰਤਨ ਮਾਂਜਕੇ ਅਤੇ ਸਫਾਈ ਕਰਕੇ ਘਰ ਦਾ ਗੁਜ਼ਰ ਬਸਰ ਕਰਦੀ ਸੀ। ਬੜੀ ਮੁਸ਼ਕਿਲ ਨਾਲ ਉਸਨੇ ਆਪਣੀ ਧੀ 'ਲੱਛੋ' ਨੂੰ ਦਸਵੀਂ ਪਾਸ ਕਰਾਈ ਸੀ।

ਮਾਂ ਬਿੱਲਕੁੱਲ ਅਨਪੜ੍ਹ ਅਤੇ ਜਮਾਨੇ ਤੋਂ ਬਿਲਕੁੱਲ ਬੇਖ਼ਬਰ ਅਤੇ ਅਨਜਾਣ ਸੀ। ਇੱਕ ਦਿਨ ਉਸਨੇ ਕਿਹਾ, ਲੱਛੋ ਆਪਣੇ ਪਿੰਡ ਵਾਲਾ ਸਵਰਨਾ ਆਇਆ ਸੀ। ਤੈਨੂੰ ਪਤੈ ਉਹ ਮੇਰਾ ਧਰਮ ਭਰਾ ਹੈ। ਉਸਨੇ ਕਿਹਾ,"ਭੈਣੇ ਆਪਣੀ ਲੱਛੋ ਅੱਜ ਕੱਲ੍ਹ ਘਰ ਵਿਹਲੀ ਹੀ ਐ। ਮੈਂ ਉਸਨੂੰ ਧਰਮੂ ਸਨਿਆਰੇ ਕੋਲ ਕੰਮ ਤੇ ਲਵਾ ਦਿੰਦਾ ਹਾਂ। ਉਸਦਾ ਕੰਮ ਅੱਜ ਕੱਲ੍ਹ ਸਿਖਰ ਤੇ ਹੈ। ਮੈਂ ਪਹਿਲਾਂ ਵੀ ਦੋ ਕੁੜੀਆਂ ਲਗਵਾਈਆਂ ਹਨ, ਮੌਜਾਂ ਕਰਦੀਆਂ ਨੇ। ਉਸ ਨੂੰ 5-6 ਹਜ਼ਾਰ ਰੁਪੈ ਮਿਲਣਗੇ, ਨਾ ਕੀ ਮਾੜੇ ਹਨ। ਹੱਥ ਥੋੜ੍ਹਾ ਖੁੱਲ੍ਹਾ ਹੋਜੂ।" "ਗੱਲ ਤਾਂ ਤੇਰੀ ਠੀਕ ਐ ਪਰ ਫਿਰ ਵੀ ਲੱਛੋ ਨਾਲ ਗੱਲ ਕਰਾਂਗੀ।"

"ਮਾਂ, ਤੂੰ ਤਾਂ ਬਿਲਕੁੱਲ ਭੋਲੀ ਐਂ ਇਸ 'ਚ ਜਰੂਰ ਉਸਦਾ ਕੋਈ ਸੁਆਰਥ ਹੋਵੇਗਾ। ਐਵੇਂ ਨਹੀਂ ਉਹ ਆਇਆ।" "ਨਹੀਂ ਨੀ ਉਹ ਤਾਂ ਭਲਾ ਆਦਮੀ ਹੈ ਉਸਨੇ ਤਾਂ ਆਪਣੇ ਹੀ ਭਲੇ ਦਾ ਸੋਚੀਐ। ਚੱਲ ਤੂੰ ਮੇਰੇ ਕਹੇ ਤੋਂ ਇੱਕ ਵਾਰ ਚਲੀ ਜਾ।" ਮਾਂ ਨੇ ਕਿਹਾ।

ਅਗਲੇ ਦਿਨ ਉਹ ਆਪਣੇ ਮਾਮੇ ਨਾਲ ਸਕੂਟਰ ਤੇ ਬੈਠੀ ਜਾ ਰਹੀ ਸੀ। ਸਰਦੀਆਂ ਦੇ ਦਿਨ ਸਨ। ਉਹ ਕਮੀਣਾ ਜਾਣ ਬੁੱਝ ਜ਼ੋਰ ਜ਼ੋਰ ਬਰੇਕਾਂ ਮਾਰਦਾ ਸੀ ਤਾਂ ਕਿ ਮੈਂ ਉਸ ਨਾਲ ਖਹਿ ਸਕਾਂ। ਇੱਕ ਵਾਰ ਤਾਂ ਉਸਨੇ ਕਿਹਾ,"ਤੂੰ ਮੈਨੂੰ ਪਕੜਕੇ ਬੈਠ ਜਾਹ ਕਿਤੇ ਗਿਰ ਨਾ ਪਈਂ।"

ਉਸਨੇ ਕਿਹਾ,"ਮੈਂ ਆਪਣੇ ਵੱਲੋਂ ਤੇਰੀ ਸਿਫਾਰਸ਼ ਪੂਰੀ ਠੋਕ ਵਜਾਕੇ ਕਰੂੰਗਾ। ਵੈਸੇ ਤਾਂ ਤੇਰੇ ਨਾਲੋਂ ਵੱਧ ਸੁੰਦਰ ਅਤੇ ਪੜ੍ਹੀਆਂ ਲਿਖੀਆਂ ਲੜਕੀਆਂ ਉੱਥੇ ਕੰਮ ਕਰਦੀਆਂ ਹਨ। ਬਸ ਤੂੰ ਮਾਲਕ ਦਾ ਖਿਆਲ ਰੱਖੀਂ, ਬੰਦਾ ਬੜਾ ਦਿਆਲੂ ਹੈ। ਚੱਲ ਤੈਨੂੰ ਮਾਲਕ ਨਾਲ ਮਿਲਾ ਦਿੰਦਾ ਹਾਂ।"

ਮਾਲਕ ਇੱਕ 55-56 ਸਾਲ ਦੀ ਉਮਰ ਦਾ ਆਦਮੀ ਸੀ ਅਤੇ ਇੱਕ ਵੱਡੀ ਕੁਰਸੀ 'ਚ ਫਸਕੇ ਬੈਠਾ ਸੀ। "ਸਰ! ਇਹ ਉਹ ਕੁੜੀ ਹੈ ਜਿਸ ਬਾਰੇ ਮੈਂ ਆਪ ਜੀ ਪਾਸ ਪਹਿਲਾਂ ਗੱਲ ਕੀਤੀ ਸੀ।"

ਮਾਲਕ ਨੇ ਉਸਨੂੰ ਕੁਰਸੀ ਤੋਂ ਉੱਠਕੇ ਸਿਰ ਤੋਂ ਪੈਰਾ ਤੱਕ ਆਪਣੀਆਂ ਵਾਸਨਾ ਭਰੀਆਂ ਨਜ਼ਰਾਂ ਨਾਲ ਨਿਹਾਰਿਆ ਅਤੇ ਉਸਦੇ ਚਿਹਰੇ ਤੇ ਹਲਕੀ ਜਿਹੀ ਧਮਕੀ ਮਾਰਦੇ ਕਿਹਾ,"ਉਝ ਤਾਂ ਕੁੜੀਏ ਮੇਰੇ ਕੋਲ ਸਾਰੀਆਂ ਜੌਬ ਬੁੱਕ ਨੇ, ਪਰ ਮੈਨੂੰ ਮੋਹ ਲਿਆ ਹੈ, ਤੇਰੀ ਲੁੱਕ ਨੇ। ਬਸ ਤੂੰ ਮੈਨੂੰ ਖੁਸ਼ ਰੱਖੀਂ, ਐਸ਼ ਕਰੇਂਗੀ। ਕੱਲ੍ਹ ਨੂੰ ਆ ਜਾਵੀਂ ਬਣ ਠਣ ਕੇ।"

ਜੀਅ ਤਾਂ ਉਸਦਾ ਕਰਦਾ ਸੀ ਕਿ ਜੜਾਂ ਉਸਦੇ ਇੱਕ ਥਪੇੜਾ, ਲਾਲ ਕਰ ਦੇਵਾਂ ਮੂੰਹ ਦਾ ਵਿਹੜਾ, ਪਰ ਉਹ ਮਾਂ ਦੇ ਮੂੰਹ ਨੂੰ ਚੁੱਪ ਕਰ ਗਈ ਅਤੇ ਸਾਰਾ ਗੁੱਸਾ ਅੰਦਰ ਕਰ ਗਈ।

ਉਸ ਨੇ ਸਾਰੀ ਘਟਨਾ ਆਪਣੀ ਮਾਂ ਨੂੰ ਦੱਸੀ। ਮਾਂ ਹੁਣ ਤੂੰ ਹੀ ਦੱਸ ਮੈਂ ਕੱਲ੍ਹ ਨੂੰ ਜਾਵਾਂ ਕਿ ਨਾ।" ਮਾਂ ਨੇ ਕਿਹਾ,"ਬੇਟੀ ਮੈਨੂੰ ਮਾਫ ਕਰਦੇ ਥੋੜੀ ਦੇਰ ਲਈ ਮੈਂ ਹੀ ਸੁਆਰਥੀ ਹੋ ਗਈ ਸੀ। ਜ਼ਿਲਤ ਦੀ ਜ਼ਿੰਦਗੀ ਨਾਲੋਂ ਇੱਜ਼ਤ ਦੀ ਰੁੱਖੀ ਸੁੱਖੀ ਚੰਗੀ।

--0--

(2)

ਜੰਗਲੀ

ਇੱਕ ਮੰਤਰੀ ਦੀ ਸਰਕਾਰੀ ਕੋਠੀ ਦੇ ਆਂਗਨ ਵਿੱਚ ਇੱਕ ਬਹੁਤ ਹੀ ਪੁਰਾਣਾ ਬੋਹੜੀ ਦਾ ਦਰੱਖਤ ਸੀ। ਉਸ ਦਰੱਖਤ ਤੇ ਬਹੁਤ ਪੰਛੀ ਰਹਿੰਦੇ ਸਨ। ਇਸੇ ਦਰੱਖਤ ਤੇ ਇੱਕ ਗਿੱਧ ਅਤੇ ਇੱਕ ਗਿਰਗਟ ਵੀ ਰਹਿੰਦੇ ਸੀ। ਇਹ ਦੋਵੇਂ ਪੱਕੇ ਮਿੱਤਰ ਸਨ। ਕੁੱਝ ਸਮੇਂ ਬਾਅਦ ਇੱਕ ਕੁੱਤਾ ਵੀ ਇਨ੍ਹਾਂ ਦਾ ਮਿੱਤਰ ਬਣ ਗਿਆ ਸੀ। ਕੁੱਤਾ ਇਸੇ ਕੋਠੀ ਵਿੱਚ ਰਹਿੰਦਾ ਸੀ। ਮਾਲਕ ਪਾਸ ਤਾਂ ਕੁੱਤੇ ਲਈ ਬਿਲਕੁੱਲ ਸਮਾਂ ਨਹੀਂ ਹੁੰਦਾ ਸੀ। ਕੁੱਤਾ ਕੋਈ ਮੌਕਾ ਪਾ ਕੇ ਗਿੱਧ ਅਤੇ ਗਿਰਗਟ ਨੂੰ ਮਿਲਣ ਆ ਜਾਂਦਾ ਸੀ। ਇਹ ਤਿੰਨੇ ਆਪਸ ਵਿੱਚ ਵਿਚਾਰ ਸਾਂਝੇ ਕਰ ਲੈਂਦੇ ਸਨ।

ਇੱਕ ਦਿਨ ਮੰਤਰੀ ਜੀ ਕਿਸੇ ਸਮਾਗਮ ਵਿੱਚ ਔਰਤ ਦੀ ਤਰਾਸਗੀ ਦੇ ਵਿਸ਼ੇ ਉੱਤੇ ਭਾਸ਼ਣ ਦੇ ਕੇ ਪਰਤੇ ਸਨ। ਕੋਠੀ ਪਹੁੰਚ ਕੇ ਉਨ੍ਹਾਂ ਨੂੰ ਪਤਾ ਲੱਗਾ ਕਿ ਉਨ੍ਹਾਂ ਦੀ ਪਤਨੀ ਦੋ ਦਿਨਾਂ ਲਈ ਪੇਕੇ ਗਈ ਹੈ। ਉਸਨੇ ਖੁਸ਼ੀ ਵਿੱਚ ਖੀਵਾ ਹੋ ਕੇ ਆਪਣੀ ਨਿੱਜੀ ਸਕੱਤਰ ਨੂੰ ਆਵਾਜ਼ ਮਾਰੀ ਅਤੇ ਕਿਹਾ,"ਦੇਖੋ ਅੱਜ ਮੈਡਮ ਤਾਂ ਆਪਣੇ ਪੇਕੇ ਗਈ ਹੈ, ਕਿਸੇ ਫੁਲਝੜੀ ਦਾ ਇੰਤਜ਼ਾਮ ਕਰੋ ਤਾਂ ਕਿ ਰਾਤ ਰੰਗੀਨ ਹੋ ਜਾਵੇ।" "ਸਰ ਜੀ, ਅੱਜ ਤਾਂ ਤੁਸੀਂ ਔਰਤਾਂ ਬਾਰੇ ਐਨਾ ਲੰਮਾ-ਚੌੜਾ ਭਾਸ਼ਣ ਦਿੱਤੈ।" "ਉਏ, ਇਹ ਸੱਭ ਜਨਤਾ ਨੂੰ ਉੱਲੂ ਬਣਾਉਣ ਲਈ ਹੁੰਦੈ। ਜਾਹ ਹੁਣ ਦੇਰ ਨਾ ਕਰੋ।" ਚਮਚਾ ਹੁਕਮ ਦੀ ਤਾਮੀਲ ਕਰਨ ਲਈ ਨਿਕਲ ਜਾਂਦਾ ਹੈ। ਗਿਰਗਟ ਇਹ ਗੱਲ ਸੁਣਕੇ ਹੈਰਾਨ ਰਹਿ ਜਾਂਦੀ ਹੈ ਅਤੇ ਸੋਚਦੀ ਹੈ ਕਿ ਇਹ ਤਾਂ ਮੇਰੇ ਤੋਂ ਵੀ ਛੇਤੀ ਰੰਗ ਬਦਲਦੇ ਹਨ। ਬਾਹਰੋਂ ਕੁੱਝ ਹੋਰ ਲਗਦੇ ਨੇ ਤੇ ਅੰਦਰੋਂ ਕੁੱਝ ਹੋਰ।

ਉਸ ਸਰਦ ਕਾਲੀ ਰਾਤ ਨੂੰ ਇੱਕ ਮਾਸੂਮ ਕਲੀ ਦਾ ਦਾਮਨ ਤਾਰ-ਤਾਰ ਹੁੰਦਾ ਰਿਹਾ। ਇਹ ਸਾਰੀ ਘਟਨਾ ਜਦੋਂ ਗਿਰਗਟ ਨੇ ਆਪਦੇ ਦੋਸਤ ਗਿੱਧ ਨੂੰ ਦੱਸੀ ਤਾਂ ਉਸ ਦੀਆਂ ਅੱਖਾਂ ਵਿੱਚੋਂ ਵੀ ਹੰਝੂ ਆ ਗਏ ਅਤ ਗਿੱਧ ਨੇ ਕਿਹਾ,"ਇਨਸਾਨ ਵਿੱਚ ਹੁਣ ਇਨਸਾਨੀਅਤ ਨਹੀਂ ਰਹੀ, ਇਹ ਜੰਗਲੀ ਬਣ ਗਿਆ ਹੈ। ਅਸੀਂ ਤਾਂ ਮੁਰਦੇ ਦਾ ਮਾਸ ਖਾਂਦੇ ਹਾਂ, ਜਿਸ ਨਾਲ ਸਗੋਂ ਵਾਤਾਵਰਣ ਦੂਸ਼ਿਤ ਹੋਣੋਂ ਬਚ ਜਾਂਦੈ। ਇਹ ਲੋਕ ਤਾਂ ਜ਼ਿੰਦਾ ਇਨਸਾਨ ਦਾ ਮਾਸ ਨੋਚ-ਨੋਚ ਖਾਂਦੇ ਨੇ, ਇਹ ਤਾਂ ਸਾਡੇ ਤੋਂ ਵੀ ਭੈੜੇ ਨੇ। ਲੱਗਦਾ ਹੈ ਹੁਣ ਸਾਡੀ ਇਥੇ ਜ਼ਰੂਰਤ ਨਹੀਂ, ਕਿਉਂਕਿ ਇਨਸਾਨ ਸਾਡੇ ਤੋਂ ਵਧੀਆ ਨੋਚਦਾ ਹੈ। ਦਿਲ ਤਾਂ ਮੇਰਾ ਕਰਦਾ ਹੈ ਕਿ ਇਨ੍ਹਾਂ ਦੀ ਜੀਵਨ ਲੀਲ੍ਹਾ ਅੱਜ ਹੀ ਖ਼ਤਮ ਕਰ ਦੇਵਾਂ ਪਰ ਸਾਡੀ ਕੌਮ ਜ਼ਿੰਦਾ ਇਨਸਾਨ ਨੂੰ ਨੋਚਣ ਦੀ ਇਜਾਜ਼ਤ ਨਹੀਂ ਦਿੰਦੀ।"

ਗਿੱਧ ਨੇ ਗੁੱਸੇ ਵਿੱਚ ਆ ਕੇ ਇੱਕ ਲੰਮੀ ਉਡਾਰੀ ਭਰੀ ਤੇ ਮੁੜਕੇ ਵਾਪਸ ਨਹੀਂ ਆਈ। ਦੂਜੇ ਪਾਸੇ ਕੁੱਤੇ ਨੂੰ ਕੋਠੀ ਦੇ ਕਿਸੇ ਦੂਜੇ ਗੇਟ ਤੇ ਬੰਨ੍ਹ ਦਿੱਤਾ ਗਿਆ ਸੀ। ਜਦੋਂ ਕੁੱਤੇ ਨੂੰ ਅਪਣੇ ਮਾਲਕ ਦੀ ਕਰਤੂਤ ਦਾ ਪਤਾ ਲੱਗਿਆ ਤਾਂ ਦੁੱਖ ਅਤੇ ਸ਼ਰਮ ਨਾਲ ਕੋਮਾਂ ਵਿੱਚ ਚਲਿਆ ਗਿਆ ਅਤੇ ਪ੍ਰਮਾਤਮਾ ਨੂੰ ਪ੍ਰਾਰਥਨਾ ਕੀਤੀ ਕਿ ਉਸਨੂੰ ਕਿਸੇ ਹਾਲਤ ਵਿੱਚ ਹੋਸ਼ ਨਾ ਆਵੇ। ਮੈਂ ਇਨ੍ਹਾਂ ਭੈੜੀਆਂ ਦੀਆਂ ਸ਼ਕਲਾਂ ਦੁਬਾਰਾ ਨਹੀਂ ਵੇਖਣਾ ਚਾਹੁੰਦਾ।

ਥੋੜ੍ਹੇ ਦਿਨ ਬਾਅਦ ਗਿਰਗਟ ਵੀ ਉਸ ਦਰੱਖਤ ਨੂੰ ਛੱਡ ਕੇ ਕਿਤੇ ਦੂਰ ਚਲਿਆ ਗਿਆ।

--0--

(3)

ਇਨਸਾਨੀਅਤ

ਚੋਰ ਨੇ ਜਿਸ ਕਮਰੇ ਨੂੰ ਪਾੜ ਲਾਇਆ, ਉਹ ਤੂੜੀ ਵਾਲਾ ਕਮਰਾ ਨਿਕਲਿਆ। ਉਸ ਨੇ 4-5 ਘੰਟੇ ਦੀ ਮਿਹਨਤ ਨਾਲ ਤੂੜੀ ਪਰ੍ਹੇ ਹਟਾਈ ਤਾਂ ਜਾ ਕੇ ਇਕ ਹੋਰ ਕੰਧ ਨਜ਼ਰ ਆਈ। ਜਦੋਂ ਤੋਂ ਉਹ ਉਸ ਨੂੰ ਪਾੜ ਲਾਉਣ 'ਚ ਸਫਲ ਹੋਇਆ ਤਾਂ ਥੋੜ੍ਹਾ ਥੋੜ੍ਹਾ ਦਿਨ ਚੜ੍ਹ ਆਇਆ ਸੀ। ਜਿਉਂ ਹੀ ਚੋਰੀ ਕਰਨ ਦੇ ਇਰਾਦੇ ਨਾਲ ਉਹ ਕਮਰੇ 'ਚ ਦਾਖਲ ਹੋਇਆ ਤਾਂ ਘਰ ਦਾ ਮਾਲਕ ਜਾਗ ਚੁੱਕਿਆ ਸੀ।

"ਓਏ ਤੂੰ ਕੌਣ ਐਂ ਬਈ ਜੱਟ ਨੇ ਕਿਹਾ। ਜ.ਜ.ਨ ਜੀ ਮੈਂ ਚੋਰ ਆਂ। ਲਗਦੈ ਕੱਚਾ ਚੋਰ ਐਂ। ਉਹ ਸੁੱਕੇ ਪੱਤੇ ਵਾਂਗ ਕੰਬ ਰਿਹਾ ਸੀ।

ਡਰ, ਉਪਰੋਂ ਕੜਾਕੇ ਦੀ ਸਰਦੀ, ਉਸ ਦਾ ਮੂੰਹ ਸਿਰ ਤੂੜੀ ਨਾਲ ਭਰਿਆ ਹੋਇਆ ਸੀ। ਐਂ ਕਰ ਪਹਿਲਾਂ ਤਾਂ ਤੂੰ ਚਾਹ ਪੀ, ਸਾਰੀ ਰਾਤ ਮਿਹਨਤ ਕੀਤੀ ਐ। ਨ.ਨ. ਨਹੀਂ ਸਰਦਾਰ ਜੀ ਮੈਨੂੰ ਮਾਫ਼ ਕਰ ਦਿਓ।

ਓਏ ਤੂੰ ਡਰ ਨਾ, ਮੈਂ ਤੈਨੂੰ ਬਿਲਕੁੱਲ ਨਹੀਂ ਮਾਰੂੰਗਾ ਅਤੇ ਨਾ ਹੀ ਤੈਨੂੰ ਪੁਲਿਸ ਹਵਾਲੇ ਕਰਾਂਗਾ। ਤੂੰ ਮੈਨੂੰ ਇਹ ਦੱਸ ਕਿ ਤੈਨੂੰ ਇਨੀ ਕੀ ਮਜ਼ਬੂਰੀ ਸੀ ਜੋ ਏਨੀ ਕੋਹਰੇ ਵਾਲੀ ਰਾਤ ਨੂੰ ਚੋਰੀ ਕਰਨ ਨਿਕਲਿਐਂ। ਜੀ ਘਰ 'ਚ ਕਈ ਦਿਨਾਂ ਤੋਂ ਫਾਕਾ ਚਲ ਰਿਹੈ, ਦੋ ਤਿੰਨ ਦਿਨ ਤੋਂ ਕੋਈ ਦਿਹਾੜੀ ਤੱਪਾ ਵੀ ਨਹੀਂ ਮਿਲਿਆ। ਬੱਚਿਆਂ ਦੀ ਭੁੱਖ ਬਰਦਾਸ਼ਤ ਨਹੀਂ ਹੋਈ ਬਸ ਇਸ ਲਈ..।" ਕੀ ਕੰਮ ਕਰ ਸਕਦੈਂ, ਜੱਟ ਨੇ ਪੁੱਛਿਆ। ਜੀ ਮੈਂ ਕੁਝ ਵੀ ਕਰ ਲਵਾਂਗਾ।

ਪਹਿਲਾਂ ਤਾਂ ਤੂੰ ਐਂ ਕਰ ਉਹ ਸਾਹਮਣੇ ਕਮਰੇ 'ਚ ਕਣਕ ਪਈ ਐ ਲੈ ਜਾ ਜਿੰਨੀ ਚਾਹੀਦੀ ਹੈ। ਘਰ ਜਾ ਕੇ ਬੱਚਿਆਂ ਨੂੰ ਰੋਟੀ ਖੁਆ ਫਿਰ ਪਰਸੋਂ ਇਥੇ ਆ ਜਾਵੀਂ, ਡੰਗਰ ਪਸ਼ੂਆਂ ਦੀ ਦੇਖ ਭਾਲ ਕਰੀਂ। ਉਸ ਨੇ ਜੱਟ ਦੇ ਪੈਰ ਪਕੜ ਲਏ ਅਤੇ ਬੁਰੀ ਤਰ੍ਹਾਂ ਰੋਂਦੇ ਰੋਂਦੇ ਕਿਹਾ,"ਸਰਦਾਰ ਜੀ, ਤੁਸੀਂ ਇਨਸਾਨ ਨਹੀਂ ਦੇਵਤਾ ਹੋ। ਮੈਂ ਤੁਹਾਡੇ ਘਰ ਕੀ ਕਰਨ ਆਇਆ ਸੀ ਤੇ ਤੁਸੀਂ"...। ਉਸ ਦਾ ਬੋਲਦੇ ਬੋਲਦੇ ਗੱਚ ਭਰ ਆਇਆ।

-99888-73637

--0--

ਹੱਡੀ ਬੀਤੀ

ਇੱਕ ਦਿਨ ਸੂਟ ਦੇ ਲੇਖੇ

-ਮਾਸਟਰ ਸੁਖਵਿੰਦਰ ਦਾਨਗੜ੍ਹ



ਹਰ ਮਹੀਨੇ ਤਿੰਨ-ਚਾਰ ਸੂਟ ਲੈਣ ਦੇ ਬਾਵਜੂਦ ਵੀ ਪਤਨੀ ਦੀ ਹਮੇਸ਼ਾ ਇਹ ਹੀ ਸ਼ਿਕਾਇਤ ਰਹਿੰਦੀ ਸੀ ਕਿ ਮੇਰੇ ਕੋਲ ਤਾਂ ਚੱਜ ਦਾ ਕੋਈ ਵੀ ਸੂਟ ਨਹੀਂ ਐ ਕਿਤੇ ਆਉਣ ਜਾਣ ਨੂੰ!! ਛੁੱਟੀ ਦਾ ਲਾਹਾ ਲੈ ਕੇ ਤੁਰੰਤ ਫੈਸਲਾ ਲੈ ਲਿਆ ਕਿ ਅੱਜ ਈ ਨਵਾਂ ਸੂਟ ਲੈ ਕੇ ਆਉਂਦੇ ਆਂ ..... ਬਜਾਰ 'ਚੋਂ ਚੰਗੀ ਜੀ ਦੁਕਾਨ ਦੇਖਕੇ ਪਹੁੰਚ ਗਏ ਦੁਕਾਨ ਵਿੱਚ... ਅੱਗੇ ਸੂਟਾਂ ਦਾ ਢੇਰ ਲੱਗਿਆ ਪਿਆ ਸੀ... ਲਓ ਜੀ ਜਾਣ ਸਾਰ ਭਾਗਵਾਨ ਨੇ ਕਰਤੀ ਫਰੋਲਾ-ਫਰਾਲੀ ਸ਼ੁਰੂ....ਜਦੋਂ ਵੀ ਕੋਈ ਸੂਟ ਚੱਕ ਕੇ ਆਪਣੇ ਵੱਲ ਨੂੰ ਕਰੇ ਆਪਾਂ ਡਰਦੇ ਹਾਮੀ ਜੀ ਭਰ ਦੇਈਏ" ਹਾਂ ਉਂਅ ਤਾਂ ਠੀਕ ਐ, ਤੈਨੂੰ ਕਿਵੇਂ ਲੱਗਿਆ?"ਅੱਗੋ ਉਸ ਦਾ ਜਵਾਬ ਹੁੰਦਾ" ਠੀਕ ਐ ਪਰ ਰੰਗ ਥੋੜ੍ਹਾ ਜਾ ਗੂੜ੍ਹਾ ਐ!!" ਇਹ ਆਖ ਕੇ ਉਹ ਦੁਕਾਨ ਦੇ ਉਪਰਲੇ ਖਾਨਿਆਂ ਵਿੱਚੋਂ ਪੰਜ-ਸੱਤ ਸੂਟ ਹੋਰ ਲੁਹਾ ਲੈਂਦੀ....ਆਪਾਂ ਤਾਂ ਨੀਵੀਂ ਪਾ ਕੇ ਬੈਠ ਗਏ....ਕੁਝ ਕੁ ਸਮੇਂ ਮਗਰੋਂ ਜਦੋਂ ਦੇਖਣ ਲੱਗਦੇ ਤਾਂ ਸੂਟਾਂ ਦਾ ਢੇਰ ਅੱਗੇ ਨਾਲੋਂ ਦੁੱਗਣਾ ਹੋਇਆ ਜਾਪਦਾ....ਆਪਾਂ ਨੂੰ ਕੁਝ ਵੀ ਸਮਝ ਨਹੀਂ ਆ ਰਿਹਾ ਸੀ ਕਿ ਇੱਕ ਸੂਟ ਲੈਣ ਲਈ ਐਨੀ ਜੱਦੋ ਜਹਿਦ..... ਹਾਂ ਨਵੇਂ-ਨਵੇਂ ਸ਼ਬਦ ਜਰੂਰ ਕੰਨਾਂ ਵਿਚ ਵੱਜ ਰਹੇ ਸਨ...." ਇਹ ਤਾਂ ਵੀਰੇ ਜਾਮ ਕੋਟਨ ਲੱਗਦੀ ਐ? ਅੱਗੇ ਉਹ ਆਖ ਦਿੰਦਾ," ਨਹੀਂ ਭਾਈ!! ਇਹ ਗਰੇਸ਼ ਕੋਟਨ ਆ..." ਨਹੀਂ ਇਹ ਨਹੀਂ। ਇਹ ਤਾਂ ਮੇਰੇ ਕੋਲ ਹੈਗਾ ਐ... ਜਵਾਂ ਓਹੋ ਜਾ ਆਪਣੀ ਸਰਬੀ ਕੋਲ ਐ...ਓਹ ਕਾਮਰਿਕ ਦਿਖਾਈਂ... ਨਾਲੇ ਏਹ ਰਾਮਟੈਕਸ ਵੀ ਦਿਖਾ ਦੀਂ"...ਜੇ ਕਿਸੇ ਸੂਟ ਦਾ ਰੰਗ ਪਸੰਦ ਆ ਜਾਂਦਾ ਤਾਂ ਉਹ ਆਖ ਦਿੰਦੀ" ਵੀਰੇ! ਏਸ 'ਚ ਕੋਈ ਹੋਰ ਡਿਜ਼ਾਇਨ ਨੀਂ ਐ? ਜੇ ਕਿਸੇ ਸੂਟ ਦਾ ਡਿਜ਼ਾਇਨ ਪਸੰਦ ਆ ਜਾਂਦਾ ਤਾਂ ਓਹ ਆਖ ਦਿੰਦੀ, "ਵੀਰੇ! ਏਸ 'ਚ ਕੋਈ ਹੋਰ ਰੰਗ ਨਹੀਂ ਐ?" ਨਾ ਕੋਈ ਰੇਟ ਦਾ ਹਿਸਾਬ-ਕਿਤਾਬ ਕਦੇ ਹਜਾਰ-ਦੋ ਹਜਾਰ ਆਲ਼ਾ ਸੂਟ ਪਸੰਦ ਆ ਜਾਂਦਾ ਕਦੇ ਚਾਰ-ਪੰਜ ਹਜਾਰ ਆਲਾ ਵੀ ਨਖਰੇ ਹੇਠ ਨਾ ਆਉਂਦਾ... ਤਿੰਨ-ਚਾਰ ਘੰਟੇ ਦੀ ਤਕੜੀ ਮਸ਼ੱਕਤ ਮਗਰੋਂ ਆਖਿਰ ਇੱਕ ਸੂਟ ਦੀ ਚੋਣ ਹੋ ਗਈ!! ਆਪਾਂ ਵੀ ਡੂੰਘਾ ਜਾ ਸਾਹ ਲੈ ਕੇ ਆਖ ਤਾ" ਵਾਹ!! ਆਹ ਬਣੀ ਐ ਗੱਲ.... ਬਿਲਕੁੱਲ ਨਵਾਂ ਡਿਜ਼ਾਇਨ ਐ.... ਨਾਲੇ ਰੰਗ ਵੀ ਕਿੰਨਾ ਪਿਆਰਾ ਐ... ਹੋਰ ਤਾਂ ਹੋਰ ਏਹੋ ਜਾ ਕਿਸੇ ਦੇ ਪਾਇਆ ਵੀ ਨਹੀਂ ਦੇਖਿਆ... ਵੱਖਰਾ ਜਾ ਐ!! ਓਹ ਹੁੱਬ ਕੇ ਬੋਲੀ,"ਪਿਓਰ ਸਿਲਕ ਦਾ ਐ। ਹੈ ਵੀ ਪੂਰੇ ਪੰਜ ਹਜ਼ਾਰ ਦਾ...." ਹੁਣ ਓਹਦੇ ਚਿਹਰੇ ਤੇ ਹਲਕੀ ਰੌਣਕ ਝਲਕ ਰਹੀ ਸੀ.... ਆਪਾਂ ਵੀ ਅੰਦਰੋਂ ਆਪਣੇ ਆਪ ਨੂੰ ਹੌਂਸਲਾ ਜਾ ਦਿੱਤਾ ਕਿ ਚਲੋ ਦੁਕਾਨ ਵਿੱਚੋਂ ਜਾਨ ਤਾਂ ਛੁੱਟੀ ਭਾਵੇਂ ਪੰਜ ਹਜ਼ਾਰ ਲੱਗ ਹੀ ਗਿਆ.... ਅਜੇ ਦੁਕਾਨਦਾਰ ਸੂਟ ਲਿਫਾਫੇ ਵਿੱਚ ਪਾਉਣ ਈ ਲੱਗਿਆ ਸੀ ਕਿ ਪਤਨੀ ਬੋਲੀ,"ਵੀਰੇ ਦੇਈਂ ਜਰਾ ਇੱਕ ਮਿੰਟ ....." ਮੇਰੇ ਦਿਲ ਦੀ ਧੜਕਣ ਰੁਕ ਗਈ ਕਿ ਛਿੜ ਗਿਆ ਫੇਰ ਤੋਂ ਕੋਈ ਨਵਾਂ ਪੰਗਾ...ਓਹਨੇ ਸੂਟ ਫੜਕੇ ਬਾਹਰ ਚਾਨਣ 'ਚ ਲਿਜਾ ਕੇ ਦੇਖਣ ਮਗਰੋਂ ਮੁੜ ਲਿਫਾਫੇ ਵਿੱਚ ਪਵਾ ਲਿਆ....ਆਪਣੇ ਸਾਹ ਵਿੱਚ ਸਾਹ ਆ ਗਿਆ... ਅਤੇ ਮੈਨੂੰ ਕਹਿਣ ਲੱਗੀ,"ਤੁਸੀਂ ਵੀ ਆਪਣੇ ਵਾਸਤੇ ਕੋਈ ਕੁੜਤਾ ਪਜਾਮਾ ਦੇਖ ਲੈਂਦੇ...." ਨਹੀਂ ਮੈਂ ਤਾਂ ਕਦੇ ਫੇਰ ਲੈ ਲਊਂ....." ਇਹ ਆਖ ਕੇ ਆਪਾਂ ਫੱਟ ਦੇਣੇ ਦੁਕਾਨ ਵਿੱਚੋਂ ਬਾਹਰ ਨਿਕਲ ਆਏ...ਫਟਾਫਟ ਕਾਰ ਦੀ ਤਾਕੀ ਖੋਲ੍ਹ ਕੇ ਚਾਬੀ ਘੁਮਾ ਦਿੱਤੀ ਨਾਲ੍ਹੇ ਪੋਲੇ ਜੇ ਮੂੰਹ ਨਾਲ ਆਖਿਆ,"ਕੁਝ ਹੋਰ ਤਾਂ ਨੀਂ ਲੈਣਾ ਬਜਾਰ ਵਿੱਚੋਂ?... ਲੈਣਾ ਤਾਂ ਹੈ ਸੀ ਚਲੋ ਫੇਰ ਆ ਜਾਵਾਂਗੇ ਜਾ ਕੇ ਰੋਟੀ ਟੁੱਕ ਬਣਾਉਣਾ ਐ ਲੇਟ ਹੋ ਜਾਵਾਂਗੇ.. ਜਵਾਕ ਵੀ ਘਰ ਇੱਕਲੇ ਆ... ਮੇਰੇ ਮਨ ਭਾਉਂਦਾ ਜਵਾਬ ਬੋਲ ਕੇ ਉਸ ਨੇ ਮੁੜ ਸੂਟ ਆਲਾ ਲਿਫਾਫਾ ਖੋਲ੍ਹ ਲਿਆ... ਅਤੇ ਆਪਾਂ ਸਟੀਰੀਓ ਦੀ ਆਵਾਜ਼ ਹੋਰ ਉੱਚੀ ਕਰ ਦਿੱਤੀ... ਘਰ ਆਉਦ ਸਾਰ ਉਸ ਨੇ ਇੱਕ-ਦੋ ਰਿਸ਼ਤੇਦਾਰੀਆਂ ਅਤੇ ਦੋ-ਚਾਰ ਸਹੇਲੀਆਂ ਕੋਲ ਨਵੇਂ ਲਿਆਂਦੇ ਸੂਟ ਦੀ ਸੂਚਨਾ ਦੇ ਦਿੱਤੀ... ਸੂਟ ਦੀ ਫੋਟੋਆਂ ਵਟਸਐਪ ਤੇ ਵਾਇਰਲ ਹੋ ਗਈਆਂ... ਇੱਕ ਦੋ ਥਾਵਾਂ ਤੋਂ ਸੂਟ ਸਲਾਹਿਆ ਗਿਆ ਪਰ ਦੋ ਕੁ ਜਾਣਿਆਂ ਵੱਲੋਂ ਕੁਝ ਕੁ ਨੁਕਸ ਬੋਲ ਦਿੱਤੇ... ਕੁੱਲ ਮਿਲਾ ਕੇ ਸਾਰਾ ਦਿਨ ਸੂਟ ਉਸ ਦੇ ਦਿਮਾਗ ਵਿੱਚ ਘੁੰਮਦਾ ਰਿਹਾ.... ਅਗਲੇ ਦਿਨ ਸਕੂਲ ਜਾਣ ਵੇਲੇ ਉਸ ਨੇ ਮੈਨੂੰ ਅਚਾਨਕ ਪੁੱਛਿਆ,"ਹੁਣ ਤੁਹਾਨੂੰ ਅਗਲੀ ਛੁੱਟੀ ਕਦੋਂ ਐ?" ਮੈਂ ਕਿਹਾ,"ਆਹੀ ਸ਼ਨੀਵਾਰ ਨੂੰ !! ਕਿਓ?"

"ਓਹ ਜਿਹੜਾ ਮੈਂ ਕੱਲ੍ਹ ਸੂਟ ਨੀ ਲੈ ਕੇ ਆਈ ਸੀ, ਓਹ ਮੋੜ ਕੇ ਹੋਰ ਲੈ ਕੇ ਆਉਣਾ ਐ!!!"

-94171-80205

--0--

ਆਓ ਵਹਿਮਾਂ ਭਰਮਾਂ ਨੂੰ ਛੱਡ ਕੇ ਜ਼ਿੰਦਗੀ ਨੂੰ ਖੁਸ਼ਹਾਲ ਬਣਾਈਏ

-ਸੰਜੇ ਕੁਮਾਰ ਨਾਭਾ

ਅੱਜ ਇਨਸਾਨ ਨੇ ਜੀਵਨ ਦੇ ਹਰ ਖੇਤਰ ਵਿੱਚ ਤਰੱਕੀ ਕਰ ਲਈ ਹੈ। ਦੂਜੇ ਪਾਸੇ ਇੱਕ ਖੇਤਰ ਅਜਿਹਾ ਵੀ ਹੈ ਜਿਸ ਨੂੰ ਅਪਨਾ ਕੇ ਅਸੀਂ ਪਿਛਾਂਹ ਵੱਲ ਜਾ ਰਹੇ ਹਾਂ। ਉਹ ਖੇਤਰ ਹੈ ਵਹਿਮਾਂ ਅਤੇ ਭਰਮਾਂ ਨੂੰ ਮੰਨਣਾ। ਆਧੁਨਿਕ ਸਮਾਜ ਵਿੱਚ ਬਹੁਤ ਸਾਰੇ ਵਹਿਮ-ਭਰਮ ਦੇਖੇ ਜਾ ਸਕਦੇ ਹਨ :-ਜਿਵੇਂ ਕੋਈ ਵਿਅਕਤੀ ਕੰਮ ਤੇ ਜਾ ਰਿਹਾ ਹੋਵੇ ਉਸਨੂੰ ਰਸਤੇ ਵਿੱਚ ਸੱਪ ਅਤੇ ਨਿਉਲੇ ਦੀ ਲੜਾਈ ਦਿੱਖ ਜਾਵੇ ਤਾਂ ਉਹ ਇਸ ਨੂੰ ਆਪਣੇ ਲਈ ਸ਼ੁਭ ਮੰਨਦਾ ਹੈ। ਜਿਸ ਤਰ੍ਹਾਂ ਸੱਪ ਅਤੇ ਨਿਉਲੇ ਦੀ ਲੜਾਈ ਵਿੱਚ ਨਿਉਲੇ ਦੀ ਜਿੱਤ ਪੱਕੀ ਹੁੰਦੀ ਹੈ ਤਾਂ ਦੇਖਣ ਵਾਲਾ ਸੋਚਦਾ ਹੈ ਕਿ ਉਹ ਜੋ ਕੰਮ ਕਰਨ ਜਾ ਰਿਹਾ ਹੈ ਉਸ ਵਿੱਚ ਉਸਨੂੰ ਸਫ਼ਲਤਾ ਪ੍ਰਾਪਤ ਹੋ ਜਾਵੇਗੀ। ਇਸੇ ਤਰ੍ਹਾਂ ਕੋਈ ਹੋਰ ਵਿਅਕਤੀ ਕੋਈ ਜ਼ਰੂਰੀ ਕੰਮ ਕਰਨ ਜਾ ਰਿਹਾ ਹੈ ਅਤੇ ਉਸਨੂੰ ਰਸਤੇ ਵਿੱਚ ਕੋਈ ਆਦਮੀ ਜਾਂ ਜਾਨਵਰ ਦਿੱਖ ਜਾਵੇ ਤਾਂ ਉਹ ਆਪਨੀ ਸਫ਼ਲਤਾ ਅਤੇ ਅਸਫ਼ਲਤਾ ਨੂੰ ਉਸ ਨੂੰ ਵਿਅਕਤੀ ਜਾਂ ਜਾਨਵਰ ਦੇ ਨਾਲ ਜੋੜ ਦਿੰਦਾ ਹੈ। ਉਹ ਸੋਚਦਾ ਹੈ ਕਿ ਜਦੋਂ ਮੈਂ ਘਰੋਂ ਨਿਕਲਿਆ ਸੀ ਤਾਂ ਮੈਨੂੰ ਉਹ ਵਿਅਕਤੀ ਜਾਂ ਜਾਨਵਰ ਮਿਲਿਆ ਸੀ ਇਸ ਲਈ ਮੈਨੂੰ ਆਪਣੇ ਕੰਮ ਵਿੱਚ ਸਫ਼ਲਤਾ ਮਿਲੀ ਹੈ। ਜੇਕਰ ਉਹ ਕੰਮ ਵਿੱਚ ਅਸਫ਼ਲ ਹੋ ਜਾਂਦਾ ਹੈ ਤਾਂ ਉਹ ਉਸ ਵਿਅਕਤੀ ਅਤੇ ਜਾਨਵਰ ਨੂੰ ਸ਼ੁਭ ਨਹੀਂ ਮੰਨਦਾ। ਸਾਡੇ ਸਮਾਜ ਵਿੱਚ ਦਿਨਾਂ ਨੂੰ ਵੀ ਚੰਗਾ ਅਤੇ ਮਾੜਾ ਸਮਝਿਆ ਜਾਂਦਾ ਹੈ। ਸੋਮਵਾਰ, ਬੁੱਧਵਾਰ ਅਤੇ ਸ਼ੁੱਕਰਵਾਰ ਨੂੰ ਚੰਗਾ ਦਿਨ ਸਮਝਿਆ ਜਾਂਦਾ ਹੈ। ਮੰਗਲਵਾਰ, ਵੀਰਵਾਰ ਅਤੇ ਸ਼ਨੀਵਾਰ ਨੂੰ ਮਾੜੇ ਦਿਨ ਸਮਝਿਆ ਜਾਂਦਾ ਹੈ। ਕੁੱਝ ਚੀਜਾਂ ਦੀ ਖਰੀਦਦਾਰੀ ਇਹਨਾਂ ਦਿਨਾਂ ਵਿੱਚ ਚੰਗੀ ਨਹੀਂ ਸਮਝੀ ਜਾਂਦੀ। ਖਾਸ ਕਰਕੇ ਲੋਹੇ ਦਾ ਸਮਾਨ ਸ਼ਨੀਚਾਰ ਨੂੰ ਲਿਆਉਣਾ ਠੀਕ ਨਹੀਂ ਸਮਝਿਆ ਜਾਂਦਾ। ਕਈ ਇਲਾਕਿਆਂ ਵਿੱਚ ਜਦੋਂ ਕੋਈ ਨਵਾਂ ਪਸ਼ੂ ਲਿਆਉਂਦਾ ਹੈ ਤਾਂ ਉਸ ਨੂੰ ਸੋਨੇ ਦਾ ਗਹਿਣਾ ਸੁੰਘਾਉਣਾ ਚੰਗਾ ਸਮਝਿਆ ਜਾਂਦਾ ਹੈ। ਇਸੇ ਸੰਬੰਧੀ ਮੈਨੂੰ ਇੱਕ ਕਹਾਣੀ ਯਾਦ ਆਉਂਦੀ ਹੈ ਕਿ ਇੱਕ ਵਾਰ ਇੱਕ ਪਿੰਡ ਵਿੱਚ ਇੱਕ ਪਰਿਵਾਰ ਨਵੀਂ ਮੱਝ ਖਰੀਦ ਕੇ ਲਿਆਇਆ। ਪਰਿਵਾਰ ਨੇ ਮੱਝ ਨੂੰ ਸੋਨਾ ਸੁੰਘਾਉਣ ਲਈ ਅੰਗੂਠੀ ਆਟੇ ਦੇ ਪੇੜੇ ਵਿੱਚ ਪਾ ਕੇ ਪੇੜਾ ਮੱਝ ਅੱਗੇ ਕੀਤਾ ਤਾਂ ਮੱਝ ਉਹ ਆਟੇ ਦਾ ਪੇੜਾ ਖਾ ਗਈ। ਸਾਰੇ ਪਰਿਵਾਰ ਨੂੰ ਫ਼ਿਕਰ ਪੈ ਗਿਆ ਅਤੇ ਉਹ ਉਦੋਂ ਤੱਕ ਮੱਝ ਦੇ ਦੁਆਲੇ ਹੀ ਬੈਠਾ ਰਿਹਾ ਜਦੋਂ ਤੱਕ ਮੱਝ ਨੇ ਗੋਹੇ ਨਾਲ ਸੋਨੇ ਦੀ ਅੰਗੂਠੀ ਬਾਹਰ ਨਾ ਕੱਢ ਦਿੱਤੀ। ਬਹੁਤ ਸਮਾਂ ਪਹਿਲਾਂ ਦੀ ਗੱਲ ਹੈ ਖੰਨਾ ਸ਼ਹਿਰ ਵਿੱਚ ਰੇਲਵੇ ਫਾਟਕ ਦੇ ਨਜ਼ਦੀਕ ਇੱਕ ਸਾਧ ਔਰਤਾਂ ਨੂੰ ਸੇਬ ਦੇ ਕੇ ਕਹਿੰਦਾ ਸੀ ਕਿ ਇਸ ਦੇ ਖਾਣ ਨਾਲ ਮੁੰਡਾ ਹੋ ਜਾਵੇਗਾ। ਸੇਬ ਖਾਣ ਤੋਂ ਬਾਅਦ ਔਰਤ ਨੂੰ ਮਾਹਵਾਰੀ ਆਉਣੀ ਬੰਦ ਹੋ ਜਾਂਦੀ ਸੀ ਅਤੇ ਉਸ ਦਾ ਪੇਟ ਵੀ ਗਰਭਵਤੀ ਔਰਤ ਵਾਂਗ ਵੱਧਣਾ ਸ਼ੁਰੂ ਹੋ ਜਾਂਦਾ ਸੀ। ਉਹ ਸਾਧ ਔਰਤਾਂ ਨੂੰ ਇਹ ਵੀ ਕਹਿੰਦਾ ਸੀ ਕਿ ਜੇਕਰ ਉਹਨਾਂ ਨੇ ਆਪਣੇ ਗਰਭ ਸਬੰਧੀ ਕੋਈ ਵੀ ਜਾਂਚ ਕਰਵਾਈ ਤਾਂ ਉਹਨਾਂ ਦੇ ਹੋਣ ਵਾਲੇ ਬੱਚੇ ਦਾ ਨੁਕਸਾਨ ਹੋ ਜਾਵੇਗਾ ਪਰ ਨੌਂ ਮਹੀਨੇ ਮਗਰੋਂ ਉਸ ਔਰਤ ਦੇ ਹੱਥ ਕੁਝ ਵੀ ਨਹੀਂ ਸੀ ਲੱਗਦਾ। ਪਰ ਉਹ ਸਾਧ ਇਸ ਕੰਮ ਤੋਂ ਚੰਗੀ ਕਮਾਈ ਕਰ ਗਿਆ। ਇੱਕ ਹੋਰ ਘਟਨਾ ਮੈਨੂੰ ਯਾਦ ਆਉਂਦੀ ਹੈ ਕਿ ਇੱਕ ਸਾਧ ਨੇ ਬੋਰਡ ਤੇ ਲਿਖਕੇ ਲਗਾਇਆ ਹੋਇਆ ਸੀ ਕਿ ਆਈਲਟ ਵਿੱਚ ਵੱਧ ਬੈਂਡ ਪ੍ਰਾਪਤ ਕਰੋ, ਫੀਸ ਹਜ਼ਾਰ ਰੁਪੈ। ਮੈਂ ਉਸ ਸਾਧ ਦੇ ਚੇਲੇ ਨੂੰ ਪੁੱਛਿਆ ਕਿ ਉਹਨਾਂ ਨੂੰ ਆਈਲਟ ਦੇ ਕੁੱਲ ਬੈਂਡ ਬਾਰੇ ਪਤਾ ਹੈ ਤਾਂ ਉਸਨੇ ਉਤਰ ਦਿੱਤਾ ਕਿ ਇਸ ਬਾਰੇ ਤਾਂ ਇਹਨਾਂ ਨੂੰ ਪਤਾ ਨਹੀਂ ਪਰ ਜੇਕਰ ਕਿਸੇ ਵਿਦਿਆਰਥੀ ਦੇ ਘੱਟ ਬੈਂਡ ਆਉਂਦੇ ਹੋਣ ਤਾਂ ਇਹ ਉਸ ਦੇ ਘੱਟ ਬੈਂਡ ਨੂੰ ਵੱਧ ਬੈਂਡ ਵਿੱਚ ਬਦਲਣ ਦਾ ਮੰਤਰ ਜਾਣਦੇ ਹਨ। ਇਹ ਸੁਣਕੇ ਮੈਨੂੰ ਬਹੁਤ ਹੈਰਾਨੀ ਹੋਈ। ਹਿੰਦੂ ਸਮਾਜ ਵਿੱਚ ਵਿਆਹ ਸਮੇਂ ਜਨਮ ਪੱਤਰੀ ਮਿਲਾਉਣਾ ਵੀ ਵਹਿਮਾਂ ਭਰਮਾਂ ਦਾ ਇੱਕ ਹਿੱਸਾ ਹੈ। ਮੁੰਡਾ ਅਤੇ ਕੁੜੀ ਦੋਵਾਂ ਵਿੱਚੋਂ ਕੋਈ ਇੱਕ ਮੰਗਲੀਕ ਨਿਕਲ ਆਵੇ ਤਾਂ ਵਿਆਹ ਦੀ ਗੱਲ ਬਾਤ ਨੂੰ ਅੱਗੇ ਨਹੀਂ ਤੋਰਿਆ ਜਾਂਦਾ। ਭਾਵ ਇਹ ਹੈ ਕਿ ਰਿਸ਼ਤਾ ਤਾਂ ਹੀ ਕੀਤਾ ਜਾਂਦਾ ਹੈ ਕਿ ਜਾਂ ਤਾਂ ਮੁੰਡਾ ਅਤੇ ਕੁੜੀ ਦੋਵੇਂ ਹੀ ਮੰਗਲੀਕ ਹੋਣ ਜਾਂ ਦੋਵਾਂ ਵਿੱਚੋਂ ਕੋਈ ਵੀ ਮੰਗਲੀਕ ਨਾ ਹੋਵੇ। ਪੁੱਛਿਆ ਦੇਣ ਵਾਲੇ ਸਾਡੇ ਇਹਨਾਂ ਵਹਿਮਾਂ ਭਰਮਾਂ ਦਾ ਖੂਬ ਫਾਇਦਾ ਉਠਾ ਰਹੇ ਹਨ। ਸਾਡੇ ਦੇਸ਼ ਵਿੱਚ ਪੁੱਛਿਆ ਅਤੇ ਉਪਾਅ ਦੇ ਨਾਂ ਤੇ ਸਵੇਰ ਤੋਂ ਸ਼ਾਮ ਤੱਕ ਕਰੋੜਾਂ ਰੁਪਏ ਦਾ ਵਪਾਰ ਹੋ ਰਿਹਾ ਹੈ। ਇੱਕ ਵਾਰ ਮੈਨੂੰ ਵੀ ਆਪਣੇ ਇੱਕ ਦੋਸਤ ਨਾਲ ਪੁੱਛਿਆ ਦੇਣ ਵਾਲੇ ਪੰਡਿਤ ਕੋਲ ਜਾਣ ਦਾ ਮੌਕਾ ਮਿਲਿਆ। ਪੰਡਿਤ ਜੀ ਪੁੱਛਿਆ ਦੇਣ ਦਾ ਪੰਜ ਸੌ ਰੁਪੈ ਪ੍ਰਤੀ ਵਿਅਕਤੀ ਲੈਂਦੇ ਸਨ। ਜਦੋਂ ਅਸੀਂ ਉਹਨਾਂ ਦੇ ਘਰ ਗਏ ਤਾਂ ਕਾਫ਼ੀ ਬੰਦੇ ਪਹਿਲਾਂ ਹੀ ਉਥੇ ਮੌਜੂਦ ਸਨ। ਅਸੀਂ ਵੀ ਕਾਊਂਟਰ ਤੇ ਬੈਠੀ ਲੜਕੀ ਤੋਂ ਪੰਜ ਸੌ ਰੁਪਏ ਦੀ ਰਸੀਦ ਲੈ ਲਈ। ਪੁੱਛਣ ਤੇ ਉਸ ਲੜਕੀ ਨੇ ਦੱਸਿਆ ਕਿ ਤੁਹਾਡਾ ਨੰਬਰ ਲਗਭਗ ਸਾਢੇ ਤਿੰਨ ਘੰਟੇ ਤੋਂ ਬਾਅਦ ਆਵੇਗਾ। ਮੈਂ ਆਪਣੇ ਦੋਸਤ ਨੂੰ ਕਮਰੇ ਵਿੱਚ ਬੈਠਾ ਕੇ ਬਾਹਰ ਆ ਗਿਆ। ਕੁੱਝ ਲੋਕ ਜੋ ਬਾਹਰ ਖੜ੍ਹੇ ਸਨ। ਮੈਂ ਉਹਨਾਂ ਨਾਲ ਗੱਲਬਾਤ ਕਰਨੀ ਸ਼ੁਰੂ ਕਰ ਦਿੱਤੀ। ਗੱਲਬਾਤ ਦੌਰਾਨ ਇੱਕ ਵਿਅਕਤੀ ਨੇ ਦੱਸਿਆ ਮੇਰੀ ਇੱਕ ਹੀ ਬੇਟੀ ਹੈ। ਮੈਂ ਉਸ ਨੂੰ ਵਿਦੇਸ਼ ਭੇਜਣਾ ਚਾਹੁੰਦਾ ਸੀ ਪਰ ਲੜਕੀ ਨਹੀਂ ਮੰਨੀ। ਉਸਨੇ ਮੈਨੂੰ ਕਿਹਾਕਿ ਮੈਂ ਐਮ.ਬੀ.ਬੀ.ਐਸ ਕਰਨਾ ਚਾਹੁੰਦੀ ਹਾਂ। ਅਸੀਂ ਬੜੀ ਮੁਸ਼ਕਲ ਨਾਲ ਪੰਜਾਹ ਲੱਖ ਰੁਪਇਆ ਦੇ ਕੇ ਉਸ ਦਾ ਦਾਖਲਾ ਮੈਡੀਕਲ ਕਾਲਜ ਵਿੱਚ ਕਰਵਾ ਦਿੱਤਾ ਪਰ ਉਹ ਪਹਿਲੇ ਸਾਲ ਹੀ ਕਹਿਣ ਲੱਗ ਪਈ ਕਿ ਮੈਂ ਇਹ ਪੜ੍ਹਾਈ ਨਹੀਂ ਕਰਨੀ। ਸਾਡੇ ਲਈ ਇਹ ਬਹੁਤ ਹੀ ਔਖੀ ਸਥਿਤੀ ਪੈਦਾ ਹੋ ਗਈ ਸੀ। ਹੁਣ ਅਸੀਂ ਇਸ ਸੱਮਸਿਆ ਦੇ ਉਪਾਅ ਲਈ ਹੀ ਪੰਡਿਤ ਜੀ ਕੋਲ ਆਏ ਹਾਂ। ਇੱਕ ਹੋਰ ਵਿਦਿਆਰਥੀ ਨਾਲ ਗੱਲ ਕੀਤੀ ਅਤੇ ਮੈਂ ਉਸ ਨੂੰ ਇੱਥੇ ਆਉਣ ਦਾ ਕਾਰਨ ਪੁੱਛਿਆ ਤਾਂ ਵਿਦਿਆਰਥੀ ਨੇ ਦੱਸਿਆ ਕਿ ਅੰਕਲ ਮੈਂ ਇਹ ਪੁੱਛਣ ਆਇਆ ਹਾਂ ਕਿ ਮੇਰੇ ਆਈਲਟ ਵਿੱਚ ਚੰਗੇ ਬੈਂਡ ਆ ਜਾਣਗੇ ਜਾਂ ਨਹੀਂ। ਮੈਂ ਉਸ ਨੂੰ ਕਿਹਾ ਬੇਟਾ ਬੈਂਡ ਤਾਂ ਤੂੰ ਆਪਣੀ ਮਿਹਨਤ ਨਾਲ ਪ੍ਰਾਪਤ ਕਰਨੇ ਹਨ ਤਾਂ ਉਹ ਬੋਲਿਆ ਕਿ ਨਹੀਂ ਮੈਂ ਸਿਰਫ਼ ਇਹ ਪਤਾ ਕਰਨਾ ਹੈ ਕਿ ਆ ਜਾਣਗੇ ਜਾਂ ਨਹੀਂ। ਇੱਕ ਹੋਰ ਵਿਅਕਤੀ ਨਾਲ ਗੱਲ ਕੀਤੀ ਜੋ ਕਿਸੇ ਮੁਸਲਿਮ ਦੇਸ਼ ਤੋਂ ਵਾਪਿਸ ਪਰਤ ਕੇ ਆਇਆ ਸੀ। ਮੈਂ ਉਸਨੂੰ ਕਿਹਾ ਵੀਰ ਜੀ ਤੁਸੀਂ ਤਾਂ ਸਿੱਖ ਧਰਮ ਨਾਲ ਸਬੰਧ ਰੱਖਦੇ ਹੋ ਫਿਰ ਤੁਸੀਂ ਇਹਨਾਂ ਪੰਡਿਤਾਂ ਦੇ ਚੱਕਰ ਵਿੱਚ ਕਿਵੇਂ ਆ ਗਏ ਤਾਂ ਉਸਨੇ ਦੱਸਿਆ ਕਿ ਉਹ ਪਿਛਲੇ ਕਈ ਸਾਲਾਂ ਤੋਂ ਇਹਨਾਂ ਤੋਂ ਪੁੱਛਿਆ ਲੈਣ ਲਈ ਆ ਰਿਹਾ ਹੈ। ਮੈਂ ਜਿਸ ਦੇਸ਼ ਤੋਂ ਵਾਪਿਸ ਆਇਆ ਹਾਂ ਉਥੇ ਡਰਾਈਵਰੀ ਦਾ ਕੰਮ ਬਹੁਤ ਘੱਟ ਗਿਆ ਹੈ। ਮੈਂ ਇਹਨਾਂ ਤੋਂ ਸਿਰਫ਼ ਇਹ ਪੁੱਛਣ ਆਇਆ ਹਾਂ ਕਿ ਮੇਰੇ ਲਈ ਕਿਸ ਦੇਸ਼ ਵੱਲ ਜਾਣਾ ਠੀਕ ਰਹੇਗਾ। ਸਾਡੇ ਸਮਾਜ ਦੇ ਖੱਤਰੀ ਭਾਈਚਾਰੇ ਵਿੱਚ ਇੱਕ ਹੋਰ ਵਹਿਮ ਪਾਇਆ ਜਾਂਦਾ ਹੈ। ਜਦੋਂ ਉਹਨਾਂ ਦੇ ਘਰ ਵਿੱਚ ਮੁੰਡੇ ਦਾ ਜਨਮ ਹੁੰਦਾ ਹੈ ਤਾਂ ਉਸ ਮੁੰਡੇ ਨੂੰ ਪੰਜ ਸਾਲ ਦੀ ਉਮਰ ਤੱਕ ਸਲਾਈ ਕੀਤਾ ਕਪੜਾ ਪਾਉਣ ਦੀ ਇਜ਼ਾਜਤ ਨਹੀਂ ਹੁੰਦੀ। ਉਸ ਨੂੰ ਪੰਜ ਸਾਲ ਦੀ ਉਮਰ ਤੱਕ ਕਪੜੇ ਦੀ ਗੱਠ ਮਾਰ ਕੇ ਕਪੜਾ ਪਹਿਨਾਇਆ ਜਾਂਦਾ ਹੈ। ਜਦੋਂ ਮੈਂ ਆਪਣੇ ਇੱਕ ਦੋਸਤ ਨੂੰ ਇਸ ਬਾਰੇ ਪੁੱਛਿਆ ਤਾਂ ਉਸ ਨੇ ਉਤਰ ਦਿੱਤਾ ਕਿ ਸਾਡੇ

ਵਿੱਚ ਅਜਿਹੀ ਧਾਰਨਾ ਹੈ ਕਿ ਜੇ ਅਸੀਂ ਸਲਾਈ ਕੀਤਾ ਕੱਪੜਾ ਮੁੰਡੇ ਨੂੰ ਪਾ ਦੇਵਾਂਗੇ ਤਾਂ ਇਸ ਤਰ੍ਹਾਂ ਕਰਨ ਨਾਲ ਮੁੰਡੇ ਦਾ ਨੁਕਸਾਨ ਹੋ ਸਕਦਾ ਹੈ। ਜਦੋਂ ਮੈਂ ਉਸਨੂੰ ਇਹੀ ਗੱਲ ਕੁੜੀਆਂ ਪ੍ਰਤੀ ਪੁੱਛੀ ਤਾਂ ਉਹ ਤੱਸਲੀਬਖ਼ਸ਼ ਜਵਾਬ ਨਾ ਦੇ ਸਕਿਆ। ਬਹੁਤ ਸਮਾਂ ਪਹਿਲਾਂ ਪਟਿਆਲਾ ਵਿਖੇ ਇੱਕ ਜੋਤਸ਼ੀ ਪੁੱਛਿਆ ਦੇਣ ਦਾ ਕੰਮ ਕਰਦਾ ਸੀ। ਦੂਰੋਂ ਦੂਰੋਂ ਲੋਕ ਉਸ ਤੋਂ ਆਪਣੇ ਭਵਿੱਖ ਬਾਰੇ ਜਾਨਣ ਲਈ ਆਉਂਦੇ ਸਨ। ਫਿਰ ਇੱਕ ਦਿਨ ਅੱਧੀ ਰਾਤ ਨੂੰ ਉਸਦੀ ਲੜਕੀ ਕਿਸੇ ਲੜਕੇ ਨਾਲ ਚਲੀ ਗਈ। ਸੋਚਣ ਵਾਲੀ ਗੱਲ ਇਹ ਹੈ ਕਿ ਉਸ ਜੋਤਸ਼ੀ ਨੂੰ ਇਹ ਨਹੀਂ ਸੀ ਪਤਾ ਕਿ ਮੇਰੀ ਲੜਕੀ ਨੇ ਅੱਜ ਘਰੋਂ ਚਲੇ ਜਾਣਾ ਹੈ। ਇਸੇ ਤਰ੍ਹਾਂ ਇੱਕ ਪਿੰਡ ਵਿੱਚ ਕੋਈ ਬੰਦਾ ਖੋਈ ਚੀਜ ਦੱਸਦਾ ਸੀ ਕਿ ਉਹ ਕਿਸ ਦਿਸ਼ਾ ਵਿੱਚ ਮਿਲੇਗੀ। ਥੋੜ੍ਹੇ ਦਿਨਾਂ ਬਾਅਦ ਉਸ ਜੋਤਸ਼ੀ ਦੀ ਮੱਝ ਗੁਆਚ ਗਈ ਤਾਂ ਲੋਕਾਂ ਨੇ ਪੁੱਛਿਆ ਕਿ ਪੰਡਤ ਜੀ ਹੁਣ ਦੱਸੋ ਤੁਹਾਡੀ ਮੱਝ ਕਿਸ ਦਿਸ਼ਾ ਵੱਲ ਮਿਲੇਗੀ ਅਸੀਂ ਜਾ ਕੇ ਲੈ ਆਵਾਂਗੇ। ਪੰਡਿਤ ਜੀ ਨੇ ਮੱਝ ਜਿਸ ਦਿਸ਼ਾ ਵੱਲ ਦੱਸੀ ਉਹ ਉਸ ਤੋਂ ਉਲਟ ਦਿਸ਼ਾ ਵੱਲ ਮਿਲੀ। ਅਸੀਂ ਕਿਸੇ ਮਜ਼ਦੂਰ ਨੂੰ ਦਿਹਾੜੀ ਦੇਣ ਸਮੇਂ ਸੰਕੋਚ ਕਰਦੇ ਹਾਂ ਪਰ ਪੰਡਿਤ ਨੂੰ ਦਸ ਮਿੰਟ ਦੇ ਪੰਜ ਸੌ ਰੁਪਏ ਦੇਣ ਤੋਂ ਗੁਰੇਜ਼ ਨਹੀਂ ਕਰਦੇ। ਕਈ ਲੋਕ ਤਾਂ ਪੰਡਿਤ ਕੋਲੋਂ ਇਹ ਵੀ ਪੁੱਛਦੇ ਹਨ ਕਿ ਸਾਡੇ ਘਰ ਵਿੱਚ ਹੋਣ ਵਾਲਾ ਬੱਚਾ ਮੁੰਡਾ ਹੋਵੇਗਾ ਜਾਂ ਕੁੜੀ। ਉਹ ਮੁੰਡੇ ਦੀ ਇੱਛਾ ਨੂੰ ਲੈ ਕੇ ਪੰਡਿਤ ਨੂੰ ਕੋਈ ਦਾਨ ਪੁੰਨ ਬਾਰੇ ਪੁੱਛਦੇ ਹਨ। ਹੈਰਾਨੀ ਦੀ ਗੱਲ ਇਹ ਹੈ ਕਿ ਸਾਇੰਸ ਨੇ ਜਦੋਂ ਇੰਨੀ ਤਰੱਕੀ ਕਰ ਲਈ ਹੈ ਅਤੇ ਅਸੀਂ ਚੰਨ ਤੇ ਪਹੁੰਚ ਗਏ ਹਾਂ ਪਰ ਬਹੁਤ ਸਾਰੇ ਲੋਕ ਮੁੰਡੇ ਅਤੇ ਕੁੜੀ ਨੂੰ ਸਮਾਨ ਨਹੀਂ ਸਮਝਦੇ। ਉਹ ਹਮੇਸ਼ਾ ਮੁੰਡੇ ਦੀ ਹੀ ਮੰਗ ਕਰਦੇ ਹਨ। ਮੈਂ ਪੜ੍ਹੇ ਲਿਖੇ ਲੋਕਾਂ ਨੂੰ ਇਹ ਕਹਿੰਦੇ ਸੁਣਿਆ ਹੈ ਕਿ ਮੈਂ ਤੁਹਾਡੀ ਪਾਰਟੀ ਦੇਵਾਂਗਾ ਜੇ ਰੱਬ ਸਾਡੇ ਘਰ ਚੰਗੀ ਚੀਜ਼ ਦੇਵੇਗਾ। ਉਹਨਾਂ ਦਾ ਚੰਗੀ ਚੀਜ਼ ਤੋਂ ਭਾਵ ਮੁੰਡਾ ਹੁੰਦਾ ਹੈ। ਸਾਨੂੰ ਸਵਸਥ ਬੱਚੇਦੀ ਮੰਗ ਕਰਨੀ ਚਾਹੀਦੀ ਹੈ। ਕੋਈ ਪੰਡਿਤ ਕੁਦਰਤੀ ਦੇਣ ਨੂੰ ਰੋਕ ਸਕਦਾ ਹੈ। ਇਹ ਨਿਰਾ ਵਹਿਮ ਭਰਮ ਹੈ। ਅੰਤ ਵਿੱਚ ਸਾਨੂੰ ਚਾਹੀਦਾ ਹੈ ਕਿ ਅਸੀਂ ਸੱਚੇ ਦਿਲੋਂ ਮਿਹਨਤ ਕਰੀਏ। ਵਿਗਿਆਨਕ ਸੋਚ ਅਪਣਾਈਏ ਅਤੇ ਇਹ ਯਾਦ ਰੱਖੀਏ ਕਿ ਜੇਕਰ ਅਸੀਂ ਇਸ ਦੁਨੀਆਂ ਵਿੱਚ ਆਏ ਹਾਂ ਤਾਂ ਸਾਨੂੰ ਸੁੱਖ ਅਤੇ ਦੁੱਖ ਦੋਵਾਂ ਨੂੰ ਹੀ ਭੋਗਣਾ ਪਵੇਗਾ। ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਦੁੱਖ ਸੁੱਖ ਜੀਵਨ ਦਾ ਅੰਗ ਹਨ। ਸਾਨੂੰ ਹਰ ਤਰ੍ਹਾਂ ਦੇ ਵਹਿਮ ਭਰਮ ਛੱਡ ਕੇ ਜੀਵਨ ਜੀਉਣਾ ਚਾਹੀਦਾ ਹੈ। ਕਿਸੇ ਪੁੱਛਿਆ ਦੇਣ ਵਾਲੇ ਦੇ ਪਿੱਛੇ ਲੱਗ ਕੇ ਆਪਣਾ ਸਮਾਂ ਅਤੇ ਪੈਸਾ ਬਰਬਾਦ ਨਹੀਂ ਕਰਨਾ ਚਾਹੀਦਾ। ਵਹਿਮਾਂ ਭਰਮਾਂ ਤੋਂ ਦੂਰ ਰਹਿ ਕੇ ਆਪਣੀ ਆਉਣ ਵਾਲੀ ਪੀੜ੍ਹੀ ਨੂੰ ਬਚਾਉਣਾ ਚਾਹੀਦੀ ਹੈ। ਸਾਡੀ ਸਾਰਿਆਂ ਦੀ ਕੋਸ਼ਿਸ਼ ਹੋਣੀ ਚਾਹੀਦੀ ਹੈ ਕਿ ਅਸੀਂ ਵਿਗਿਆਨਕ ਸੋਚ ਅਪਣਾਈਏ ਅਤੇ ਆਪਣੇ ਜੀਵਨ ਨੂੰ ਸਾਰਥਕ ਬਣਾਈਏ।

-95010-21184

--0--

ਦੋ ਮਿੰਨੀ ਕਹਾਣੀਆਂ

-ਨਰੇਸ਼ ਗੁਪਤਾ

(1)

ਕਾਲਾ ਦੁੱਧ

ਮੈਂ ਦੇਖਦਾ ਹਾਂ ਕਿ ਇੱਕ ਵਿਸ਼ਾਲ ਜੰਗਲ ਦੇ ਵਿੱਚ ਦਸ-ਬਾਰਾਂ ਗਧੇ ਆਪਣੇ ਪਿਛੇ ਹਜ਼ਾਰਾਂ ਹੀ ਹੋਰ ਜਾਨਵਰ ਸ਼ੇਰ, ਚੀਤੇ, ਬਾਂਦਰ, ਹਿਰਨ ਇੱਥੋਂ ਤੱਕ ਕਿ ਲੂੰਬੜੀਆਂ ਨੂੰ ਵੀ ਲਾਈ ਫਿਰਨ ਜਿਵੇਂ ਇੱਕ ਆਜੜੀ , ਭੇਡਾਂ, ਬੱਕਰੀਆਂ ਨੂੰ ਚਾਰਨ ਵਾਸਤੇ ਖੇਤ-ਬੰਨੇ ਲੈ ਕੇ ਜਾਂਦਾ ਹੁੰਦੈ। ਸ਼ੇਰ, ਚੀਤਿਆਂ ਦੇ ਵਿੱਚ ਕੋਈ ਤਾਕਤ ਦਿਖਾਈ ਨਹੀਂ ਸੀ ਦੇ ਰਹੀ ਬੱਸ ਇੱਕ ਪਾਲਤੂ ਜਾਨਵਰ ਦੀ ਤਰ੍ਹਾਂ ਹੀ ਤਾਂ ਵਰਤਾਉ ਕਰ ਰਹੇ ਸਨ। ਬਾਂਦਰ ਟਪੂਸੀਆਂ ਮਾਰਨਾ ਭੁੱਲ ਚੁੱਕੇ ਸਨ। ਹਿਰਨਾਂ ਨੂੰ ਆਪਣੀ ਕਸਤੂਰੀ ਦੀ ਖੁਸ਼ਬੂ ਆਉਣੀ ਬੰਦ ਹੋ ਚੁੱਕੀ ਸੀ। ਲੂੰਬੜੀਆਂ ਦੀ ਚਤੁਰਾਈ ਤਾਂ ਬੱਸ ਜਿਵੇਂ ਕਿੱਸੇ ਕਹਾਣੀਆਂ ਤੱਕ ਹੀ ਸੀਮਿਤ ਹੋ ਕੇ ਰਹਿ ਗਈ ਸੀ। ਇਹ ਦਸ-ਬਾਰਾਂ ਗਧੇ ਕਿਵੇਂ ਐਡੇ ਤਾਕਤਵਰ, ਚਲਾਕ, ਸੋਹਣੇ ਜੀਵਾਂ ਨੂੰ ਆਪਣੇ ਗੁਲਾਮ ਬਣਾਈ ਫਿਰਦੇ ਹਨ-ਆਪਣੇ ਮਗਰ ਲਾਈ ਫ਼ਿਰਦੇ ਹਨ। ਗਧੇ ਜਿੰਦਾਬਾਦ, ਗਧੇ ਜਿੰਦਾਬਾਦ ਦੇ ਨਾਅਰੇ ਗੂੰਜ ਰਹੇ ਹਨ। ਇਹ ਸਭ ਦੇਖਕੇ ਮੇਰਾ ਸਰੀਰ ਸੁੰਨ ਹੋ ਗਿਆ, ਹੱਥ ਪੈਰ ਠੰਡੇ ਹੋ ਗਏ ਕਿ ਇਹ ਸਭ ਸ੍ਰਿਸ਼ਟੀ ਦੇ ਨਿਯਮ ਦੇ ਉਲਟ ਕਿਵੇਂ ਹੋ ਸਕਦਾ ਹੈ ਕਿਉਂਕਿ ਜਦੋਂ ਵੀ ਕੁੱਝ ਸ੍ਰਿਸ਼ਟੀ ਦੇ ਨਿਯਮਾਂ ਦੇ ਉਲਟ ਹੋਊ ਤਾਂ ਇਹ ਦੁਨੀਆਂ ਲਈ ਸੰਦੇਸ਼ ਹੈ ਕਿ ਪਰਲੋ ਆਉਣ ਵਾਲੀ ਹੈ ਹੁਣ ਬਹੁਤੀ ਦੂਰ ਨਹੀਂ।

ਫਿਰ ਉਸੇ ਵਕਤ ਮੇਰੇ ਸੁੱਤੇ ਪਏ ਸਰੀਰ ਨੇ ਹਰਕਤ ਕੀਤੀ ਤਾਂ ਮੈਂ ਪਾਸਾ ਲਿਆ, ਅੱਖਾਂ ਖੋਲੀਆਂ ਤੇ ਦੇਖਿਆ ਕਿ ਇਹ ਤਾਂ ਸੁਪਨਾ ਸੀ। ਦਿਲ ਨੇ ਕਿਹਾਕਿ ਇਹ ਸੁਪਨਾ ਹੀ ਸੀ ਪਰ ਦਿਮਾਗ ਨੇ ਕਿਹਾ ਕਿ ਫ਼ਿਰ ਫ਼ਰਕ ਤਾਂ ਹੈ ਵੀ ਕੋਈ ਨਹੀਂ ਕਿਉਂਕਿ ਹੋ ਤਾਂ ਅੱਜ ਇਹੀ ਰਿਹੈ ਜੋ ਮੈਂ ਇਸ ਸੁਪਨੇ ਵਿੱਚ ਵੇਖਿਆ। ਪੜ੍ਹੇ-ਲਿਖੇ ਅਨਪੜ੍ਹਾਂ ਦੇ ਗੁਲਾਮ ਹੀ ਤਾਂ ਹਨ ਕਿਸੇ ਦੀ ਯੋਗਤਾ ਅਨੁਸਾਰ ਇੱਥੇ ਕਦੋਂ ਕਿਸੇ ਨੂੰ ਕੁੱਝ ਮਿਲਦਾ ਹੈ। ਸ਼ਾਇਦ ਅਸੀਂ ਅਜੇ ਵੀ ਇਸ ਨੂੰ ਜੰਗਲ ਰਾਜ ਤੋਂ ਘੱਟ ਹੀ ਸਮਝਦੇ ਹਾਂ। ਤਦੇ ਤਾਂ ਅਸੀਂ ਚੁੱਪ ਹਾਂ ਪਰ ਚੁੱਪ ਤਾਂ ਤੋੜਨੀ ਪਊ ਅੱਜ ਨਹੀਂ ਤਾਂ ਕੱਲ੍ਹ। ਆਖ਼ਿਰ ਕਦ ਤੱਕ ਚੁੱਪ ਰਹਾਂਗੇ ? ਅੱਜ ਦੇ ਸਮਾਜ ਦਾ ਲਾਲ ਲਹੂ ਤਾਂ ਚਿੱਟਾ ਹੋ ਹੀ ਰਿਹੈ। ਸ਼ਾਇਦ ਅਸੀਂ ਚਿੱਟੇ ਦੁੱਧ ਨੂੰ ਕਾਲੇ ਦੁੱਧ 'ਚ ਪ੍ਰਵਰਤਿਤ ਹੋਣ ਦਾ ਇੰਤਜ਼ਾਰ ਕਰ ਰਹੇ ਹਾਂ।

--0--

(2)

ਚਾਹਤ

"ਜੀਤਿਆ! ਆਹ ਮਬੈਲ ਆਲੇ ਡੀਕਰੇ ਜੇਹੇ 'ਚ ਕੀ ਤੂੰ ਹਰ ਵਕਤ ਉਂਗਲਾਂ ਜੀਆਂ ਮਾਰੀ ਜਾਨੈਂ...... ਕੀ ਲੱਭਦਾ ਰਹਿਨੈਂ ਬਾਈ ਇਹਦੇ 'ਚੋਂ..... ?" ਭੋਲੇ ਸੀਰੀ ਨੇ ਆਪਣੇ ਜਿਮੀਂਦਾਰ ਮਾਲਕ ਤੋਂ ਪੁੱਛਿਆ ਜੋ ਆਪਣੇ ਸਮਾਰਟ ਫ਼ੋਨ 'ਚ ਮਸਤ ਸੀ।

"... ਓ ਭੋਲਿਆ ਤੂੰ ਤਾਂ ਸੱਚਮੁੱਚ ਦਾ ਈ ਭੋਲ਼ਾ ਏਂ, ਇਹ ਤੇਰੀ ਸਮਝ ਤੋਂ ਪਰ੍ਹੇ ਹੈ। ਇਹ ਤਾਂ ਸਾਇੰਸ ਨੇ ਐਨੀ ਤਕੜੀ ਚੀਜ਼ ਬਣਾਈ ਹੈ ਭਾਵੇਂ ਤੁਸੀਂ ਉਹ ਚੀਜ਼ ਵੀ ਦੇਖ ਲਉ ਜੋ ਤੁਹਾਡੇ ਦਿਲ 'ਚ ਹੈ......।" ਜੀਤਾ ਚੌੜਾ ਹੋ ਕੇ ਮੋਬਾਇਲ ਦੀਆਂ ਖ਼ੂਬੀਆਂ ਦੱਸ ਰਿਹਾ ਸੀ।

".... ਹੱਛਾ, ਜੇ ਐਡੀ ਗੱਲ ਐ ਤਾਂ ਮੇਰੀ ਅਮਰੋ ਦਾ ਮਬੈਲ ਨੰਬਰ ਹੀ ਪੁੱਛ ਕੇ ਦੱਸਦੇ ਏਸ ਤੋਂ ..... ਸਹੁਰੀ ਨੂੰ 30 ਸਾਲ ਹੋਗੇ ਵਿਛੜੀ ਨੂੰ....ਕੀ ਐ, ਦਿਲ ਦੀਆਂ ਚਾਰ ਗੱਲਾਂ ਇਹ ਮਬੈਲ ਈ ਕਰਾ ਦੇਵੇ ਮੇਰੇ ਪਹਿਲੇ ਤੇ ਆਖ਼ਰੀ ਪਿਆਰ ਨਾਲ.....।" ਕਹਿੰਦਿਆਂ ਨਮ ਅੱਖਾਂ ਨਾਲ, ਹਾਉਕਾ ਜਿਹਾ ਭਰਦਿਆਂ ਭੋਲੇ ਨੇ ਮੂੰਹ ਪਰਨੇ ਨਾਲ ਢੱਕ ਲਿਆ ਤੇ ਜੀਤਾ ਭੋਲੇ ਦੀ ਚਾਹਤ ਵੇਖਕੇ ਆਪਣੇ ਕਹੇ ਅਲਫ਼ਾਜ਼ ਵਾਪਸ ਲੈਣ ਦੀ ਨਾਕਾਮ ਕੋਸ਼ਿਸ਼ ਕਰ ਰਿਹਾ ਸੀ।

-94638-66178

ਕਵਿਤਾ

ਯਾਦ ਦਾ ਪੈਮਾਨਾ

-ਨਰੇਸ਼ ਗੁਪਤਾ

ਨਿੱਤ ਇਹ ਸੋਚ ਕੇ
ਪੀਣੀ ਸ਼ੁਰੂ ਕਰਦਾ ਹਾਂ
ਕਿ ਅੱਜ ਘੱਟ ਪੀਵਾਂਗਾ।
ਪਰ ਦੂਜੇ ਪੈੱਗ ਵੇਲੇ ਹੀ
'ਉਹ' ਯਾਦ ਆਉਣ ਲੱਗੀ ਜਾਂਦੀ ਹੈ
ਫਿਰ ਉਹਦੀ ਯਾਦ 'ਚ ਹੀ
ਤੀਸਰਾ ਵੀ ਲੱਗ ਜਾਂਦਾ ਹੈ
ਫਿਰ ਪੀਂਦੇ-ਪੀਂਦੇ
ਤੇ ਉਹਨੂੰ ਯਾਦ ਕਰਦੇ-ਕਰਦੇ
ਮੈਂ ਆਪਣੇ ਆਪ ਨੂੰ ਭੁੱਲ ਜਾਂਦਾ ਹਾਂ।
ਸਵੇਰ ਹੁੰਦੀ ਹੈ
ਤਾਂ ਸੋਚਦਾ ਹਾਂ
ਰਾਤ ਕਿੰਨੀ ਕੁ ਪੀਤੀ ਸੀ
ਪਰ ਕਿੱਥੇ ਯਾਦ ਰਹਿੰਦੈ
ਕਦੋਂ ਯਾਦ ਰਹਿੰਦੈ।
ਉਹ ਯਾਦ 'ਚ ਤਾਂ
ਮੈਂ ਦੁਨੀਆਂ ਭੁੱਲ ਜਾਨਾਂ
ਬੱਸ ਕਦੇ ਮਾਪਿਆ ਹੀ ਨਹੀਂ ਗਿਆ
ਉਹਦੀ ਯਾਦ ਦਾ ਪੈਮਾਨਾ।

-94638-66178

--0--

ਯੈਲੋ ਕਾਰਡ ਵਰਸਿਜ਼ ਪੰਜਾਬੀ

(ਪੰਜਾਬੀ ਛੱਡ ਅੰਗਰੇਜ਼ੀ ਹਿੰਦੀ ਪਿਆਰ)

-ਬਲਦੇਵ ਸਿੰਘ ਦੋਲੋਂ

ਜੇ ਆਪਾਂ ਚਾਰ ਪੰਜ ਕੁ ਦਹਾਕੇ ਪਿਛਾਂਹ ਚਲੇ ਜਾਈਏ ਤਾਂ ਪੰਜਾਬ ਦੇ ਜ਼ਿਆਦਾਤਰ ਪਿੰਡਾਂ ਵਿੱਚ ਪ੍ਰਾਇਮਰੀ ਜਾਂ ਮਿਡਲ ਸਕੂਲ ਹੀ ਹੁੰਦੇ ਸਨ, ਇੰਗਲਿਸ਼ ਜਾਂ ਕੰਨਵੈਂਟ ਸਕੂਲ ਕਹਿ ਲਈਏ ਉਹ ਤਾਂ ਵੱਡੇ ਸ਼ਹਿਰਾਂ ਵਿੱਚ ਵੀ ਟਾਵੇਂ ਟਾਵੇਂ ਸਨ ਜੋ ਅੱਜ ਇੱਕ ਵੱਡੇ ਕਸਬੇ ਅਤੇ ਬਹੁਤ ਸਾਰੇ ਪਿੰਡਾਂ ਵਿੱਚ ਵੀ ਖੁੰਬਾਂ ਦੀ ਤਰ੍ਹਾਂ ਨਜ਼ਰ ਆ ਰਹੇ ਹਨ। ਪਿੰਡ ਵਿੱਚ ਪ੍ਰਾਇਮਰੀ ਸਕੂਲ ਹੋਣ ਕਰਕੇ ਮੈਂ ਪੰਜਵੀਂ ਕਲਾਸ ਪਾਸ ਕੀਤੀ ਸਿਰਫ਼ ਤਿੰਨ ਹੀ ਮਾਸਟਰ ਹੋਣ ਕਰਕੇ ਵੀ ਸਕੂਲ ਵਿੱਚ ਪੜ੍ਹਨ ਆਉਂਦੇ ਸਾਰੇ ਹੀ ਬੱਚਿਆਂ ਨੂੰ ਬੜੀ ਹੀ ਲਗਨ ਤੇ ਮੇਹਨਤ ਨਾਲ ਪੜ੍ਹਾਉਂਦੇ ਸਨ। ਉਸ ਸਮੇਂ ਪੰਜਵੀਂ ਕਲਾਸ ਦੇ ਪੇਪਰ ਵੀ ਬੋਰਡ ਦੇ ਹੁੰਦੇ ਸਨ ਜਿਹਨਾਂ ਲਈ ਸਾਨੂੰ ਪਿੰਡ ਤੋਂ ਚਾਰ ਪੰਜ ਕਿਲੋਮੀਟਰ ਇੱਕ ਸਰਕਾਰੀ ਸਕੂਲ ਵਿਖੇ ਜਾਣਾ ਪੈਂਦਾ ਸੀ ਹਰ ਇੱਕ ਬੱਚੇ ਦੇ ਮਾਤਾ ਜੀ ਵੱਲੋਂ ਪੇਪਰ ਹੋਣ ਤੋਂ ਬਾਅਦ ਖਾਣ ਲਈ ਚੂਰੀ ਜਾਂ ਦੇਸੀ ਘਿਉ ਦੇ ਪ੍ਰਾਉਂਠੇ ਵਿਸ਼ੇਸ਼ ਤੌਰ ਤੇ ਪਾਏ ਜਾਂਦੇ। ਖ਼ੈਰ ਪੰਜਵੀ ਜਮਾਤ ਪਾਸ ਕਰਨ ਤੋਂ ਬਾਅਦ ਪਿੰਡ ਤੋਂ ਛੇ ਕੁ ਕਿਲੋ ਮੀਟਰ ਦੀ ਵਿੱਥ ਤੇ ਇੱਕ ਪ੍ਰਾਈਵੇਟ ਹਾਈ ਸਕੂਲ ਜਿਸ ਨੂੰ ਇੱਕ ਬੜਾ ਹੀ ਸੁਲਝਿਆ ਹੋਇਆ ਪੰਜਾਬੀ ਵਿੱਚ ਗਿਆਨੀ ਜੀ (ਅੰਗਰੇਜੀ, ਮੈਥ ਤੇ ਭੂਗੋਲ ਬਾਰੇ ਪੂਰੀ ਜਾਣਕਾਰੀ ਸੀ) ਸਕੂਲ ਦੇ ਮਾਲਕ ਸਨ, ਜਿਹਨਾਂ ਨੂੰ ਗਿਆਨੀ ਜੀ ਕਹਿਕੇ ਹੀ ਬੁਲਾਇਆ ਜਾਂਦਾ ਸੀ।

ਸਕੂਲ ਦਾ ਹੈਡ ਮਾਸਟਰ ਜੀ ਵੀ ਚਿੱਟਾ ਦਾਹੜਾ ਗੋਰਾ ਸ਼ਾਹ ਜਿਵੇਂ ਕਿਸੇ ਪੰਜਾਬੀ ਯੂਨੀਵਰਸਿਟੀ ਵਿੱਚੋਂ ਬੱਚਿਆਂ ਨੂੰ ਵਿੱਦਿਆ ਵੰਡ ਕੇ ਸੇਵਾ ਮੁਕਤ ਹੋ ਕੇ ਆਇਆ ਹੋਵੇ, ਖੈਰ ਛੇਵੀਂ ਕਲਾਸ ਤੋਂ ਮਿਡਲ ਤੱਕ ਦੀ ਪੜ੍ਹਾਈ ਮੈਂ ਉਸੇ ਸਕੂਲ,(ਸਰਕਾਰੀ ਏਡਿਡ) ਵਿੱਚੋਂ ਪ੍ਰਾਪਤ ਕੀਤੀ ਉਹ ਤਿੰਨਾਂ ਸਾਲਾਂ ਵਿੱਚ ਫ਼ੀਸ ਬਗੈਰਾ ਤਾਂ ਯਾਦ ਨਹੀਂ ਕਿੰਨੀ ਹੁੰਦੀ ਸੀ ਇੱਕ ਜਾਂ ਦੋ ਰੁਪਏ ਮਹੀਨਾ। ਹਾਂ ਐਸ.ਸੀ. ਤੇ ਬੀ.ਸੀ. ਭਾਈਚਾਰੇ ਦੇ ਬੱਚਿਆਂ ਨੂੰ 80 ਰੁਪੈ ਸਲਾਨਾ ਵਜ਼ੀਫ਼ਾ ਜ਼ਰੂਰ ਮਿਲ ਜਾਂਦਾ ਸੀ। ਖਾਸ ਕਰਕੇ ਪ੍ਰਿੰਸੀਪਲ ਗਿਆਨੀ ਕੁਲਵੰਤ ਸਿੰਘ ਜੀ ਵੱਡੀਆਂ ਕਲਾਸਾਂ ਦੇ ਪੰਜਾਬੀ ਦੇ ਪੀਰਡ ਆਪ ਲੈਂਦੇ। ਜਦਕਿ ਇੰਗਲਿਸ਼ ਮੀਡੀਅਮ ਪ੍ਰਾਈਵੇਟ ਸਕੂਲਾਂ ਵਿੱਚ ਪੰਜਾਬੀ ਦੇ ਪੀਰੀਅਡ ਤੋਂ ਬਿਨਾਂ ਪੰਜਾਬੀ ਬੋਲਣ ਤੇ ਮਨਾਹੀ ਹੈ। ਇੱਕ ਹੋਰ ਗੱਲ, ਪਾਠਕਾਂ ਨਾਲ ਸਾਂਝੀ ਕਰ ਲੈਂਦੇ ਹਾਂ। ਅਜੋਕੇ ਸਮੇਂ ਵਿੱਚ ਜਿੰਨੇ ਵੀ ਇੰਗਲਿਸ਼ ਮੀਡੀਅਮ ਸਕੂਲ ਇਕੱਲੇ ਪੰਜਾਬ ਵਿੱਚ ਹਨ ਅਗਰ ਵੱਡੇ ਸਕੂਲਾਂ ਵਿੱਚ ਨਰਸਰੀ ਕਲਾਸ ਦੀ ਹੀ ਗੱਲ ਕਰ ਲਈਏ ਤਾਂ ਘੱਟ ਤੋਂ ਘੱਟ 150 ਤੋਂ 160-170 ਬੱਚੇ ਹਰ ਇੱਕ ਸਾਲ ਵੱਡੇ ਕੰਨਵੈਂਟ ਸਕੂਲਾਂ ਵਿੱਚ ਦਾਖਲਾ ਲੈਂਦੇ ਹਨ ਜਿਹਨਾਂ ਨੂੰ ਤਿੰਨ ਤੋਂ ਚਾਰ ਸੈਕਸ਼ਨਾ ਵਿੱਚ ਵੰਡ ਦਿੱਤਾ ਜਾਂਦਾ ਹੈ ਜਿਵੇਂ .. ਬਹੁਤ ਸਾਰੇ ਸਕੂਲਾਂ ਵਿੱਚ ਤਾਂ ਪ੍ਰਤੀ ਬੱਚਾ ਦਸ ਹਜਾਰ ਜਾਂ ਇਸ ਤੇ ਵੱਧ ਬੱਚੇ ਦੇ ਮਾਪਿਆਂ ਤੋਂ ਡੋਨੇਸ਼ਨ ਦੇ ਨਾਮ ਤੇ ਵਸੂਲ ਕੀਤਾ ਜਾਂਦਾ ਹੈ। ਕੁੱਝ ਕੁ ਸਾਲ ਪਹਿਲਾਂ ਜਿੱਥੇ ਇੱਕ ਬੱਚੇ ਤੋਂ ਮਹੀਨਾ ਫੀਸ 450 ਰੁਪੈ ਵਸੂਲ ਕੀਤੀ ਜਾਂਦੀ ਸੀ ਉਸ ਨੂੰ ਇੱਕੋ ਮਰਤਵਾ ਬਿਨਾਂ ਮਾਪਿਆਂ ਜਾਂ ਸਰਕਾਰੀ ਅਧਿਕਾਰੀਆਂ ਨੂੰ ਸੂਚਿਤ ਕੀਤੇ ਜਾਂ ਭਰੋਸੇ ਵਿੱਚ ਲੈਣ ਤੋਂ ਫੀਸਾਂ ਵਿੱਚ ਤਿੰਨ ਗੁਣਾ ਵਾਧਾ ਕਰ ਦਿੱਤਾ ਗਿਆ।

ਇੱਥੇ ਹੀ ਬੱਸ ਨਹੀਂ ਅਗਰ ਮਾਪਿਆਂ ਪਾਸ ਬੱਚੇ ਨੂੰ ਸਕੂਲ ਛੱਡ ਕੇ ਆਉਣ ਜਾਂ ਛੁੱਟੀ ਤੋਂ ਬਾਅਦ ਲੈਕੇ ਆਉਣਾ ਦਾ ਕੋਈ ਵਸੀਲਾ ਜਾਂ ਟਾਈਮ ਨਾ ਹੋਵੇ ਸਕੂਲ ਬੇਸ਼ੱਕ ਘਰ ਤੋਂ ਦੋ ਕਿਲੋਮੀਟਰ ਦੀ ਵਿੱਥ ਤੇ ਹੀ ਕਿਉਂ ਨਾ ਹੋਵੇ ਤਾਂ ਸਕੂਲ ਬੱਸ ਵਾਲੇ ਵੀ ਮਹੀਨੇ ਦਾ ਪੰਜ ਛੇ ਸੌ ਤੋਂ ਘੱਟ ਨਹੀਂ ਲੈਂਦੇ। ਸਕੂਲ ਦੀ ਵਰਦੀ ਹੋਵੇ, ਜ਼ੁਰਾਬਾਂ ਹੋਣ ਜਾਂ ਕਾਪੀਆਂ ਕਿਤਾਬਾਂ ਉਹ ਵੀ ਬਹੁਤ ਹੀ ਮਹਿੰਗੇ ਰੇਟਾਂ ਤੇ ਸਕੂਲ ਵਿੱਚੋਂ ਹੀ ਖਰੀਦਣ ਲਈ ਮਾਪਿਆਂ ਨੂੰ ਮਜ਼ਬੂਰ ਹੋਣਾ ਪੈਂਦਾ ਹੈ ਜਿਹੜੀਆਂ ਕਿ ਹਰ ਸਾਲ ਸਕੂਲ ਵੱਲੋਂ ਬਦਲੀ ਕਰ ਦਿੱਤੀਆਂ ਜਾਂਦੀਆਂ ਹਨ। ਬੇਸ਼ੱਕ ਕਿਸੇ ਪਰਿਵਾਰ ਦੇ ਦੋ ਤਿੰਨ ਬੱਚੇ ਉਸੇ ਸਕੂਲ ਵਿੱਚ ਕਿਉਂ ਨਾ ਪੜ੍ਹਦੇ ਹੋਣ, ਉਹਨਾਂ ਦੇ ਵੀ ਉਹ ਵਰਦੀਆਂ ਕਾਪੀਆਂ, ਕਿਤਾਬਾਂ ਵਗੈਰਾ ਰੱਦੀ ਤੋਂ ਵੱਧਕੇ ਕੁੱਝ ਵੀ ਨਹੀਂ। ਹੁਣ ਜਰਾ ਇਹਨਾਂ ਸਕੂਲਾਂ ਦੇ ਬੱਚਿਆਂ ਦੇ ਟੂਰ ਦੀ ਵੀ ਗੱਲ ਕਰ ਲਈਏ ਸਕੂਲ ਪ੍ਰਬੰਧਕਾਂ ਵੱਲੋਂ ਕਿਸੇ ਨਾ ਕਿਸੇ ਸਥਾਨ ਤੇ ਜਾਣ ਲਈ ਬੇਸ਼ੱਕ ਉਹ ਹਾਰਡੀਵਰਡ ਹੋਵੇ, ਵੰਡਰਲੈਂਡ ਜਾਂ ਸਾਇੰਸਸਿਟੀ ਸਿਰਫ਼ ਇੱਕ ਦਿਨ ਦੇ ਟੂਰ ਲਈ ਪ੍ਰਤੀ ਬੱਚਾ ਇੱਕ ਹਜਾਰ ਰੁਪੈ ਵਸੂਲ ਕੀਤਾ ਜਾਂਦਾ ਹੈ ਪ੍ਰਬੰਧਕਾਂ ਵੱਲੋਂ ਬੱਚਿਆਂ ਨੂੰ ਅਜਿਹੇ ਸਬਜ਼ ਬਾਗ ਵਿਖਾਏ ਜਾਂਦੇ ਹਨ ਜਿਸ ਨਾਲੇ ਬੱਚੇ ਮਾਪਿਆਂ ਨੂੰ ਨਾ ਚਾਹੁੰਦੇ ਹੋਵੇ ਵੀ ਮਜ਼ਬੂਰ ਕਰ ਦਿੰਦੇ ਹਨ ਅਗਰ ਬੱਸ ਵਿੱਚ ਕੰਡਕਟਰ, ਡਰਾਈਵਰ ਅਤੇ ਤਿੰਨ ਕੁ ਸਕੂਲ ਦੇ ਟੀਚਰਾਂ ਤੋਂ ਇਲਾਵਾ ਤੀਹ ਕੁ ਦੇ ਕਰੀਬ ਹੀ ਬੱਚੇ ਲੈ ਲਈਏ ਇੱਕ ਹਜਾਰ ਰੁਪਏ ਦੇ ਹਿਸਾਬ ਨਾਲ ਤੀਹ ਹਜਾਰ ਰੁਪਏ ਇੱਕਠੇ ਹੋ ਗਏ। ਵੈਸੇ ਤਾਂ ਸਕੂਲ ਗਰੁੱਪ ਦੇ ਬੱਚਿਆਂ ਨੂੰ ਕਿਸੇ ਵੀ ਵੇਖਣ ਯੋਗ ਜਾਂ ਗਿਆਨ ਵਿੱਚ ਵਾਧਾ ਕਰਨ ਵਾਲਾ ਸਥਾਨ ਬੇਸ਼ੱਕ ਉਹ ਸਾਇੰਸਸਿਟੀ ਹੋਵੇ ਜਾਂ ਸਿਨੇਮਾ ਘਰ ਫ਼ੀਸ (ਐਂਟਰੀ) ਬਹੁਤ ਘੱਟ ਲੱਗਦੀ ਹੈ। ਅਗਰ ਡੇਢ ਸੌ ਰੁਪਏ ਪ੍ਰਤੀ ਬੱਚਾ ਵੀ ਲਾ ਲਈਏ ਤਾਂ ਕੁੱਲ 4500/- ਰੁਪੈ ਲੱਗੇ। ਮੇਰੇ ਪੋਤੇ ਦੇ ਦੱਸਣ ਅਨੁਸਾਰ ਖਾਣ ਲਈ ਇੱਕ ਬਰਗਰ ਜਾਂ ਸੈਂਡਵਿੱਚ, ਇੱਕ ਪੰਜ ਤੋਂ ਦਸ ਰੁਪਏ ਵਾਲਾ ਬਿਸਕੁੱਟ ਦਾ ਪੈਕਟ ਤੇ ਇੱਕ ਕੱਪ ਚਾਹ ਹੁਣ ਪਾਠਕ ਆਪ ਹੀ ਹਿਸਾਬ ਲਾ ਲੈਣ ਅਗਰ ਆਪਾਂ ਸਕੂਲ ਬੱਸ ਦਾ ਤੇਲ ਤੇ ਡਰਾਈਵਰ ਖਰਚਾ ਵੀ ਪੰਜ ਹਜਾਰ ਦੇ ਕਰੀਬ ਪਾ ਲਈਏ ਤਾਂ।

ਮੈਂ ਆਪਦੇ ਪੋਤੇ ਦੇ ਬੈਲੇ ਵਿੱਚ ਧੱਕੇ ਨਾਲ ਹੀ ਇੱਕ ਪਾਣੀ ਦੀ ਬੋਤਲ ਤੇ ਟਿਫ਼ਿਨ ਅੰਦਰ ਚਾਰ ਕੁ ਪਰਾਉਂਠੇ ਨਾਲ ਆਲੂਆਂ ਦੀ ਸੁੱਕੀ ਸਬਜੀ ਪੁਵਾ ਦਿੱਤੀ ਸੀ, ਜੋ ਬੜਾ ਹੀ ਸਮਝਾਉਣ ਤੋਂ ਬਾਅਦ ਨਾਲ ਲੈ ਗਿਆ ਸੀ। ਉਸੇ ਨੇ ਮੈਨੂੰ ਵਾਪਸ ਆਉਣ ਤੇ ਦੱਸਿਆ ਕਿ ਡੈਡੀ ਜੀ ਉਹ ਰੋਟੀ ਅਸੀਂ ਚਾਰ ਬੱਚਿਆਂ ਨੇ ਰਲ ਮਿਲਕੇ ਖਾਧੀ ਕਿਉਂਕਿ ਗਰਮੀ ਬਹੁਤ ਜਿਆਦਾ ਸੀ। ਵੱਡੇ ਸਕੂਲਾਂ ਦੇ ਬੱਚਿਆਂ ਦੇ ਮਾਪਿਆਂ ਦੀ ਅੰਨ੍ਹੇਵਾਹ ਲੁੱਟ ਖਸੁੱਟ ਕਰਨ ਦੇ ਹੋਰ ਵੀ ਬੜੇ ਤਰੀਕੇ ਹਨ। ਅਗਰ ਸਾਰਿਆਂ ਨੂੰ ਗਹੁ ਨਾਲ ਵਾਚਕੇ ਲਿਖਿਆ ਜਾਵੇ ਤਾਂ ਕਈ ਪੇਪਰ ਭਰ ਜਾਣਗੇ। ਹੁਣ ਆਪਾਂ ਫਿਰ ਉਸੇ ਪ੍ਰਾਈਵੇਟ ਹਾਈ ਸਕੂਲ ਵੱਲ ਮੁੜ ਆਈਏ। ਜਿੱਥੋਂ ਮੈਂ ਮਿਡਲ ਤੱਕ ਦੀ ਸਿੱਖਿਆ ਹਾਸਲ ਕੀਤੀ ਸੀ, ਸਕੂਲ ਤਾਂ ਬੇਸ਼ੱਕ ਕੋ ਐਜੂਕੇਸ਼ਨ ਸੀ ਜਿਵੇਂ ਅਜੋਕੇ ਸਮੇਂ ਵਿੱਚ ਹੱਦ ਤੋਂ ਬਾਹਰ ਸਕੂਲਾਂ ਵਿੱਚ ਫੀਸਾਂ ਦੇਣ ਦੇ ਬਾਵਜੂਦ ਵੀ ਹਰ ਇੱਕ ਕਲਾਸ ਦੇ ਟੀਚਰ ਬੇਸ਼ੱਕ ਉਹ ਮੈਡਮ ਹੋਵੇ ਜਾਂ ਸਰ ਉਹ ਚਾਹੁੰਦੇ ਹਨ ਕਿ ਸਾਡੀ ਕਲਾਸ ਦਾ ਬੱਚਾ ਮੇਰੇ ਪਾਸ ਹੀ ਟਿਊਸ਼ਨ ਪੜ੍ਹੇ, ਤਨਖਾਹ ਤੋਂ ਇਲਾਵਾ ਪ੍ਰਤੀ ਬੱਚਾ ਘੱਟ ਤੋਂ ਘੱਟ ਇੱਕ ਹਜਾਰ ਰੁਪੈ ਪ੍ਰਤੀ ਮਹੀਨਾ ਮੈਡਮਾਂ ਨੂੰ ਵੀ ਅਲਹਿਦਾ ਦੇਣਾ ਪੈਂਦਾ ਹੈ, ਜੋ ਮਾਪਿਆਂ ਦੀ ਮਜਬੂਰੀ ਬਣ ਜਾਂਦੀ ਹੈ। ਸਾਡੇ ਉਸ ਸਕੂਲ ਵਿੱਚ ਕੋਈ ਵੀ ਅਧਿਆਪਕ ਜਾਂ ਮੈਡਮ ਕਿਸੇ ਵੀ ਬੱਚੇ ਤੋਂ ਅਲਹਿਦਾ ਤੋਂ ਟਿਊਸ਼ਨ ਫੀਸ ਨਹੀਂ ਸੀ ਲੈਂਦਾ, ਸਗੋਂ ਦੋ ਮਹੀਨੇ ਜਨਵਰੀ ਤੇ ਫਰਵਰੀ ਅੱਠਵੀਂ ਤੇ ਦਸਵੀਂ ਕਲਾਸ ਦੇ ਬੱਚਿਆਂ ਨੂੰ ਰਾਤ ਨੂੰ ਵੀ ਸਕੂਲ ਦੇ ਕਮਰਿਆਂ ਵਿੱਚ ਹੀ ਰੱਖਿਆ ਜਾਂਦਾ ਸੀ। ਲੜਕੀਆਂ ਲਈ ਅਲਹਿਦਾ ਤੇ ਲੜਕਿਆਂ ਲਈ ਅਲਹਿਦਾ ਕਮਰਿਆਂ ਦਾ ਬੰਦੋਬਸਤ ਸੀ, ਦੋ ਮੈਡਮਾਂ ਤੇ ਦੋ ਟੀਚਰਾਂ ਦੀ ਦੋ ਮਹੀਨੇ ਪੱਕੀ ਹੀ ਡਿਊਟੀ ਹੁੰਦੀ ਸੀ। ਸਾਨੂੰ ਗੁਦੈਲੇ ਤੇ ਰਜਾਈਆਂ ਦੋ ਮਹੀਨੇ ਪੱਕੇ ਹੀ ਸਕੂਲ ਵਿੱਚ ਰੱਖਣੇ ਪੈਂਦੇ ਸਨ। ਰਾਤ ਨੂੰ ਸਾਨੂੰ ਡੈਸਕਾਂ ਕਮਰਿਆਂ ਵਿੱਚੋਂ ਬਾਹਰ ਬਣੇ ਬਰਾਂਡੇ ਵਿੱਚ ਰੱਖਣੀਆਂ ਪੈਂਦੀਆਂ ਸਨ ਤਾਂ ਕਿ ਅਸੀਂ ਆਪਣੇ ਬਿਸਤਰੇ ਲਾ ਸਕੀਏ ਰਾਤ ਨੂੰ ਸੱਤ ਵਜੇ ਤੋਂ ਦਸ ਵਜੇ ਤੱਕ ਸਾਡੇ ਅਧਿਆਪਕ ਦਿੱਤਾ ਲਿਖਤੀ ਹੋਮਵਰਕ ਕਰਨ ਲਈ ਕਹਿੰਦੇ। ਸਾਡੇ ਅਧਿਆਪਕ ਬੇਸ਼ੱਕ ਥੋੜ੍ਹੇ ਥੋੜ੍ਹੇ ਸਮੇਂ ਬਾਅਦ ਚੱਕਰ ਲਾਉਂਦੇ ਰਹਿੰਦੇ ਤਾਂ ਕਿ ਕੋਈ

ਸਿੱਖਿਆਰਥੀ ਸੁੱਤਾਂ ਤਾਂ ਨਹੀਂ ਪਿਆ। ਫਿਰ ਆਪ ਹੀ ਰਾਤ ਨੂੰ ਦਸ ਵਜੇ ਘੰਟੀ ਵਜਾ ਦਿੰਦੇ ਸੀ ਤਾਂ ਕਿ ਬੱਚੇ ਹੁਣ ਆਰਾਮ ਨਾਲ ਨੀਂਦ ਲਾਹ ਸਕਣ। ਇਸੇ ਤਰ੍ਹਾਂ ਤੜਕ ਸਾਰ ਹੀ ਚਾਰ ਵਜੇ ਪਹਿਲਾਂ ਤਾਂ ਚਾਰ ਡੱਗੇ ਘੰਟੀ ਤੇ ਮਾਰਦੇ ਫਿਰ ਕਮਰਿਆਂ ਵਿੱਚ ਜਾਕੇ ਆਵਾਜ਼ ਦਿੰਦੇ ਬੇਟਾ ਜੀ ਜਾਂ ਪੁੱਤਰੋ ਉਠੋ ਦੋ ਦੋ ਚੱਕਰ ਨੱਠ ਕੇ ਗਰਾਊਂਡ ਦੇ ਲਗਾਉ ਤਾਂ ਕਿ ਸੁਸਤੀ ਦੂਰ ਹੋ ਸਕੇ। ਪਾਣੀ ਵਾਲੇ ਹੈਂਡ ਪੰਪ ਸਿਰਫ਼ ਦੋ ਹੀ ਸਨ ਜਿਨਾਂ ਵਿੱਚੋਂ ਇੱਕ ਤੇ ਲੜਕੇ ਅਤੇ ਦੂਸਰੇ ਤੇ ਲੜਕੀਆਂ ਮੂੰਹ ਹੱਥ ਧੋ ਕੇ ਆਪੋ ਆਪਣੇ ਕਮਰਿਆਂ ਵਿੱਚ ਜੋ ਯਾਦ ਕਰਨ ਲਈ ਹੋਮਵਰਕ ਦਿੱਤਾ ਗਿਆ ਹੁੰਦਾ ਉਹ ਕਰਦੇ।

ਛੇ ਵਜੇ ਨਾਲ ਦੇ ਚਾਰ ਪੰਜ ਕਿਲੋਮੀਟਰ ਏਰੀਏ ਦੇ ਪਿੰਡਾਂ ਦੇ ਜੋ ਬੱਚੇ ਪੜਦੇ ਸਨ ਦੋ ਜਾਣਿਆਂ ਨੂੰ ਪੈਦਲ ਜਾ ਕੇ ਪਿੰਡ ਵਿੱਚੋਂ ਬਾਕੀਆਂ ਦਾ ਦੋ ਟਾਈਮ ਦਾ ਖਾਣਾ ਸਕੂਲ ਲੱਗਣ ਤੋਂ ਅੱਧਾ ਘੰਟਾ ਪਹਿਲਾਂ ਲੈ ਕੇ ਆਉਂਦੇ। ਕਈ ਵਾਰ ਤਾਂ ਠੰਢ ਨਾਲ ਪੈਰ ਐਨੇ ਸੁੰਨ ਹੋ ਜਾਂਦੇ ਤੁਰਨਾ ਵੀ ਔਖਾ ਹੋ ਜਾਂਦਾ। ਉਹਨਾਂ ਸਮਿਆਂ ਵਿਚ ਜਿਆਦਾਤਰ ਧਰਤੀ ਰਵੇਸਲੀ ਹੋਣ ਕਰਕੇ ਕਿਸਾਨਾਂ ਵੱਲੋਂ ਮੂੰਗਫਲੀ ਤੇ ਗੰਨਾ ਜਿਆਦਾ ਤਰ ਬੀਜਿਆ ਜਾਂਦਾ ਸੀ। ਮੂੰਗਫਲੀ ਨੂੰ ਪੁੱਟ ਕੇ ਛੋਟੀਆਂ ਛੋਟੀਆਂ ਸੱਥਰੀਆਂ ਬਣਾ ਕੇ ਕਈ ਦਿਨ ਸੁਕਣ ਲਈ ਉਸੇ ਤਰ੍ਹਾਂ ਰੱਖ ਦਿੱਤਾ ਜਾਂਦਾ ਸੀ । ਅਸੀਂ ਮਾਚਿਸ ਦੀ ਡੱਬੀ ਆਪਣੇ ਨਾਲ ਲੈ ਜਾਂਦੇ। ਥੋੜਾ ਸੁੱਕਾ ਘਾਹ ਫੂਸ ਜਾਂ ਰਫ ਕਾਪੀ ਚੋਂ ਕੁੱਝ ਕਾਗਜ ਕੱਢਕੇ ਇੱਕ ਸੱਥਰੀ ਮੂੰਗਫ਼ਲੀ ਭੁੰਨ ਲੈਂਦੇ ਤੇ ਆਪਣੇ ਥੈਲਿਆਂ ਵਿੱਚ ਪਾ ਲੈਂਦੇ। ਅਸੀਂ ਅੱਠਵੀਂ ਤੇ ਦਸਵੀਂ ਕਲਾਸ ਵਿੱਚ ਸਾਡੇ ਪਿੰਡ ਤੋਂ 10-12 ਕੁ ਵਿਦਿਆਰਥੀ ਸਾਂ, ਸਾਈਕਲ ਸਿਰਫ਼ ਦੋ ਕੁ ਜਾਣਿਆਂ ਕੋਲ ਸਨ, ਉਹ ਵੀ ਜਿਆਦਾ ਜਮੀਨ ਵਾਲਿਆਂ ਦੇ ਲੜਕਿਆਂ ਪਾਸ। ਕਈ ਵਾਰ ਤਾਂ ਉਹ ਖਾਣਾ ਲਿਆਉਣ ਵਾਲਿਆਂ ਨੂੰ ਮੂੰਗਫ਼ਲੀ ਦੀ ਸ਼ਰਤ ਰੱਖ ਕੇ ਦੇ ਦਿੰਦੇ ਕਿ ਮੇਰੇ ਲਈ ਮੂੰਗਫ਼ਲੀ ਜ਼ਰੂਰ ਲੈ ਕੇ ਆਉਣਾ ਕਦੇ ਕਦੇ ਅਸੀਂ ਆਪਣੇ ਅਧਿਆਪਕਾਂ ਨੂੰ ਵੀ ਦੋ ਕੁ ਬੁੱਕ ਭਰਕੇ ਦੇ ਦਿੰਦੇ ਤੇ ਉਹ ਸਾਨੂੰ ਸ਼ਾਬਾਸ ਵੀ ਦੇ ਦਿੰਦੇ, ਇਹ ਤਾਂ ਸਨ ਸਾਡੇ ਵੇਲੇ ਦੀ ਪੜ੍ਹਾਈ ਦੇ ਦਿਨ ਜਿੱਥੇ ਨਾ ਤਾਂ ਅੰਗਰੇਜ਼ੀ ਬੋਲਣਾ ਜ਼ਰੂਰੀ ਸੀ ਅਤੇ ਨਾ ਹੀ ਹਿੰਦੀ। ਹੁਣ ਆਪਾਂ ਗੱਲ ਕਰ ਲੈਂਦੇ ਹਾਂ ਯੈਲੋ ਕਾਰਡ ਦੀ।

ਮੇਰਾ ਪੋਤਾ ਦੂਸਰੀ ਕਲਾਸ ਵਿੱਚ ਸ਼ਹਿਰ ਦੇ ਇੱਕ ਵੱਡੇ ਕੰਨਵੈਂਟ ਸਕੂਲ ਵਿੱਚ ਪੜ੍ਹਦਾ ਹੈ ਜੋ ਕਿ ਮੈਟਰਿਕ ਤੱਕ ਦੇ ਬੱਚਿਆਂ ਨੂੰ ਬਹੁਤ ਹੀ ਮਹਿੰਗੇ ਭਾਅ ਤੇ ਵਿੱਦਿਆ ਵੇਚਦਾ ਹੈ। ਵੈਸੇ ਤਾਂ ਮੇਰੀਆਂ ਦੋ ਪੋਤੀਆਂ ਵੀ ਉਸੇ ਸਕੂਲ ਵਿੱਚ ਪੜ੍ਹਦੀਆਂ ਹਨ। ਬੇਸ਼ੱਕ ਪੋਤੇ ਨੇ ਦੋ ਤਿੰਨ ਕੁ ਸਾਲ ਪਲੇ ਵੇਅ ਸਕੂਲ ਵਿੱਚ ਲਗਾਏ ਸਨ, ਜੂਨ ਮਹੀਨੇ ਵਿੱਚ ਗਰਮੀਆਂ ਦੀ ਛੁੱਟੀਆਂ ਚੱਲ ਰਹੀਆਂ ਸਨ। ਇੱਕ ਦਿਨ ਘਰ ਵਿੱਚ ਪਈ ਰੱਦੀ ਬੱਚਿਆਂ ਦੀਆਂ ਪੁਰਾਣੀਆਂ ਕਾਪੀਆਂ ਕਿਤਾਬਾਂ ਤੇ ਅਖ਼ਬਾਰਾਂ ਵਗੈਰਾ ਫੇਰੀ ਵਾਲੇ ਕਬਾੜੀ ਨੂੰ ਵੇਚਣ ਲਈ ਕੱਢੀਆਂ ਗਈਆਂ ਕੁਦਰਤੋਂ ਹੀ ਮੈਂ ਉਸ ਰੱਦੀ ਨੂੰ ਖਰੀਦਣ ਵਾਲੇ ਕਬਾੜੀ ਕੋਲ ਆ ਕੇ ਕਿਤਾਬਾਂ ਕਾਪੀਆਂ ਫਰੋਲਣ ਲੱਗ ਪਿਆ ਵੇਖਿਆ ਕਿ ਕਾਫ਼ੀ ਖਾਲੀ ਕਾਪੀਆਂ ਤੇ ਕਿਤਾਬਾਂ ਪੜ੍ਹਨ ਲਿਖਣ ਲਈ ਬੜੀਆਂ ਹੀ ਲਾਹੇਵੰਦ ਸਨ, ਮੈਂ ਉਹ ਛਾਂਟੀ ਕਰਕੇ ਕੱਢ ਲਈਆਂ, ਇੱਕ ਕਿਤਾਬ ਜੋ ਦੂਸਰੀ ਕਲਾਸ ਦੀ ਪੰਜਾਬੀ ਦੀ ਸੀ। ਜਿਸ ਵਿੱਚ ਸਿਰਫ਼ ਖਾਲੀ ਥਾਵਾਂ ਹੀ ਭਰਨੀਆਂ ਸਨ। ਮੈਂ ਉਸਨੂੰ ਚੰਗੀ ਤਰ੍ਹਾਂ ਫਰੋਲ ਕੇ ਚੈਕ ਕਰਿਆ, ਸਭ ਹੀ ਠੀਕ ਭਰੇ ਹੋਏ ਸਨ। ਦੂਸਰੇ ਦਿਨ ਮੇਰਾ ਪੋਤਰਾ ਮੇਰੇ ਪਾਸ ਆਇਆ। ਮੈਂ ਉਸ ਨੂੰ ਉਹ ਪੰਜਾਬੀ ਦੀ ਕਿਤਾਬ ਵਿਖਾਈ ਸਵਾਲ ਕੀਤਾ,"ਬੇਟੇ ਆਹ ਕੀ ਲਿਖਿਆ ਹੋਇਆ ਹੈ।" ਉਸ ਪਾਸ ਕੋਈ ਜਵਾਬ ਨਹੀਂ ਸੀ, ਉਲਟਾ ਰੋਣ ਲੱਗ ਪਿਆ। ਮੈਂ ਅਤੇ ਸਾਡੇ ਦਫ਼ਤਰ ਕੰਮ ਕਰਦੀ ਕੰਪਿਊਟਰ ਮਾਸਟਰਨੀ ਨੇ ਉਸ ਦੀਆਂ ਅੱਖਾਂ 'ਚੋਂ ਪਾਣੀ ਨਿਕਲਦੇ ਨੂੰ ਸਾਫ਼ ਕਰਦਿਆਂ ਪਿਆਰ ਨਾਲ ਚੁੱਪ ਕਰਵਾ ਦਿੱਤਾ ਜੋ ਗੱਲ ਮੇਰੇ ਪੋਤੇ ਨੇ ਕਹੀ ਮੇਰੇ ਮਨ ਤੇ ਹਮੇਸ਼ਾਂ ਚੁਭਦੀ ਰਹੇਗੀ। ਉਸ ਨੇ ਕਿਹਾ ਡੈਡੀ ਜੀ (ਮੈਨੂੰ ਪੋਤੇ ਪੋਤੀਆਂ ਡੈਡੀ ਕਹਿੰਦੇ ਹਨ) ਇਹ ਗੱਲ ਤੁਸੀਂ ਕਿਸੇ ਅਖ਼ਬਾਰ ਜਾਂ ਮੈਗਜ਼ੀਨ ਵਿੱਚ ਨਾ ਲਿਖਿਓ। ਮੈਨੂੰ ਸਕੂਲ ਵਿੱਚੋਂ ਕੱਢ ਦੇਣਗੇ, ਮੇਰਾ ਸਵਾਲ ਸੀ ਉਹ ਕਿਵੇਂ ਉਸਨੇ ਕਿਹਾ ਸਾਡਾ ਕੋਈ ਅਸਲ ਵਿੱਚ ਪੰਜਾਬੀ ਟੀਚਰ ਹੈ ਹੀ ਨਹੀਂ। ਜੋ ਕਿ ਸਾਨੂੰ ਪੰਜਾਬੀ ਦੇ ਔਂਕੜ ਦੁਲੈਂਕੜ, ਕੰਨਾ, ਸਿਹਾਰੀ, ਬਿੰਦੀ, ਟਿੱਪੀ ਵਾਰੇ ਵਿਆਕਰਨ ਸਮਝਾ ਸਕੇ। ਅੱਗੇ ਹੋਰ ਉਸ ਨੇ ਕਿਹਾ ਕਿ ਜੇ ਅਸੀਂ ਸਕੂਲ ਵਿੱਚ ਪੰਜਾਬੀ ਦੇ ਪੀਰੀਅਡ ਤੋਂ ਬਿਨਾਂ ਕਿਸੇ ਹੋਰ ਪੀਰੀਅਡ ਵਿੱਚ ਪੰਜਾਬੀ ਬੋਲ ਰਹੇ ਹਾਂ ਤਾਂ ਸਾਨੂੰ ਤਿੰਨ ਵਾਰ ਯੈਲੋ ਕਾਰਡ ਵਿਖਾਕੇ ਚੌਥੀ ਵਾਰ ਰੈਡ ਕਾਰਡ ਵਿਖਾਕੇ ਸਕੂਲ ਵਿੱਚੋਂ ਬਾਹਰ ਕੱਢਣ ਦਾ ਰਸਤਾ ਵਿਖਾ ਦਿੱਤਾ ਜਾਂਦਾ ਹੈ ਤਾਂ ਕਿ ਬੱਚੇ ਡਰ ਕੇ ਪੰਜਾਬੀ ਬੋਲਣ ਹੀ ਨਾ।

ਬੱਸ ਇਹੀ ਹੈ ਸਾਡੇ ਬੱਚਿਆਂ ਨੂੰ ਪੰਜਾਬੀ ਤੋਂ ਦੂਰ ਕਰਨ ਦਾ ਇੱਕ ਸੌਖਾ ਰਸਤਾ ਹੁਣ ਪਾਠਕ ਆਪ ਹੀ ਨਿਰਣਾ ਕਰ ਸਕਦੇ ਹਨ।

ਜੇ ਅਸੀਂ ਮਾਂ ਬੋਲੀ ਪੰਜਾਬੀ ਨੂੰ ਹੀ ਪੜ੍ਹਨੋ ਲਿਖਣੋਂ ਤੇ ਬੋਲਣੋਂ ਛੱਡ ਦੇਵਾਂਗੇ ਤਾਂ ਸਮਝ ਲਵੋ ਅਸੀਂ ਆਪਣੀ ਜਨਮ ਦੇਣ ਵਾਲੀ ਮਾਤਾ, ਧਰਤੀ ਮਾਤਾ ਤੇ ਗੁਰੂ ਸਾਹਿਬਾਨਾਂ ਦੇ ਮੁਖਾਰਬਿੰਦ ਵਿੱਚੋਂ ਨਿਕਲੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੀ ਬਾਣੀ ਤੋਂ ਹੀ ਬੇਮੁੱਖ ਹੋ ਜਾਵਾਂਗੇ। ਜੋ ਅਜੋਕੀਆਂ ਸਰਕਾਰਾਂ ਅਤੇ ਸਾਡੇ ਕਾਰ ਸੇਵਾ ਵਾਲੇ ਬਾਬੇ ਹੀ ਸਾਨੂੰ ਦੂਰ ਕਰਨ ਲਈ ਲੱਗੇ ਹੋਏ ਹਨ।

-98881-17053

--o--

ਗਰੀਬੀ ਦੂਰ ਕਰਨੀ ਹੈ ਤਾਂ ਰਾਖਵਾਂਕਰਨ ਜਾਤੀ ਦੇ ਅਧਾਰ ਤੇ ਨਹੀਂ, ਆਰਥਿਕ ਅਧਾਰ ਤੇ ਹੋਵੇ।

-ਮਨਜੀਤ ਪਿਓਰੀ

ਸਮੇਂ ਦੀਆਂ ਸਰਕਾਰਾਂ ਦੇ ਆਗੂਆਂ ਅਤੇ ਮੰਤਰੀਆਂ ਵੱਲੋਂ ਦਿੱਤੇ ਜਾ ਰਹੇ ਬੇਹੂਦੇ ਬਿਆਨ ਹਜਮ ਨਹੀਂ ਹੋ ਰਹੇ। ਕੋਈ ਕਹਿ ਰਿਹਾ 45 ਰੁਪਏ ਰੋਜਾਨਾ ਕਮਾਉਣ ਵਾਲਾ ਵਿਅਕਤੀ ਗਰੀਬ ਨਹੀਂ ਤੇ ਕੋਈ ਕਹਿ ਰਿਹਾ 32 ਰੁਪਏ, ਕੋਈ ਕਹਿ ਰਿਹਾ 26 ਰੁਪਏ ਕਮਾਉਣ ਵਾਲਾ ਗਰੀਬ ਨਹੀਂ, ਇਸ ਤਰ੍ਹਾਂ ਦੇ ਬਿਆਨ ਦੇ ਕੇ ਮੰਤਰੀ ਆਮ ਜਨਤਾ ਦਾ ਭੱਦਾ ਮਜਾਕ ਉਡਾ ਰਹੇ ਹਨ। ਹੁਣ ਤੱਕ ਆਈਆਂ ਸਾਰੀਆਂ ਸਰਕਾਰਾਂ ਅਤੇ ਸਿਆਸੀ ਲੀਡਰਾਂ ਨੇ ਵੱਡੇ-ਵੱਡੇ ਦਾਅਵੇ, ਵਾਅਦੇ ਅਤੇ ਨਾਅਰੇ ਲਾਏ ਕਿ ਦੇਸ਼ ਚੋਂ ਗਰੀਬੀ ਨੂੰ ਜਲਦੀ ਦੂਰ ਕਰਾਂਗੇ, ਪਰ ਸਿਆਸੀ ਪਾਰਟੀਆਂ ਦੀ ਉਹ 'ਜਲਦੀ' ਵਾਲਾ ਨੈੱਟਵਰਕ ਗਰੀਬ ਲੋਕਾਂ ਦੀਆਂ ਕੱਚੀਆਂ ਕੋਠੜੀਆਂ ਤੱਕ ਹਾਲੇ ਤੱਕ ਨਹੀਂ ਪਹੁੰਚਿਆ। ਸਰਕਾਰ ਵੱਲੋਂ ਦੇਸ ਵਿੱਚੋਂ ਗਰੀਬੀ ਦੇ ਖਾਤਮੇ ਲਈ ਅਰਬਾਂ ਰੁਪਏ ਗਰੀਬਾਂ ਦੀ ਭਲਾਈ ਲਈ ਆਏ ਅਤੇ ਖਰਚ ਵੀ ਕੀਤੇ ਜਾਂਦੇ ਹਨ ਪਰ ਉਹ ਅਰਬਾਂ ਰੁਪਏ ਕਿਸੇ ਗਰੀਬ ਤੱਕ ਪਹੁੰਚਣ ਤੋਂ ਪਹਿਲਾਂ ਹੀ ਲੀਡਰਾਂ ਦੇ ਮਹਿਲਾਂ ਤੱਕ ਹੀ ਸੀਮਤ ਹੋ ਕੇ ਰਹਿ ਜਾਂਦੇ ਹਨ ਅਤੇ ਗਰੀਬ ਵਿਚਾਰਾ ਅਗਲੀ ਸਰਕਾਰ ਦੀ ਉਡੀਕ ਕਰਦਾ ਕਰਦਾ ਫਾਕੇ ਕੱਟਣ ਲਈ ਮਜ਼ਬੂਰ ਹੋ ਜਾਂਦਾ ਹੈ। ਇਸ ਲਈ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਨੌਕਰੀਆਂ ਵਿੱਚ ਰਾਖਵਾਂਕਰਨ ਦੀ ਨੀਤੀ ਜਾਤੀ ਦੇ ਅਧਾਰ ਤੇ ਨਾ ਕਰਕੇ ਪਰਿਵਾਰ ਦੀ ਆਰਥਿਕ ਸਥਿਤੀ ਨੂੰ ਦੇਖਦੇ ਹੋਏ ਬਨਾਉਣੀ ਚਾਹੀਦੀ ਹੈ ਤਾਂ ਜੋ ਇੱਕ ਗਰੀਬ ਮਾਂ-ਬਾਪ ਦੀ ਧੀ-ਪੁੱਤਰ ਵੀ ਨੌਕਰੀ ਕਰਕੇ ਆਪਣੇ ਪਰਿਵਾਰ ਦਾ ਪਾਲਣ-ਪੋਸਣ ਸਹੀ ਤਰੀਕੇ ਨਾਲ ਕਰ ਸਕੇ ਅਤੇ ਇਸ ਤਰ੍ਹਾਂ ਦੇਸ ਵਿੱਚੋਂ ਗਰੀਬੀ ਦਾ ਖਾਤਮਾ

ਹੋ ਸਕੇ। ਸਾਡੇ ਲੋਕਤੰਤਰ ਵਿੱਚ ਸਰਕਾਰ ਵੱਲੋਂ ਵੱਖ-ਵੱਖ ਜ਼ਾਤੀਆਂ ਦੇ ਅਧਾਰ ਤੇ ਨੌਕਰੀਆਂ ਲਈ ਬੇਸ਼ੱਕ ਰਾਖਵਾਂਕਰਨ ਦੀ ਨੀਤੀ ਅਪਣਾਈ ਜਾਂਦੀ ਹੈ ਪਰ ਇਹ ਨੀਤੀਆਂ ਦੇ ਅਧਾਰ ਤੇ ਦਿੱਤੀਆਂ ਜਾ ਰਹੀਆਂ ਨੌਕਰੀਆਂ ਵਿੱਚ ਇੱਕ ਰਾਖਵੇਂਕਰਨ ਅਧੀਨ ਆਉਂਦਾ ਵਿਅਕਤੀ ਦਿਨੋ-ਦਿਨ ਅਮੀਰ ਹੋ ਰਿਹਾ ਹੈ ਅਤੇ ਇੱਕ ਜਨਰਲ ਕੈਟਾਗਿਰੀ ਵਿੱਚ ਸ਼ਾਮਲ ਵਿਅਕਤੀ ਦਿਨੋ-ਦਿਨ ਗਰੀਬੀ ਦੀ ਦਲਦਲ ਵਿੱਚ ਧੱਸ ਰਿਹਾ ਹੈ। ਕਿਉਂਕਿ ਸਰਕਾਰ ਦੁਆਰਾ ਐਲਾਨੇ ਗਏ ਜਨਰਲ ਕੈਟਾਗਿਰੀ ਦੇ ਅਧੀਨ ਜੱਟ, ਪੰਡਿਤ, ਬਾਣੀਆਂ ਆਦਿ ਕੈਟਾਗਿਰੀ ਦੇ ਲੋਕ ਆਉਂਦੇ ਹਨ ਪਰ ਸਰਕਾਰ ਨੇ ਕਦੇ ਇਹ ਨਹੀਂ ਦੇਖਿਆ ਕਿ ਜੱਟ ਪਰਿਵਾਰ ਕੋਲ ਕਮਾਈ ਕਰਨ ਦਾ ਸਾਧਨ ਕੀ ਹੈ। ਕਿਉਂਕਿ ਇੱਕ ਜੱਟ ਕਿਸਾਨ ਪਰਿਵਾਰ ਕੋਲ ਮਣਾਮੂਹੀ ਜਮੀਨ ਹੈ ਅਤੇ ਉਸ ਦੇ ਘਰ ਦਾ ਗੁਜ਼ਾਰਾ ਰੋਜਾਨਾ ਲੈੱਗ ਪੈੱਗ ਨਾਲ ਚਲਦਾ ਹੈ ਅਤੇ ਦੂਸਰੇ ਪਾਸੇ ਇੱਕ ਜੱਟ ਪਰਿਵਾਰ ਕੋਲ ਸਿਰਫ ਇੱਕ ਜਾਂ ਦੋ ਏਕੜ ਜਮੀਨ ਹੈ ਜਿਸ ਨੂੰ ਦੋ ਵੇਲੇ ਦੀ ਰੋਟੀ ਦਾ ਜੁਗਾੜ ਕਰਨਾ ਬੜਾ ਮੁਸਕਿਲ ਹੈ ਅਤੇ ਉਨ੍ਹਾਂ ਦੇ ਬੱਚਿਆਂ ਲਈ ਨੌਕਰੀਆਂ ਵਿੱਚ ਵੀ ਕੋਈ ਰਾਖਵਾਂਕਰਨ ਨਹੀਂ ਹੈ। ਦੂਸਰੇ ਪਾਸੇ ਅਨੁਸੂਚਿਤ ਕੈਟਾਗਿਰੀ ਵਿੱਚ ਜਿਹੜੇ ਲੋਕ ਆਉਂਦੇ ਹਨ ਉਨ੍ਹਾਂ ਲਈ ਨੌਕਰੀਆਂ ਵਿੱਚ ਰਾਖਵਾਂਕਰਨ ਪਹਿਲ ਦੇ ਅਧਾਰ ਤੇ ਦਿੱਤਾ ਜਾਂਦਾ ਹੈ ਅਤੇ ਇਸ ਕੈਟਾਗਿਰੀ ਦੇ ਅਧੀਨ ਆਉਂਦੇ ਵਿਅਕਤੀ ਵੱਡੇ-ਵੱਡੇ ਅਫ਼ਸਰ, ਮੰਤਰੀ ਅਤੇ ਉਚਿਆਂ ਆਹੁਦਿਆਂ ਤੇ ਬਿਰਾਜਮਾਨ ਹਨ ਅਤੇ ਵੱਡੀਆਂ-ਵੱਡੀਆਂ ਕੋਠੀਆਂ ਮਹਿਲਾਂ ਵਿੱਚ ਰਹਿੰਦੇ ਹਨ ਅਤੇ ਜਿਹੜੇ ਆਪਣੀ ਅੱਗੇ ਹਰ ਆਉਣ ਵਾਲੀ ਪੀੜ੍ਹੀ ਨੂੰ ਵੀ ਰਾਖਵੇਂਕਰਨ ਦੇ ਅਧਾਰ ਤੇ ਨੌਕਰੀਆਂ ਦਿਵਾਉਣ ਦੀ ਹਿੰਮਤ ਜਿਤਾਉਂਦੇ ਹਨ ਅਤੇ ਜਿਨਾਂ ਦਾ ਮੁਕਾਬਲਾ ਜਨਰਲ ਕੈਟਾਗਿਰੀ ਦੇ ਲੋਕ ਵੀ ਨਹੀਂ ਕਰ ਸਕਦੇ। ਦੂਸਰੇ ਪਾਸੇ ਇਸ ਕੈਟਾਗਿਰੀ ਨਾਲ ਸਬੰਧਤ ਉਹ ਲੋਕ ਵੀ ਹਨ ਜਿਨਾਂ ਨੂੰ ਰੋਜਾਨਾ ਦਿਹਾੜੀ ਕਰਨ ਤੋਂ ਬਾਅਦ ਵੀ ਪੇਟ ਦੀ ਅੱਗ ਬੁਝਾਉਣ ਲਈ ਪੂਰੀ ਰੋਟੀ ਨਸੀਬ ਨਹੀਂ ਹੁੰਦੀ ਅਤੇ ਉਹ ਇੱਕ ਕੱਚੇ ਕੋਠੇ ਵਿੱਚ ਰਹਿ ਕੇ ਗੁਜਾਰਾ ਕਰਦੇ ਹਨ, ਜਿਹੜਾ ਥੋੜ੍ਹੀ ਬਾਰਿਸ਼ ਹੋਣ ਨਾਲ ਚੋਣ ਲੱਗ ਪੈਂਦਾ ਹੈ ਅਤੇ ਪਤਾ ਨਹੀਂ ਕਦੋਂ ਸੁੱਤੇ ਪਿਆਂ ਉੱਤੇ ਡਿੱਗ ਪਵੇ। ਦੂਸਰੇ ਪਾਸੇ ਸਰਕਾਰ ਦੁਆਰਾ ਪੱਛਣੀ ਸ਼੍ਰੇਣੀ ਘੋਸ਼ਿਤ ਕੀਤੀ ਗਈ ਕੈਟਾਗਿਰੀ ਜਿਸ ਵਿੱਚ ਕੁਮਹਾਰ, ਸੁਨਿਆਰ, ਨਾਈ ਆਦਿ ਜ਼ਾਤਾਂ ਦੇ ਲੋਕ ਸ਼ਾਮਿਲ ਹਨ ਪਰ ਉਨ੍ਹਾਂ ਲਈ ਨੌਕਰੀਆਂ ਵਿੱਚ ਰਾਖਵਾਂ ਕੋਟਾ ਤਾਂ 27 ਪ੍ਰਤੀਸ਼ਤ ਹੈ ਪਰ ਸਰਕਾਰ ਵੱਲੋਂ ਦਿੱਤਾ ਜਾ ਰਿਹਾ ਹੈ 10 ਪ੍ਰਤੀਸ਼ਤ ਜੋ ਕਿ ਸਰਾਸਰ ਧੱਕਾ ਹੈ। ਪੱਛੜੀ ਸ਼੍ਰੇਣੀ ਵਿੱਚ ਸ਼ਾਮਲ ਕੁਮਹਾਰ ਲੋਕ ਜਿਨ੍ਹਾਂ ਦਾ ਮੁੱਖ ਧੰਦਾ ਸੀ ਮਿੱਟੀ ਦੇ ਭਾਂਡੇ ਬਣਾਉਣਾ ਪਰ ਸਮੇਂ ਦੇ ਲਿਹਾਜ ਨਾਲ ਹੁਣ ਉਨ੍ਹਾਂ ਦੁਆਰਾ ਬਣਾਏ ਜਾਂਦੇ ਮਿੱਟੀ ਦੇ ਭਾਂਡਿਆਂ ਦੀ ਜਗ੍ਹਾ ਹੁਣ ਸਟੀਲ ਦੇ ਭਾਂਡਿਆਂ ਨੇ ਲੈ ਲਈ ਹੈ ਅਤੇ ਠੰਡੇ ਪਾਣੀ ਲਈ ਬਣਾਏ ਜਾਂਦੇ ਘੜਿਆਂ ਦੀ ਜਗ੍ਹਾ ਹੁਣ ਫਰਿਜ ਆ ਗਏ ਹਨ, ਜਿਸ ਕਾਰਨ ਇਨ੍ਹਾਂ ਲੋਕਾਂ ਦਾ ਧੰਦਾ ਬਿਲਕੁੱਲ ਹੀ ਚੌਪਟ ਹੋ ਰਿਹਾ ਹੈ ਅਤੇ ਇਹ ਲੋਕ ਆਪਣੇ ਬੱਚਿਆਂ ਨੂੰ ਪਤਾ ਨਹੀਂ ਕਿਹੜੀਆਂ-ਕਿਹੜੀਆਂ ਮਜਬੂਰੀਆਂ ਵਿੱਚੋਂ ਲੰਘਦੇ ਹੋਏ ਪੜ੍ਹਾਉਂਦੇ ਹਨ ਅਤੇ ਜਦ ਉਹ ਆਪਣੇ ਬੱਚਿਆਂ ਦੇ ਭਵਿੱਖ ਬਾਰੇ ਸੋਚਦੇ ਹਨ ਤਾਂ ਸਰਕਾਰਾਂ ਨੂੰ ਲਾਹਨਤਾਂ ਪਾਉਣ ਤੋਂ ਬਿਨਾਂ ਉਨ੍ਹਾਂ ਕੋਲ ਕੁੱਝ ਨਹੀਂ ਹੁੰਦਾ ਕਿਉਂਕਿ ਸਰਕਾਰ ਵੱਲੋਂ ਇਨ੍ਹਾਂ ਦੇ ਬੱਚਿਆਂ ਲਈ ਦਿੱਤਾ ਜਾ ਰਿਹਾ ਨੌਕਰੀਆਂ ਦਾ ਕੋਟਾ ਨਾਂਹ ਦੇ ਬਰਾਬਰ ਹੀ ਹੈ ਅਤੇ ਇਨ੍ਹਾਂ ਦੇ ਬੱਚੇ ਪੜ੍ਹਨ ਲਿਖਣ ਦੇ ਬਾਵਜੂਦ ਵੀ ਗਲੀਆਂ ਦਾ ਘੱਟਾ ਛਾਨਣ ਲਈ ਮਜ਼ਬੂਰ ਹਨ। ਇਸ ਲਈ ਸਮੇਂ ਦੀਆਂ ਸਰਕਾਰਾਂ ਨੂੰ ਚਾਹੀਦਾ ਹੈ ਕਿ ਉਹ ਨੌਕਰੀਆਂ ਲਈ ਰਾਖਵਾਂਕਰਨ ਜਾਤ-ਪਾਤ ਦਾ ਭੇਦਭਾਵ ਕੀਤੇ ਬਿਨਾਂ ਆਰਥਿਕ ਅਧਾਰ ਤੇ ਦੇਵੇ ਤਾਂ ਹੀ ਦੇਸ਼ ਵਿੱਚੋਂ ਗਰੀਬੀ ਦਾ ਖਾਤਮਾ ਸੰਭਵ ਹੈ।

-94174-47986

--0--

ਮੰਜ਼ਲਾਂ ਦਾ ਨਾਂ ਵੀ ਹੈ ਜ਼ਿੰਦਗੀ

-ਸੁਰਿੰਦਰ 'ਮਾਣੂੰਕੇ ਗਿੱਲ'

ਜ਼ਿੰਦਗੀ ਵਿੱਚ ਮੰਜ਼ਲਾਂ ਦਰ-ਬ-ਦਰ ਸਾਹਮਣੇ ਖੜ੍ਹੀਆਂ ਹੁੰਦੀਆਂ ਹਨ, ਪਰ ਇਨ੍ਹਾਂ ਦੀ ਪ੍ਰਾਪਤੀ ਲਈ ਸੰਘਰਸ਼ ਬਹੁਤ ਜ਼ਰੂਰੀ ਹੁੰਦਾ ਹੈ, ਕਿਉਂਕਿ ਸੰਘਰਸ਼ਾਂ ਤੋਂ ਬਿਨਾਂ ਮੰਜ਼ਿਲਾਂ ਦੀ ਪ੍ਰਾਪਤੀ ਸੰਭਵ ਨਹੀਂ ਹੁੰਦੀ। ਬਹੁਤ ਸਾਰੇ ਲੋਕ ਸੰਘਰਸ਼ਾਂ ਤੋਂ ਘਬਰਾਕੇ ਇਨ੍ਹਾਂ ਮੰਜ਼ਲਾਂ ਤੇ ਪਹੁੰਚਣ ਦਾ ਰਸਤਾ ਛੱਡ ਦਿੰਦੇ ਹਨ। ਇਨਾਂ ਲੋਕਾਂ ਦੀ ਜ਼ਿੰਦਗੀ ਬੇ-ਸੁਆਦੀ ਹੀ ਹੁੰਦੀ ਹੈ ਕਿਉਂਕਿ ਜ਼ਿੰਦਗੀ ਵਿੱਚ ਕੋਈ ਤਬਦੀਲੀ ਨਹੀਂ ਹੁੰਦੀ ਅਤੇ ਤਬਦੀਲੀ ਤੋਂ ਬਿਨਾਂ ਜ਼ਿੰਦਗੀ ਇਕ ਰੁੱਤ ਵਾਂਗ ਹੀ ਬਣ ਜਾਂਦੀ ਹੈ, ਜਿਸ ਤੋਂ ਮਨੁੱਖ ਖਿੱਝ ਜਾਂਦਾ ਹੈ ਅਤੇ ਨਿਰਾਸ਼ਾ ਦੇ ਆਲਮ ਵਿਚ ਚਲਾ ਜਾਂਦਾ ਹੈ। ਇਸ ਦੇ ਉਲਟ ਜਿਹੜੇ ਲੋਕ ਮੰਜ਼ਲਾਂ ਦੀ ਪ੍ਰਾਪਤੀ ਲਈ ਸੰਘਰਸ਼ਾਂ ਦਾ ਰਸਤਾ ਨਹੀਂ ਛੱਡਦੇ, ਉਨ੍ਹਾਂ ਨੂੰ ਇਹ ਰਸਤਾ ਇੱਕ ਨਾ ਇੱਕ ਦਿਨ ਅਜਿਹੀਆਂ ਖੁਸ਼ੀਆਂ ਦਿੰਦਾ ਹੈ, ਜਿਸਦਾ ਅਨੰਦ ਹੋਰ ਹੀ ਹੁੰਦਾ ਹੈ। ਅਜਿਹੇ ਅਨੋਖੇ ਅਨੰਦ ਦਾ ਅਹਿਸਾਸ ਸੰਘਰਸ਼ਵਾਦੀ ਮਨੁੱਖ ਨੂੰ ਹੀ ਨਹੀਂ ਹੁੰਦਾ, ਸਗੋਂ ਉਸਦੇ ਰਿਸ਼ਤੇ ਨਾਤਿਆਂ ਨੂੰ ਵੀ ਹੁੰਦਾ ਹੈ, ਕਿਉਂਕਿ ਰਿਸ਼ਤੇ ਨਾਤੇ ਅਜਿਹੇ ਵਿਅਕਤੀ ਨਾਲ ਨੇੜਤਾ ਰੱਖਣ ਲਈ ਆਪਣੇ ਪਿਆਰ ਨੂੰ ਇਨ੍ਹਾਂ ਗੂੜ੍ਹਾ ਕਰ ਲੈਂਦੇ ਹਨ ਕਿ ਪਿਆਰ ਉਸ ਨੂੰ ਮਸਤ ਬਣਾ ਦਿੰਦਾ ਹੈ। ਭਾਵੇਂ ਇਸ ਪਿਆਰ ਵਿੱਚ ਇਹ ਸਵਾਰਥ ਛੁਪਿਆ ਹੁੰਦਾ ਹੈ ਕਿ ਅਸੀਂ ਅਜਿਹੇ ਕਾਮਯਾਬ ਮਨੁੱਖ ਤੋਂ ਕੋਈ ਕੰਮ ਲਵਾਂਗੇ ਜਾਂ ਇਹ ਸਾਡੇ ਲਈ ਕਿਤੇ ਨਾ ਕਿਤੇ ਜ਼ਰੂਰ ਕੰਮ ਆਵੇਗਾ। ਅਜਿਹੇ ਲੋਕ ਸਮਾਜ ਵਿੱਚ ਆਪਣਾ ਰੁਤਬਾ ਚਮਕਾਉਣ ਲਈ ਵੀ ਅਜਿਹੇ ਪਾਰਸ ਵਰਗੇ ਮਨੁੱਖ ਦਾ ਸਹਾਰਾ ਭਾਲਦੇ ਹਨ। ਕਹਿੰਦੇ ਹਨ ਕਿ ਪਾਰਸ ਜਿਸ ਧਾਤ ਨਾਲ ਲੱਗ ਜਾਂਦਾ ਹੈ, ਉਸ ਨੂੰ ਸੋਨਾ ਬਣਾ ਦਿੰਦਾ ਹੈ, ਸੋ ਆਪਣੇ ਆਪ ਨੂੰ ਸੋਨਾ ਭਾਵ ਆਪਣੇ ਆਪ ਨੂੰ ਚਮਕਾਉਣ ਲਈ ਲੋਕ ਪਾਰਸ ਵਰਗੇ ਲੋਕਾਂ ਦੀ ਤਲਾਸ਼ ਵਿੱਚ ਰਹਿੰਦੇ ਹਨ। ਇਸਦੇ ਉਲਟ ਸੰਘਰਸ਼ਾਂ ਤੋਂ ਘਬਰਾਉਣ ਵਾਲੇ ਲੋਕਾਂ ਦੀ ਸਮਾਜ ਵਿੱਚ ਕੋਈ ਪੁੱਛ ਪੜਤਾਲ ਨਹੀਂ ਹੁੰਦੀ, ਕਿਉਂਕਿ ਇਨ੍ਹਾਂ ਪਾਸ ਕੋਈ ਵੀ ਰੁਤਬਾ ਨਹੀਂ ਹੁੰਦਾ ਅਤੇ ਰੁਤਬੇ ਤੋਂ ਬਿਨਾਂ ਇੱਜ਼ਤ ਹੋਣ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਇੱਕ ਬਾਰੀ ਕੋਈ ਮਨੁੱਖ ਸੰਘਰਸ਼ਾਂ ਤੋਂ ਘਬਰਾਕੇ ਬਿਨ੍ਹਾਂ ਕੋਈ ਰੁਤਬਾ ਪਾਇਆਂ ਆਪਣਾ ਕੰਮ ਕਰਨ ਲੱਗ ਪਿਆ, ਪਰ ਉਸ ਨੂੰ ਅਹਿਸਾਸ ਹੋਇਆ ਕਿ ਆਪਣਾ ਕੰਮ ਤਾਂ ਉਹ ਜਦੋਂ ਮਰਜ਼ੀ ਕਰ ਸਕਦਾ ਸੀ, ਉਸ ਨੂੰ ਮੌਕਿਆਂ ਦੀ ਕਦਰ ਕਰਨੀ ਚਾਹੀਦੀ ਸੀ, ਇਸ ਅਹਿਸਾਸ ਨਾਲ ਉਸ ਨੇ ਇੱਕ ਨੌਕਰੀ ਦੀ ਪ੍ਰਾਪਤੀ ਲਈ ਕਾਫੀ ਸੰਘਰਸ਼ ਕੀਤਾ ਅਤੇ ਨੌਕਰੀ ਪਾਉਣ ਵਿੱਚ ਕਾਮਯਾਬ ਹੋ ਗਿਆ, ਫਿਰ ਉਸਨੂੰ ਇਹ ਲੱਗਿਆ ਕਿ ਜੇਕਰ ਅਜਿਹਾ ਅਹਿਸਾਸ ਉਸ ਨੂੰ ਪਹਿਲਾਂ ਹੋ ਜਾਂਦਾ ਤਾਂ ਸ਼ਾਇਦ ਉਹ ਇਸ ਤੋਂ ਵੱਡੀ ਨੌਕਰੀ ਵੀ ਪ੍ਰਾਪਤ ਕਰ ਸਕਦਾ ਸੀ, ਪਰ ਵੱਡੀ ਨੌਕਰੀ ਲਈ ਸਿਰਫ ਉਸਦੇ ਪਾਸ ਇੱਕ ਹੀ ਮੌਕਾ ਸੀ, ਜਿਸਨੂੰ ਹਾਸਲ ਕਰਦਿਆਂ ਉਸਨੇ ਆਈ.ਏ.ਐਸ. ਦੀ ਪ੍ਰੀਖਿਆ ਦੀ ਤਿਆਰੀ ਲਈ ਸੰਘਰਸ਼ ਕੀਤਾ, ਉਸ ਦੇ ਪਾਸ ਟਾਈਮ ਥੋੜ੍ਹਾ ਸੀ, ਉਸ ਨੇ ਦੱਸਿਆ ਕਿ ਆਈ.ਏ.ਐਸ ਦੀ ਤਿਆਰੀ ਲਈ ਉਸਨੇ ਸਿਰਫ ਟਰੇਨ ਵਿੱਚ ਮਿਲੇ ਟਾਈਮ ਦੌਰਾਨ ਕਿਤਾਬਾਂ ਵਿੱਚ ਸਿਰਫ਼ ਨਜ਼ਰ ਹੀ ਮਾਰੀ ਸੀ ਪਰ ਉਸਨੂੰ ਰਿਜ਼ਲਟ ਦੇਖਕੇ ਹੈਰਾਨੀ ਹੋਈ ਸੀ, ਕਿ ਉਹ ਕਾਫੀ ਲੋਕਾਂ ਤੋਂ ਉੱਤੇ ਸੀ, ਭਾਵੇਂ ਉਹ ਕਾਮਯਾਬ ਨਹੀਂ ਹੋਇਆ ਸੀ, ਫਿਰ ਵੀ ਉਸ ਨੂੰ ਇਸ ਗੱਲ ਦੀ ਖੁਸ਼ੀ ਸੀ ਕਿ ਸਿਰਫ਼ ਟਰੇਨ ਦੇ ਸਫਰ ਦੌਰਾਨ ਹੀ ਉਹ ਇਨ੍ਹਾਂ ਕਾਮਯਾਬ ਹੋ ਗਿਆ ਸੀ, ਉਸ ਪਾਸ ਹੁਣ ਕੋਈ ਮੌਕਾ ਨਹੀਂ ਸੀ, ਇਸ ਲਈ ਉਸਨੂੰ ਇਸ ਗੱਲ ਦਾ ਪਛਤਾਵਾ ਸੀ ਕਿ ਜੇਕਰ ਉਹ ਪਹਿਲਾਂ ਲੰਘ ਚੁੱਕੇ ਮੌਕਿਆਂ ਨੂੰ ਨਾ ਗਵਾਉਂਦਾ ਤਾਂ ਉਹ ਯਕੀਨਨ ਆਈ.ਏ.ਐਸ. ਹੋਣਾ ਸੀ।

ਸੋ ਜ਼ਿੰਦਗੀ ਨੂੰ ਭਾਵੇਂ ਕਿਸੇ ਨੇ ਸੋਹਣਾ ਸਫਰ ਕਿਹਾ ਹੈ, ਕਿਸੇ ਨੇ ਕੰਡਿਆਂ ਦਾ ਸਫਰ ਕਿਹਾ ਹੈ, ਪਰ ਅਸਲ ਵਿੱਚ ਜਿੰਦਗੀ ਨਾ ਤਾਂ ਸੋਹਣੇ ਸਫਰ ਦਾ ਨਾਂ ਹੈ ਅਤੇ ਨਾ ਹੀ ਕਿਸੇ ਕੰਡਿਆਂ ਦੇ ਸਫਰ ਦਾ ਨਾਂ ਹੈ, ਜ਼ਿੰਦਗੀ ਮੰਜ਼ਲਾਂ ਦੀ ਪ੍ਰਾਪਤੀ ਦਾ ਨਾਂ ਹੈ, ਕਿਉਂਕਿ ਇਹ ਮੰਜ਼ਲਾਂ ਹੀ ਜ਼ਿੰਦਗੀ ਵਿੱਚ ਨਿਖਾਰ ਲਿਆਉਂਦੀਆਂ ਹਨ ਤੇ ਇਹ ਨਿਖਾਰਤਾ ਚੰਗੇ ਮਿਲੇ ਕਿਸੇ ਰੁਤਬੇ ਕਾਰਨ ਹੀ ਹੁੰਦੀ ਹੈ, ਸੋ ਆਓ ਜ਼ਿੰਦਗੀ ਨੂੰ ਸੌਖਾ, ਔਖਾ ਸਫਰ ਮੰਨਣ ਦੀ ਬਜਾਏ ਮੰਜ਼ਲ ਪ੍ਰਾਪਤੀ ਦਾ ਸਫਰ ਮੰਨੀਏ ਕਿਉਂਕਿ ਇਹ ਸਫਰ ਹੀ ਚੰਗੇ ਰੁਤਬੇ ਦੀ ਪ੍ਰਾਪਤੀ ਦਾ ਇੱਕ ਮਾਤਰ ਸਾਧਨ ਬਣਦਾ ਹੈ, ਜਿਸ ਨਾਲ ਮਨੁੱਖ ਖੁਦ ਹੀ ਨਜ਼ਰ ਵਿੱਚ ਅਤੇ ਸਮਾਜ ਦੀ ਨਜ਼ਰ ਵਿੱਚ ਮਹਾਨ ਬਣਦਾ ਹੈ ਅਤੇ ਇਹ ਮਹਾਨਤਾ ਜ਼ਿੰਦਗੀ ਦੇ ਸਫਰ ਨੂੰ ਇਨਾ ਸੌਖਾ ਬਣਾ ਦਿੰਦੀ ਹੈ ਕਿ ਮਨੁੱਖ ਨੂੰ ਪਤਾ ਹੀ ਨਹੀਂ ਚੱਲਦਾ ਕਿ ਉਸਨੇ ਇਹ ਸਫਰ ਕਦੋਂ ਪੂਰਾ ਕਰ ਲਿਆ। ਅਜਿਹੇ ਮਨੁੱਖ ਲਈ ਗੱਲ ਇੱਥੇ ਹੀ ਖ਼ਤਮ ਨਹੀਂ ਹੁੰਦੀ, ਉਹ ਮਰਨ ਤੱਕ ਵੀ ਸੰਘਰਸ਼ਮਈ ਬਣਿਆ ਰਹਿੰਦਾ ਹੈ ਅਤੇ ਜੀਵਨ ਦੇ ਆਖਰੀ ਪਲਾਂ ਦਾ ਚਿੰਤਨ ਕਰਦਾ ਹੋਇਆ ਪੂਰੀ ਤਰ੍ਹਾਂ ਸੰਤੁਸ਼ਟ ਹੋ ਕੇ ਇਸ ਦੁਨੀਆ ਤੋਂ ਰੁਖਸਤ ਹੁੰਦਾ ਹੈ।

-88723-21000

ਜਾਤਪਾਤੀ ਡੂੰਘਾਈਆਂ ਨਾਪਦਾ ਡਾ: ਹਰਨੇਕ ਸਿੰਘ ਕਲੇਰ ਦਾ ਕਹਾਣੀ ਸੰਗ੍ਰਹਿ

'ਜਿਊਣਾ ਸੀਰੀ'

-ਫਤਿਹ ਜੰਗ ਸਿੰਘ

ਡਾ: ਹਰਨੇਕ ਸਿੰਘ ਕਲੇਰ ਇਕ ਬਹੁਪੱਖੀ ਸਾਹਿਤਕਾਰ ਹੈ ਜਿਸਨੇ ਗੱਦ ਅਤੇ ਪਦ ਦੋਹਾਂ ਤੇ ਕਾਮਯਾਬੀ ਨਾਲ ਕਲਮ ਅਜ਼ਮਾਈ ਹੈ। ਬਾਲ ਸਾਹਿਤ ਰਚਨਾ ਦੂਜੀ ਸਾਹਿਤਕ ਵੰਨਗੀਆਂ ਤੋਂ ਕਾਫ਼ੀ ਮੁਸ਼ਕਲ ਹੁੰਦਾ ਹੈ ਉਸ 'ਤੇ ਵੀ ਡਾ: ਕਲੇਰ ਨੇ ਦਰਜਨ ਦੇ ਕਰੀਬ ਪੁਸਤਕਾਂ ਦਿੱਤੀਆਂ ਹਨ ਤੇ ਕੁਲ ਮਿਲਾਕੇ ਦੋ ਕੁ ਦਰਜਨ ਪੁਸਤਕਾਂ ਉਹ ਪੰਜਾਬੀ ਸਾਹਿਤ ਦੇ ਕਾਫ਼ਲੇ ਵਿੱਚ ਸ਼ਾਮਲ ਕਰ ਚੁੱਕਿਆ ਹੈ। ਮੁੱਢਲੇ ਤੌਰ 'ਤੇ ਉਹ ਕਮਜ਼ੋਰ ਤਬਕੇ ਦਾ ਬੁਲਾਰਾ ਹੈ, ਦੱਬਿਆਂ ਕੁਚਲਿਆਂ ਦਾ ਝੰਡਾ ਬਰਦਾਰ ਹੈ, ਨੀਵੀਆਂ ਜਾਤੀਆਂ ਦੀਆਂ ਪੀਡੀਆਂ ਸਮੱਸਿਆਵਾਂ ਦੀਆਂ ਡੂੰਘਾਈਆਂ ਦੀ ਥਾਹ ਪਾਉਣ ਵਾਲਾ ਅਤੇ ਗ਼ੈਰ ਬਰਾਬਰੀ, ਅਨਿਆਂ ਵਿਰੁੱਧ ਇਕ ਲਲਕਾਰ ਹੈ। ਇਹ ਗੁਣ ਇੱਕ ਚੰਗੇ ਸਾਹਿਤਕਾਰ ਦੇ ਹੁੰਦੇ ਹਨ ਕਿਉਂਕਿ ਇਕ ਅਸਲੀ ਸਾਹਿਤਕਾਰ ਹਮੇਸ਼ਾਂ ਕਮਜ਼ੋਰਾਂ ਤੇ ਨਿਮਾਣਿਆਂ ਲਈ ਨਿਆਂ ਦੇ ਪੱਖ ਵਿੱਚ ਖਲੋਂਦਾ ਹੈ। ਗੁਰੂ ਨਾਨਕ ਵੀ 'ਨੀਚਾਂ ਅੰਦਰ ਨੀਚ ਜਾਤ ਨੀਚੀ ਹੂ ਅੰਤ ਨੀਚ, ਨਾਨਕ ਤਿਨ ਕੇ ਸੰਗ ਸਾਥਿ ਵਡਿਆਂ ਸਿਉਂ ਕਿਆ ਰੀਸੁ॥" ਆਖਕੇ ਸਭ ਤੋਂ ਨੀਚਾਂ ਨਾਲ ਖਲੋਏ ਸਨ। ਡਾ: ਅੰਬੇਡਕਰ ਦਾ ਵੀ ਮੰਨਣਾ ਹੈ ਕਿ 'ਬੁੱਧੀਜੀਵੀ ਉਹ ਹੈ ਜੋ ਸਮਾਜ ਨਾਲ ਜੁੜਕੇ ਉਸਦਾ ਕੂੜਾ ਕਰਕਟ ਇਕ ਝਾੜੂ ਬਰਦਾਰ ਵਾਂਗੂੰ ਹੂੰਝਣ ਦਾ ਕੰਮ ਕਰੇ।"

ਡਾ: ਕਲੇਰ ਦੀਆਂ ਲਿਖਤਾਂ ਦਾ ਜੋ ਮੁੱਲ ਪਾਨਾ ਬਣਦਾ ਹੈ ਉਹ ਪਾਇਆ ਨਹੀਂ ਗਿਆ। ਜਾਪਦਾ ਹੈ ਜਿਵੇਂ ਦੱਬਿਆਂ ਕੁਚਲਿਆਂ ਨੂੰ ਉਹਨਾਂ ਦੇ ਹੱਕਾਂ ਤੋਂ ਸਦੀਆਂ ਤੱਕ ਵਾਂਝਿਆ ਰੱਖਿਆ ਗਿਆ ਉਸੇ ਤਰ੍ਹਾਂ ਡਾ: ਕਲੇਰ ਵੀ ਦੱਬਿਆਂ ਕੁਚਲਿਆਂ ਦਾ ਬੁਲਾਰਾ ਬਣਕੇ ਅਨਿਆਂ ਦਾ ਸ਼ਿਕਾਰ ਹੀ ਰਿਹਾ ਹੈ ਨਹੀਂ ਤਾਂ ਉਸ ਦੀ ਕਲਾ ਵਿੱਚ ਕੋਈ ਖੋਟ ਨਹੀਂ। ਹਥਲੀ ਪੁਸਤਕ ਦੀਆਂ ਸਾਰੀਆਂ ਦਸ ਕਹਾਣੀਆਂ ਦੇ ਆਧਾਰ 'ਤੇ ਤਾਂ ਇਹ ਗੱਲ ਯਕੀਨਨ ਆਖੀ ਜਾ ਸਕਦੀ ਹੈ ਕਿ ਉਹ ਇੱਕ ਉੱਤਮ ਕਹਾਣੀਕਾਰ ਹੈ। ਉਹ ਸਮਾਜ ਨੂੰ ਨੀਝ ਲਾ ਕੇ ਤੱਕਦਾ ਹੈ ਤੇ ਇਸ ਜਾਤਪਾਤ ਦੇ ਕੋਹੜ ਨੇ ਜੋ ਅਪੰਗਤਾ ਪੈਦਾ ਕੀਤੀ ਹੈ ਉਸਨੂੰ ਉਹ ਭਲੀਭਾਂਤ ਪਛਾਣਦਾ ਹੈ ਤੇ ਉਸਦਾ ਖੁੱਲ੍ਹਕੇ ਧੜੱਲੇ ਨਾਲ ਵਰਨਣ ਕਰਦਾ ਹੈ।

ਦਰਅਸਲ ਸਾਡੇ ਸਮਾਜ ਦੀ ਬਣਤਰ ਨੇ ਜਦੋਂ ਵਰਣ ਵਿਵਸਥਾ ਵਿੱਚੋਂ ਗੁਜ਼ਰਦਿਆਂ ਜਾਤੀ ਆਧਾਰਤ ਰੂਪ ਅਖਤਿਆਰ ਕੀਤਾ ਹੈ ਉਦੋਂ ਤੋਂ ਇਸ ਜਾਤੀ ਮੂਲਕ ਸਮਾਜ ਨੇ ਜਾਤੀ ਦੇ ਸ਼ਿਕਾਰ 'ਮਨੁੱਖਾਂ' ਨੂੰ ਪਲ ਪਲ ਕੋਹਿਆ ਹੈ ਅਤੇ ਇਨਾ ਝੰਬਿਆ ਹੈ ਕਿ ਇਨ੍ਹਾਂ ਨੂੰ ਭੁਲਾ ਹੀ ਦਿੱਤਾ ਹੈ ਕਿ ਉਹ ਵੀ ਇੱਕ ਇਨਸਾਨ ਹੀ ਹਨ।



ਉੱਚ ਜਾਤੀਆਂ ਵੱਲੋਂ ਨੀਵੀਂ ਜਾਤੀਆਂ ਦੇ ਸਾਰੇ ਮਨੁੱਖੀ ਅਧਿਕਾਰ ਖੋਹਕੇ ਜਾਨਵਰਾਂ ਦੀ ਪੱਧਰ ਤੋਂ ਵੀ ਬਹੁਤ ਹੇਠਾਂ ਲਿਆ ਸੁੱਟਿਆ। ਜਿਸ ਮਨੁੱਖ ਨੂੰ ਗਿਆਨ (ਵਿੱਦਿਆ) ਪ੍ਰਾਪਤ ਕਰਨ ਦਾ, ਆਪਣੀ ਇੱਜ਼ਤ ਮਾਣ ਤੇ ਜਾਨ ਮਾਲ ਦੀ ਰੱਖਿਆ ਕਰਨ ਦਾ, ਸਿਰ ਢੱਕਣ ਲਈ ਛੱਤ ਦਾ ਪ੍ਰਬੰਧ ਕਰਨ ਦਾ, ਭੁੱਖ ਮਿਟਾਉਣ ਲਈ ਅੰਨ ਦਾ ਪ੍ਰਬੰਧ ਕਰਨ ਦਾ ਵੀ ਘੱਟੋ ਘੱਟ ਹੱਕ ਨਾ ਹੋਵੇ ਉਹ ਆਖਰ ਕਿਵੇਂ ਮਨੁੱਖ ਅਖਵਾ ਸਕਦਾ ਹੈ? ਜੇ ਉਹ ਕਦੇ ਇਹਨਾਂ ਹੱਕਾਂ ਦੀ ਖਾਤਰ ਥੋੜ੍ਹੀ ਬਹੁਤ ਹਿੱਲਜੁੱਲ ਕਰਦਾ ਵੀ ਸੀ ਤਾਂ ਜਾਂ ਤਾਂ ਉਹ ਸਰੀਰ ਦਾ ਕੋਈ ਅੰਗ ਗੁਆ ਬੈਠਦਾ ਸੀ ਜਾਂ ਕੀੜੇ ਮਕੌੜਿਆਂ ਵਾਂਗ ਜਾਨ ਤੋਂ ਹੀ ਹੱਥ ਧੋ ਬੈਠਦਾ ਸੀ।

ਇਹ ਸਥਿਤੀ ਕੋਈ ਸਾਲ ਜਾਂ ਸੌ ਸਾਲ ਤੋਂ ਨਹੀਂ ਸਗੋਂ ਹਜ਼ਾਰਾਂ ਸਾਲਾਂ ਤੋਂ ਤੁਰੀ ਆ ਰਹੀ ਹੈ। ਸਿਤਮ ਦੀ ਗੱਲ ਹੈ ਕਿ ਤਰ੍ਹਾਂ ਤਰ੍ਹਾਂ ਦੇ ਰਾਜਿਆਂ ਮਹਾਰਾਜਿਆਂ ਦਾ ਰਾਜ ਆਇਆ, ਦੇਸੀਆਂ ਵਿਦੇਸ਼ੀਆਂ ਦੀ ਹਕੂਮਤ ਆਈ, ਵੱਡੇ ਵੱਡੇ ਧਾਰਮਿਕ ਪੁਰਸ਼ ਆਏ, ਸਮਾਜਿਕ ਕਾਰਕੁਨ ਆਏ, ਨਵੇਂ ਨਵੇਂ ਫਲਸਫ਼ੇ ਅਤੇ ਵਿਚਾਰਧਾਰਾਵਾਂ ਆਈਆਂ, ਲੋਕਤੰਤਰ ਆਇਆ, ਆਜ਼ਾਦੀ ਆਈ, ਵਿਗਿਆਨਕ ਯੁਗ ਆਇਆ ਤੇ ਹੁਣ ਸਾਰੀ ਦੁਨੀਆਂ ਇਕ ਇਕਾਈ ਵਿੱਚ ਵਟਦੀ ਜਾ ਰਹੀ ਹੈ ਪਰ ਇਹ ਜਾਪਪਾਤੀ ਜਿੰਨ ਹਾਲੇ ਵੀ ਜਿਉਂਦਾ ਹੈ, ਹਾਲੇ ਵੀ ਜ਼ਹਿਰੀਲੇ ਫੂੰਕਾਰੇ ਮਾਰ ਮਾਰ ਕਿੰਨੇ ਹੀ ਦੀਪ ਬੁਝਾਈ ਜਾ ਰਿਹਾ ਹੈ। ਨਾ ਕਦੇ ਕਾਨੂੰਨ ਇਸਦਾ ਕੁਝ ਵਿਗਾੜ ਸਕਿਆ ਹੈ ਨਾ ਕੋਈ ਮਾਨਵ ਪੱਖੀ ਧਰਮ ਇਸਨੂੰ ਮੋੜਾ ਪਾ ਸਕਿਆ ਹੈ। ਥੋੜ੍ਹੀ ਦੇਰ ਲਈ ਮੋੜਾ ਪੈਂਦਾ ਵੀ ਹੈ ਤਾਂ ਇਹ ਫਿਰ ਹੋਰ ਵਧੇਰੇ ਤਾਕਤ ਨਾਲ ਉਠ ਖਲੋਂਦਾ ਹੈ। ਦੇਸ ਤੇ ਸਮਾਜ ਦਾ ਇਸ ਨੇ ਬਹੁਤ ਨੁਕਸਾਨ ਕਰ ਦਿੱਤਾ ਹੈ।

ਅੱਜ ਹਾਲਤ ਇਹ ਹੈ ਕਿ ਸਮਾਜ ਲੀਰੋ ਲੀਰ ਹੋਇਆ ਪਿਆ ਹੈ। ਵੱਖ-ਵੱਖ ਜਾਤੀਆਂ ਵੱਖ-ਵੱਖ ਕੌਮਾਂ ਇੱਕ ਦੂਜੇ ਦੀ ਦੁਸ਼ਮਣ ਹੋਈਆਂ ਪਈਆਂ ਹਨ। ਕਮਜ਼ੋਰ ਜਾਤੀਆਂ ਨੂੰ ਉੱਚੀਆਂ ਜਾਤੀਆਂ ਬੁਰੀ ਤਰ੍ਹਾਂ ਲਤਾੜ ਰਹੀਆਂ ਹਨ। ਜਾਬਰ ਜਾਤੀਆਂ ਹਾਲੇ ਵੀ ਬਰਦਾਸ਼ਤ ਨਹੀਂ ਕਰਦੀਆਂ ਕਿ ਨੀਵੀਆਂ ਜਾਤਾਂ, ਉਪਰ ਉੱਠਣ। ਉਹਨਾਂ ਦਾ ਚੰਗੀ ਪੜ੍ਹਾਈ ਕਰਨਾ, ਚੰਗੀ ਨੌਕਰੀ 'ਤੇ ਲੱਗਣਾ, ਉਪਰਲੀਆਂ ਜਾਤੀਆਂ ਨਾਲ ਵਿਆਹ ਸ਼ਾਦੀ ਦਾ ਰਿਸ਼ਤਾ ਬਣਾਉਣਾ, ਚੰਗਾ ਖਾਣਾ ਪੀਣਾ, ਆਪਣੀ ਕੋਈ ਰਾਜਨੀਤਕ ਸ਼ਕਤੀ ਵੱਖਰੇ ਤੌਰ ਤੇ ਤਿਆਰ ਕਰਨਾ ਆਦਿ ਇਹਨਾਂ ਉਪਰਲੀਆਂ ਜਾਤੀਆਂ ਨੂੰ ਬਿਲਕੁੱਲ ਗੰਵਾਰਾ ਨਹੀਂ।

ਇਸ ਤਰ੍ਹਾਂ ਦੇ ਰੁਝੇਵਿਆਂ ਨੂੰ ਰੋਕਣ ਲਈ ਉੱਚ ਜਾਤੀਏ ਕਿਸੇ ਵੀ ਹੱਦ ਤੱਕ ਜ਼ਾ ਸਕਦੇ ਹਨ। ਬੰਦੇ ਨੂੰ ਗਾਜਰਾਂ ਮੂਲੀਆਂ ਵਾਂਗੂੰ ਕਤਲ ਕਰ ਸਕਦੇ ਹਨ। ਸ਼ਰੇਆਮ ਗੋਲੀਆਂ ਨਾਲ ਭੁੰਨ ਸਕਦੇ ਹਨ। ਕਾਨੂੰਨ ਤੇ ਸਿਆਸੀ ਤਾਕਤ ਹਮੇਸ਼ਾਂ ਸਿੱਧੇ ਜਾਂ ਅਸਿੱਧੇ ਢੰਗ ਨਾਲ ਇਹਨਾਂ ਉੱਚੀਆਂ ਜਾਤੀਆਂ ਦੇ ਹੱਕ ਵਿੱਚ ਹੀ ਭੁਗਤ ਜਾਂਦੀ ਹੈ। ਇਸ ਸਾਰੇ ਤਾਣੇ-ਬਾਣੇ ਵਿੱਚ ਵਿਚਰਦਿਆਂ ਇਸ ਖੇਤੀ ਪ੍ਰਧਾਨ ਸੂਬੇ ਪੰਜਾਬ ਵਿੱਚ ਖੇਤੀ ਕਰਨ ਵਾਲਾ ਕਥਿਤ ਉੱਚੀ ਜਾਤੀ ਮਾਲਕ ਜਿਮੀਂਦਾਰ ਅਤੇ ਨਾਲ ਖੇਤੀ ਸਹਾਇਕ ਸੀਰੀ ਜੋ ਦੱਬੀਆਂ ਕੁਚਲੀਆਂ ਜਾਤਾਂ ਵਿੱਚੋਂ ਹੁੰਦਾ ਹੈ ਇਸਦੀ ਲਹੂ ਭਿੱਜੀ ਦਾਸਤਾਨ ਬਿਆਨ ਕੀਤੀ ਹੈ ਡਾ: ਕਲੇਰ ਨੇ ਕਹਾਣੀ ਸੰਗ੍ਰਹਿ 'ਜਿਊਣਾ ਸੀਰੀ' ਵਿੱਚ। ਜੋ ਇੱਕ ਵਾਰੀ ਸੀਰੀ ਬਣ ਗਿਆ ਉਸਨੂੰ ਲੋੜ ਪੈਣ ਤੇ ਕਰਜ਼ਾ ਦੇ ਕੇ ਉੱਚਾ ਵਿਆਜ ਲਗਾਇਆ ਜਾਂਦਾ ਹੈ ਅਤੇ ਤਾ-ਉਮਰ ਇਸ ਜਾਲ ਵਿੱਚੋਂ ਨਹੀਂ ਨਿਕਲਣ ਦਿੱਤਾ ਜਾਂਦਾ। ਸਗੋਂ ਅੱਗੋਂ ਵੀ ਅਜਿਹਾ ਪ੍ਰਬੰਧ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਕਿ ਸੀਰੀ ਦੀ ਔਲਾਦ ਵੀ ਸੀਰੀ ਹੀ ਬਣਨ ਲਈ ਮਜ਼ਬੂਰ ਹੋ ਜਾਵੇ।

ਅਜਿਹੀਆਂ ਉਦਾਹਰਣਾਂ ਵੀ ਮਿਲਦੀਆਂ ਹਨ ਕਿ ਕੁਝ ਉੱਚ ਜਾਤੀ ਟੀਚਰ ਭਲੇ ਚੰਗੇ ਪੜ੍ਹਦੇ ਨੀਵੀਂ ਜਾਤੀ ਦੇ ਬੱਚਿਆਂ ਨੂੰ ਬਿਨਾਂ ਵਜਾਹ ਕੁੱਟ ਕੁੱਟ ਕੇ ਸਕੂਲੋਂ ਭਜਾਉਣ ਦੀ ਕੋਸ਼ਿਸ਼ ਕਰਦੇ ਹਨ ਤਾਂ ਜੋ ਉਹ ਸਕੂਲ ਤੋਂ ਮੂੰਹ ਮੋੜਕੇ ਮੁੜ ਖੇਤਾਂ ਵਿੱਚ ਹੀ ਮਜ਼ਦੂਰ ਬਣਨ ਤੇ ਸੀਰੀ ਲੱਗਣ। ਜੇ ਕੋਈ ਫਿਰ ਵੀ ਪੜ੍ਹ ਜਾਵੇ ਤਾਂ ਉਸਨੂੰ ਚੰਗੀ ਨੌਕਰੀ ਲੱਗਣ ਤੋਂ ਰੋਕਣ ਲਈ ਹੀਲੇ ਕੀਤੇ ਜਾਂਦੇ ਹਨ, ਸਾਜਸ਼ਾਂ ਘੜੀਆਂ ਜਾਂਦੀਆਂ ਹਨ। ਜਾਤੀ ਬੰਧਨ ਤੋੜਕੇ ਕੋਈ ਜੋੜਾ ਵਿਆਹ ਦੇ ਬੰਧਨ ਵਿੱਚ ਬੰਨ੍ਹਣਾ ਚਾਹੇ ਤਾਂ ਉਹ ਜਾਨ ਤੋਂ ਵੀ ਹੱਥ ਧੋ ਸਕਦਾ ਹੈ। ਇਸਦੀ ਗਾਜ ਵੀ ਆਮ ਤੌਰ ਤੇ ਕਮਜ਼ੋਰ ਤੇ ਹੀ ਗਿਰਦੀ ਹੈ। ਇਸ ਤਰ੍ਹਾਂ ਦੀ ਸਥਿਤੀ ਭਾਵੇਂ ਜਿਮੀਦਾਰ ਤੇ ਸੀਰੀ ਦੇ ਮਾਮਲੇ ਵਿਚ ਹੀ ਨਹੀਂ ਸਗੋਂ ਉੱਚੀਆਂ ਜਾਤੀਆਂ ਤੇ ਨੀਵੀਆਂ ਜਾਤੀਆਂ ਵਿਚਕਾਰ ਹਰ ਖੇਤਰ ਵਿੱਚ ਵਾਪਰ ਰਹੀ ਹੈ ਪਰ ਲੇਖਕ ਨੇ ਜਿੰਮੀਦਾਰ ਤੇ ਸੀਰੀ ਦੀ ਵਿਥਿਆ ਹੀ

ਲਈ ਹੈ। ਇਸ ਵਿਥਿਆ ਦਾ ਲੇਖਕ ਨੇ ਪੇਂਡੂ ਜੀਵਨ ਨਾਲ ਸਬੰਧਤ ਢੁੱਕਵੀਂ ਪੰਜਾਬੀ ਵਿੱਚ ਬਾਖੂਬੀ ਬਿਰਤਾਂਤ ਕੀਤਾ ਹੈ। ਪੇਂਡੂ ਮੁਹਾਵਰੇ ਤੇ ਅਖੌਤ ਨਾਲ ਬੋਲੀ ਨੂੰ ਅਜਿਹਾ ਸੰਵਾਰਿਆ ਤੇ ਸ਼ਿੰਗਾਰਿਆ ਹੈ ਕਿ ਲੇਖਕ ਦੇ ਦਿਲ ਦੀ ਗੱਲ ਠਾਹ ਕਰਕੇ ਸਮਝ ਪੈ ਜਾਂਦੀ ਹੈ, ਜ਼ਿਆਦਾ ਤਰੱਦਦ ਦੀ ਲੋੜ ਨਹੀਂ ਪੈਂਦੀ। ਇਹ ਲੇਖਕ ਦਾ ਹਾਸਲ ਹੈ।

ਕਹਾਣੀ ਸੰਗ੍ਰਹਿ ਦੀਆਂ ਦਸ ਕਹਾਣੀਆਂ ਵਿੱਚੋਂ ਪਹਿਲੀ ਕਹਾਣੀ 'ਕੰਡਿਆਲੀ ਥੋਹਰ' ਵਿੱਚ ਯੂਨੀਵਰਸਿਟੀ ਪੜ੍ਹਦੀ ਸੁਹਣੀ ਸੁਨੱਖੀ ਨੀਵੀਂ ਜਾਤੀ ਦੀ ਕੁੜੀ ਯੂਨੀਵਰਸਿਟੀ ਵਿੱਚ ਹੀ ਪੜ੍ਹਦੇ ਇੱਕ ਉੱਚ ਜਾਤੀ ਮੁੰਡੇ ਨੂੰ ਉਦੋਂ ਤੱਕ ਹੀ ਸਮਾਰਟ ਲੱਗਦੀ ਹੈ ਜਦੋਂ ਤੱਕ ਉਸਨੂੰ ਉਸਦੀ ਜਾਤੀ ਦਾ ਪਤਾ ਨਹੀਂ। ਉਹ ਉਸਨੂੰ 'ਦੁਆਬੇ ਦੀ ਜੱਟੀ' ਸਮਝਦਿਆਂ ਉਸ ਨਾਲ ਵਿਆਹ ਕਰਵਾਉਣ ਲਈ ਤਰਲੋ ਮੱਛੀ ਹੋਇਆ ਪਿਆ ਹੈ। ਪਰ ਜਦੋਂ ਕੁੜੀ ਦੀ ਜਾਤੀ ਪਤਾ ਚਲਦੀ ਹੈ ਤੇ ਉਹ ਕਿਤੇ ਹੋਰ ਵਿਆਹੇ ਜਾਣ ਦੀ ਤਿਆਰੀ ਵਿੱਚ ਹੈ ਤਾਂ ਇੱਕ ਦਮ ਉਸਦੇ ਸੁਪਨਿਆਂ ਦੀ ਰਾਣੀ ਘਿਰਣਾਮਈ 'ਚਮਾਰੀ' ਵਿੱਚ ਤਬਦੀਲ ਹੋ ਜਾਂਦੀ ਹੈ। 'ਵੱਟਾਂ' ਵਿੱਚ ਤਰਖਾਣਾਂ ਕੀ ਕੁੜੀ ਨੀਵੀਂ ਜਾਤੀ ਮੁੰਡੇ ਨਾਲ ਕਚਹਿਰੀ ਵਿੱਚ ਵਿਆਹ ਕਰਵਾ ਲੈਂਦੀ ਹੈ। ਪਤਾ ਲੱਗਣ ਤੇ ਜਾਤੀ ਟਕਰਾਅ ਕਾਰਣ ਬਹੁਤ ਉਤਰਾਅ ਚੜ੍ਹਾਅ ਆਉਂਦੇ ਹਨ ਪਰ ਅਖੀਰ ਕੁੜੀ ਦਾ ਪਿਉ ਇਕ ਇਨਕਲਾਬੀ ਹੋਕਾ ਦਿੰਦਾ ਹੈ, "...... ਢਾਹ ਗਈ ਓ ਮੇਰੀ ਧੀ ਪਾਈਆਂ ਵੱਟਾਂ....।" ਇਸ ਪੱਖੋਂ ਇਹ ਇਨਕਲਾਬੀ ਕਹਾਣੀ ਹੈ ਜੋ ਵਿਆਹ ਵਿੱਚ ਆਈ ਜਾਤਪਾਤੀ ਸਮੱਸਿਆ ਦਾ ਢੁੱਕਵਾਂ ਹੱਲ ਸੁਝਾਉਂਦੀ ਹੈ। ਅਗਲੀ ਕਹਾਣੀ 'ਇਨਸਾਫ਼' ਵਿੱਚ ਨੀਵੀਂ ਜਾਤੀ ਦਾ ਮੁੰਡਾ ਆਈ.ਏ.ਐਸ. ਦਾ ਇਮਤਿਹਾਨ ਪਾਸ ਕਰ ਲੈਂਦਾ ਹੈ ਤੇ ਇੰਟਰਵਿਊ ਦੀ ਤਿਆਰੀ ਕਰ ਰਿਹਾ ਹੈ ਜੋ ਇਕ ਉੱਚ ਜਾਤੀਏ ਨੂੰ ਖਟਕਦਾ ਹੈ। ਉਹ ਉਸਨੂੰ ਆਪਣੇ ਟਰੱਕ ਦੇ ਡਰਾਈਵਰ ਭਈਏ ਹੱਥੋਂ ਟਰੱਕ ਹੇਠ ਦਰੜਵਾ ਦਿੰਦਾ ਹੈ ਜਿਸ ਦਾ ਖੁਲਾਸਾ ਉਚ ਜਾਤੀਏ ਦੀ ਭੈਣ ਆਪਣੇ ਇੱਕ ਜਾਣਕਾਰ ਕੋਲ ਕਰਦੀ ਹੈ। ਇਹ ਕੁੜੀ ਉਸ ਮੁੰਡੇ ਨੂੰ ਚਾਹੁੰਦੀ ਹੁੰਦੀ ਸੀ। ਕੁਝ ਮਹੀਨਿਆਂ ਬਾਅਦ ਉਹੀ ਟਰੱਕ ਡਰਾਈਵਰ ਮਾਲਕ ਦੀ ਵਹੁਟੀ ਤੇ ਬੱਚਿਆਂ ਨੂੰ ਲੈ ਕੇ ਟਰੱਕ ਸਮੇਤ ਫਰਾਰ ਹੋ ਜਾਂਦਾ ਹੈ। ਲੇਖਕ ਨੇ ਇਹ ਕੁਦਰਤ ਦਾ ਇਨਸਾਫ਼ ਵਿਖਾਇਆ ਹੈ ਪਰ ਅਜਿਹਾ ਹਰ ਵਾਰੀ ਹਰ ਕੇਸ ਵਿੱਚ ਨਹੀਂ ਵਾਪਰ ਸਕਦਾ। 'ਸ਼ਤਰੰਜੀ ਚਾਲ' ਵਿੱਚ ਰਾਖਵੇਂਕਰਣ ਅਧੀਨ ਪਹਿਲੇਂ ਉਚ ਜਾਤੀਏ ਸਰਪੰਚ ਕੋਲੋਂ ਸਰਪੰਚੀ ਖੁਸਦੀ ਜਾਪਦੀ ਹੈ ਤਾਂ ਉਹ ਆਪਣਾ ਹੱਥ ਠੋਕਾ ਸਰਪੰਚ ਬਣਾਉਣ ਲਈ ਜਾਤੀ ਵਖਰੇਂਵੇ ਖੜ੍ਹੇ ਕਰਦਾ ਹੈ ਤੇ ਫਿਰ ਆਪ ਗੋਲੀ ਚਲਾਕੇ ਰਿਜ਼ਰਵ ਦੇ ਸਰਪੰਚ ਉਮੀਦਵਾਰ ਉਤੇ ਸਾਜ਼ਿਸ਼ ਅਧੀਨ ਕੇਸ ਪਵਾ ਦਿੰਦਾ ਹੈ ਤੇ ਉਸਨੂੰ ਗ੍ਰਿਫਤਾਰ ਕਰਵਾ ਦਿੰਦਾ ਹੈ।

ਅਗਲੀ ਕਹਾਣੀ 'ਬਾਈਕਾਟ' ਵਿੱਚ ਰਾਖਵੀਂ ਜਾਤੀ ਦਾ ਸਰਪੰਚ ਬਣਦਾ ਹੈ ਤਾਂ ਜਿੰਮੀਦਾਰ ਪਿੰਡ ਦੀਆਂ ਸਾਰੀਆਂ ਨੀਵੀਆਂ ਜਾਤੀਆਂ ਨੂੰ ਖੇਤਾਂ ਵਿੱਚ ਵੜਨੋਂ ਰੋਕ ਦਿੰਦੇ ਹਨ ਤੇ ਮੁਕੰਮਲ ਬਾਈਕਾਟ ਕਰ ਦਿੰਦੇ ਹਨ। ਦੋ ਔਰਤਾਂ ਮੱਦਦ ਤੇ ਆਉਂਦੀਆਂ ਹਨ ਤਾਂ ਪਹਿਲਾ ਸਰਪੰਚ ਸਾਜਿਸ਼ ਅਧੀਨ ਉਹਨਾਂ ਔਰਤਾਂ ਦਾ ਕਤਲ ਕਰਵਾ ਕੇ ਕੇਸ ਰਿਜ਼ਰਵ ਦੇ ਸਰਪੰਚ ਸਿਰ ਪੁਆ ਦਿੰਦਾ ਹੈ। 'ਖੁਦਕਸ਼ੀ' ਵਿੱਚ ਨੀਵੀਂ ਜਾਤੀ ਦਾ ਇੱਕ ਮੁੰਡਾ ਪੜ੍ਹਕੇ ਅਫ਼ਸਰ ਲੱਗਣ ਦਾ ਸੁਪਨਾ ਪਾਲ ਬੈਠਾ ਹੈ। ਪੜ੍ਹਨ ਵਿੱਚ ਹੁਸ਼ਿਆਰ ਹੈ। ਪਰ ਇੱਕ ਉੱਚ ਜਾਤੀਏ ਵਲੋਂ ਅਜਿਹੇ ਹਾਲਾਤ ਪੈਦਾ ਕੀਤੇ ਗਏ ਕਿ ਸੀਰੀ ਬਾਪ ਦੀ ਥਾਂ ਰੁੱਗ ਲਾਉਂਦਿਆਂ ਪਾੜ੍ਹੇ ਪੁੱਤ ਦੀ ਮਸ਼ੀਨ ਵਿੱਚ ਆ ਕੇ ਬਾਂਹ ਕੱਟੀ ਗਈ ਤੇ ਬੱਸ ਉਹ ਪੜ੍ਹਾਈ ਛੱਡ ਪਾਲੀ ਬਣਨ ਜੋਗਾ ਹੀ ਰਹਿ ਗਿਆ। ਅੰਤ ਉਸਨੂੰ ਪਾਰ ਬੁਲਾ ਦਿੱਤਾ ਗਿਆ ਤੇ ਨਾਂ ਖੁਦਕੁਸ਼ੀ ਦਾ ਦੇ ਦਿੱਤਾ ਗਿਆ। ਅਗਲੀ ਕਹਾਣੀ 'ਭਵਿੱਖ ਤਰਾਸਦੇ ਲੋਕ' ਵਿੱਚ ਸੀਰੀ ਦਾ ਮੁੰਡਾ ਸਮਾਜਕ ਤੇ ਰਾਜਸੀ ਗਤੀਵਿਧੀਆਂ ਵਿੱਚ ਹਿੱਸਾ ਲੈਂਦਿਆਂ ਸਰਦਾਰਾਂ ਦੇ ਗਲਤ ਕੰਮਾਂ ਵਿਰੁੱਧ ਬੋਲਦਾ ਹੈ ਜਿਸ ਦੇ ਫਲਸਰੂਪ ਸੀਰੀ ਨੂੰ ਕੰਮ ਤੋਂ ਜਵਾਬ ਦੇ ਦਿੱਤਾ ਜਾਂਦਾ ਹੈ ਅਤੇ ਉਸਦੇ ਮੁੰਡੇ ਨੂੰ ਇੰਟਰਵਿਊ ਤੇ ਸ਼ਹਿਰ ਗਏ ਨੂੰ ਘੇਰਕੇ ਇੰਨਾ ਕੁੱਟਿਆ ਕਿ ਉਹ ਅਧਮੋਇਆ ਹਸਪਤਾਲ ਦਾਖਲ ਕਰਵਾਇਆ ਗਿਆ।

ਅਗਲੀ ਕਹਾਣੀ 'ਜਿਉਣਾ ਸੀਰੀ' ਇਸ ਕਹਾਣੀ ਸੰਗ੍ਰਹਿ ਦੀ ਪ੍ਰਤੀਨਿਧ ਕਹਾਣੀ ਹੈ। ਜਿਊਣਾ ਬਚਪਨ ਵਿੱਚ ਪੜ੍ਹਨ ਵਿੱਚ ਹੁਸ਼ਿਆਰ ਹੈ। ਉਸਦਾ ਸੀਰੀ ਪਿਉ ਇਕ ਖੁਦਾਈ ਵੇਲੇ ਢਿਗ ਡਿੱਗਣ ਕਾਰਣ ਹੇਠਾਂ ਦੱਬਕੇ ਮਰ ਗਿਆ ਸੀ। ਜਿਊਣੇ ਨੂੰ ਜਿੰਮੀਦਾਰ ਦੇ ਇੱਕ ਅਧਿਆਪਕ ਮੁੰਡੇ ਨੇ ਬਿਨਾਂ ਕਿਸੇ ਖਾਸ ਕਾਰਣੋਂ ਮਾਰ ਮਾਰ ਕੇ ਸਕੂਲੋਂ ਭਜਾ ਦਿੱਤਾ ਜੋ ਆਖਰਕਾਰ ਸੀਰੀ ਲੱਗਣ ਲਈ ਮਜਬੂਰ ਹੋ ਗਿਆ। ਰੁੱਖੀ ਸੁੱਕੀ ਖਾ ਕੇ ਉਹ ਬੁਢਾਪੇ ਤੱਕ ਸੀਰੀਪੁਣਾ ਨਿਭਾਉਂਦਾ ਹੈ ਪਰ ਜਿੰਮੀਦਾਰਾਂ ਦੀ ਮੁੰਡੀਰ ਵਲੋਂ ਜਦੋਂ ਉਨ੍ਹਾਂ ਦੀ ਕੁੜੀ ਨੂੰ ਛੇੜਿਆ ਜਾਂਦਾ ਹੈ ਤਾਂ ਉਹੀ ਜਿਊਣਾ ਅਜਿਹਾ ਰੋਹ ਵਿੱਚ ਆਉਂਦਾ ਹੈ ਕਿ ਉਹਨਾਂ ਵੱਲੋਂ ਦਿੱਤੀ ਰੋਟੀ ਖੇਤਾਂ ਵਿੱਚ ਵਗਾਹ ਕੇ ਮਾਰਦਾ ਹੈ ਤੇ ਗਰਜਕੇ ਆਖਦਾ ਹੈ "....ਅਸੀਂ ਇਹੋ ਜਿਹੀ ਰੋਟੀ ਨੀ ਖਾਣੀ ਓਏ.....।" ਬਹੁਤ ਇਨਕਲਾਬੀ ਕਹਾਣੀ ਹੈ ਇਹ ਜਿਸ ਵਿੱਚ ਸਰੀਰੋਂ ਤੇ ਆਰਥਿਕ ਪੱਖੋਂ ਕਮਜ਼ੋਰ ਸੀਰੀ ਆਪਣੀ ਇੱਜ਼ਤ ਖ਼ਾਤਰ ਆਪਣੇ ਇਕੋ ਇਕ ਰੋਜੀ ਦੇ ਸਾਧਨ ਸੀਰੀਪੁਣੇ ਨੂੰ ਲੱਤ ਮਾਰ ਦਿੰਦਾ ਹੈ। 'ਦੁਆਨੀ ਚੁਆਨੀ' ਵਿੱਚ ਵਿਖਾਇਆ ਹੈ ਕਿ ਰਾਜਨੀਤੀ ਖੇਤਰ ਵਿੱਚ ਵੀ ਛੋਟੀਆਂ ਜਾਤਾਂ ਤੋਂ ਪੂਰੇ ਕੰਮ ਕਰਵਾਕੇ ਅਖ਼ੀਰ ਉਨ੍ਹਾਂ ਨੂੰ ਕੋਈ ਛੋਟਾ ਮੋਟਾ ਅਹੁਦਾ ਦੇ ਕੇ ਛਣਛਣਾ ਪਕੜਾ ਦਿੱਤਾ ਜਾਂਦਾ ਹੈ। ਬੱਸ ਇਸਤੋਂ ਅੱਗੇ ਜਾਣੋਂ ਹਰ ਹੀਲੇ ਰੋਕਿਆ ਜਾਂਦਾ ਹੈ। ਸਿਰਫ਼ ਰਾਖਵੇਂਕਰਣ ਅਧੀਨ ਜੋ ਜ਼ਰੂਰੀ ਥਾਂ ਹੈ ਉਹ ਹੀ ਮਜਬੂਰੀ ਵਿੱਚ ਦਿੱਤੀ ਜਾਂਦੀ ਹੈ। ਆਖਰੀ ਕਹਾਣੀ 'ਇਹ ਉਹ ਗਿੱਲ ਨਹੀਂ' ਵਿੱਚ ਦੋ ਅਜਨਬੀ ਬੱਸ ਵਿੱਚ ਮਿਲਦੇ ਹਨ। ਉਹਨਾਂ ਵਿੱਚੋਂ ਇਕ ਆਪਣੇ ਆਪ ਨੂੰ 'ਗਿੱਲ' ਵਜੋਂ ਜਾਣ ਪਛਾਣ ਕਰਵਾਉਂਦਾ ਹੈ ਜਿਸ ਦੀ ਉਸਨੂੰ ਉੱਚ ਜਾਤੀ ਹੋਣ ਦੀ ਬਹੁਤ ਹੈਂਕੜ ਹੈ ਜੋ ਉਸ ਦੀਆਂ ਗੱਲਾਂ ਵਿੱਚੋਂ ਬਾਰ ਬਾਰ ਝਲਕਦੀ ਹੈ। ਉਸਦੇ ਪੁੱਛਣ 'ਤੇ ਦੂਜੇ ਨੇ ਵੀ ਆਪਣੇ ਆਪ ਨੂੰ ਗਿੱਲ ਹੀ ਦੱਸਿਆ। ਯਾਦ ਰਹੇ ਨੀਵੀਂ ਜਾਤੀਆਂ ਵਿੱਚ ਵੀ 'ਗਿੱਲ' ਹੁੰਦੇ ਹਨ। ਇਸ ਸੱਚਾਈ ਤੋਂ ਬੇਖ਼ਬਰ ਉਹ ਉਸਨੂੰ ਆਪਣੀ ਹੀ ਜਾਤੀ ਦਾ ਮੰਨਕੇ ਬੜੀਆਂ ਹੈਂਕੜ ਭਰੀਆਂ ਗੱਲਾਂ ਛੱਡਦਾ ਹੈ। ਬੱਸ 'ਚੋਂ ਉੱਤਰਦਿਆਂ ਜੋ ਸਾਥੀ ਉਸਨੂੰ ਲੈਣ ਆਇਆ ਹੁੰਦਾ ਹੈ ਉਹ ਦੂਜੇ ਗਿੱਲ ਦੇ ਪਿੰਡਾਂ ਦਾ ਹੈ ਜਿਸਤੋਂ ਪਤਾ ਲੱਗਦਾ ਹੈ ਕਿ ਦੂਜਾ ਗਿੱਲ ਉੱਚ ਜਾਤੀ ਵਾਲਾ ਗਿੱਲ ਨਹੀਂ ਹੈ। ਇੰਨਾ ਦੱਸਕੇ ਕਿ ਇਹ ਉਹ ਗਿੱਲ ਨਹੀਂ ਉਹ ਨਫ਼ਰਤ ਵਿੱਚ ਆਪਣਾ ਮੂੰਹ ਦੂਜੇ ਪਾਸੇ ਭੰਵਾ ਲੈਂਦਾ ਹੈ।

ਇੰਜ ਇਸ ਕਹਾਣੀ ਸੰਗ੍ਰਹਿ ਦੀਆਂ ਸਾਰੀਆਂ ਦੀਆਂ ਸਾਰੀਆਂ ਕਹਾਣੀਆਂ ਜਾਤੀ ਸਰਾਪ ਵਿੱਚ ਪੂਰੀ ਤਰ੍ਹਾਂ ਸਰਾਪੀਆਂ ਹੋਈਆਂ ਹਨ ਜਿੰਨ੍ਹਾਂ ਤੋਂ ਪਤਾ ਚਲਦਾ ਹੈ ਕਿ ਜਾਤੀਵਾਦ ਬਹੁਤ ਬੁਰੀ ਤਰ੍ਹਾਂ ਲਹੂ ਵਿੱਚ ਸਮਾ ਚੁੱਕਾ ਹੈ। ਆਖਣ ਨੂੰ ਤਾਂ ਆਖ ਦਿੱਤਾ ਜਾਂਦਾ ਹੈ ਕਿ ਹੁਣ ਉਹ ਗੱਲਾਂ ਨਹੀਂ ਰਹੀਆਂ, ਰਾਖਵੇਂਕਰਨ ਕਾਰਨ ਨੀਵੀਆਂ ਜਾਤਾਂ ਵੀ ਬਹੁਤ ਉਪਰ ਆ ਗਈਆਂ ਹਨ। ਪਰ ਸਵਾਲ ਇਹ ਹੈ ਕਿ ਉਹ ਕਿੰਨੇ ਕੁ ਹਨ? ਜੋ ਉਪਰ ਆ ਵੀ ਗਏ ਹਨ ਜਾਤੀਵਾਦ ਉਹਨਾਂ ਦਾ ਫਿਰ ਵੀ ਪਿੱਛਾ ਨਹੀਂ ਛੱਡਦੀ ਤੇ ਗਾਹੇ ਬਗਾਹੇ ਉਹਨਾਂ ਨੂੰ ਇਸਦਾ ਅਹਿਸਾਸ ਕਰਵਾ ਦਿੱਤਾ ਜਾਂਦਾ ਹੈ। ਇਸ ਸੱਚਾਈ ਨੂੰ ਪਰਗਟ ਕਰਨ ਲਈ ਡਾ: ਹਰਨੇਕ ਸਿੰਘ ਕਲੇਰ ਨੇ ਲੋੜੀਂਦੇ ਢੁਕਵੇਂ ਹਾਲਾਤ ਸਿਰਜਕੇ ਆਪਣੀ ਗੱਲ ਸਾਬਤ ਕਰਨ ਦੇ ਸਫਲ ਜਤਨ ਕੀਤੇ ਹਨ। ਸਿਰਜੇ ਹੋਏ ਹਾਲਾਤ ਅਤੇ ਘਟਨਾਵਾਂ ਪਾਠਕ ਵਿੱਚ ਰੋਹ ਪੈਦਾ ਕਰਦੇ ਹਨ ਅਤੇ ਉਸ ਦੇ ਹਿਰਦੇ ਵਿੱਚ ਜਾਤੀਪਾਤੀ ਨਿਜ਼ਾਮ ਵਿਰੁੱਧ ਨਫ਼ਰਤ ਭਰ ਦਿੰਦੇ ਹਨ। ਇਹੀ ਰੋਹ ਅਤੇ ਨਫ਼ਰਤ ਇਕ ਸਾਧਨ ਬਣਕੇ ਸੇਧਤ ਹੋ ਸਕਦਾ ਹੈ। ਇਸ ਪੱਖੋਂ ਇਹ ਲੇਖਕ ਦੀ ਸਫ਼ਲਤਾ ਆਖੀ ਜਾ ਸਕਦੀ ਹੈ। ਇੰਨਾਂ ਗੁੰਝਲਦਾਰ ਵਿਸ਼ਾ ਚੁਣਨ ਅਤੇ ਸਫ਼ਲਤਾਪੂਰਵਕ ਨਿਭਾਉਣ ਲਈ ਲੇਖਕ ਨੂੰ ਸਲਾਮ।

-98726-70278

--o--

ਪੰਚਤੰਤਰ ਦੀ ਕਹਾਣੀ

ਸ਼ਿਕਾਰ ਦਾ ਐਲਾਨ

-ਅਨੁਵਾਦ : ਅਮਰਜੀਤ ਚੰਦਰ

ਇਕ ਸੰਘਣੇ ਜੰਗਲ ਵਿੱਚ ਇਕ ਸ਼ੇਰ ਅਤੇ ਉਸਦੇ ਚਾਰ ਸੇਵਕ (ਲੂੰਬੜੀ, ਚੀਤਾ, ਇੱਲ ਅਤੇ ਬਘਿਆੜ) ਰਹਿੰਦੇ ਸਨ। ਲੂੰਬੜੀ ਸ਼ੇਰ ਦੀ ਸੈਕਟਰੀ ਸੀ। ਚੀਤਾ ਰਾਜੇ ਦਾ ਅੰਗਰੱਖਿਅਕ ਸੀ ਅਤੇ ਸਦਾ ਉਸਦੇ ਪਿੱਛੇ ਤੁਰਦਾ। ਇੱਲ ਦੂਰ -ਦੂਰ ਤੱਕ ਉੱਡ ਕੇ ਖ਼ਬਰਾਂ ਲਿਆਉਂਦੀ, ਬਘਿਆੜ ਗ੍ਰਹਿ ਮੰਤਰੀ ਸੀ। ਉਨ੍ਹਾਂ ਦਾ ਅਸਲੀ ਕੰਮ ਤਾਂ ਸ਼ੇਰ ਦੀ ਚਾਪਲੂਸੀ ਕਰਨਾ ਸੀ। ਇਸ ਕੰਮ ਵਿੱਚ ਚਾਰੇ ਮਾਹਿਰ ਸਨ ਇਸ ਲਈ ਜੰਗਲ ਦੇ ਦੂਜੇ ਜਾਨਵਰ ਉਨ੍ਹਾਂ ਨੂੰ 'ਚਾਪਲੂਸ ਮੰਡਲੀ' ਆਖ ਕੇ ਬੁਲਾਉਂਦੇ ਸਨ।

ਸ਼ੇਰ ਸ਼ਿਕਾਰ ਕਰਦਾ, ਜਿੰਨਾਂ ਖਾ ਸਕਦਾ, ਉਨ੍ਹਾਂ ਖਾ ਕੇ ਬਾਕੀ ਆਪਣੇ ਸੇਵਕਾਂ ਦੇ ਲਈ ਛੱਡ ਜਾਇਆ ਕਰਦਾ ਸੀ। ਬੜੇ ਮਜ਼ੇ ਨਾਲ ਚਾਰਾਂ ਦਾ ਢਿੱਡ ਭਰ ਜਾਂਦਾ।

ਇੱਕ ਦਿਨ ਇੱਲ ਨੇ ਆ ਕੇ ਚਾਪਲੂਸੀ ਮੰਡਲੀ ਨੂੰ ਸੂਚਨਾ ਦਿੱਤੀ,'ਦੋਸਤੋ, ਸੜਕ ਦੇ ਕੰਢੇ ਇਕ ਊਠ ਬੈਠਾ ਹੈ।'

ਬਘਿਆੜ ਦੇ ਕੰਨ ਖੜ੍ਹੇ ਹੋ ਗਏ, ਬੋਲਿਆ ਊਠ! ਕਿਸੇ ਕਾਫਲੇ 'ਚੋਂ ਵਿਛੜ ਗਿਆ ਹੋਵੇਗਾ।'

ਚੀਤੇ ਨੇ ਜੀਭ ਚਟਕਾਈ, 'ਅਸੀ ਸ਼ੇਰ ਨੂੰ ਉਸਦਾ ਸ਼ਿਕਾਰ ਕਰਨ ਦੇ ਲਈ ਰਾਜ਼ੀ ਕਰ ਲਈਏ ਤਾਂ ਕਈ ਦਿਨਾਂ ਤੱਕ ਦਾਵਤ ਉਡਾ ਸਕਦੇ ਹਾਂ।'

ਲੂੰਬੜੀ ਨੇ ਐਲਾਨ ਕੀਤਾ,'ਇਹ ਮੇਰਾ ਕੰਮ ਰਿਹਾ।' ਲੂੰਬੜੀ ਮੜਕ ਨਾਲ ਸ਼ੇਰ ਦੇ ਕੋਲ ਗਈ ਅਤੇ ਆਪਣੀ ਜੁਬਾਨ ਵਿੱਚ ਸ਼ੱਕਰ ਘੋਲ ਕੇ ਬੋਲੀ,'ਮਹਾਰਾਜ਼ ਦੂਤ ਨੇ ਖ਼ਬਰ ਦਿੱਤੀ ਹੈ ਕਿ ਇੱਕ ਊਠ ਸੜਕ ਕੰਢੇ ਬੈਠਾ ਹੋਇਆ ਹੈ। ਮੈਂ ਸੁਣਿਆ ਹੈ ਕਿ ਮਨੁੱਖ ਦੇ ਪਾਲੇ ਜਾਨਵਰ ਦੇ ਮਾਸ ਦਾ ਸੁਆਦ ਹੀ ਕੁਝ ਅਲਹਿਦਾ ਹੁੰਦਾ ਹੈ। ਬਿਲਕੁੱਲ ਰਾਜੇ-ਮਹਾਰਾਜਿਆਂ ਦੇ ਕਾਬਿਲ। ਤੁਸੀਂ ਹੁਕਮ ਦੇਵੋ ਤਾਂ ਤੁਹਾਡੇ ਸ਼ਿਕਾਰ ਦਾ ਐਲਾਨ ਕਰ ਦਊਂ ?' ਸ਼ੇਰ ਲੂੰਬੜੀ ਦੀਆਂ ਮਿੱਠੀਆਂ ਗੱਲਾਂ ਵਿੱਚ ਆ ਗਿਆ ਅਤੇ ਚਾਪਲੂਸ ਮੰਡਲੀ ਦੇ ਨਾਲ ਇੱਲ ਰਾਹੀਂ ਦੱਸੀ ਗਈ ਥਾਂ ਤੇ ਜਾ ਪਹੁੰਚਿਆ। ਉਥੇ ਇਕ ਕਮਜ਼ੋਰ ਜਿਹਾ ਊਠ ਸੜਕ ਕੰਢੇ ਨਿਸਲਿਆ ਬੈਠਾ ਸੀ। ਉਸ ਦੀਆਂ ਅੱਖਾਂ ਪੀਲੀਆਂ ਪੈ ਗਈਆਂ ਸਨ। ਉਸ ਦੀ ਹਾਲਤ ਦੇਖ ਕੇ ਸ਼ੇਰ ਨੇ ਪੁੱਛਿਆ,"ਕਿਉਂ ਭਰਾ ਤੇਰੀ ਇਹ ਹਾਲਤ ਕਿਵੇਂ ਹੋਈ ?' ਉਸਨੇ ਜਵਾਬ ਦਿੱਤਾ,'ਜੰਗਲ ਦੇ ਰਾਜਾ। ਤੁਹਾਨੂੰ ਨਹੀਂ ਪਤਾ ਕਿ ਇਨਸਾਨ ਕਿੰਨਾ ਨਿਰਦਈ ਹੁੰਦਾ ਹੈ। ਮੈਂ ਇੱਕ ਊਠਾਂ ਦੇ ਕਾਫਲੇ ਵਿੱਚ ਇੱਕ ਵਪਾਰ ਮਾਲ ਢੋਹ ਰਿਹਾ ਸੀ। ਰਾਹ ਵਿੱਚ ਮੈਂ ਬਿਮਾਰ ਪੈ ਗਿਆ। ਮਾਲ ਢੋਹਣ ਦੇ ਲਾਇਕ ਨਹੀਂ ਰਿਹਾ। ਉਹ ਮੈਨੂੰ ਇੱਥੇ ਮਰਨ ਦੇ ਲਈ ਛੱਡ ਗਏ। ਤੁਸੀਂ ਹੀ ਮੇਰਾ ਸ਼ਿਕਾਰ ਕਰਕੇ ਮੈਨੂੰ ਮੁਕਤੀ ਦੇ ਦੇਵੋ।'

ਊਠ ਦੀ ਕਹਾਣੀ ਸੁਣ ਕੇ ਸ਼ੇਰ ਨੂੰ ਬੜਾ ਦੁੱਖ ਹੋਇਆ। ਉਸ ਦੇ ਦਿਲ ਵਿੱਚ ਰਾਜਿਆਂ ਜਿਹੀ ਉਦਾਰਤਾ ਦੀ ਗੱਲ ਆਈ ਸ਼ੇਰ ਨੇ ਕਿਹਾ,"ਊਠ ਤੈਨੂੰ ਕੋਈ ਜੰਗਲੀ ਜਾਨਵਰ ਨਹੀਂ ਮਾਰੇਗਾ, ਮੈਂ ਤੈਨੂੰ ਬਚਨ ਦਿੰਦਾ ਹਾਂ, ਤੂੰ ਸਾਡੇ ਨਾਲ ਹੀ ਚੱਲ ਅਤੇ ਸਾਡੇ ਨਾਲ ਹੀ ਰਹਿ।' ਚਾਪਲੂਸ ਮੰਡਲੀ ਦੇ ਚਿਹਰੇ ਲਮਕ ਗਏ। ਬਘਿਆੜ, "ਠੀਕ ਹੈ, ਅਸੀਂ ਬਾਅਦ ਵਿੱਚ ਉਸ ਨੂੰ ਮਾਰਨ ਦੀ ਤਰਕੀਬ ਲੱਭ ਲਵਾਂਗੇ, ਫਿਲਹਾਲ ਸ਼ੇਰ ਦੇ ਹੁਕਮ ਮੰਨਣ ਵਿੱਚ ਹੀ ਭਲਾਈ ਹੈ।' ਇਸ ਪ੍ਰਕਾਰ ਊਠ ਉਨ੍ਹਾਂ ਦੇ ਨਾਲ ਜੰਗਲ ਵਿੱਚ ਆਇਆ।

ਕੁਝ ਹੀ ਦਿਨਾਂ ਵਿੱਚ ਹਰਾ-ਹਰਾ ਘਾਹ ਖਾਣ ਅਤੇ ਆਰਾਮ ਕਰਨ ਨਾਲ ਉਹ ਤੰਦਰੁਸਤ ਹੋ ਗਿਆ। ਸ਼ੇਰ ਦੇ ਲਈ ਉਹ ਊਠ ਬਹੁਤ ਧੰਨਵਾਦੀ ਹੋਇਆ। ਸ਼ੇਰ ਨੂੰ ਵੀ ਊਠ ਦਾ ਨਿਰਸਵਾਰਥ ਪਿਆਰ ਅਤੇ ਭੋਲਾਪਣ ਚੰਗਾ ਲੱਗਣ ਲੱਗਾ। ਊਠ ਦੇ ਤਗੜਾ ਹੋਣ ਤੇ ਸ਼ੇਰ ਦੀ ਸਵਾਰੀ ਊਠ ਦੇ ਹੀ ਕਹਿਣ ਤੇ ਉਸ ਦੀ ਪਿੱਠ 'ਤੇ ਨਿਕਲਣ ਲੱਗੀ ਅਤੇ ਉਹ ਚਹੁੰਆਂ ਨੂੰ ਪਿੱਠ 'ਤੇ ਬਿਠਾ ਕੇ ਤੁਰਦਾ।

ਇੱਕ ਦਿਨ ਚਾਪਲੂਸ ਮੰਡਲੀ ਦੇ ਕਹਿਣ ਤੇ ਸ਼ੇਰ ਨੇ ਹਾਥੀ ਤੇ ਹਮਲਾ ਕਰ ਦਿੱਤਾ। ਬਦਕਿਸਮਤ ਨਾਲ ਹਾਥੀ ਪਾਗਲ ਨਿਕਲਿਆ। ਹਾਥੀ ਨੇ ਆਪਣੀ ਸੁੰਡ ਨਾਲ ਸ਼ੇਰ ਨੂੰ ਚੁੱਕ ਕੇ ਪਟਕਾ ਮਾਰਿਆ। ਸ਼ੇਰ ਉਠ ਕੇ ਬਚ ਨਿਕਲਣ ਵਿੱਚ ਸਫਲ ਤਾਂ ਹੋ ਗਿਆ ਪਰ ਉਸਦੇ ਸੱਟਾਂ ਬਹੁਤ ਲੱਗੀਆਂ।

ਸ਼ੇਰ ਲਾਚਾਰ ਹੋ ਕੇ ਬੈਹ ਗਿਆ, ਸ਼ਿਕਾਰ ਕੌਣ ਕਰਦਾ ? ਕਈ ਦਿਨ ਨਾ ਸ਼ੇਰ ਨੇ ਕੁਝ ਖਾਧਾ ਨਾ ਸੇਵਕਾਂ ਨੇ। ਕਿੰਨੇ ਦਿਨ ਭੁੱਖਿਆਂ ਰਿਹਾ ਜਾ ਸਕਦਾ ਹੈ ?

ਲੂੰਬੜੀ ਬੋਲੀ,'ਹੱਦ ਹੋ ਗਈ, ਸਾਡੇ ਕੋਲ ਇੱਕ ਮੋਟਾ ਤਾਜ਼ਾ ਊਠ ਹੈ ਅਤੇ ਅਸੀਂ ਭੁੱਖੇ ਮਰੀ ਜਾ ਰਹੇ ਹਾਂ'

ਚੀਤੇ ਨੇ ਠੰਢਾ ਹੌਂਕਾ ਲਿਆ,"ਕੀ ਕਰੀਏ ? ਸ਼ੇਰ ਨੇ ਉਸ ਨੂੰ ਬਚਨ ਦਿੱਤਾ ਹੋਇਆ ਹੈ। ਦੇਖੋ ਤਾਂ ਊਠ ਦੀ ਢੁੱਠ ਕਿੰਨੀ ਵੱਡੀ ਹੋ ਗਈ ਹੈ।

ਚਰਬੀ ਹੀ ਚਰਬੀ ਇਸ ਵਿੱਚ ਭਰੀ ਹੈ। ਬਘਿਆੜ ਦੇ ਮੂੰਹ 'ਚੋਂ ਲਾਰ ਟੱਪਕਣ ਲੱਗੀ,"ਊਠ ਨੂੰ ਮਰਵਾਉਣ ਦਾ ਇਹੀ ਮੌਕਾ ਹੈ। ਦਿਮਾਗ ਲੜਾ ਕੇ ਕੋਈ ਤਰਕੀਬ ਸੋਚੋ।"

ਲੂੰਬੜੀ ਨੇ ਚਲਾਕ ਸੁਰ ਵਿੱਚ ਸੂਚਨਾ ਦਿੱਤੀ,"ਤਰਕੀਬ ਤਾਂ ਮੈਂ ਸੋਚੀ ਹੋਈ ਹੈ। ਸਾਨੂੰ ਇੱਕ ਨਾਟਕ ਕਰਨਾ ਪਏਗਾ।"ਸਾਰੇ ਜਣੇ ਲੂੰਬੜੀ ਦੀ ਤਰਕੀਬ ਸੁਨਣ ਲੱਗੇ।

ਯੋਜਨਾ ਦੇ ਅਨੁਸਾਰ ਚਾਪਲੂਸ ਮੰਡਲੀ ਸ਼ੇਰ ਦੇ ਕੋਲ ਗਈ। ਸਭ ਤੋਂ ਪਹਿਲਾਂ ਇੱਕ ਬੋਲੀ,"ਮਹਾਰਾਜ ਤੁਸੀਂ ਭੁੱਖੇ ਪੇਟ ਰਹਿ ਕੇ ਮਰਨਾ, ਮੈਥੋਂ ਦੇਖਿਆ ਨਹੀਂ ਜਾਂਦਾ। ਤੁਸੀਂ ਮੈਨੂੰ ਖਾ ਕੇ ਆਪਣੀ ਭੁੱਖ ਮਿਟਾ ਲਵੋ।" ਲੂੰਬੜੀ ਨੇ ਉਸਨੂੰ ਧੱਕਾ ਦਿੱਤਾ,"ਚਲ ਹੋ ਪਰਾਂ, ਤੇਰਾ ਮਾਸ ਤਾਂ ਮਹਾਰਾਜ ਦੇ ਦੰਦਾਂ ਵਿੱਚ ਹੀ ਫਸਕੇ ਰਹਿ ਜਾਣਾ। ਮਹਾਰਾਜ, ਤੁਸੀਂ ਮੈਨੂੰ ਖਾ ਲਵੋ। ਬਘਿਆੜ ਵਿੱਚ ਆ ਕੁੱਦਿਆ, ਤੇਰੇ ਸਰੀਰ ਵਿਚ ਵਾਲਾਂ ਦੇ ਬਿਨਾਂ ਹੈ ਹੀ ਕੀ ? ਮਹਾਰਾਜ ਮੈਨੂੰ ਆਪਣਾ ਭੋਜਨ ਬਣਾਓ। ਹੁਣ ਚੀਤਾ ਬੋਲਿਆ,"ਨਹੀਂ। ਬਘਿਆੜ ਦਾ ਮਾਸ ਖਾਣ ਦੇ ਲਾਇਕ ਨਹੀਂ ਹੁੰਦਾ। ਮਾਲਕ, ਤੁਸੀਂ ਮੈਨੂੰ ਖਾ ਕੇ ਆਪਣੀ ਭੁੱਖ ਸ਼ਾਂਤ ਕਰੋ। ਚਾਪਲੂਸ ਮੰਡਲੀ ਦਾ ਨਾਟਕ ਚੰਗਾ ਸੀ। ਹੁਣ ਊਠ ਨੂੰ ਵੀ ਤਾਂ ਕਹਿਣਾ ਹੀ ਪਿਆ, ਨਹੀਂ ਮਹਾਰਾਜ, ਤੁਸੀਂ ਮੈਨੂੰ ਮਾਰ ਕੇ ਖਾ ਜਾਵੋ। ਮੇਰਾ ਤਾਂ ਜੀਵਨ ਹੀ ਤੁਹਾਡਾ ਦਾਨ ਦਿੱਤਾ ਹੋਇਆ ਹੈ। ਮੇਰੇ ਰਹਿੰਦੇ ਤੁਸੀਂ ਭੁੱਖੇ ਮਰੋ, ਇਹ ਨਹੀਂ ਹੋਵੇਗਾ। ਚਾਪਲੂਸ ਮੰਡਲੀ ਇਹੀ ਤਾਂ ਚਾਹੁੰਦੀ ਸੀ। ਸਾਰੇ ਇੱਕ ਸੁਰ ਵਿੱਚ ਬੋਲੋ,"ਇਹ ਠੀਕ ਰਹੇਗਾ ਮਹਾਰਾਜ। ਅੱਜ ਤਾਂ ਊਠਾ ਖੁਦ ਹੀ ਆਖ ਰਿਹਾ ਹੈ।

ਚੀਤਾ ਬੋਲਿਆ,"ਮਹਾਰਾਜ, ਤੁਹਾਨੂੰ ਸੰਕੋਚ ਨਾ ਹੋਵੇ ਤਾਂ ਅਸੀਂ ਇਸਨੂੰ ਮਾਰ ਦਈਏ ? ਚੀਤਾ ਅਤੇ ਬਗਿਆੜ ਇੱਕਠੇ ਊਠ 'ਤੇ ਟੁੱਟ ਪਏ ਅਤੇ ਊਠ ਮਾਰਿਆ ਗਿਆ।

ਸਿੱਖਿਆ:-ਚਾਪਲੂਸਾਂ ਦੀ ਦੋਸਤੀ ਹਮੇਸ਼ਾ ਖਤਰਨਾਕ ਹੁੰਦੀ ਹੈ, ਇਨ੍ਹਾਂ ਤੋਂ ਸਦਾ ਬਚ ਕੇ ਰਹਿਣਾ ਚਾਹੀਦਾ।

-94176-00014

ਡੈਡੀ ਦੇ ਨਕਸ਼ ਤਰਾਸ਼ੀਆਂ ਅੱਖਾਂ

-ਗੁਰਜੰਟ ਕਲਸੀ ਲੰਡੇ

ਅੱਧੀ ਰਾਤ ਜਦ ਫੋਨ ਦੀ ਘੰਟੀ ਵੱਜਣ ਲੱਗੀ ਤਾਂ ਮੈਂ ਗੂੜ੍ਹੀ ਨੀਂਦ ਸੁੱਤਾ ਪਿਆ ਸਾਂ। ਫੋਨ ਦੀ ਘੰਟੀ ਵੱਜਣ ਲੱਗੀ ਤੇ ਵੱਜਦੀ ਰਹੀ। ਮੈਂ ਸੋਚਦਾ ਰਿਹਾ ਕੋਈ ਆਪੇ ਫੋਨ ਲਾ ਲਾ ਕੇ ਹੱਟ ਜਾਵੇਗਾ। ਜਦ ਉਹ ਨਾ ਹੀ ਹਟਿਆ ਤਾਂ ਮੈਂ ਅਣਮੰਨੇ ਜਿਹੇ ਇਰਾਦੇ ਨਾਲ ਫੋਨ ਚੁੱਕਿਆ ਤਾਂ ਮਾਸਟਰ ਗੁਰਿੰਦਰ ਕਹਿਣ ਲੱਗਿਆ,'ਕਲਸੀ ਜੀ, ਤੁਸੀਂ ਸਵੇਰੇ ਸਵਖਤੇ ਆਉਣਾ ਹਰ ਹਾਲਤ। ਭਾਵੇਂ ਕਿੰਨਾ ਵੀ ਜਰੂਰੀ ਕੰਮ ਹੋਵੇ। ਕੋਈ ਜਰੂਰੀ ਗੱਲ ਕਰਨ ਏ ਤੁਹਾਡੇ ਨਾਲ।'

ਪਤਾ ਨਹੀਂ ਉਸ ਦੀ ਆਵਾਜ਼ ਕਿੰਨੇ ਕੁ ਡੂੰਘੇ ਖੂਹ ਵਿੱਚੋਂ ਆਈ ਲੱਗਦੀ ਸੀ। ਮੈਨੂੰ ਪਤਾ ਸੀ ਮਾਸਟਰ ਨਿੱਕੀ ਜਿਹੀ ਗੱਲ ਤੇ ਵੱਡੀ ਜ਼ਿੰਮੇਵਾਰੀ ਦਾ ਫੋਨ ਨਹੀਂ ਸੀ ਕਰਦਾ।

ਅਸਲ ਵਿੱਚ ਇਹ ਕਹਾਣੀ ਤਾਂ ਪਿਛਲੇ ਗੂੜ੍ਹੇ ਸਿਆਲ ਦੀ ਹੈ। ਕੋਈ ਦਸ ਕੁ ਮਹੀਨੇ ਪਹਿਲਾਂ ਦੀ। ਪਤਾ ਹੀ ਨਾ ਲੱਗਾ ਕਿ ਇਹ ਦਸ ਮਹੀਨੇ ਕਦੋਂ ਲੰਘ ਗਏ। ਇਹ ਕਹਾਣੀ ਮਾਸਟਰ ਗੁਰਿਦਰ ਸਿੰਘ ਦੀ ਸੀ। ਜਦ ਮੈਂ ਤੇ ਮਾਸਟਰ ਅਖਬਾਰਾਂ ਦੀ ਉਡੀਕ ਕਰਦੇ ਸਮਾਲਸਰ ਦੇ ਮੇਨ ਬਾਜ਼ਾਰ ਵਿੱਚ ਸਵੇਰੇ ਪੰਜ ਕੁ ਵਜੇ ਹੀ ਅਖਬਾਰਾਂ ਉਡੀਕਣ ਬਹਾਨੇ ਆਉਂਦੇ। ਕੰਮ ਸਾਡਾ ਸੀ ਅਖਬਾਰਾਂ ਵੰਡਣਾ। ਅਖਬਾਰ ਮੇਰਾ ਲੜਕਾ ਬਿਕਰਮਜੀਤ ਬਾਘੇ ਪੁਰਾਣੇ ਤੋਂ ਲਿਆਉਂਦਾ ਸੀ। ਮੇਰਾ ਲੜਕਾ ਦਿਨੇ ਮਿਸਤਰੀਆਂ ਨਾਲ ਦਿਹਾੜੀ ਕਰਨ ਜਾਂਦਾ। ਥੱਕਿਆ ਟੁੱਟਿਆ ਜਦ ਮਸਾਂ ਘਰ ਆ ਕੇ ਡਿੱਗਦਾ ਤਾਂ ਚਾਰ ਕੁ ਵਜੇ ਹੀ ਮੈਂ ਉਸ ਨੂੰ ਉਠਾ ਦਿੰਦਾ ਤੇ ਉਹ ਅੱਖਾਂ ਮਲਦਾ ਬਾਘੇ ਪੁਰਾਣੇ ਨੂੰ ਟੁਰ ਪੈਂਦਾ। ਨੀਂਦ ਅਜੇ ਉਸ ਦੀਆਂ ਅੱਖਾਂ ਵਿੱਚ ਰੜਕਦੀ ਹੁੰਦੀ। ਸਾਨੂੰ ਅਖ਼ਬਾਰ ਉਡੀਕਦਿਆਂ ਉਡੀਕਦਿਆਂ ਕਈ ਵਾਰ ਘੰਟਾ ਘੰਟਾ ਲੰਘ ਜਾਂਦਾ ਸੀ। ਸਿਆਲਾ ਦੀਆਂ ਰਾਤਾਂ ਏਨੀਆ ਲੰਮੀਆਂ ਹੋ ਜਾਂਦੀਆਂ ਜਿਵੇਂ ਸੂਰਜ ਚੜ੍ਹਨਾ ਹੀ ਭੁੱਲ ਗਿਆ ਹੋਵੇ। ਬਰਫ਼ ਦੇ ਗੋਲੇ ਬਣ ਡਿੱਗਦੀ ਧੁੰਦ ਸੂਰਜ ਦੀ ਰੌਸ਼ਨੀ ਨੂੰ ਧਰਤੀ 'ਤੇ ਪੈਣ ਹੀ ਨਾ ਦਿੰਦੀ। ਪੰਜ ਛੇ ਵਜੇ ਅਜੇ ਅੱਧੀ ਰਾਤ ਵਾਂਗ ਹਨੇਰਾ ਪਿਆ ਹੁੰਦਾ। ਘਰਾਂ ਦੀਆਂ ਕਬੀਲਦਾਰੀਆਂ ਦੇ ਗਿੱਲੇ ਧੁਖਦੇ ਵਹਿਣ ਹੌਲੇ ਕਰਨ ਲਈ ਗੱਲਾਂ ਦੀ ਵਾਟ ਹੋਰ ਲੰਮੇਰੀ ਹੋ ਜਾਂਦੀ। ਧੁੰਦ ਜ਼ੋਰਾਂ 'ਤੇ ਸੀ। ਬੰਦੇ ਨੂੰ ਨਹੀਂ ਸੀ ਦਿਸਦਾ। ਨੇੜੇ ਆਏ ਤੋਂ ਪਤਾ ਲੱਗਦਾ ਸੀ ਬੰਦਾ ਏ ਕਿ ਔਰਤ। ਠੰਡ ਦੂਰ ਕਰਨ ਲਈ ਅਸੀਂ ਅਕਸਰ ਆਪਣੇ ਘਰਾਂ ਤੋਂ ਸੁੱਕਾ ਬਾਲਣ ਲਿਆਉਂਦੇ ਸਾਂ। ਮੈਂ ਪੱਤਰਕਾਰ ਸੀ ਤੇ ਉਹ ਮਾਸਟਰ। ਮੈਂ ਦਿਨੇ ਅਖ਼ਬਾਰ ਲਈ ਖ਼ਬਰਾਂ ਇਕਠੀਆਂ ਕਰਦਾ ਤੇ ਸਵੇਰੇ ਸਾਝਰੇ ਹੀ ਖ਼ਬਰਾਂ ਅਤੇ ਅਖ਼ਬਾਰਾਂ ਨੂੰ ਘਰੋਂ ਘਰੀ ਪਹੁੰਚਾਣ ਲਈ ਤਰਦੱਦ ਕਰਦਾ। ਠਰੂੰ ਠਰੂੰ ਕਰਦੇ ਹੱਥਾਂ ਪੈਰਾਂ ਨੂੰ ਨਿੱਘੇ ਕਰਨ ਲਈ ਧੂਣੀ ਬਾਲਦੇ। ਧੂਣੀ ਸੇਕਣ ਲਈ ਦੁਕਾਨਾਂ ਦੇ ਬਾਹਰ ਖਿਲਰੇ ਪਏ ਗੱਤਿਆਂ ਦੇ ਖਾਲੀ ਬਕਸੇ, ਕਾਗਜ਼ ਚੋਰੀ ਚੋਰੀ ਇਕਠੇ ਕਰਦੇ ਕਿਤੇ ਕੋਈ ਸਾਨੂੰ ਅਜਿਹੇ ਕੰਮ ਕਰਦੇ ਵੇਖ ਨਾ ਲਵੇ। ਮਤੇ ਅਸੀਂ ਭਿੱਟੇ ਜਿਹੇ ਜਾਈਏ। ਬਾਲਣ ਤਾਂ ਇੱਕਠਾ ਕਰਦੇ ਤਾਂ ਕਿ ਧੂਣੀ ਨੂੰ ਮਘਦਾ ਰੱਖਿਆ ਜਾ ਸਕੇ। ਮਾਸਟਰ ਵੀ ਮੇਰੇ ਨਾਲ ਹੱਥ ਵਟਾਉਂਦਾ। ਮੈਂ ਸਾਂ ਮਾਸਟਰ ਸੀ। ਕੁਝ ਹੋਰ ਲੋਕ ਵੀ ਸਨ ਜੋ ਸਾਡੇ ਵਰਗੇ ਸਨ ਤੇ ਸੁਖੀ ਸਾਂਦੀ ਜਿੰਨਾਂ ਨੂੰ ਦੋ ਵਕਤ ਦੀ ਰੋਟੀ ਸਾਡੇ ਵਾਂਗ ਨਸੀਬ ਨਹੀਂ ਸੀ ਹੁੰਦੀ। ਇਨ੍ਹਾਂ ਵਿੱਚ ਜਵਾਨ ਕੁੜੀਆਂ, ਬੱਚੇ ਅਜਿਹੇ ਵੀ ਸਨ ਜੋ ਸਾਡੇ ਵਾਂਗ ਢਿੱਡ ਦੀ ਅੱਗ ਨੂੰ ਠੰਡਾ ਕਰਨ ਲਈ ਮੂੰਹ ਹਨੇਰੇ ਹੀ ਉੱਠ ਕੇ ਵਰਕਸ਼ਾਪਾਂ, ਬਾਜ਼ਾਰ ਦੀਆਂ ਦੁਕਾਨਾਂ ਅੱਗੋਂ ਪਲਾਂਸਟਿਕ, ਹੋਰ ਵੇਚਣ ਯੋਗ ਕਚਰਾ ਇੱਕਠਾ ਕਰਦੇ ਤੇ ਰੋਟੀ ਦਾ ਜੁਗਾੜ ਬਣਾਉਂਦੇ। ਜਵਾਨ ਕੁੜੀਆਂ ਦੇ ਪਾਟੇ ਪੁਰਾਣੇ ਮੈਲੇ ਕੁਚੇਲੈ ਝੱਗਿਆਂ ਵਿੱਚੋਂ ਉਨ੍ਹਾਂ ਦਾ ਹੁਸਨ ਸੂਰਜ ਵਾਂਗ ਦਗਦਾ ਸੀ। ਇਹ ਲੋਕ ਵੀ ਸਾਡੇ ਵਾਂਗ ਰਾਤ ਨੂੰ ਪਤਾ ਨਹੀਂ ਕਿਹੋ ਜਿਹੇ ਸੁਪਨੇ ਸੰਜੋਅ ਕੇ ਸੌਂਦੇ ਹੋਣਗੇ ਕਿ ਸਵੇਰੇ ਬਾਜ਼ਾਰ ਦੀਆਂ ਦੁਕਾਨਾਂ, ਮੰਦਰਾਂ, ਰੇਹੜੀਆਂ ਦੇ ਨੇੜੇ ਉਨ੍ਹਾਂ ਦਾ ਧੰਨ ਪਿਆ ਹੋਵੇਗਾ ਜਿਸ 'ਤੇ ਉਨ੍ਹਾਂ ਦਾ ਜੱਦੀ ਹੱਕ ਹੈ ਤੇ ਇਸ ਹੱਕ ਨੇ ਉਨ੍ਹਾਂ ਦੀ ਨੀਂਦ ਵੀ ਪੂਰੀ ਨਹੀਂ ਸੀ ਕੀਤੀ ਹੋਣੀ। ਮੈਨੂੰ ਲੱਗਦਾ ਸਾਡਾ ਸਾਰਿਆਂ ਦਾ ਇੱਕੋ ਵਰਗ ਸੀ ਤੇ ਇਸ ਵਰਗ ਵਿੱਚ ਉਹ ਕੁੱਤੇ ਵੀ ਸ਼ਾਮਲ ਸਨ ਜੋ ਸਾਰੀ ਰਾਤ ਬਾਜ਼ਾਰ ਦੀ ਰਾਖੀ ਕਰਦੇ ਤੇ ਸਵੇਰੇ ਠੰਡ ਤੋਂ ਬਚਣ ਲਈ ਧੂਣੀ ਦੁਆਲੇ ਹੋ ਲੈਂਦੇ। ਸ਼ਨੀਵਾਰ ਕੁਝ ਹੋਰ ਲੋਕ ਵੀ ਸਾਡੇ ਵਿੱਚ ਆ ਸ਼ਾਮਲ ਹੁੰਦੇ ਜੋ ਸਵੇਰੇ ਸਵੇਰੇ ਸਾਡੇ ਮੂਹਰੇ ਮੂਹਰੇ ਦੁਕਾਨਾਂ ਦੇ ਸ਼ਟਰਾਂ ਨਾਲ ਨਿੰਬੂਆਂ ਮਿਰਚਾਂ ਦੀਆਂ ਗੱਠੜੀਆਂ ਬੰਨਦੇ ਤਾਂ ਕਿ ਦੁਕਾਨਦਾਰ ਤੇ ਇਹ ਅਮੀਰ ਲੋਕ ਹੋਰ ਵੱਧਣ ਫੁੱਲਣ ਤੇ ਉਨ੍ਹਾਂ ਦੀ ਕਮਾਈ ਨੂੰ ਨਜ਼ਰਾਂ ਤੋਂ ਬਚਾਉਣ ਲਈ ਸਾਡੀਆਂ ਗੱਠੜੀਆਂ ਹੋਰ ਭਾਰੀਆਂ ਹੋ ਜਾਣ। ਸਾਡਾ ਇਕ ਅਜਿਹਾ ਵਰਗ ਸੀ ਜੋ ਉਨ੍ਹਾਂ ਅਮੀਰਾਂ ਦੀ ਦੁਆ ਲਈ ਠੰਡੀਆਂ ਰਾਤਾਂ ਦੇ ਸਫਰ ਦਾ ਹਾਣੀ ਸੀ। ਇਸ ਵਰਗ ਵਿੱਚ ਕੋਈ ਵੀ ਵੈਰ ਵਿਰੋਧ ਨਹੀਂ ਸੀ। ਕੋਈ ਰਾਖਵਾਂਕਰਨ ਨਹੀਂ ਸੀ। ਕੋਈ ਜਾਤੀ ਨਹੀਂ ਸੀ। ਕੋਈ ਨੇਤਾ ਨਹੀਂ ਸੀ।

ਅਸੀਂ ਸਾਰੇ ਇੱਕ ਦੂਜੇ ਨੂੰ ਆਪਣਿਆਂ ਵਾਂਗ ਪਿਆਰ ਕਰਦੇ ਤੇ ਇੱਕ ਦੂਜੇ ਨੂੰ ਅੱਗ ਸੁਕਾਉਂਦੇ। ਰੋਜ਼ਾਨਾ ਦੀਆਂ ਕਈ ਸਵਾਰੀਆਂ ਤੇ ਰਾਹਗੀਰ ਧੂਣੀ ਲੱਗੀ ਵੇਖ ਕੇ ਕੁੱਝ ਦੇਰ ਰੁਕਦੇ ਤੇ ਠੰਡ ਦੂਰ ਕਰਦੇ। ਫੇਰ ਆਪਣੀ ਮੰਜ਼ਲ ਵੱਲ ਰਵਾਨਾ ਹੁੰਦੇ।

ਦਿਨ ਚੜ੍ਹਦਿਆਂ ਹੀ ਸਵੇਰੇ ਸੈਰ ਬਹਾਨੇ ਨਿਕਲੇ ਲੋਕਾਂ ਦੀਆਂ ਤੁਰੀਆਂ ਜਾਂਦੀਆਂ ਕਤਾਰਾਂ ਸਾਡੇ ਵੱਲ ਟੇਢੀਆਂ ਨਜ਼ਰਾਂ ਨਾਲ ਤੱਕਦੀਆਂ ਕਈ ਜੋੜੈ ਬਾਹਾਂ ਵਿੱਚ ਬਾਹਾਂ ਪਾਈ ਸੜਕ ਦੀ ਵਾਟ ਮਿਣਦੇ ਤੇ ਕਲੋਲਾਂ ਕਰਦੇ। ਇਨ੍ਹਾਂ ਵਿੱਚ ਕਈ ਨਵ ਵਿਆਹੇ ਜੋੜੇ ਹੁੰਦੇ ਜਿਨ੍ਹਾ ਦੇ ਚਿਹਰਿਆਂ 'ਤੇ ਹਾਸਿਆਂ ਦੀ ਟੁਣਕਾਰ ਦੂਰ ਤੱਕ ਸਾਫ਼ ਟੱਲੀ ਵਾਂਗ ਸੁਣਾਈ ਦਿੰਦੀ। ਸਾਨੂੰ ਲੱਗਦਾ ਜੇ ਸਵਰਗ ਹੋਵੇਗਾ ਤਾਂ ਇਨ੍ਹਾਂ ਵਰਗਾ ਹੀ ਹੋਵੇਗਾ। ਪਰ....ਸਵਰਗ ...ਤੇ...ਅਸੀਂ ਤਾਂ ਸਵਰਗ ਦਾ ਸੁਪਨਾ ਕਦੀ ਨਹੀਂ ਸੀ ਵੇਖਿਆ। ਪਤਾ ਨਹੀਂ ਕਿਹੋ ਜਿਹਾ ਹੋਵੇਗਾ...ਸਵਰਗ...? ਕਈ ਬਿਰਧ ਜੋੜੇ ਇੱਕ ਦੂਜੇ ਦਾ ਸਹਾਰਾ ਬਣ ਦਿਨ ਕਟੀ ਕਰਦੇ ਲੱਗਦੇ। ਬੱਚਿਆਂ ਨੂੰ ਉਡੀਕਦਿਆਂ ਬੱਸਾਂ ਜਦ ਹਾਰਨ ਵਜਾਉਂਦੀਆਂ ਤਾਂ ਮਾਪੇ ਆਪਣੇ ਬੱਚਿਆਂ ਨੂੰ ਬੱਸਾਂ ਚੜ੍ਹਾਉਣ ਲਈ ਵਾਹੋ ਦਾਹੀ ਘਰਾਂ ਵਿੱਚੋਂ ਦੌੜਦੇ ਮਤੇ ਉਨ੍ਹਾਂ ਦੇ ਸੁਨਹਿਰੀ ਭਵਿੱਖ 'ਚ ਕੋਈ ਕਮੀ ਰਹਿ ਜਾਏ। ਬੱਚਿਆਂ ਦੇ ਚਿਹਰੇ ਤਾਜ਼ੇ ਫੁੱਲਾਂ ਵਾਂਗ ਮਹਿਕਦੇ ਹੁੰਦੇ। ਉਨ੍ਹਾਂ ਦੇ ਚਿਹਰਿਆਂ, ਕੱਪੜਿਆਂ ਤੇ ਛਿੜਕੇ ਅਤਰ ਫੁਲੇਲ, ਜਾਪਾਨੀ ਸੈਂਟ ਦੀ ਮਹਿਕ ਵਾਤਾਵਰਨ ਵਿੱਚ ਮਹਿਕਾਂ ਖਿਲੇਰਦੀ ਜਾਂਦੀ। ਮਾਸਟਰ ਹਮੇਸ਼ਾ ਉਨ੍ਹਾਂ ਬੱਚਿਆਂ ਵਿੱਚੋਂ ਆਪਣੇ ਭਤੀਜੇ ਬੱਬਲੂ ਦੇ ਨਕਸ਼ ਭਾਲਦਾ। ਇਹ ਵਰਗ ਸਾਡੇ ਨਾਲੋਂ ਵੱਖਰਾ ਵਰਗ ਸੀ।

ਬੱਚੇ ਤਾਂ ਮੈਂ ਤੇ ਗੁਰਿਦਰ ਦੇ ਵੀ ਉਨ੍ਹਾਂ ਬੱਚਿਆਂ ਵਰਗੇ ਹੀ ਸੀ ਸਨ ਪਰ....।

ਸਾਡੇ ਬੱਚੇ ਉਨ੍ਹਾਂ ਬੱਚਿਆਂ ਵਰਗੇ ਤਾਂ ਨਹੀਂ ਸਕਦੇ ਨਾ। ਹਾਂ ਉਨ੍ਹਾਂ ਬੱਚਿਆਂ ਵਰਗੇ ਜਰੂਰ ਸਨ ਜੋ ਦਿਨ ਚੜ੍ਹਦੇ ਹੀ ਬਾਜ਼ਾਰ ਦੀਆਂ ਦੁਕਾਨਾਂ ਅੱਗੋਂ ਭਵਿੱਖ ਲੱਭਦੇ ਫਿਰਦੇ ਸਨ।

ਮਾਸਟਰ ਗੁਰਿਦਰ ਸਿੰਘ ਹੋਰੀਂ ਦੋ ਭਰਾ ਸਨ। ਗੁਰਿਦਰ ਤੇ ਸਲਵਿੰਦਰ । ਚਾਰ ਭੈਣਾਂ ਸਨ। ਦੋ ਭੈਣਾਂ ਮਾਸਟਰ ਤੋਂ ਵੱਡੀਆਂ ਸਨ ਤੇ ਦੋ ਸਲਵਿੰਦਰ ਸਿੰਘ ਤੋਂ ਛੋਟੀਆਂ। ਸਲਵਿੰਦਰ ਸਿੰਘ ਮਾਸਟਰ ਤੋਂ ਛੋਟਾ ਸੀ। ਦੋਨਾਂ ਭਰਾਵਾਂ ਨੇ ਹੀ ਬੀ.ਏ. ਦੀ ਡਿਗਰੀ ਕੀਤੀ ਸੀ। ਮਾਸਟਰ ਬੀ.ਏ. ਕਰਕੇ ਸਰਕਾਰੀ ਨੌਕਰੀ ਲਈ ਥਾਂ ਥਾਂ ਖਾਕ ਛਾਣਦਾ ਰਿਹਾ ਪਰ ਕੋਈ ਕੰਮ ਨਾ

ਮਿਲਿਆ। ਛੋਟੇ ਭਰਾ ਸ਼ਲਵਿੰਦਰ ਸਿੰਘ ਨੇ ਬੀ.ਏ. ਕਰਕੇ ਕਿਸੇ ਡਾਕਟਰੀ ਦਾ ਕੋਰਸ ਕਰ ਲਿਆ ਤੇ ਪਿੰਡ ਵਿੱਚ ਹੀ ਦੁਕਾਨ ਕਰ ਲਈ। ਦੁਕਾਨ ਬੜੀ ਚੱਲਦੀ ਸੀ ਉਂ ਡਾਕਟਰ ਦਾ ਹੱਥ ਵੀ ਬੜਾ ਸਚਿਆਰਾ ਸੀ। ਡਾਕਟਰ ਗੁਰਸਿੱਖ ਸੀ ਤੇ ਦਾੜ੍ਹੀ ਕੇਸ ਰੱਖੇ ਹੋਏ ਸਨ। ਮਾਸਟਰ ਹੁਰਾਂ ਦਾ ਪਿਤਾ ਬਖਤਾਵਰ ਸਿੰਘ ਵੀ ਪੜ੍ਹਿਆ ਲਿਖਿਆ ਸੀ ਤੇ ਫੌਜ ਵਿੱਚ ਭਰਤੀ ਹੋ ਗਿਆ ਸੀ ਜੋ ਕਿ ਪਤਾ ਨਹੀਂ ਕਿਹੜੇ ਕਾਰਣ ਫੌਜ ਦੀ ਨੌਕਰੀ ਛੱਡ ਆਇਆ ਤੇ ਪੈਨਸ਼ਨ ਖੁਣੋਂ ਵਾਂਝਾ ਰਹਿ ਗਿਆ। ਮਗਰੋਂ ਪਿੰਡ ਆ ਕੇ ਬਖਤਾਵਰ ਸਿਹੁੰ ਪਿੰਡ ਦਾ ਸਰਪੰਚ ਬਣਿਆ। ਉਂਝ ਇਹ ਪਰਿਵਾਰ ਦਲਿਤ ਜਾਤੀ ਨਾਲ ਸਬੰਧ ਰੱਖਦਾ ਸੀ।

ਸਾਰੀਆਂ ਭੈਣਾਂ ਉਨ੍ਹੀ ਦਿਨੀ ਚੰਗੇ ਘਰਾਂ ਦੀਆਂ ਲੜਕੀਆਂ ਜਿਨੀਆਂ ਪੜ੍ਹੀਆਂ ਲਿਖੀਆਂ ਵੀ ਸਨ। ਵਰ ਵੀ ਚੰਗੇ ਮਿਲ ਗਏ ਤੇ ਉਹ ਆਪਣੇ ਘਰੀ ਸੁਖੀ ਵਸਣ ਲੱਗੀਆਂ। ਬਾਪੂ ਬਖਤਾਵਰ ਸਿਹੁੰ ਨੇ ਲੋੜਵੰਦ ਘਰ ਵੇਖਕੇ ਆਪਣੇ ਘਰੀਂ ਤੋਰ ਦਿੱਤੀਆਂ ਸਨ। ਸਲਵਿੰਦਰ ਸਿੰਘ ਤੇ ਦੋ ਭੈਣਾਂ ਦੇ ਵਿਆਹ ਲੱਗਭਗ ਨਾਲੋ ਨਾਲ ਹੀ ਕਰ ਦਿੱਤੇ। ਨਾਲੋ ਨਾਲ ਵਿਆਹ ਕਾਰਣ ਘਰ ਦਾ ਸਾਰਾ ਪਰਿਵਾਰ ਕਰਜ਼ੇ ਵਿੱਚ ਪਰੋਇਆ ਗਿਆ।

ਸਲਵਿੰਦਰ ਸਿੰਘ ਭਾਵੇਂ ਛੋਟਾ ਸੀ ਪਰ ਘਰ ਦਾ ਗੁਜ਼ਾਰਾ ਚੰਗਾ ਤੋਰਨ ਲੱਗ ਪਿਆ ਸੀ। ਇਸੇ ਕਾਰਣ ਬਾਪੂ ਬਖਤਾਵਰ ਸਿਹੁੰ ਨੇ ਸਲਵਿੰਦਰ ਲਈ ਰਿਸ਼ਤੇ ਦੀ ਦੱਸ ਪੈਣ ਤੇ ਚੰਗੇ ਘਰ ਦੀ ਕੁੜੀ ਲੱਭ ਕੇ ਵਿਆਹ ਕਰ ਦਿੱਤਾ। ਘਰ ਵਿੱਚ ਜਿਵੇਂ ਬਸੰਤ ਆ ਵਸੀ ਹੋਵੇ। ਘਰ ਵਿੱਚ ਮਹਿਕਾਂ ਖਿੜਨ ਲੱਗੀਆਂ।

ਸਲਵਿੰਦਰ ਸਿੰਘ ਦੇ ਵਿਆਹ ਨੂੰ ਸਾਲ ਕੁ ਹੋਇਆ ਹੋਵੇਗਾ। ਸਾਲ ਕੁ ਬਾਅਦ ਸ਼ਲਵਿੰਦਰ ਸਿੰਘ ਦੀ ਪਤਨੀ ਨੇ ਗੋਲ ਮਟੋਲ ਲੜਕਾ ਜੰਮਿਆਂ। ਘਰ ਵਿੱਚ ਰੌਣਕ ਲੱਗ ਗਈ ਤੇ ਘਰ ਮਹਿਕਣ ਲੱਗ ਪਿਆ। ਨਾਂ ਤਾਂ ਬੱਚੇ ਦਾ ਹੋਰ ਸੀ ਪਰ ਸਾਰੇ ਉਸਨੂੰ ਬੱਬਲੂ ਹੀ ਕਹਿ ਕੇ ਪੁਕਾਰਦੇ ਸਨ। ਇਹ ਮਹਿਕਾਂ ਨੂੰ ਪਤਾ ਨਹੀਂ ਕਿਸ ਦੀ ਨਜ਼ਰ ਲੱਗੀ। ਸਲਵਿੰਦਰ ਕਿਸੇ ਨਸ਼ੇ ਵਿੱਚ ਗਲਤਾਨ ਰਹਿਣ ਲੱਗਿਆ। ਕੇਸ ਕਟਾ ਦਿੱਤੇ। ਘਰ ਵਿੱਚ ਜਿਵੇਂ ਡੈਣ ਨੇ ਵਾਸ ਕਰ ਲਿਆ ਹੋਵੇ। ਕਰਜ਼ੇ ਤੇ ਨਸ਼ੇ ਨੇ ਘਰ ਬਰਬਾਦੀ ਵੱਲ ਧੱਕ ਦਿੱਤਾ। ਸਮਾਂ ਗੁਜ਼ਰਿਆ ਤੇ ਸਲਵਿੰਦਰ ਸਿਹੁ ਦੁਨੀਆਂ ਤੋ. ਚੱਲ ਵਸਿਆ।

ਘਰ ਵਿੱਚ ਰੋਣ ਪਿੱਟਣ ਸ਼ੁਰੂ ਹੋ ਗਿਆ। ਦੁੱਖ ਤਾਂ ਸਾਰਿਆਂ ਨੂੰ ਸੀ ਪਰ ਕੀਤਾ ਵੀ ਕੀ ਜਾ ਸਕਦਾ ਸੀ। ਅਣਇਆਈ ਮੌਤ। ਇੱਕ ਡਾਕਟਰ ਤੇ ਦੂਜਾ ਗੁਰਸਿੱਖ ਦਾ ਨਸ਼ੇੜੀ ਬਣ ਕੇ ਮੌਤ ਦੇ ਗਲ ਜਾ ਲੱਗਣਾ। ਇਹ ਗੱਲ ਕਿਸੇ ਦੇ ਜ਼ਿਹਨ ਦੇ ਹਿੱਸੇ ਵਿੱਚ ਫਿੱਟ ਨਹੀਂ ਸੀ ਬੈਠਦੀ। ਇਸ ਗੱਲ ਦਾ ਤਾਂ ਮੈਨੂੰ ਵੀ ਪਤਾ ਨਹੀਂ ਕਿ ਸਲਵਿੰਦਰ ਸਿਹੁੰ ਕਿਉਂ ਨਸ਼ੇੜੀ ਬਣਿਆ ਪਰ...

ਅੰਤਮ ਅਰਦਾਸ ਹੋਈ ਤੇ ਰੋਣਾ ਪਿਟਣਾ ਜੱਦ ਕੁੱਝ ਘਟਿਆ ਤਾਂ ਸਲਵਿੰਦਰ ਸਿੰਘ ਦੇ ਸਹੁਰਿਆਂ ਅਤੇ ਸਮਾਲਸਰ ਪਰਿਵਾਰ ਵਿਚਕਾਰ ਪੰਚਾਇਤਾਂ ਸਿਰ ਜੋੜਨ ਲੱਗੀਆਂ ਕਿ ਸਲਵਿੰਦਰ ਸਿੰਘ ਦੀ ਪਤਨੀ ਦਾ ਕੀ ਕੀਤਾ ਜਾਵੇ? ਸਲਵਿੰਦਰ ਸਿੰਘ ਦੇ ਸਹੁਰੇ ਚਾਹੁੰਦੇ ਸਨ ਕਿ ਉਸਦੀ ਪਤਨੀ ਨੂੰ ਗੁਰਿੰਦਰ ਸਿੰਘ ਦੇ ਘਰ ਬਿਠਾ ਦਿੱਤਾ ਜਾਵੇ ਪਰ ਗੁਰਿੰਦਰ ਸਿੰਘ ਨੇ ਜਵਾਬ ਦੇ ਦਿੱਤਾ ਕਿ ਉਹ ਤਾਂ ਅਜੇ ਕਿਤੇ ਕਮਾਉਦ ਜੋਗਾ ਨਹੀਂ। ਇਸ ਲਈ ਇੰਨ੍ਹਾ ਬੋਝ ਨਹੀਂ ਉਠਾ ਸਕਦਾ। ਗੱਲ ਕਿਸੇ ਤਣ ਪੱਤਣ ਲੱਗਦੀ ਨਜ਼ਰ ਨਾ ਆਈ। ਤਿੰਨ ਕੁ ਮਹੀਨੇ ਲੰਘ ਗਏ। ਪਰ ਹੁਣ.. ਵਿਧਵਾ ਦਾ ਕੀ ਬਣੇ? ਆਖਰ ਹੰਭ ਹਾਰ ਕੇ ਮਾਪੇ ਧੀ ਨੂੰ ਆਪਣੇ ਘਰ ਲੈ ਗਏ। ਵਾਰਸ ਚਾਹੁੰਦੇ ਸਨ ਕਿ ਬੱਬਲੂ ਇਸ ਘਰ ਦਾ ਵਾਰਸ ਹੀ ਰਹੇ ਪਰ...। ਇਸ ਗੱਲ ਨੂੰ ਲੈ ਕੇ ਮਾਮਲਾ ਅਦਾਲਤ ਪਹੁੰਚ ਗਿਆ। ਕੇਸ ਲੰਮਾ ਸਮਾਂ ਚੱਲਿਆ ਤਾਂ ਅਦਾਲਤ ਦਾ ਫੈਸਲਾ ਆਇਆ ਕਿ ਜਿੰਨੀ ਦੇਰ ਤੱਕ ਬੱਚਾ 18 ਸਾਲ ਦਾ ਨਹੀਂ ਹੁੰਦਾ ਉਹ ਮਾਂ ਤੋਂ ਦੂਰ ਨਹੀਂ ਕੀਤਾ ਜਾ ਸਕਦਾ।

ਅਦਾਲਤੀ ਚੱਕਰਾਂ ਨੇ ਭਾਵੇਂ ਦੋਹਾਂ ਪਰਿਵਾਰਾਂ ਦੇ ਦਿਲਾਂ ਵਿੱਚ ਤਰੇੜਾਂ ਤਾਂ ਪਾ ਦਿੱਤੀਆਂ ਸਨ ਪਰ ਬੱਚੇ ਬੱਬਲੂ ਨੂੰ ਲੈ ਕੇ ਸਲਵਿੰਦਰ ਸਿੰਘ ਦਾ ਪਰਿਵਾਰ ਬੜਾ ਨਿਰਾਸ਼ਾ ਵਿੱਚ ਰਿਹਾ। ਮਾਪਿਆਂ ਨੇ ਆਪਣੀ ਧੀ ਤਪੇ ਕੋਲ ਢਿੱਲਵਾਂ ਕਿਸੇ ਲੋੜਵੰਦ ਨੂੰ ਵਿਆਹ ਦਿੱਤੀ। ਬੱਚਾ ਵੀ ਮਾਂ ਨਾਲ ਚਲਿਆ ਗਿਆ। ਗੁਰਿੰਦਰ ਨੂੰ ਜਦ ਕੋਈ ਸਰਕਾਰੀ ਢੋਈ ਨਾ ਮਿਲੀ ਤਾਂ ਉਹ ਪ੍ਰਾਈਵੇਟ ਸਕੂਲਾਂ ਵਿੱਚ ਦੋ ਕੁ ਹਜ਼ਾਰ ਰੁਪਏ ਤੇ ਸਕੂਲਾਂ ਵਿੱਚ ਪੜ੍ਹਾਉਣ ਲੱਗ ਪਿਆ। ਸਕੂਲਾਂ ਵਿੱਚ ਪੜ੍ਹਾਈ ਦਾ ਸਮਾਂ ਮਸਾਂ ਹੀ ਅੱਠ ਮਹੀਨੇ ਹੁੰਦਾ ਸੀ। ਬਾਕੀ ਸਮਾਂ ਉਹ ਬੱਚਿਆਂ ਨੂੰ ਟਿਊਸ਼ਨਾਂ ਪੜ੍ਹਾ ਕੇ ਗੁਜ਼ਾਰਦਾ। ਸ਼ੀਜਨ ਚਲਦਾ ਤਾਂ ਘਰ ਬੱਚਿਆਂ ਦੀ ਰੌਣਕ ਨਾਲ ਭਰ ਜਾਂਦਾ। ਪੇਪਰ ਹੋ ਜਾਂਦੇ ਤਾਂ ਘਰ ਖਾਲੀ ਹੋ ਜਾਂਦਾ। ਇੰਜ ਉਹ ਸਾਰੇ ਲੋਕਾਂ ਲਈ ਮਾਸਟਰ ਬਣ ਗਿਆ। ਉਂਜ ਮਾਸਟਰ ਨੂੰ ਲੋਕ ਗਿੰਦਾ ਕਹਿ ਕੇ ਵੀ ਪੁਕਾਰਦੇ ਸਨ।

ਧੂਣੀ 'ਤੇ ਬੈਠਾ ਗੁਰਿੰਦਰ ਸਿੰਘ ਮੈਨੂੰ ਕਈ ਵਾਰ ਆਖਦਾ, 'ਕਲਸੀ, ਤੁਹਾਡਾ ਛੋਟਾ ਲੜਕਾ ਫਗਵਾੜੇ ਰਹਿੰਦਾ ਏ। ਮੈਂ ਸੁਣਿਐ ਮੇਰਾ ਭਤੀਜਾ ਬੱਬਲੂ ਵੀ ਫਗਵਾੜੇ ਐ ਪਰ ਪਤਾ ਨਹੀਂ ਲੱਗਦਾ ਕਿੱਥੇ ਐ? ਜੇਕਰ ਤੁਹਾਡਾ ਲੜਕਾ ਕੋਈ ਉਜਰ ਕਰੇ ਤਾਂ ਸ਼ਾਇਦ ਉਹ ਮਿਲ ਜਾਵੇ...?"

ਮੈਨੂੰ ਨਹੀਂ ਪਤਾ ਗੁਰਿੰਦਰ ਨੂੰ ਭਤੀਜਾ ਬੱਬਲੂ ਏਨਾ ਪਿਆਰਾ ਕਿਉਂ ਸੀ...?

ਉਸ ਦੀਆਂ ਅੱਖਾਂ ਹੰਝੂਆਂ ਨਾਲ ਭਰ ਜਾਂਦੀਆਂ। ਧੁਖਦੀ ਧੂਣੀ 'ਚੋਂ ਜਦ ਕੋਈ ਲਾਟ ਮਚਦੀ ਤਾਂ ਉਸ ਦੀਆਂ ਅੱਖਾਂ ਵਿੱਚੋ ਵਹਿ ਰਹੇ ਹੰਝੂਆਂ ਦੀਆਂ ਧਾਰਾਂ ਮੇਰੇ ਸਾਹਮਣੇ ਕਿਰਦੀਆਂ ਕਿਰਦੀਆਂ ਗੱਲਾਂ ਵਿੱਚੋਂ ਲੰਘ ਕੇ ਦਾੜ੍ਹ ਵਿੱਚ ਕਿਧਰੇ ਲੋਪ ਹੋ ਜਾਂਦੀਆਂ। ਮੈਨੂੰ ਲੱਗਦਾ ਬਾਹਰ ਕਿੰਨੀ ਠੰਡ ਪੈ ਰਹੀ ਏ। ਇਸ ਦੇ ਦਿਲ ਵਿੱਚ ਕਿੰਨੀ ਅੱਗ ਮਚਦੀ ਪਈ ਏ ਜਿਸ ਨੂੰ ਕੋਈ ਵੀ ਠੰਡਾ ਨਹੀਂ ਕਰ ਸਕਦਾ। ਮੈਂ ਵੀ ਤੇ ਬਾਹਰ ਡਿੱਗਦੀ ਧੁੰਦ ਦੇ ਗੋਲੇ ਵੀ। ਮੈਂ ਸੋਚਦਾ ਬੰਦੇ ਦੇ ਅੰਦਰ ਆਪਣੀਆਂ ਜੜ੍ਹਾਂ ਕਿੰਨੀਆਂ ਡੂੰਘੀਆਂ ਹੁੰਦੀਆਂ ਨੇ। ਦਰਿਆ ਕਿਨਾਰੇ ਰੁੰਡ ਮਰੁੰਡ ਖੜ੍ਹਾ ਰੁੱਖ ਆਪਣੀਆਂ ਜੜ੍ਹਾਂ ਸਹਾਰੇ ਹੀ ਵਰ੍ਹਿਆਂ ਦੇ ਵਰ੍ਹੇ ਲੰਘਾ ਦਿੰਦਾ ਏ ਭਾਵੇਂ ਦਰਿਆ ਉਹਦੀਆਂ ਜੜ੍ਹਾਂ ਨੂੰ ਕਿੰਨਾ ਵੀ ਖੋਰਾ ਲਾਉਂਦਾ ਰਹੇ। ਗੁਰਿੰਦਰ ਕੋਸ਼ਿਸ਼ ਕਰਦਾ ਤੇ ਮੇਰੇ ਕੋਲੋਂ ਆਪਣਾ ਮੂੰਹ ਲੁਕਾਉਣ ਲਈ ਧੂਣੇ ਕੋਲੋਂ ਉੱਠ ਕੇ ਦੁਕਾਨਾਂ ਅੱਗੋਂ ਖਾਲ੍ਹੀ ਗੱਤਿਆਂ ਦੇ ਡੱਬੇ ਚੁੱਕਣ ਬਹਾਨੇ ਚਲਿਆ ਜਾਂਦਾ। ਬੰਦਾ ਸੱਚ ਨੂੰ ਲੁਕਾਉਣ ਲਈ ਕਿਵੇਂ ਤਰਲੇ ਮਾਰਦਾ ਏ ਇਹ ਮੈਂ ਉਸ ਦਿਨ ਉਸ ਦੀਆਂ ਅੱਖਾਂ ਵਿੱਚੋਂ ਪੜ੍ਹਿਆ ਸੀ।

ਸਮੇਂ ਦੀ ਧੂੜ ਨੇ ਦਿਲਾਂ ਤੇ ਆਪਣੀ ਪਰਛਾਈ ਦਿਖਾਉਣੀ ਸ਼ੁਰੂ ਕਰ ਦਿੱਤੀ ਸੀ ਪਰ ਮੋਹ ਕਿਤੇ ਨਾ ਕਿਤੇ ਜਗਦਾ ਰਿਹਾ ਸੀ। ਬੱਚਾ ਸੰਸਾਰ ਦੀ ਭੀੜ ਵਿੱਚ ਪਤਾ ਨਹੀਂ ਕਿਥੇ ਗੁਆਚ ਗਿਆ ਸੀ।

ਬੱਚਾ ਜਿਵੇਂ ਜਿਵੇਂ ਵੱਡਾ ਹੁੰਦਾ ਗਿਆ ਨਵੇਂ ਥਾਂ ਨਵੀਂ ਜ਼ਿੰਦਗੀ ਗੁਜ਼ਾਰਨ ਲੱਗਾ। ਜਦੋਂ ਸੁਰਤ ਸੰਭਲੀ ਤਾਂ ਹੌਲੀ ਹੌਲੀ ਉਸਨੂੰ ਪਤਾ ਲੱਗਾ ਕਿ ਇਹ ਉਸ ਦਾ ਪਿਤਾ ਨਹੀਂ ਹੈ। ਨਾ ਹੀ ਇਹ ਘਰ। ਨਾ ਇਹ ਉਹਦਾ ਆਪਣਾ ਪਿੰਡ। ਪਿੰਡ ਵੀ ਕੋਈ ਹੋਰ ਹੈ ਤੇ ਪਿਤਾ ਵੀ ਕੋਈ ਹੋਰ। ਮਾਂ ਤਾਂ ਬੱਸ ਮੈਨੂੰ ਗੁੜ ਦੀ ਰੋੜੀ ਦੇ ਕੇ ਵਰਾਉਂਦੀ ਰਹੀ ਤੇ ਸਮਾਂ ਲੰਘਾਉਂਦੀ ਰਹੀ। ਉਹ ਸੋਚਦਾ ਜੇਕਰ ਇਹ ਮੇਰਾ ਪਾਲਣਹਾਰ ਪਿਤਾ ਨਹੀਂ ਤਾਂ ਮੇਰਾ ਪਿਤਾ ਫਿਰ ਹੋਰ ਕੌਣ ਹੈ...? ਕਿਥੇ ਰਹਿੰਦਾ ਏ ਮੇਰਾ ਪਿਤਾ....? ਕਿਹੋ ਜਿਹਾ ਹੋਵੇਗਾ ਮੇਰਾ ਪਿਤਾ...? ਮੈਨੂੰ ਮਿਲਣ ਕਿਉਂ ਨਹੀਂ ਆਉਂਦਾ....?

ਕਈ ਵਰ੍ਹੇ ਲੰਘ ਗਏ। ਕੋਈ ਸਦੀ ਦਾ ਇੱਕ ਚੌਥਾਈ ਹਿੱਸਾ। ਬੱਚਾ ਜਵਾਨ ਹੋਇਆ ਤਾਂ ਸੁਖਾਨੰਦ ਵਿਖੇ ਰਿਸ਼ਤੇ ਦੀ ਦੱਸ ਪਈ ਜਿਹਦੀ ਕਿਸੇ ਤਰ੍ਹਾਂ ਮਾਸਟਰ ਗੁਰਿੰਦਰ ਦੀ ਭੈਣ ਨਾਲ ਰਿਸ਼ਤੇਦਾਰੀ ਰਲਦੀ ਸੀ। ਇਹ ਰਿਸ਼ਤਾ ਸਿਰੇ ਚੜ੍ਹ ਗਿਆ। ਬੱਬਲੂ ਦੇ ਵਿਆਹ ਸਮੇਂ ਮਾਸਟਰ ਦੀ ਭੈਣ ਸੁਖਾਨੰਦ ਵਿਖੇ ਵਿਆਹ 'ਚ ਆਈ ਤਾਂ ਮੁੰਡੇ ਦੇ ਹਾਵ ਭਾਵ

ਵੇਖਕੇ ਉਸ ਨੂੰ ਮੁੰਡੇ ਵਿੱਚੋਂ ਆਪਣੇ ਮਰ ਚੁੱਕੇ ਭਰਾ ਸਲਵਿੰਦਰ ਦੇ ਨਕਸ਼ ਦਿਖਾਈ ਦਿੱਤੇ ਪਰ ਓਦੋਂ ਉਹ ਕੋਈ ਗੱਲ ਨਾ ਕਰ ਸਕੀ। ਉਹ ਸੋਚਦੀ ਹੁਣ ਮੁਰਦੇ ਫਰੋਲਣ ਦਾ ਕੀ ਫਾਇਦਾ...। ਮਰ ਮੁੰਡੇ ਦਾ ਚਿਹਰਾ ਮੋਹਰਾ ਉਸਦੇ ਜ਼ਿਹਨ ਵਿੱਚ ਕਿਧਰੇ ਸਲਵਿੰਦਰ ਬਣ ਕੇ ਖੌਲਦਾ ਰਿਹਾ...।

ਬਾਪੂ ਬਖਤਾਵਰ ਸਿਹੁੰ ਸੋਚਦਾ... ਮੇਰਾ ਪੋਤਰਾ ਪਤਾ ਨਹੀਂ ਕਿੱਥੇ ਹੋਵੇਗਾ। ਹੋਵੇਗਾ ਵੀ ਜਾਂ ਨਹੀਂ...?

ਗੱਲਾਂ ਤੁਰੀਆਂ ਤਾਂ ਮਾਸਟਰ ਗੁਰਿਦਰ ਸਿੰਘ ਨੂੰ ਪਤਾ ਲੱਗ ਕਿ ਸੁਖਾਨੰਦ ਵਿਖੇ ਵਿਆਹਿਆ ਗਿਆ ਲੜਕਾ ਅਸਲ ਵਿੱਚ ਸਮਾਲਸਰ ਦਾ ਹੀ ਵਾਸੀ ਹੈ ਤੇ ਉਸ ਦਾ ਭਤੀਜਾ ਵੀ। ਦਿਲਾਂ ਦੀਆਂ ਗੱਲਾਂ ਨੇੜੇ ਹੁੰਦੀਆਂ ਗਈਆਂ।

ਅਸਲ ਵਿੱਚ ਕੋ ਕੁ ਦਿਨ ਤੋਂ ਮੈਂ ਅਖ਼ਬਾਰਾਂ ਵੰਡਣ ਲਈ ਸਮਾਲਸਰ ਮਿਥੇ ਟਿਕਾਣੇ 'ਤੇ ਨਹੀਂ ਸਾਂ ਜਾ ਸਕਿਆ ਤਾਂ ਹੀ ਮਾਸਟਰ ਨੇ ਮੈਨੂੰ ਜਰੂਰੀ ਫੋਨ ਕੀਤਾ ਸੀ। ਅਗਲੇ ਦਿਨ ਮੈਂ ਸਵੇਰੇ ਪੰਜ ਵੱਜਦੇ ਹੀ ਮਿਥੇ ਸਥਾਨ 'ਤੇ ਪਹੁੰਚ ਗਿਆ ਸੀ। ਮਾਸਟਰ ਦੀਆਂ ਨਜ਼ਰਾਂ ਮੇਰੇ ਰਾਹ ਵੱਲ ਹੀ ਤੱਕਦੀਆਂ ਪਈਆਂ ਸਨ ਜਿਵੇਂ ਉਹ ਸਦੀਆਂ ਦਾ ਖੜ੍ਹਾ ਮੈਨੂੰ ਉਡੀਕਦਾ ਰਿਹਾ ਹੋਵੇ।

"ਕਲਸੀ ਜੀ, ਹੋਰ ਸੁਣਾਓ ਕੀ ਹਾਲ ਏ। ਮੈਂ ਦੋ ਦਿਨਾਂ ਤੋਂ ਤੁਹਾਡੀ ਰਾਹ ਤੱਕਦਾ ਪਿਆ ਵਾਂ। ਕਿਸੇ ਹੋਰ ਨਾਲ ਗੱਲ ਨਹੀਂ ਸੀ ਕਰ ਸਕਦਾ।" ਉਸ ਦਾ ਚਿਹਰਾ ਇੰਦਾਂ ਖਿੜਿਆ ਪਿਆ ਸੀ ਜਿਵੇਂ ਸਵੇਰੇ ਵੇਲੇ ਤਰੇਲ ਧੋਤੇ ਗੇਂਦੇ, ਗੁਲਾਬ ਅਤੇ ਹੋਰ ਸੁਨਹਿਰੀ ਫੁੱਲਾਂ ਦਾ ਬਾਜ਼ਾਰ ਲੱਗਿਆ ਹੋਵੇ ਜਿਸ ਵਿੱਚੋਂ ਮਹਿਕਾਂ ਆਉਂਦੀਆ ਪਈਆਂ ਹੋਣ।'

"ਮੇਰਾ ਭਤੀਜਾ ਲੱਭ ਗਿਆ ਏ।" ਮੇਰੇ ਸਿਰ ਤੋਂ ਜਿਵੇਂ ਮਣਾਂ ਮੂੰਹੀਂ ਭਾਰ ਲਹਿ ਗਿਆ ਸੀ।

"ਵਾਹ ਕਿਆ ਸੁਹਣੀ ਖ਼ਬਰ ਸੁਣਾਹੀ ਏ ਯਾਰ ਏ।" ਮੈਨੂੰ ਲੱਗਦਾ ਸੀ ਕਿ ਉਹ ਇਹ ਸ਼ਬਦ ਇਕ ਵਾਰ ਫਿਰ ਰਹੇ।

"ਉਸਨੇ ਪਰਸੋਂ ਮੇਰੇ ਨਾਲ ਫੋਨ 'ਤੇ ਗੱਲ ਕੀਤੀ ਸੀ। 'ਕਹਿੰਦਾ ਸੀ ਕਿ ਤੁਸੀਂ ਗਿੰਦਾ ਬਾਈ ਹੋ ਨਾ'....?

"ਮੈਂ ਪੁੱਛਿਆ, ਤੁਸੀਂ ਕੌਣ...?" ਤਾਂ ਕਿੰਨੀ ਦੇਰ ਤੱਕ ਤਾਂ ਉਹ ਬੋਲ ਹੀ ਨਾ ਸਕਿਆ।

'ਹਾਂ ਮੈਂ ਗਿੰਦਾ ਬਾਈ...।' ਮੈਂ ਕਿਹਾ।

ਮਾਸਟਰ ਆਪ ਮੁਹਾਰੇ ਹੀ ਬੋਲੀ ਗਿਆ ਜਿਵੇਂ ਟੇਪਰਿਕਾਰਡ ਲਾ ਕੇ ਛੱਡੀ ਹੋਵੇ।

'ਮੈਂ.... ਜੀਤਸਿਮਰਨ... ਮੀਤਸਿਮਰਨ..।'

ਮੈਨੂੰ ਲੱਗਿਆ ਮਾਸਟਰ ਰੋ ਰਿਹਾ ਸੀ ਪਰ ਉਸ ਦਾ ਚਿਹਰਾ ਮੇਰੇ ਵੱਲ ਨਹੀਂ ਸੀ ਤੇ ਉਹ ਦੂਰ ਸੜਕ ਵੱਲ ਕਿਧਰੇ ਤੱਕ ਰਿਹਾ ਸੀ।

'ਮੈਂ ਤੁਹਾਨੂੰ ਤਾਇਆ ਤੇ ਕਹਿ ਸਕਨਾ ਵਾਂ...। ਨਹੀਂ....ਨਹੀਂ... ਤਾਇਆ ਜੀ ਨਹੀਂ..ਭਾਪਾ ... ਤੇ ਕਹਿ ਸਕਨਾ..। ਇਨਾਂ ਕੁ ਹੱਕ ਤੇ ਮੈਨੂੰ ਹੈ। ਉਹ ਆਪ ਮੁਹਾਰੇ ਹੀ ਮੈਨੂੰ ਭਾਪਾ ਕਹਿ ਕੇ ਸੰਬੋਧਨ ਕਰਨ ਲੱਗਿਆ। ਤਾਇਆ ਮੈਂ ਭਾਪਾ ਕਹਿਣ ਲਈ ਮੁੱਦਤ ਤੋਂ ਤਰਸਿਆ ਪਿਆ ਵਾਂ।' ਫੇਰ ਕਿੰਨੀ ਦੇਰ ਤੱਕ ਉਹ ਹੌਕੇ ਭਰਦਾ ਰਿਹਾ ਤੇ ਕੁਝ ਬੋਲ ਹੀ ਨਾ ਸਕਿਆ। ਜਿਵੇਂ ਹੜ੍ਹਾ ਦਾ ਪਾਣੀ ਰੇਤ ਦੇ ਬੰਨ੍ਹ ਨੂੰ ਵਹਾ ਕੇ ਲੈ ਗਿਆ ਹੋਵੇ। ਸਮਾਂ ਜਿਵੇਂ ਠਹਿਰ ਗਿਆ ਸੀ।

'ਭਾਪਾ ਮੈਂ ਆਪਣੇ ਪਿੰਡ ਆਉਣਾ ਵਾ। ਆਪਣੇ ਪਿੰਡ...ਨਹੀਂ...ਨਹੀਂ...ਮੇਰੇ ਪਿੰਡ... ਨਹੀਂ... ਆਪਣੇ ਘਰ। ਮੇਰੀ ਜਨਮ ਭੂਮੀ। ਸੱਚ ਦੱਸਾਂ ਭਾਪਾ ਮੈਂ ਆਪਣਾ ਘਰ ਦੇਖਣ ਲਈ ਅਣਗਿਣਤ ਵਰ੍ਹੇ ਲੰਘਾ ਦਿੱਤੇ ਹਨ। ਭਾਪਾ ਤੁਸੀਂ ਬੋਲਦੇ ਕਿਉਂ ਨਹੀਂ....?

ਮੇਰੇ ਸਿਰ ਵਿੱਚ ਜਿਵੇਂ ਕਿੰਨੇ ਸਾਰੇ ਹੀ ਮੰਦਰਾਂ ਦੀਆਂ ਘੰਟੀਆਂ ਵੱਜਦੀਆਂ ਰਹੀਆਂ। ਮੈਨੂੰ ਕੁਝ ਵੀ ਸੁਣਾਈ ਨਹੀਂ ਸੀ ਦੇ ਰਿਹਾ। ਮੈਂ ਤਾਂ ਕੁਝ ਬੋਲ ਹੀ ਨਹੀਂ ਸਾਂ ਸਕਿਆ ਫਿਰ ਗੁਰਿੰਦਰ ਕਹਿਣ ਲੱਗਿਆ,"ਕਲਸੀ, ਫਿਰ ਮੇਰੇ ਭਤੀਜੇ ਨੇ ਕਿਹਾ 'ਭਾਪਾ ਵੱਡਾ ਬਾਪੂ ਹੈਗਾ ਨਾ...? ਵੱਡੇ ਬਾਪੂ ਨਾਲ ਤਾਂ ਗੱਲ ਕਰਾਦੇ...? ਦਾਦੇ ਨਾਲ...। ਕਿਹੋ ਜਿਹਾ ਏ ਮੇਰਾ ਦਾਦਾ..?'

ਮੈਂ ਕਿਹਾ,"ਪੁੱਤ, ਅਜੇ ਨਹੀਂ ਹੌਲੀ ਹੌਲ਼ੀ ਦੱਸਾਂਗਾ ਬਾਪੂ ਨੂੰ। ਤੂੰ ਤਾਂ ਅਜੇ ਬੱਚਾ ਏਂ। ਤੈਨੂੰ ਅਜਿਹੀਆ ਗੱਲਾਂ ਦਾ ਪਤਾ ਨਹੀਂ। ਇਹੋ ਜਿਹੀ ਗੱਲ ਸੁਣ ਕੇ ਹੋਰ ਕਿਤੇ ਜਾਹ ਜਾਂਦੀ ਕਰ ਜਾਵੇ ਬਾਪੂ।'

ਕਦੀ ਕਦੀ ਮੈਂ ਸੋਚਦਾ ਬਾਪੂ ਨੇ ਭਲਾ ਇਹ ਇੱਕ ਚੌਥਾਈ ਸਦੀ ਦਾ ਸੇਕ ਕਿਵੇਂ ਝੱਲਿਆ ਹੋਵੇਗਾ ਆਪਣੇ ਜ਼ਿਹਨ 'ਤੇ...? ਇਹ ਤਾਂ ਉਹੀ ਜਾਣ ਸਕਦੈ ਨਾ। ਕੋਈ ਭਲਾ ਉਸ ਦੇ ਦੁੱਖ ਦਾ ਅੰਦਾਜ਼ਾ ਕਿਵੇਂ ਲਾ ਸਕਦੈ...? ਬੁੱਢੇ ਦਾਦੇ ਨੇ ਆਪਣੇ ਪੋਤਰੇ ਦੇ ਚਿੱਤਰ ਆਪਣੇ ਜ਼ਿਹਨ ਵਿੱਚ ਪਤਾ ਨਹੀਂ ਕਿਸ ਕਿਸ ਤਰ੍ਹਾਂ ਦੇ ਚਿਤਰੇ ਹੋਣਗੇ...? ਮੈਂ ਕਈ ਵਾਰ ਸੋਚਦਾ ਜਦ 23-24 ਵਰ੍ਹਿਆਂ ਦੇ ਜਵਾਨ ਕੋਠੇ ਜਿੱਡੇ ਪੋਤਰੇ ਨੇ ਝੁਕ ਕੇ ਆਪਣੇ ਦਾਦੇ ਦੇ ਪਹਿਲੀ ਵਾਰੀ ਪੈਰੀਂ ਹੱਥ ਲਾਏ ਹੋਣਗੇ ਤਾਂ ਕਿਸ ਤਰ੍ਹਾਂ ਦੇ ਪਲ ਹੋਣਗੇ ਉਹ ...ਭਲਾ...?

ਇੱਕ ਦਿਨ ਮਾਸਟਰ ਨੇ ਆਪਣੇ ਭਤੀਜੇ ਬੱਬਲੂ ਦਾ ਆਪਣੇ ਫੋਨ 'ਤੇ ਆਇਆ ਸੁਨੇਹਾ ਦਿਖਾਇਆ। ਕਹਾਣੀ ਪੂਰੀ ਮੂਕ ਵੇਦਨਾ ਦੀ ਭਰੀ ਪਈ ਸੀ। ਲਿਖਿਆ ਸੀ-ਸ਼ਿੰਦੇ ਭਾਪਾ ਜਦ ਕਈ ਵਰ੍ਹੇ ਪਹਿਲਾਂ ਮੈਂ ਛੋਟਾ ਜਿਹਾ ਸਾਂ ਨਾ ਤਾਂ ਮੈਂ ਆਪਣੇ ਇਸ ਪਾਲਣਹਾਰ ਪਿਤਾ ਵਲੋਂ ਮਾਂ ਨੂੰ ਗਾਲਾਂ ਕੱਢਦਿਆਂ ਸੁਣਦਾ ਸਾਂ... ਪਤਾ 'ਨੀ ਕੀਹਦਾ...ਚੁੱਕ ਲਿਆਈ..ਇਹ ਗੰਦ..? ਕਿਥੋਂ ਮੇਰੇ ਪੱਲੇ ਪਾ 'ਤਾ ਇਸ ਕੁਲਹਿਣੀ ਨੇ... ਇਹ? ਮੇਰੇ ਕਰਕੇ ਮਾਂ ਨੂੰ ਪਿਤਾ ਵੱਲੋਂ ਕਈ ਅਜਿਹੀਆਂ ਗੱਲਾਂ ਸੁਣਨੀਆਂ ਪੈਂਦੀਆਂ ਜੋ ਮੈਥੋਂ ਸਹਿਣ 'ਨੀ ਸੀ ਹੁੰਦੀਆਂ ਪਰ ਮੈਂ ਕਰ ਵੀ ਕੁੱਝ ਨਹੀਂ ਸੀ ਸਕਦਾ। ਕਈ ਵਾਰ ਮੈਨੂੰ ਮੇਰੇ ਵਰਗੇ ਜੁਆਕ 'ਛੇੜਦੇ... ਤੇਰਾ ਪਿਓ ਕਿਹੜਾ ਓਏ..?... ਕੀ ਨਾਂ ਤੇਰੇ ਪਿਓ ਦਾ...? ਮੈਂ ਨੀਵੀਂ ਪਾਈ ਰੋਂਦਾ ਕੁਰਲਾਉਂਦਾ ਘਰ ਆ ਜਾਂਦਾ ਤੇ ਮਾਂ ਤੋਂ ਚੋਰੀ ਚੋਰੀ ਰੋਂਦਾ...। ਸ਼ਿੰਦੇ ਭਾਪਾ, ਅੱਜ ਪਹਿਲੀ ਵਾਰ ਭਾਪਾ ਕਹਿੰਦਿਆਂ ਜਿਵੇਂ ਮੇਰਾ ਮੂੰਹ ਖੰਡ ਨਾਲ ਭਰ ਗਿਆ ਹੋਵੇ। ਮੈਨੂੰ ਨਹੀਂ ਪਤਾ ਭਾਪਾ ਕਿਸ ਤਰ੍ਹਾਂ ਦੇ ਹੋਣਗੇ...? ਭਾਪਾ ਜਦ ਮੈਂ ਹੋਰਨਾਂ ਮੁੰਡੇ ਕੁੜੀਆਂ ਨੂੰ ਆਪਣੇ ਪਿਤਾ ਨੂੰ ਡੈਡੀ, ਭਾਪਾ ਕਹਿੰਦਿਆਂ ਸੁਣਦਾ ਹਾਂ ਨਾ ਤਾਂ ਤੈਨੂੰ ਨਹੀਂ ਪਤਾ ਮੇਰੇ ਦਿਲ 'ਤੇ ਕਿਸ ਤਰ੍ਹਾਂ ਬੀਤਦੀ ਹੋਵੇਗੀ....? ਮੈਂ ਹੋਰਨਾਂ ਦੇ ਡੈਡੀਆਂ 'ਚੋਂ ਆਪਣੇ ਡੈਡੀ ਦੇ ਨਕਸ਼ ਪਛਾਣਦਾ ਰਹਿੰਨਾ ਵਾਂ....। ਇਸ ਤਰ੍ਹਾਂ ਦਾ ਹੋਵੇਗਾ ਮੇਰਾ ਡੈਡੀ..? ਨਹੀਂ....ਨਹੀਂ... ਇਸ ਤਰ੍ਹਾਂ ਦਾ...? ਪਤਾ ਨਹੀਂ ਕਿੰਨੇ ਕੁ ਨਕਸ਼ ਮੇਰੇ ਜ਼ਿਹਨ 'ਚੋਂ ਗੁਜ਼ਰੇ ਹੋਣਗੇ ਡੈਡੀ ਦੇ...? ਜਦ ਮੈਂ ਮੰਮੀ ਤੋਂ ਆਪਣੇ ਡੈਡੀ ਬਾਰੇ ਪੁੱਛਦਾ ਤਾਂ ਇਹੀ ਕਹਿੰਦੀ ...ਫੇਰ ਕਦੀ ਦੱਸਾਂਗੀ...? ਪਤਾ ਨਹੀਂ ਕਿੰਨ੍ਹੇ ਵਰ੍ਹੇ ਲੰਘ ਗਏ। ਉਸ ਦੇ ਇੱਕਰਾਰ ਉਡੀਕਦਿਆਂ ਉਡੀਕਦਿਆਂ ....? ਇਹ ਕਿਹੋ ਜਿਹੀ ਮਾਂ ਏ ਜੋ ਮੇਰੇ ਡੈਡੀ ਬਾਰੇ ਨਹੀਂ ਦੱਸਦੀ...? ਡੈਡੀ ਤਾਂ ਡੈਡੀ ਹੁੰਦਾ ਏ ਨਾ ਭ਼ਾਪਾ...? ਹੋਰ ਕੋਈ ਮੇਰਾ ਡੈਡੀ ਭਲਾ ਕਿਝ ਬਣ ਸਕਦਾ ਏ...? ਭਾਪਾ ਮੇਰਾ ਇਹ ਭਾਪਾ ਭਾਵੇਂ ਮੇਰਾ ਪਾਲਣਹਾਰ ਏ ਪਰ ਮੈਂ ਕਦੀ ਵੀ ਇਸ ਨੂੰ ਭਾਪਾ ਨਹੀਂ ਕਿਹਾ। ਪਤਾ ਨਹੀਂ ਕਿਉਂ ਮੈਂ ਕਦੀ ਵੀ ਭਾਪਾ ਕਹਿ ਹੀ ਨਹੀਂ ਸਕਿਆ..। ਮਾਂ ਤਾਂ ਆਖ਼ਰ ਮਾਂ ਈ ਏ ਨਾ। ਉਸ ਨੂੰ ਕੀ ਦੋਸ਼ ਦਿਆਂ...? ਹੁਣ ਭਾਪਾ ਤੁਹਾਡੀ ਨੂੰਹ ਆ ਗਈ ਏ। ਮੇਰੇ ਦਾਦੇ ਦੀ ਪੋਤ ਨੂੰਹ। ਭਾਪਾ ਮੇਰੇ ਡੈਡੀ ਦੀ ਕੋਈ ਫੋਟੋ ਤਾਂ ਜਰੂਰ ਪਈ ਈ ਹੋਵੇਗੀ ਨਾ....? ਜਰੂਰ ਸੰਭਾਲ ਕੇ ਰੱਖੀਂ। ਭਾਪਾ ਆਪਣਾ ਘਰ ਕਿੱਥੇ ਕੁ ਏ...? ਕਿਹੋ ਜਿਹਾ ਏ ਆਪਣਾ ਘਰ...? ਕੌਣ ਕੌਣ ਰਹਿੰਦਾ ਏ ਆਪਣੇ ਘਰ....?

ਕਿੰਨਾ ਕੁਝ ਲਿਖਿਆ ਪਿਆ ਸੀ ਉਸ ਦੇ ਸੁਨੇਹੇ ਵਿੱਚ। ਜੀਕੂੰ ਕੌਰੂੰ ਦਾ ਖਜ਼ਾਨਾ ਮਿਲ ਗਿਆ ਹੋਵੇ।

ਉਸ ਰਾਤੀਂ ਮੈਂ ਸੌ ਨਹੀਂ ਸਾਂ ਸਕਿਆ। ਸਾਰੀ ਰਾਤ ਸੋਚਦਾ ਰਿਹਾ ਡੈਡੀ ਭਲਾ ਕਿਹੋ ਜਿਹੀ ਸ਼ੈਅ ਹੁੰਦੀ ਏ....? ਜਿੰਨਾਂ ਦੇ ਡੈਡੀ ਨਹੀਂ ਹੁੰਦੇ ਉਹ ਹੀ ਜਾਣਦੇ ਨੇ ਇਸ ਦੁੱਖ ਨੂੰ...। ਸਾਰੀ ਰਾਤ ਮੈਂ ਉਸ ਨੌਜਵਾਨ ਦੇ ਡੈਡੀ ਦੇ ਨਕਸ਼ ਤਰਾਸ਼ਦਾ ਰਿਹਾ...।

-94175-35916

--0--

ਮੈਂ ਉਸ ਆਜ਼ਾਦ ਦੇਸ਼ ਦਾ ਵਾਸੀ ਹਾਂ ਜਿੱਥੇ ਸੋਚ ਅੱਜ ਵੀ ਗੁਲਾਮ ਹੈ?

-ਅਤਿੰਦਰ ਪਾਲ ਸਿੰਘ

ਗੁਲਾਮੀ ਮੌਤ ਤੋਂ ਵੀ ਭਿਆਨਕ ਸਥਿਤੀ ਹੁੰਦੀ ਹੈ। ਜਾਲਿਮ, ਕੱਟੜ ਸੋਚ ਦੇ ਲੋਕ ਕਿਸੇ ਅਣਖੀ, ਕ੍ਰਾਂਤੀਕਾਰੀ ਵਿਚਾਰਾਂ ਦੇ ਇਨਸਾਨ ਨੂੰ ਮੌਤ ਦੀ ਜਗਾ ਗੁਲਾਮੀ ਦੀ ਸਜ਼ਾ ਦੇਣਾ ਪਸੰਦ ਕਰਦੇ ਹਨ। ਆਜ਼ਾਦੀ ਕੀ ਹੈ? ਇਸ ਸਵਾਲ ਨੂੰ ਸਮਝਣ ਦੀ ਲੋੜ ਹੈ। ਕਿਸੇ ਵੀ ਦੇਸ਼ ਜਾਂ ਵਿਦੇਸ਼ ਦਾ ਉਹ ਹਿਸਾ ਜੋ ਉਥੋਂ ਦੇ ਨਾਗਰਿਕਾਂ ਨੂੰ ਸੋਚਣ ਤੇ ਸਮਾਜ ਵਿੱਚ ਵਿਚਰਣ ਦੀ ਆਜ਼ਾਦੀ ਦੇਵੇ। ਉਸ ਉਪਰ ਕਿਸੇ ਧਰਮ, ਜਾਤਪਾਤ ਦੀ ਗੁਲਾਮੀ ਦਾ ਪਰਛਾਵਾਂ ਨਾ ਪਵੇ। ਆਜ਼ਾਦੀ ਲਈ ਸਮੇਂ ਸਮੇਂ ਤੇ ਲੜਾਈਆਂ ਲੜੀਆਂ ਗਈਆਂ ਹਨ। ਸ਼ਹੀਦਾਂ ਨੂੰ ਸੱਚੇ ਦਿਲੋਂ ਸ਼ਰਧਾਂਜਲੀਆਂ ਦਿੱਤੀਆਂ ਜਾਂਦੀਆਂ ਹਨ। ਮੇਰੇ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਅਣਗਣਿਤ ਸੂਰਮਿਆਂ ਨੇ ਕੁਰਬਾਨੀਆਂ ਦਿੱਤੀਆਂ ਹਨ। ਭਗਤ ਸਿੰਘ, ਊਧਮ ਸਿੰਘ, ਕਰਤਾਰ ਸਿੰਘ, ਸੁਖਦੇਵ ਤੇ ਰਾਜਗੁਰੂ ਤੋਂ ਇਲਾਵਾ ਗ਼ਦਰੀ ਬਾਬਿਆਂ ਨੇ ਕੁਰਬਾਨੀਆਂ ਦਿੱਤੀਆਂ ਹਨ। ਸਾਰੇ ਸ਼ਹੀਦਾਂ ਦਾ ਕੁਰਬਾਨੀਆਂ ਦੇਣ ਦਾ ਇੱਕ ਹੀ ਕਾਰਨ ਸੀ ਆਉਣ ਵਾਲੀ ਨਸਲ ਨੂੰ ਆਜ਼ਾਦ ਸੋਚ ਵਾਲਾ ਦੇਸ਼ ਦੇਣਾ। ਜੋ ਦੇਸ਼ ਸਾਨੂੰ ਮਿਲਿਆ ਉਹ ਪੂਰੀ ਤਰ੍ਹਾਂ ਆਜ਼ਾਦ ਦੇਸ਼ ਨਹੀਂ ਸੀ, ਇਸ ਅੰਦਰ ਗੁਲਾਮੀ ਦਾ ਬੋਲਬਾਲਾ ਸੀ। ਇਥੋਂ ਦੇ ਨਾਗਰਿਕ ਉਦਾਸ ਮਨ ਨਾਲ ਰਸਮੀ ਤੌਰ ਤੇ ਆਜ਼ਾਦੀ ਮਨਾਉਂਦੇ ਹਨ। ਉਹਨਾਂ ਨੂੰ ਪਤਾ ਹੈ ਕਿ ਸ਼ਹੀਦਾਂ ਦੀਆਂ ਜ਼ਿੰਦਗੀਆਂ ਏਨੀਆਂ ਵੀ ਸਸਤੀਆਂ ਨਹੀਂ ਸਨ ਕਿ ਉਹ ਇਸ ਤਰ੍ਹਾਂ ਦੇ ਦੇਸ਼ ਲਈ ਸ਼ਹੀਦ ਹੁੰਦੇ।

ਮੈਂ ਦੇਸ਼ ਨੂੰ ਪਿਆਰ ਕਰਨ ਵਾਲੇ ਨਾਗਰਿਕਾਂ ਨੂੰ ਨਿਰਾਸ਼ ਨਹੀਂ ਕਰਨਾ ਚਾਹੁੰਦਾ। ਪਰ ਸੱਚ ਨਾਲ ਮੁਲਾਕਾਤ ਕਰਨਾ ਤੇ ਖੁਦ ਨੂੰ ਸਵਾਲਾਂ ਦੇ ਕਟਹਿਰੇ ਵਿੱਚ ਖੜ੍ਹਾ ਕਰਨ ਦੀ ਲੋੜ ਹੈ। ਦੇਸ਼ ਦੀ ਗੁਲਾਮੀ ਬਾਰੇ ਗੱਲ ਕਰਨ ਤੋਂ ਪਹਿਲਾਂ ਇਸ ਦੀ ਆਜ਼ਾਦੀ ਬਾਰੇ ਗੱਲ ਕਰ ਲਵੀ ਜਾਵੇ। ਮੇਰੇ ਦੇਸ਼ ਅੰਦਰ ਕੁੜੀਆਂ ਉਪਰ ਤੇਜ਼ਾਬ ਸੁੱਟਣਾ ਬਲਾਤਕਾਰ ਕਰਨ ਲਈ ਆਜ਼ਾਦੀ ਹੈ। ਧਰਮ, ਜਾਤਪਾਤ ਤੇ ਅਣਖ ਦੀ ਕੱਟੜ ਸੋਚ ਨਾਲ ਇਨਸਾਨੀਅਤ ਦਾ ਕਤਲ ਕਰਨ ਲਈ ਆਜ਼ਾਦੀ ਹੈ। ਪੜ੍ਹੇ ਲਿਖੇ ਨੌਜਵਾਨਾਂ ਉਪਰ ਅਨਪੜ੍ਹ ਲੀਡਰਾਂ ਨੂੰ ਰਾਜ ਕਰਨ ਦੀ ਆਜ਼ਾਦੀ ਹੈ। ਕਾਨੂੰਨ ਨੂੰ ਹੱਥਾਂ ਵਿੱਚ ਲੈ ਕੇ ਆਪਣੇ ਅਨੁਸਾਰ ਵਰਤਣ ਦੀ ਆਜ਼ਾਦੀ ਹੈ। ਇਨਸਾਫ ਮੰਗਦੀਆਂ ਫਾਇਲਾਂ ਕੁਝ ਸਾਲਾਂ ਬਾਅਦ ਖਾਮੋਸ਼ ਰਹਿਣਾ ਸਿੱਖ ਲੈਂਦੀਆਂ ਹਨ। ਨੌਜੁਆਨ ਦੇਸ਼ ਦੀ ਤਰੱਕੀ ਲਈ ਅਗਾਂਹਵਧੂ ਸੋਚ ਨਾਲ ਅੱਗੇ ਵਧਦੇ ਹਨ ਤਾਂ ਉਹਨਾਂ ਨੂੰ ਨਸ਼ੇ, ਬੇਰੁਜ਼ਗਾਰਾਂ ਦੇ ਤੂਫਾਨ ਵੱਲ ਮੋੜ ਦਿੱਤਾ ਜਾਂਦਾ ਹੈ। ਇਸ ਵਿੱਚ ਕਿੰਨਾ ਸੱਚ ਹੈ ਤੇ ਕਿੰਨਾ ਝੂਠ ਇਹ ਅਸੀਂ ਖੁਦ ਮਹਿਸੂਸ ਕਰਨਾ ਹੈ।

ਮੇਰੇ ਦੇਸ਼ ਅੰਦਰ ਨੌਜਵਾਨਾਂ ਦੀ ਸੋਚ ਨੂੰ ਗੁਲਾਮ ਕੀਤਾ ਜਾ ਰਿਹਾ ਹੈ। ਇੱਥੇ ਸੱਚ ਬੋਲਣ, ਲਿਖਣ ਤੇ ਦਿਖਾਉਣ ਦੀ ਮਨਾਹੀ ਹੈ। ਪੱਤਰਕਾਰੀ, ਮੀਡਿਆ ਸਾਰਾ ਕੁਝ ਵਿਕਾਊ ਹੈ। ਇੱਥੇ ਸਭ ਵਿਕਦਾ ਸ਼ਰਤ ਕੀਮਤ ਸਹੀ ਹੋਵੇ। ਧਰਮ, ਜਾਪਪਾਤ ਦੀ ਕੱਟੜਤਾ ਨੇ ਸਾਡੀ ਇਨਸਾਨੀਅਤ ਗੁਲਾਮ ਕਰ ਲਈ ਹੈ। ਨੌਜਵਾਨਾਂ ਦਾ ਭਵਿੱਖ ਗੁਲਾਮ ਹੈ। ਜਿਹਨਾਂ ਵਿਦੇਸ਼ੀ ਲੋਕਾਂ ਤੋਂ ਆਜ਼ਾਦ ਕਰਵਾਉਣ ਲਈ ਸਾਡੇ ਸ਼ਹੀਦ ਦੇਸ਼ ਤੋਂ ਕੁਰਬਾਨ ਹੋ ਗਏ। ਸਾਡੀ ਸਰਕਾਰ ਨੇ ਸਾਨੂੰ ਉਹਨਾਂ ਨਾਲੋਂ ਵੀ ਬੁਰਾ ਮਾਹੌਲ ਦਿੱਤਾ ਹੈ। ਜਿਸਦੀ ਵਜਾ ਕਰਕੇ ਹੀ ਨੌਜਵਾਨ ਵਿਦੇਸ਼ਾਂ ਵਿੱਚ ਜਾਣਾ ਪਸੰਦ ਕਰਦੇ ਹਨ। ਅਸੀਂ ਇਸ ਸਿਸਟਮ ਦੇ ਆਦੀ ਹੋ ਚੁੱਕੇ ਹਾਂ। ਸਾਨੂੰ ਹੱਕਾਂ ਲਈ ਲੜਨਾ ਭੁੱਲ ਗਿਆ। ਅਸੀਂ ਕਦੇ ਵੀ ਇੱਕ ਆਜ਼ਾਦ ਸੋਚ ਦੇ ਝੰਡੇ ਹੇਠ ਇਕਠੇ ਹੋ ਕੇ ਆਪਣਾ ਪੱਖ ਨਹੀਂ ਰੱਖ ਸਕਦੇ। ਸਾਨੂੰ ਵਿਰੋਧ, ਰੋਸ ਕਰਨ ਤੋਂ ਡਰ ਲੱਗਦਾ ਹੈ। ਪਰ ਕਦੋਂ ਤੱਕ ਗੁਲਾਮੀ ਦੀਆਂ ਜੰਜ਼ੀਰਾਂ ਵਿੱਚ ਜਕੜੇ ਰਹਾਂਗੇ।

ਗੁਲਾਮੀ ਨੂੰ ਅਸੀਂ ਅਣਦੇਖਿਆ ਨਹੀਂ ਕਰ ਸਕਦੇ। ਇਸਦਾ ਮਤਲਬ ਇਹ ਵੀ ਨਹੀਂ ਕੀ ਸਾਡੇ ਵਿੱਚੋਂ ਆਜਾਦੀ ਦੀ ਤਾਂਘ ਹੀ ਖਤਮ ਹੋ ਗਈ ਹੈ। ਮੇਰੇ ਦੇਸ਼ ਦਾ ਨੌਜਵਾਨ ਸੂਝਵਾਨ ਤੇ ਦੇਸ਼ ਨੂੰ ਪਿਆਰ ਕਰਨ ਦੀ ਸੋਚ ਰੱਖਦਾ ਹੈ। ਅੱਜ ਵੀ ਭਗਤ ਸਿੰਘ ਵਰਗੇ ਸੂਰਮਿਆਂ ਦੀ ਕ੍ਰਾਂਤੀਕਾਰੀ ਸੋਚ ਨੂੰ ਸਮਝਣ ਦੀ ਕੋਸ਼ਿਸ਼ ਕਰਕੇ ਉਹਨਾਂ ਦੇ ਰਸਤਿਆਂ ਉਪਰ ਤੁਰਨ ਦੀ ਕੋਸ਼ਿਸ਼ ਕਰਦਾ ਹੈ। ਇੱਥੇ ਅੱਜ ਵੀ ਕਾਰਲ ਮਾਰਕਸ ਤੇ ਪਾਸ਼ ਨੂੰ ਗੁਲਾਮੀ ਤੋਂ ਬਚਾਉਣ ਲਈ ਚੰਗਾ ਸਮਾਜ ਸਿਰਜਣ ਲਈ ਹਰ ਵਰਗ ਨੂੰ ਸਿੱਖਿਅਤ ਕੀਤਾ ਜਾਵੇ। ਸਿੱਖਿਆ ਹੀ ਇੱਕੋ ਇੱਕ ਹੱਲ ਹੈ। ਜਿਸ ਨਾਲ ਗੁਲਾਮੀ ਦਾ ਹਨੇਰਾ ਦੂਰ ਕੀਤਾ ਜਾ ਸਕਦਾ ਹੈ। ਆਉ ਆਉਣ ਵਾਲੀ ਨਸਲ ਨੂੰ ਆਜ਼ਾਦ ਦੇਸ਼ ਦੇਣ ਲਈ ਯਤਨਸ਼ੀਲ ਹੋਈਏ।

-81468-08995

ਵਿਅੰਗ

ਘਰ ਵਿੱਚ ਕ੍ਰਿਕਟ ਮੈਚ

-ਅਜਮੇਰ ਸਿੰਘ

ਸਿਆਣੇ ਕਹਿੰਦੇ ਨੇ ਕਿ ਜਿੰਨਾ ਵੱਡਾ ਸਿਰ ਉਨੀ ਵੱਡੀ ਪੱਗ ਜਾਂ ਫਿਰ ਜਿੰਨਾ ਵੱਡਾ ਸਿਰ ਉਨ੍ਹਾਂ ਵੱਡਾ ਦਰਦ। ਇੱਥੇ ਮੇਰਾ "ਸਿਰ" ਤੋਂ ਭਾਵ "ਸੈਲਰੀ" ਹੈ। ਮਤਲਬ ਤਨਖਾਹ ਹੈ ਅਤੇ "ਪੱਗ" ਜਾਂ "ਦਰਦ" ਤੋਂ ਭਾਵ "ਖਰਚੇ" ਹੈ। ਇਸ ਵਿੱਚ ਮਜ਼ੇ ਆਲੀ ਗੱਲ ਇਹ ਹੈ ਕਿ ਤਨਖਾਹ ਦੇ ਵਧਣ ਨਾਲ ਖਰਚੇ ਤਾਂ ਵੱਧ ਜਾਂਦੇ ਨੇ ਪਰ ਮਹੀਨਾ ਉਨੇ ਦਾ ਉੱਨਾ ਰਹਿੰਦਾ। ਆਪਣੇ ਸਮੇਤ ਬਹੁਤੇ ਤਨਖਾਹਾਂ ਵਾਲੇ ਘਰਾਂ 'ਚ ਮੈਂ ਦੇਖਿਆ ਹੈ ਕਿ ਹਰ ਮਹੀਨੇ ਕ੍ਰਿਕਟ ਆਲਾ ਹਿਸਾਬ ਕਿਤਾਬ ਹੀ ਬਣਿਆ ਹੁੰਦਾ ਹੈ। ਮੈਨੂੰ ਲੱਗਦਾ ਤੁਸੀਂ ਸਮਝੇ ਨਹੀਂ। ਲਵੋ ਫੇਰ ਸੁਣੋ ਅਤੇ ਸਮਝੋ, ਮੇਰੇ ਘਰ ਵਿੱਚ ਹਰ ਮਹੀਨੇ ਖੇਡੇ ਜਾਣ ਵਾਲੇ ਕ੍ਰਿਕਟ ਮੈਚ ਦਾ ਅੱਖੀਂ ਦੇਖਿਆ ਅਤੇ ਹੱਡੀਂ ਭੋਗਿਆ ਹਾਲ।

ਮਹੀਨੇ ਦੇ ਸ਼ੁਰੂ ਵਿੱਚ ਤਨਖਾਹ ਸਾਡੇ ਖਾਤੇ 'ਚ ਪੈਂਦੀ ਹੈ ਤਾਂ ਪਹਿਲੇ ਪੰਜ-ਸਤ ਦਿਨ ਅਸੀਂ ਸਹਿਵਾਗ ਵਾਂਗ ਬਗੈਰ ਸੋਚੇ ਸਮਝੇ ਖ਼ਰਚੇ ਵਾਲੇ ਚੌਕੇ ਛੱਕੇ ਮਾਰਦੇ ਹਾਂ। ਫੇਰ ਦਸ ਤਰੀਕ ਤੱਕ ਜਦ ਦੁੱਧ, ਬਿਜਲੀ, ਟੀ.ਵੀ, ਫੋਨ, ਕਰਿਆਨੇ ਅਤੇ ਹੋਰ ਕਿਸ਼ਤਾਂ ਜਾਂ ਪੌਲਸੀਆਂ ਦੇ ਖਰਚੇ ਤਨਖਾਹ 'ਚੋਂ ਨਿਕਲਦੇ ਨੇ ਤਾਂ ਇੰਝ ਲੱਗਦਾ ਹੈ ਜਿਵੇਂ ਪਹਿਲੇ ਦੋ ਤਿੰਨ ਬੱਲੇਬਾਜ਼ ਥੋੜ੍ਹੇ ਜਿਹੇ ਰਨ ਬਣਾ ਕੇ ਆਊਟ ਹੋ ਗਏ ਹੋਣ। ਫਿਰ ਇੰਜ ਲੱਗਦਾ ਕਿ ਮੈਚ ਵਿੱਚ ਵਾਪਸੀ ਮੁਸ਼ਕਿਲ ਹੈ ਕਿਉਂਕਿ ਪੈਸੇ ਘੱਟ ਰਹਿ ਗਏ ਨੇ ਤੇ ਦਿਨ ਮਹੀਨੇ ਦੇ ਜ਼ਿਆਦਾ ਨੇ। ਫੇਰ ਅਸੀਂ ਇੰਝ ਖ਼ਰਚਾ ਕਰਦੇ ਹਾਂ ਜਿਵੇਂ ਕੈਪਟਨ ਵੱਲੋਂ ਹਦਾਇਤ ਹੋਵੇ ਕਿ ਬੱਸ ਟਿਕੇ ਰਹੋ, ਆਊਟ ਨਹੀਂ ਹੋਣਾ, ਰਨ ਬਣਨ ਜਾਂ ਨਾ ਬਣਨ। ਹੁਣ ਸਾਨੂੰ ਬਾਜ਼ਾਰ ਦੀ ਮਹਿੰਗਾਈ ਕਦੇ ਵਿਰੋਧੀ ਟੀਮ ਦੀ ਟਾਈਟ ਫੀਲਡਿੰਗ ਵਾਂਗ ਜਾਪਦੀ ਹੈ ਤੇ ਕਦੇ ਖਤਰਨਾਕ ਬੌਲਰ ਸ਼ੋਏਬ ਅਖ਼ਤਰ ਵਰਗੀ। ਫੇਰ ਜਦ ਪੰਦਰਾਂ ਤਾਰੀਕ ਨੂੰ ਪ੍ਰਾਈਵੇਟ ਨੌਕਰੀ ਕਰਦੀ ਘਰ ਵਾਲੀ ਦੀ ਤਨਖਾਹ ਮਿਲਣ ਦਾ ਸੁਨੇਹਾ ਮਿਲਦਾ ਹੈ ਤਾਂ ਇੰਝ ਮਹਿਸੂਸ ਹੁੰਦਾ ਹੈ ਜਿਵੇਂ ਸਾਨੂੰ ਬੈਟਿੰਗ ਪਾਵਰ ਪਲੇਅ ਮਿਲ ਗਿਆ ਹੋਵੇ ਤੇ ਮੈਦਾਨ ਤੇ ਯੁਵਰਾਜ ਸਿੰਘ ਅਤੇ ਜੂਸਫ ਪਠਾਨ ਵਰਗੇ ਧੂੰਆਂਧਾਰ ਬੱਲੇਬਾਜ਼ ਡਟੇ ਹੋਣ। ਹੁਣ ਸਾਨੂੰ ਮੈਚ ਆਪਣੀ ਗ੍ਰਿਫ਼ਤ ਵਿੱਚ ਹੋਣ ਦਾ ਅਹਿਸਾਸ ਹੋਣ ਲੱਗਦਾ ਹੈ ਪਰ ਜਦੋਂ 18 ਤਾਰੀਕ ਨੂੰ ਘਰ ਵਾਲੀ ਬਗੈਰ ਦੱਸੇ ਆਪਣੇ

ਡੈਡੀ ਦੇ ਨਕਸ਼ ਤਰਾਸ਼ੀਆਂ ਅੱਖਾਂ

-ਗੁਰਜੰਟ ਕਲਸੀ ਲੰਡੇ

ਅੱਧੀ ਰਾਤ ਜਦ ਫੋਨ ਦੀ ਘੰਟੀ ਵੱਜਣ ਲੱਗੀ ਤਾਂ ਮੈਂ ਗੂੜ੍ਹੀ ਨੀਂਦ ਸੁੱਤਾ ਪਿਆ ਸਾਂ। ਫੋਨ ਦੀ ਘੰਟੀ ਵੱਜਣ ਲੱਗੀ ਤੇ ਵੱਜਦੀ ਰਹੀ। ਮੈਂ ਸੋਚਦਾ ਰਿਹਾ ਕੋਈ ਆਪੇ ਫੋਨ ਲਾ ਲਾ ਕੇ ਹੱਟ ਜਾਵੇਗਾ। ਜਦ ਉਹ ਨਾ ਹੀ ਹਟਿਆ ਤਾਂ ਮੈਂ ਅਣਮੰਨੇ ਜਿਹੇ ਇਰਾਦੇ ਨਾਲ ਫੋਨ ਚੁੱਕਿਆ ਤਾਂ ਮਾਸਟਰ ਗੁਰਿੰਦਰ ਕਹਿਣ ਲੱਗਿਆ,'ਕਲਸੀ ਜੀ, ਤੁਸੀਂ ਸਵੇਰੇ ਸਵਖਤੇ ਆਉਣਾ ਹਰ ਹਾਲਤ। ਭਾਵੇਂ ਕਿੰਨਾ ਵੀ ਜਰੂਰੀ ਕੰਮ ਹੋਵੇ। ਕੋਈ ਜਰੂਰੀ ਗੱਲ ਕਰਨ ਏ ਤੁਹਾਡੇ ਨਾਲ।'

ਪਤਾ ਨਹੀਂ ਉਸ ਦੀ ਆਵਾਜ਼ ਕਿੰਨੇ ਕੁ ਡੂੰਘੇ ਖੂਹ ਵਿੱਚੋਂ ਆਈ ਲੱਗਦੀ ਸੀ। ਮੈਨੂੰ ਪਤਾ ਸੀ ਮਾਸਟਰ ਨਿੱਕੀ ਜਿਹੀ ਗੱਲ ਤੇ ਵੱਡੀ ਜ਼ਿੰਮੇਵਾਰੀ ਦਾ ਫੋਨ ਨਹੀਂ ਸੀ ਕਰਦਾ।

ਅਸਲ ਵਿੱਚ ਇਹ ਕਹਾਣੀ ਤਾਂ ਪਿਛਲੇ ਗੂੜ੍ਹੇ ਸਿਆਲ ਦੀ ਹੈ। ਕੋਈ ਦਸ ਕੁ ਮਹੀਨੇ ਪਹਿਲਾਂ ਦੀ। ਪਤਾ ਹੀ ਨਾ ਲੱਗਾ ਕਿ ਇਹ ਦਸ ਮਹੀਨੇ ਕਦੋਂ ਲੰਘ ਗਏ। ਇਹ ਕਹਾਣੀ ਮਾਸਟਰ ਗੁਰਿੰਦਰ ਸਿੰਘ ਦੀ ਸੀ। ਜਦ ਮੈਂ ਤੇ ਮਾਸਟਰ ਅਖਬਾਰਾਂ ਦੀ ਉਡੀਕ ਕਰਦੇ ਸਮਾਲਸਰ ਦੇ ਮੇਨ ਬਾਜ਼ਾਰ ਵਿੱਚ ਸਵੇਰੇ ਪੰਜ ਕੁ ਵਜੇ ਹੀ ਅਖਬਾਰਾਂ ਉਡੀਕਣ ਬਹਾਨੇ ਆਉਂਦੇ। ਕੰਮ ਸਾਡਾ ਸੀ ਅਖਬਾਰਾਂ ਵੰਡਣਾ। ਅਖਬਾਰ ਮੇਰਾ ਲੜਕਾ ਬਿਕਰਮਜੀਤ ਬਾਘੇ ਪੁਰਾਣੇ ਤੋਂ ਲਿਆਉਂਦਾ ਸੀ। ਮੇਰਾ ਲੜਕਾ ਦਿਨੇ ਮਿਸਤਰੀਆਂ ਨਾਲ ਦਿਹਾੜੀ ਕਰਨ ਜਾਂਦਾ। ਥੱਕਿਆ ਟੁੱਟਿਆ ਜਦ ਮਸਾਂ ਘਰ ਆ ਕੇ ਡਿੱਗਦਾ ਤਾਂ ਚਾਰ ਕੁ ਵਜੇ ਹੀ ਮੈਂ ਉਸ ਨੂੰ ਉਠਾ ਦਿੰਦਾ ਤੇ ਉਹ ਅੱਖਾਂ ਮਲਦਾ ਬਾਘੇ ਪੁਰਾਣੇ ਨੂੰ ਟੁਰ ਪੈਂਦਾ। ਨੀਂਦ ਅਜੇ ਉਸ ਦੀਆਂ ਅੱਖਾਂ ਵਿੱਚ ਰੜਕਦੀ ਹੁੰਦੀ। ਸਾਨੂੰ ਅਖ਼ਬਾਰ ਉਡੀਕਦਿਆਂ ਉਡੀਕਦਿਆਂ ਕਈ ਵਾਰ ਘੰਟਾ ਘੰਟਾ ਲੰਘ ਜਾਂਦਾ ਸੀ। ਸਿਆਲਾ ਦੀਆਂ ਰਾਤਾਂ ਏਨੀਆ ਲੰਮੀਆਂ ਹੋ ਜਾਂਦੀਆਂ ਜਿਵੇਂ ਸੂਰਜ ਚੜ੍ਹਨਾ ਹੀ ਭੁੱਲ ਗਿਆ ਹੋਵੇ। ਬਰਫ਼ ਦੇ ਗੋਲੇ ਬਣ ਡਿੱਗਦੀ ਧੁੰਦ ਸੂਰਜ ਦੀ ਰੋਸ਼ਨੀ ਨੂੰ ਧਰਤੀ 'ਤੇ ਪੈਣ ਹੀ ਨਾ ਦਿੰਦੀ। ਪੰਜ ਛੇ ਵਜੇ ਅਜੇ ਅੱਧੀ ਰਾਤ ਵਾਂਗ ਹਨੇਰਾ ਪਿਆ ਹੁੰਦਾ। ਘਰਾਂ ਦੀਆਂ ਕਬੀਲਦਾਰੀਆਂ ਦੇ ਗਿੱਲੇ ਧੁਖਦੇ ਵਹਿਣ ਹੌਲੇ ਕਰਨ ਲਈ ਗੱਲਾਂ ਦੀ ਵਾਟ ਹੋਰ ਲੰਮੇਰੀ ਹੋ ਜਾਂਦੀ। ਧੁੰਦ ਜ਼ੋਰਾਂ 'ਤੇ ਸੀ। ਬੰਦੇ ਨੂੰ ਨਹੀਂ ਸੀ ਦਿਸਦਾ। ਨੇੜੇ ਆਏ ਤੋਂ ਪਤਾ ਲੱਗਦਾ ਸੀ ਬੰਦਾ ਏ ਕਿ ਔਰਤ। ਠੰਡ ਦੂਰ ਕਰਨ ਲਈ ਅਸੀਂ ਅਕਸਰ ਆਪਣੇ ਘਰਾਂ ਤੋਂ ਸੁੱਕਾ ਬਾਲਣ ਲਿਆਉਂਦੇ ਸਾਂ। ਮੈਂ ਪੱਤਰਕਾਰ ਸੀ ਤੇ ਉਹ ਮਾਸਟਰ। ਮੈਂ ਦਿਨੇ ਅਖਬਾਰ ਲਈ ਖ਼ਬਰਾਂ ਇਕੱਠੀਆਂ ਕਰਦਾ ਤੇ ਸਵੇਰੇ ਸਾਝਰੇ ਹੀ ਖ਼ਬਰਾਂ ਅਤੇ ਅਖ਼ਬਾਰਾਂ ਨੂੰ ਘਰੋਂ ਘਰੀ ਪਹੁੰਚਾਣ ਲਈ ਤਰੱਦਦ ਕਰਦਾ। ਠਰੂੰ ਠਰੂੰ ਕਰਦੇ ਹੱਥਾਂ ਪੈਰਾਂ ਨੂੰ ਨਿੱਘੇ ਕਰਨ ਲਈ ਧੂਣੀ ਬਾਲਦੇ। ਧੂਣੀ ਸੇਕਣ ਲਈ ਦੁਕਾਨਾਂ ਦੇ ਬਾਹਰ ਖਿਲਰੇ ਪਏ ਗੱਤਿਆਂ ਦੇ ਖਾਲੀ ਬਕਸੇ, ਕਾਗਜ਼ ਚੋਰੀ ਚੋਰੀ ਇਕੱਠੇ ਕਰਦੇ ਕਿਤੇ ਕੋਈ ਸਾਨੂੰ ਅਜਿਹੇ ਕੰਮ ਕਰਦੇ ਵੇਖ ਨਾ ਲਵੇ। ਮਤੇ ਅਸੀਂ ਛਿੱਬੇ ਜਿਹੇ ਜਾਈਏ। ਬਾਲਣ ਤਾਂ ਇੱਕਠਾ ਕਰਦੇ ਤਾਂ ਕਿ ਧੂਣੀ ਨੂੰ ਮਘਦਾ ਰੱਖਿਆ ਜਾ ਸਕੇ। ਮਾਸਟਰ ਵੀ ਮੇਰੇ ਨਾਲ ਹੱਥ ਵਟਾਉਂਦਾ। ਮੈਂ ਸਾਂ ਮਾਸਟਰ ਸੀ। ਕੁਝ ਹੋਰ ਲੋਕ ਵੀ ਸਨ ਜੋ ਸਾਡੇ ਵਰਗੇ ਸਨ ਤੇ ਸੁਖੀ ਸਾਂਦੀ ਜਿੰਨਾਂ ਨੂੰ ਦੋ ਵਕਤ ਦੀ ਰੋਟੀ ਸਾਡੇ ਵਾਂਗ ਨਸੀਬ ਨਹੀਂ ਸੀ ਹੁੰਦੀ। ਇੰਨ੍ਹਾਂ ਵਿੱਚ ਜਵਾਨ ਕੁੜੀਆਂ, ਬੱਚੇ ਅਜਿਹੇ ਵੀ ਸਨ ਜੋ ਸਾਡੇ ਵਾਂਗ ਢਿੱਡ ਦੀ ਅੱਗ ਨੂੰ ਠੰਡਾ ਕਰਨ ਲਈ ਮੂੰਹ ਹਨੇਰੇ ਹੀ ਉੱਠ ਕੇ ਵਰਕਸ਼ਾਪਾਂ, ਬਾਜ਼ਾਰ ਦੀਆਂ ਦੁਕਾਨਾਂ ਅੱਗੋਂ ਪਲਾਸਟਿਕ, ਹੋਰ ਵੇਚਣ ਯੋਗ ਕਚਰਾ ਇੱਕਠਾ ਕਰਦੇ ਤੇ ਰੋਟੀ ਦਾ ਜੁਗਾੜ ਬਣਾਉਂਦੇ। ਜਵਾਨ ਕੁੜੀਆਂ ਦੇ ਪਾਟੇ ਪੁਰਾਣੇ ਮੈਲੇ ਕੁਚੈਲੈ ਝੱਗਿਆਂ ਵਿੱਚੋਂ ਉਨ੍ਹਾਂ ਦਾ ਹੁਸਨ ਸੂਰਜ ਵਾਂਗ ਦਗਦਾ ਸੀ। ਇਹ ਲੋਕ ਵੀ ਸਾਡੇ ਵਾਂਗ ਰਾਤ ਨੂੰ ਪਤਾ ਨਹੀਂ ਕਿਹੋ ਜਿਹੇ ਸੁਪਨੇ ਸੰਜੋਅ ਕੇ ਸੌਂਦੇ ਹੋਣਗੇ ਕਿ ਸਵੇਰੇ ਬਾਜ਼ਾਰ ਦੀਆਂ ਦੁਕਾਨਾਂ, ਮੰਦਰਾਂ, ਰੇਹੜੀਆਂ ਦੇ ਨੇੜੇ ਉਨ੍ਹਾਂ ਦਾ ਧੰਨ ਪਿਆ ਹੋਵੇਗਾ ਜਿਸ 'ਤੇ ਉਨ੍ਹਾਂ ਦਾ ਜੱਦੀ ਹੱਕ ਹੈ ਤੇ ਇਸ ਹੱਕ ਨੇ ਉਨ੍ਹਾਂ ਦੀ ਨੀਂਦ ਵੀ ਪੂਰੀ ਨਹੀਂ ਸੀ ਕੀਤੀ ਹੋਣੀ। ਮੈਨੂੰ ਲੱਗਦਾ ਸਾਡਾ ਸਾਰਿਆਂ ਦਾ ਇੱਕੋ ਵਰਗ ਸੀ ਤੇ ਇਸ ਵਰਗ ਵਿੱਚ ਉਹ ਕੁੱਤੇ ਵੀ ਸ਼ਾਮਲ ਸਨ ਜੋ ਸਾਰੀ ਰਾਤ ਬਾਜ਼ਾਰ ਦੀ ਰਾਖੀ ਕਰਦੇ ਤੇ ਸਵੇਰੇ ਠੰਡ ਤੋਂ ਬਚਣ ਲਈ ਧੂਣੀ ਦੁਆਲੇ ਹੋ ਲੈਂਦੇ। ਸ਼ਨੀਵਾਰ ਕੁਝ ਹੋਰ ਲੋਕ ਵੀ ਸਾਡੇ ਵਿੱਚ ਆ ਸ਼ਾਮਲ ਹੁੰਦੇ ਜੋ ਸਵੇਰੇ ਸਵੇਰੇ ਸਾਡੇ ਮੂਹਰੇ ਮੂਹਰੇ ਦੁਕਾਨਾਂ ਦੇ ਸ਼ਟਰਾਂ ਨਾਲ ਨਿੰਬੂਆਂ ਮਿਰਚਾਂ ਦੀਆਂ ਗੱਠੜੀਆਂ ਬੰਨਦੇ ਤਾਂ ਕਿ ਦੁਕਾਨਦਾਰ ਤੇ ਇਹ ਅਮੀਰ ਲੋਕ ਹੋਰ ਵੱਧਣ ਫੁੱਲਣ ਤੇ ਉਨ੍ਹਾਂ ਦੀ ਕਮਾਈ ਨੂੰ ਨਜ਼ਰਾਂ ਤੋਂ ਬਚਾਉਣ ਲਈ ਸਾਡੀਆਂ ਗੱਠੜੀਆਂ ਹੋਰ ਭਾਰੀਆਂ ਹੋ ਜਾਣ। ਸਾਡਾ ਇਕ ਅਜਿਹਾ ਵਰਗ ਸੀ ਜੋ ਉਨ੍ਹਾਂ ਅਮੀਰਾਂ ਦੀ ਦੁਆ ਲਈ ਠੰਡੀਆਂ ਰਾਤਾਂ ਦੇ ਸਫਰ ਦਾ ਹਾਣੀ ਸੀ। ਇਸ ਵਰਗ ਵਿੱਚ ਕੋਈ ਵੀ ਵੈਰ ਵਿਰੋਧ ਨਹੀਂ ਸੀ। ਕੋਈ ਰਾਖਵਾਂਕਰਨ ਨਹੀਂ ਸੀ। ਕੋਈ ਜਾਤੀ ਨਹੀਂ ਸੀ। ਕੋਈ ਨੇਤਾ ਨਹੀਂ ਸੀ।

ਅਸੀਂ ਸਾਰੇ ਇੱਕ ਦੂਜੇ ਨੂੰ ਆਪਣਿਆਂ ਵਾਂਗ ਪਿਆਰ ਕਰਦੇ ਤੇ ਇੱਕ ਦੂਜੇ ਨੂੰ ਅੱਗ ਸੁਕਾਉਂਦੇ। ਰੋਜ਼ਾਨਾ ਦੀਆਂ ਕਈ ਸਵਾਰੀਆਂ ਤੇ ਰਾਹਗੀਰ ਧੂਣੀ ਲੱਗੀ ਵੇਖ ਕੇ ਕੁੱਝ ਦੇਰ ਰੁਕਦੇ ਤੇ ਠੰਡ ਦੂਰ ਕਰਦੇ। ਫੇਰ ਆਪਣੀ ਮੰਜ਼ਲ ਵੱਲ ਰਵਾਨਾ ਹੁੰਦੇ।

ਦਿਨ ਚੜ੍ਹਦਿਆਂ ਹੀ ਸਵੇਰੇ ਸੈਰ ਬਹਾਨੇ ਨਿਕਲੇ ਲੋਕਾਂ ਦੀਆਂ ਤੁਰੀਆਂ ਜਾਂਦੀਆਂ ਕਤਾਰਾਂ ਸਾਡੇ ਵੱਲ ਟੇਢੀਆਂ ਨਜ਼ਰਾਂ ਨਾਲ ਤੱਕਦੀਆਂ ਕਈ ਜੋੜੇ ਬਾਹਾਂ ਵਿੱਚ ਬਾਹਾਂ ਪਾਈ ਸੜਕ ਦੀ ਵਾਟ ਮਿਣਦੇ ਤੇ ਕਲੋਲਾਂ ਕਰਦੇ। ਇੰਨ੍ਹਾਂ ਵਿੱਚ ਕਈ ਨਵ ਵਿਆਹੇ ਜੋੜੇ ਹੁੰਦੇ ਜਿੰਨ੍ਹਾ ਦੇ ਚਿਹਰਿਆਂ 'ਤੇ ਹਾਸਿਆਂ ਦੀ ਟੁਣਕਾਰ ਦੂਰ ਤੱਕ ਸਾਫ਼ ਟੱਲੀ ਵਾਂਗ ਸੁਣਾਈ ਦਿੰਦੀ। ਸਾਨੂੰ ਲੱਗਦਾ ਜੇ ਸਵਰਗ ਹੋਵੇਗਾ ਤਾਂ ਇੰਨ੍ਹਾਂ ਵਰਗਾ ਹੀ ਹੋਵੇਗਾ। ਪਰ....ਸਵਰਗ ...ਤੇ...ਅਸੀਂ ਤਾਂ ਸਵਰਗ ਦਾ ਸੁਪਨਾ ਕਦੀ ਨਹੀਂ ਸੀ ਵੇਖਿਆ। ਪਤਾ ਨਹੀਂ ਕਿਹੋ ਜਿਹਾ ਹੋਵੇਗਾ...ਸਵਰਗ...? ਕਈ ਬਿਰਧ ਜੋੜੇ ਇੱਕ ਦੂਜੇ ਦਾ ਸਹਾਰਾ ਬਣ ਦਿਨ ਕਟੀ ਕਰਦੇ ਲੱਗਦੇ। ਬੱਚਿਆਂ ਨੂੰ ਉਡੀਕਦਿਆਂ ਬੱਸਾਂ ਜਦ ਹਾਰਨ ਵਜਾਉਂਦੀਆਂ ਤਾਂ ਮਾਪੇ ਆਪਣੇ ਬੱਚਿਆਂ ਨੂੰ ਬੱਸਾਂ ਚੜ੍ਹਾਉਣ ਲਈ ਵਾਹੋ ਦਾਹੀ ਘਰਾਂ ਵਿੱਚੋਂ ਦੌੜਦੇ ਮਤੇ ਉਨ੍ਹਾਂ ਦੇ ਸੁਨਹਿਰੀ ਭਵਿੱਖ 'ਚ ਕੋਈ ਕਮੀ ਰਹਿ ਜਾਏ। ਬੱਚਿਆਂ ਦੇ ਚਿਹਰੇ ਤਾਜ਼ੇ ਫੁੱਲਾਂ ਵਾਂਗ ਮਹਿਕਦੇ ਹੁੰਦੇ। ਉਨ੍ਹਾਂ ਦੇ ਚਿਹਰਿਆਂ, ਕੱਪੜਿਆਂ ਤੇ ਛਿੜਕੇ ਅਤਰ ਫੁਲੇਲ, ਜਾਪਾਨੀ ਸੈਂਟ ਦੀ ਮਹਿਕ ਵਾਤਾਵਰਨ ਵਿੱਚ ਮਹਿਕਾਂ ਖਿਲੇਰਦੀ ਜਾਂਦੀ। ਮਾਸਟਰ ਹਮੇਸ਼ਾ ਉਨ੍ਹਾਂ ਬੱਚਿਆਂ ਵਿੱਚੋਂ ਆਪਣੇ ਭਤੀਜੇ ਬੱਬਲੂ ਦੇ ਨਕਸ਼ ਭਾਲਦਾ। ਇਹ ਵਰਗ ਸਾਡੇ ਨਾਲੋਂ ਵੱਖਰਾ ਵਰਗ ਸੀ।

ਬੱਚੇ ਤਾਂ ਮੈਂ ਤੇ ਗੁਰਿਦਰ ਦੇ ਵੀ ਉਨ੍ਹਾਂ ਬੱਚਿਆਂ ਵਰਗੇ ਹੀ ਸੀ ਸਨ ਪਰ....।

ਸਾਡੇ ਬੱਚੇ ਉਨ੍ਹਾਂ ਬੱਚਿਆਂ ਵਰਗੇ ਤਾਂ ਨਹੀਂ ਸਕਦੇ ਨਾ। ਹਾਂ ਉਨ੍ਹਾਂ ਬੱਚਿਆਂ ਵਰਗੇ ਜਰੂਰ ਸਨ ਜੋ ਦਿਨ ਚੜ੍ਹਦੇ ਹੀ ਬਾਜ਼ਾਰ ਦੀਆਂ ਦੁਕਾਨਾਂ ਅੱਗੋਂ ਭਵਿੱਖ ਲੱਭਦੇ ਫਿਰਦੇ ਸਨ।

ਮਾਸਟਰ ਗੁਰਿਦਰ ਸਿੰਘ ਹੋਰੀਂ ਦੋ ਭਰਾ ਸਨ। ਗੁਰਿੰਦਰ ਤੇ ਸਲਵਿੰਦਰ । ਚਾਰ ਭੈਣਾਂ ਸਨ। ਦੋ ਭੈਣਾਂ ਮਾਸਟਰ ਤੋਂ ਵੱਡੀਆਂ ਸਨ ਤੇ ਦੋ ਸਲਵਿੰਦਰ ਸਿੰਘ ਤੋਂ ਛੋਟੀਆਂ। ਸਲਵਿੰਦਰ ਸਿੰਘ ਮਾਸਟਰ ਤੋਂ ਛੋਟਾ ਸੀ। ਦੋਨਾਂ ਭਰਾਵਾਂ ਨੇ ਹੀ ਬੀ.ਏ. ਦੀ ਡਿਗਰੀ ਕੀਤੀ ਸੀ। ਮਾਸਟਰ ਬੀ.ਏ. ਕਰਕੇ ਸਰਕਾਰੀ ਨੌਕਰੀ ਲਈ ਥਾਂ ਥਾਂ ਖਾਕ ਛਾਣਦਾ ਰਿਹਾ ਪਰ ਕੋਈ ਕੰਮ ਨਾ

ਮਿਲਿਆ। ਛੋਟੇ ਭਰਾ ਸ਼ਲਵਿੰਦਰ ਸਿੰਘ ਨੇ ਬੀ.ਏ. ਕਰਕੇ ਕਿਸੇ ਡਾਕਟਰੀ ਦਾ ਕੋਰਸ ਕਰ ਲਿਆ ਤੇ ਪਿੰਡ ਵਿੱਚ ਹੀ ਦੁਕਾਨ ਕਰ ਲਈ। ਦੁਕਾਨ ਬੜੀ ਚੱਲਦੀ ਸੀ ਉਂ ਡਾਕਟਰ ਦਾ ਹੱਥ ਵੀ ਬੜਾ ਸਚਿਆਰਾ ਸੀ। ਡਾਕਟਰ ਗੁਰਸਿੱਖ ਸੀ ਤੇ ਦਾੜੀ ਕੇਸ ਰੱਖੇ ਹੋਏ ਸਨ। ਮਾਸਟਰ ਹੁਰਾਂ ਦਾ ਪਿਤਾ ਬਖਤਾਵਰ ਸਿੰਘ ਵੀ ਪੜ੍ਹਿਆ ਲਿਖਿਆ ਸੀ ਤੇ ਫੌਜ ਵਿੱਚ ਭਰਤੀ ਹੋ ਗਿਆ ਸੀ ਜੋ ਕਿ ਪਤਾ ਨਹੀਂ ਕਿਹੜੇ ਕਾਰਣ ਫੌਜ ਦੀ ਨੌਕਰੀ ਛੱਡ ਆਇਆ ਤੇ ਪੈਨਸ਼ਨ ਖੁਣੋਂ ਵਾਂਝਾ ਰਹਿ ਗਿਆ। ਮਗਰੋਂ ਪਿੰਡ ਆ ਕੇ ਬਖਤਾਵਰ ਸਿਹੁੰ ਪਿੰਡ ਦਾ ਸਰਪੰਚ ਬਣਿਆ। ਉਂਝ ਇਹ ਪਰਿਵਾਰ ਦਲਿਤ ਜਾਤੀ ਨਾਲ ਸਬੰਧ ਰੱਖਦਾ ਸੀ।

ਸਾਰੀਆਂ ਭੈਣਾਂ ਉਨ੍ਹੀ ਦਿਨੀ ਚੰਗੇ ਘਰਾਂ ਦੀਆਂ ਲੜਕੀਆਂ ਜਿੰਨੀਆਂ ਪੜ੍ਹੀਆਂ ਲਿਖੀਆਂ ਵੀ ਸਨ। ਵਰ ਵੀ ਚੰਗੇ ਮਿਲ ਗਏ ਤੇ ਉਹ ਆਪਣੇ ਘਰੀ ਸੁਖੀ ਵਸਣ ਲੱਗੀਆਂ। ਬਾਪੂ ਬਖਤਾਵਰ ਸਿਹੁੰ ਨੇ ਲੋੜਵੰਦ ਘਰ ਵੇਖਕੇ ਆਪਣੇ ਘਰੀਂ ਤੋਰ ਦਿੱਤੀਆਂ ਸਨ। ਸਲਵਿੰਦਰ ਸਿੰਘ ਤੇ ਦੋ ਭੈਣਾਂ ਦੇ ਵਿਆਹ ਲੱਗਭਗ ਨਾਲੋ ਨਾਲ ਹੀ ਕਰ ਦਿੱਤੇ। ਨਾਲੋ ਨਾਲ ਵਿਆਹ ਕਾਰਨ ਘਰ ਦਾ ਸਾਰਾ ਪਰਿਵਾਰ ਕਰਜ਼ੇ ਵਿੱਚ ਪਰੋਇਆ ਗਿਆ।

ਸਲਵਿੰਦਰ ਸਿੰਘ ਭਾਵੇਂ ਛੋਟਾ ਸੀ ਪਰ ਘਰ ਦਾ ਗੁਜ਼ਾਰਾ ਚੰਗਾ ਤੋਰਨ ਲੱਗ ਪਿਆ ਸੀ। ਇਸੇ ਕਾਰਨ ਬਾਪੂ ਬਖਤਾਵਰ ਸਿਹੁੰ ਨੇ ਸਲਵਿੰਦਰ ਲਈ ਰਿਸ਼ਤੇ ਦੀ ਦੱਸ ਪੈਣ ਤੇ ਚੰਗੇ ਘਰ ਦੀ ਕੁੜੀ ਲੱਭ ਕੇ ਵਿਆਹ ਕਰ ਦਿੱਤਾ। ਘਰ ਵਿੱਚ ਜਿਵੇਂ ਬਸੰਤ ਆ ਵਸੀ ਹੋਵੇ। ਘਰ ਵਿੱਚ ਮਹਿਕਾਂ ਖਿੜਨ ਲੱਗੀਆਂ।

ਸਲਵਿੰਦਰ ਸਿੰਘ ਦੇ ਵਿਆਹ ਨੂੰ ਸਾਲ ਕੁ ਹੋਇਆ ਹੋਵੇਗਾ। ਸਾਲ ਕੁ ਬਾਅਦ ਸ਼ਲਵਿੰਦਰ ਸਿੰਘ ਦੀ ਪਤਨੀ ਨੇ ਗੋਲ ਮਟੋਲ ਲੜਕਾ ਜੰਮਿਆਂ। ਘਰ ਵਿੱਚ ਰੌਣਕ ਲੱਗ ਗਈ ਤੇ ਘਰ ਮਹਿਕਣ ਲੱਗ ਪਿਆ। ਨਾਂ ਤਾਂ ਬੱਚੇ ਦਾ ਹੋਰ ਸੀ ਪਰ ਸਾਰੇ ਉਸਨੂੰ ਬੱਬਲੂ ਹੀ ਕਹਿ ਕੇ ਪੁਕਾਰਦੇ ਸਨ। ਇਹ ਮਹਿਕਾਂ ਨੂੰ ਪਤਾ ਨਹੀਂ ਕਿਸ ਦੀ ਨਜ਼ਰ ਲੱਗੀ। ਸਲਵਿੰਦਰ ਕਿਸੇ ਨਸ਼ੇ ਵਿੱਚ ਗਲਤਾਨ ਰਹਿਣ ਲੱਗਿਆ। ਕੇਸ ਕਟਾ ਦਿੱਤੇ। ਘਰ ਵਿੱਚ ਜਿਵੇਂ ਡੈਣ ਨੇ ਵਾਸ ਕਰ ਲਿਆ ਹੋਵੇ। ਕਰਜ਼ੇ ਤੇ ਨਸ਼ੇ ਨੇ ਘਰ ਬਰਬਾਦੀ ਵੱਲ ਧੱਕ ਦਿੱਤਾ। ਸਮਾਂ ਗੁਜ਼ਰਿਆ ਤੇ ਸਲਵਿੰਦਰ ਸਿਹੁ ਦੁਨੀਆਂ ਤੋ. ਚੱਲ ਵਸਿਆ।

ਘਰ ਵਿੱਚ ਰੋਣ ਪਿੱਟਣ ਸ਼ੁਰੂ ਹੋ ਗਿਆ। ਦੁੱਖ ਤਾਂ ਸਾਰਿਆਂ ਨੂੰ ਸੀ ਪਰ ਕੀਤਾ ਵੀ ਕੀ ਜਾ ਸਕਦਾ ਸੀ। ਅਣਇਆਈ ਮੌਤ। ਇੱਕ ਡਾਕਟਰ ਤੇ ਦੂਜਾ ਗੁਰਸਿੱਖ ਦਾ ਨਸ਼ੇੜੀ ਬਣ ਕੇ ਮੌਤ ਦੇ ਗਲ ਜਾ ਲੱਗਣਾ। ਇਹ ਗੱਲ ਕਿਸੇ ਦੇ ਜ਼ਿਹਨ ਦੇ ਹਿੱਸੇ ਵਿੱਚ ਫਿੱਟ ਨਹੀਂ ਸੀ ਬੈਠਦੀ। ਇਸ ਗੱਲ ਦਾ ਤਾਂ ਮੈਨੂੰ ਵੀ ਪਤਾ ਨਹੀਂ ਕਿ ਸਲਵਿੰਦਰ ਸਿਹੁ ਕਿਉਂ ਨਸ਼ੇੜੀ ਬਣਿਆ ਪਰ...

ਅੰਤਮ ਅਰਦਾਸ ਹੋਈ ਤੇ ਰੋਣਾ ਪਿਟਣਾ ਜੱਦ ਕੁੱਝ ਘਟਿਆ ਤਾਂ ਸਲਵਿੰਦਰ ਸਿੰਘ ਦੇ ਸਹੁਰਿਆਂ ਅਤੇ ਸਮਾਲਸਰ ਪਰਿਵਾਰ ਵਿਚਕਾਰ ਪੰਚਾਇਤਾਂ ਸਿਰ ਜੋੜਨ ਲੱਗੀਆਂ ਕਿ ਸਲਵਿੰਦਰ ਸਿੰਘ ਦੀ ਪਤਨੀ ਦਾ ਕੀ ਕੀਤਾ ਜਾਵੇ? ਸਲਵਿੰਦਰ ਸਿੰਘ ਦੇ ਸਹੁਰੇ ਚਾਹੁੰਦੇ ਸਨ ਕਿ ਉਸਦੀ ਪਤਨੀ ਨੂੰ ਗੁਰਿੰਦਰ ਸਿੰਘ ਦੇ ਘਰ ਬਿਠਾ ਦਿੱਤਾ ਜਾਵੇ ਪਰ ਗੁਰਿੰਦਰ ਸਿੰਘ ਨੇ ਜਵਾਬ ਦੇ ਦਿੱਤਾ ਕਿ ਉਹ ਤਾਂ ਅਜੇ ਕਿਤੇ ਕਮਾਉਦ ਜੋਗਾ ਨਹੀਂ। ਇਸ ਲਈ ਇਨ੍ਹਾ ਬੋਝ ਨਹੀਂ ਉਠਾ ਸਕਦਾ। ਗੱਲ ਕਿਸੇ ਤਣ ਪੱਤਣ ਲੱਗਦੀ ਨਜ਼ਰ ਨਾ ਆਈ। ਤਿੰਨ ਕੁ ਮਹੀਨੇ ਲੰਘ ਗਏ। ਪਰ ਹੁਣ.. ਵਿਧਵਾ ਦਾ ਕੀ ਬਣੇ? ਆਖਰ ਹੰਭ ਹਾਰ ਕੇ ਮਾਪੇ ਧੀ ਨੂੰ ਆਪਣੇ ਘਰ ਲੈ ਗਏ। ਵਾਰਸ ਚਾਹੁੰਦੇ ਸਨ ਕਿ ਬੱਬਲੂ ਇਸ ਘਰ ਦਾ ਵਾਰਸ ਹੀ ਰਹੇ ਪਰ...। ਇਸ ਗੱਲ ਨੂੰ ਲੈ ਕੇ ਮਾਮਲਾ ਅਦਾਲਤ ਪਹੁੰਚ ਗਿਆ। ਕੇਸ ਲੰਮਾ ਸਮਾਂ ਚੱਲਿਆ ਤਾਂ ਅਦਾਲਤ ਦਾ ਫੈਸਲਾ ਆਇਆ ਕਿ ਜਿੰਨੀ ਦੇਰ ਤੱਕ ਬੱਚਾ 18 ਸਾਲ ਦਾ ਨਹੀਂ ਹੁੰਦਾ ਉਹ ਮਾਂ ਤੋਂ ਦੂਰ ਨਹੀਂ ਕੀਤਾ ਜਾ ਸਕਦਾ।

ਅਦਾਲਤੀ ਚੱਕਰਾਂ ਨੇ ਭਾਵੇਂ ਦੋਹਾਂ ਪਰਿਵਾਰਾਂ ਦੇ ਦਿਲਾਂ ਵਿੱਚ ਤਰੇੜਾਂ ਤਾਂ ਪਾ ਦਿੱਤੀਆਂ ਸਨ ਪਰ ਬੱਚੇ ਬੱਬਲੂ ਨੂੰ ਲੈ ਕੇ ਸਲਵਿੰਦਰ ਸਿੰਘ ਦਾ ਪਰਿਵਾਰ ਬੜਾ ਨਿਰਾਸ਼ਾ ਵਿੱਚ ਰਿਹਾ। ਮਾਪਿਆਂ ਨੇ ਆਪਣੀ ਧੀ ਤਪੇ ਕੋਲ ਢਿੱਲਵਾਂ ਕਿਸੇ ਲੋੜਵੰਦ ਨੂੰ ਵਿਆਹ ਦਿੱਤੀ। ਬੱਚਾ ਵੀ ਮਾਂ ਨਾਲ ਚਲਿਆ ਗਿਆ। ਗੁਰਿੰਦਰ ਨੂੰ ਜਦ ਕੋਈ ਸਰਕਾਰੀ ਢੋਈ ਨਾ ਮਿਲੀ ਤਾਂ ਉਹ ਪ੍ਰਾਈਵੇਟ ਸਕੂਲਾਂ ਵਿੱਚ ਦੋ ਕੁ ਹਜ਼ਾਰ ਰੁਪਏ ਤੇ ਸਕੂਲਾਂ ਵਿੱਚ ਪੜ੍ਹਾਉਣ ਲੱਗ ਪਿਆ। ਸਕੂਲਾਂ ਵਿੱਚ ਪੜ੍ਹਾਈ ਦਾ ਸਮਾਂ ਮਸਾਂ ਹੀ ਅੱਠ ਮਹੀਨੇ ਹੁੰਦਾ ਸੀ। ਬਾਕੀ ਸਮਾਂ ਉਹ ਬੱਚਿਆਂ ਨੂੰ ਟਿਊਸ਼ਨਾਂ ਪੜ੍ਹਾ ਕੇ ਗੁਜ਼ਾਰਦਾ। ਸ਼ੀਜਨ ਚਲਦਾ ਤਾਂ ਘਰ ਬੱਚਿਆਂ ਦੀ ਰੌਣਕ ਨਾਲ ਭਰ ਜਾਂਦਾ। ਪੇਪਰ ਹੋ ਜਾਂਦੇ ਤਾਂ ਘਰ ਖਾਲੀ ਹੋ ਜਾਂਦਾ। ਇੰਜ ਉਹ ਸਾਰੇ ਲੋਕਾਂ ਲਈ ਮਾਸਟਰ ਬਣ ਗਿਆ। ਉਂਜ ਮਾਸਟਰ ਨੂੰ ਲੋਕ ਗਿੰਦਾ ਕਹਿ ਕੇ ਵੀ ਪੁਕਾਰਦੇ ਸਨ।

ਧੂਣੀ 'ਤੇ ਬੈਠਾ ਗੁਰਿੰਦਰ ਸਿੰਘ ਮੈਨੂੰ ਕਈ ਵਾਰ ਆਖਦਾ, 'ਕਲਸੀ, ਤੁਹਾਡਾ ਛੋਟਾ ਲੜਕਾ ਫਗਵਾੜੇ ਰਹਿੰਦਾ ਏ। ਮੈਂ ਸੁਣਿਐ ਮੇਰਾ ਭਤੀਜਾ ਬੱਬਲੂ ਵੀ ਫਗਵਾੜੇ ਐ ਪਰ ਪਤਾ ਨਹੀਂ ਲੱਗਦਾ ਕਿੱਥੇ ਐ? ਜੇਕਰ ਤੁਹਾਡਾ ਲੜਕਾ ਕੋਈ ਉਜਰ ਕਰੇ ਤਾਂ ਸ਼ਾਇਦ ਉਹ ਮਿਲ ਜਾਵੇ...?"

ਮੈਨੂੰ ਨਹੀਂ ਪਤਾ ਗੁਰਿੰਦਰ ਨੂੰ ਭਤੀਜਾ ਬੱਬਲੂ ਏਨਾ ਪਿਆਰਾ ਕਿਉਂ ਸੀ...?

ਉਸ ਦੀਆਂ ਅੱਖਾਂ ਹੰਝੂਆਂ ਨਾਲ ਭਰ ਜਾਂਦੀਆਂ। ਧੁਖਦੀ ਧੂਣੀ 'ਚੋਂ ਜਦ ਕੋਈ ਲਾਟ ਮਚਦੀ ਤਾਂ ਉਸ ਦੀਆਂ ਅੱਖਾਂ ਵਿੱਚੋ ਵਹਿ ਰਹੇ ਹੰਝੂਆਂ ਦੀਆਂ ਧਾਰਾਂ ਮੇਰੇ ਸਾਹਮਣੇ ਕਿਰਦੀਆਂ ਕਿਰਦੀਆਂ ਗੱਲਾਂ ਵਿੱਚੋਂ ਲੰਘ ਕੇ ਦਾੜ੍ਹ ਵਿੱਚ ਕਿਧਰੇ ਲੋਪ ਹੋ ਜਾਂਦੀਆਂ। ਮੈਨੂੰ ਲੱਗਦਾ ਬਾਹਰ ਕਿੰਨੀ ਠੰਡ ਪੈ ਰਹੀ ਏ। ਇਸ ਦੇ ਦਿਲ ਵਿੱਚ ਕਿੰਨੀ ਅੱਗ ਮਚਦੀ ਪਈ ਏ ਜਿਸ ਨੂੰ ਕੋਈ ਵੀ ਠੰਡਾ ਨਹੀਂ ਕਰ ਸਕਦਾ। ਮੈਂ ਵੀ ਤੇ ਬਾਹਰ ਡਿੱਗਦੀ ਧੁੰਦ ਦੇ ਗੋਲੇ ਵੀ। ਮੈਂ ਸੋਚਦਾ ਬੰਦੇ ਦੇ ਅੰਦਰ ਆਪਣੀਆਂ ਜੜ੍ਹਾਂ ਕਿੰਨੀਆਂ ਡੂੰਘੀਆਂ ਹੁੰਦੀਆਂ ਨੇ। ਦਰਿਆ ਕਿਨਾਰੇ ਰੁੰਡ ਮਰੁੰਡ ਖੜ੍ਹਾ ਰੁੱਖ ਆਪਣੀਆਂ ਜੜ੍ਹਾਂ ਸਹਾਰੇ ਹੀ ਵਰ੍ਹਿਆਂ ਦੇ ਵਰ੍ਹੇ ਲੰਘਾ ਦਿੰਦਾ ਏ ਭਾਵੇਂ ਦਰਿਆ ਉਹਦੀਆਂ ਜੜ੍ਹਾਂ ਨੂੰ ਕਿੰਨਾ ਵੀ ਖੋਰਾ ਲਾਉਂਦਾ ਰਹੇ। ਗੁਰਿੰਦਰ ਕੋਸ਼ਿਸ਼ ਕਰਦਾ ਤੇ ਮੇਰੇ ਕੋਲੋਂ ਆਪਣਾ ਮੂੰਹ ਲੁਕਾਉਣ ਲਈ ਧੂਣੇ ਕੋਲੋਂ ਉੱਠ ਕੇ ਦੁਕਾਨਾਂ ਅੱਗੋਂ ਖਾਲੀ ਗੱਤਿਆਂ ਦੇ ਡੱਬੇ ਚੁੱਕਣ ਬਹਾਨੇ ਚਲਿਆ ਜਾਂਦਾ। ਬੰਦਾ ਸੱਚ ਨੂੰ ਲੁਕਾਉਣ ਲਈ ਕਿਵੇਂ ਤਰਲੇ ਮਾਰਦਾ ਏ ਇਹ ਮੈਂ ਉਸ ਦਿਨ ਉਸ ਦੀਆਂ ਅੱਖਾਂ ਵਿੱਚੋਂ ਪੜ੍ਹਿਆ ਸੀ।

ਸਮੇਂ ਦੀ ਧੂੜ ਨੇ ਦਿਲਾਂ ਤੇ ਆਪਣੀ ਪਰਛਾਈ ਦਿਖਾਉਣੀ ਸ਼ੁਰੂ ਕਰ ਦਿੱਤੀ ਸੀ ਪਰ ਮੋਹ ਕਿਤੇ ਨਾ ਕਿਤੇ ਜਗਦਾ ਰਿਹਾ ਸੀ। ਬੱਚਾ ਸੰਸਾਰ ਦੀ ਭੀੜ ਵਿੱਚ ਪਤਾ ਨਹੀਂ ਕਿਥੇ ਗੁਆਚ ਗਿਆ ਸੀ।

ਬੱਚਾ ਜਿਵੇਂ ਜਿਵੇਂ ਵੱਡਾ ਹੁੰਦਾ ਗਿਆ ਨਵੇਂ ਥਾਂ ਨਵੀਂ ਜ਼ਿੰਦਗੀ ਗੁਜ਼ਾਰਨ ਲੱਗਾ। ਜਦੋਂ ਸੁਰਤ ਸੰਭਲੀ ਤਾਂ ਹੌਲੀ ਹੌਲੀ ਉਸਨੂੰ ਪਤਾ ਲੱਗਾ ਕਿ ਇਹ ਉਸ ਦਾ ਪਿਤਾ ਨਹੀਂ ਹੈ। ਨਾ ਹੀ ਇਹ ਘਰ। ਨਾ ਇਹ ਉਹਦਾ ਆਪਣਾ ਪਿੰਡ। ਪਿੰਡ ਵੀ ਕੋਈ ਹੋਰ ਹੈ ਤੇ ਪਿਤਾ ਵੀ ਕੋਈ ਹੋਰ। ਮਾਂ ਤਾਂ ਬੱਸ ਮੈਨੂੰ ਗੁੜ ਦੀ ਰੋੜੀ ਦੇ ਕੇ ਵਰਾਉਂਦੀ ਰਹੀ ਤੇ ਸਮਾਂ ਲੰਘਾਉਂਦੀ ਰਹੀ। ਉਹ ਸੋਚਦਾ ਜੇਕਰ ਇਹ ਮੇਰਾ ਪਾਲਣਹਾਰ ਪਿਤਾ ਨਹੀਂ ਤਾਂ ਮੇਰਾ ਪਿਤਾ ਫਿਰ ਹੋਰ ਕੌਣ ਹੈ...? ਕਿਥੇ ਰਹਿੰਦਾ ਏ ਮੇਰਾ ਪਿਤਾ....? ਕਿਹੋ ਜਿਹਾ ਹੋਵੇਗਾ ਮੇਰਾ ਪਿਤਾ...? ਮੈਨੂੰ ਮਿਲਣ ਕਿਉਂ ਨਹੀਂ ਆਉਂਦਾ....?

ਕਈ ਵਰ੍ਹੇ ਲੰਘ ਗਏ। ਕੋਈ ਸਦੀ ਦਾ ਇੱਕ ਚੌਥਾਈ ਹਿੱਸਾ। ਬੱਚਾ ਜਵਾਨ ਹੋਇਆ ਤਾਂ ਸੁਖਾਨੰਦ ਵਿਖੇ ਰਿਸ਼ਤੇ ਦੀ ਦੱਸ ਪਈ ਜਿਹਦੀ ਕਿਸੇ ਤਰ੍ਹਾਂ ਮਾਸਟਰ ਗੁਰਿੰਦਰ ਦੀ ਭੈਣ ਨਾਲ ਰਿਸ਼ਤੇਦਾਰੀ ਰਲਦੀ ਸੀ। ਇਹ ਰਿਸ਼ਤਾ ਸਿਰੇ ਚੜ੍ਹ ਗਿਆ। ਬੱਬਲੂ ਦੇ ਵਿਆਹ ਸਮੇਂ ਮਾਸਟਰ ਦੀ ਭੈਣ ਸੁਖਾਨੰਦ ਵਿਖੇ ਵਿਆਹ 'ਚ ਆਈ ਤਾਂ ਮੁੰਡੇ ਦੇ ਹਾਵ ਭਾਵ

ਵੇਖਕੇ ਉਸ ਨੂੰ ਮੁੰਡੇ ਵਿੱਚੋਂ ਆਪਣੇ ਮਰ ਚੁੱਕੇ ਭਰਾ ਸਲਵਿੰਦਰ ਦੇ ਨਕਸ਼ ਦਿਖਾਈ ਦਿੱਤੇ ਪਰ ਓਦੋਂ ਉਹ ਕੋਈ ਗੱਲ ਨਾ ਕਰ ਸਕੀ। ਉਹ ਸੋਚਦੀ ਹੁਣ ਮੁਰਦੇ ਫਰੋਲਣ ਦਾ ਕੀ ਫਾਇਦਾ...। ਮਰ ਮੁੰਡੇ ਦਾ ਚਿਹਰਾ ਮੋਹਰਾ ਉਸਦੇ ਜ਼ਿਹਨ ਵਿੱਚ ਕਿਧਰੇ ਸਲਵਿੰਦਰ ਬਣ ਕੇ ਖੌਲਦਾ ਰਿਹਾ...।

ਬਾਪੂ ਬਖਤਾਵਰ ਸਿਹੁੰ ਸੋਚਦਾ... ਮੇਰਾ ਪੋਤਰਾ ਪਤਾ ਨਹੀਂ ਕਿੱਥੇ ਹੋਵੇਗਾ। ਹੋਵੇਗਾ ਵੀ ਜਾਂ ਨਹੀਂ...?

ਗੱਲਾਂ ਤੁਰੀਆਂ ਤਾਂ ਮਾਸਟਰ ਗੁਰਿੰਦਰ ਸਿੰਘ ਨੂੰ ਪਤਾ ਲੱਗ ਕਿ ਸੁਖਾਨੰਦ ਵਿਖੇ ਵਿਆਹਿਆ ਗਿਆ ਲੜਕਾ ਅਸਲ ਵਿੱਚ ਸਮਾਲਸਰ ਦਾ ਹੀ ਵਾਸੀ ਹੈ ਤੇ ਉਸ ਦਾ ਭਤੀਜਾ ਵੀ। ਦਿਲਾਂ ਦੀਆਂ ਗੱਲਾਂ ਨੇੜੇ ਹੁੰਦੀਆਂ ਗਈਆਂ।

ਅਸਲ ਵਿੱਚ ਕੋ ਕੁ ਦਿਨ ਤੋਂ ਮੈਂ ਅਖ਼ਬਾਰਾਂ ਵੰਡਣ ਲਈ ਸਮਾਲਸਰ ਮਿਥੇ ਟਿਕਾਣੇ 'ਤੇ ਨਹੀਂ ਸਾਂ ਜਾ ਸਕਿਆ ਤਾਂ ਹੀ ਮਾਸਟਰ ਨੇ ਮੈਨੂੰ ਜ਼ਰੂਰੀ ਫੋਨ ਕੀਤਾ ਸੀ। ਅਗਲੇ ਦਿਨ ਮੈਂ ਸਵੇਰੇ ਪੰਜ ਵੱਜਦੇ ਹੀ ਮਿਥੇ ਸਥਾਨ 'ਤੇ ਪਹੁੰਚ ਗਿਆ ਸੀ। ਮਾਸਟਰ ਦੀਆਂ ਨਜ਼ਰਾਂ ਮੇਰੇ ਰਾਹ ਵੱਲ ਹੀ ਤੱਕਦੀਆਂ ਪਈਆਂ ਸਨ ਜਿਵੇਂ ਉਹ ਸਦੀਆਂ ਦਾ ਖੜ੍ਹਾ ਮੈਨੂੰ ਉਡੀਕਦਾ ਰਿਹਾ ਹੋਵੇ।

"ਕਲਸੀ ਜੀ, ਹੋਰ ਸੁਣਾਓ ਕੀ ਹਾਲ ਏ। ਮੈਂ ਦੋ ਦਿਨਾਂ ਤੋਂ ਤੁਹਾਡੀ ਰਾਹ ਤੱਕਦਾ ਪਿਆ ਵਾਂ। ਕਿਸੇ ਹੋਰ ਨਾਲ ਗੱਲ ਨਹੀਂ ਸੀ ਕਰ ਸਕਦਾ।" ਉਸ ਦਾ ਚਿਹਰਾ ਇੱਦਾਂ ਖਿੜਿਆ ਪਿਆ ਸੀ ਜਿਵੇਂ ਸਵੇਰੇ ਵੇਲੇ ਤਰੇਲ ਧੋਤੇ ਗੇਂਦੇ, ਗੁਲਾਬ ਅਤੇ ਹੋਰ ਸੁਨਹਿਰੀ ਫੁੱਲਾਂ ਦਾ ਬਾਜ਼ਾਰ ਲੱਗਿਆ ਹੋਵੇ ਜਿਸ ਵਿੱਚੋਂ ਮਹਿਕਾਂ ਆਉਂਦੀਆ ਪਈਆਂ ਹੋਣ।'

"ਮੇਰਾ ਭਤੀਜਾ ਲੱਭ ਗਿਆ ਏ।" ਮੇਰੇ ਸਿਰ ਤੋਂ ਜਿਵੇਂ ਮਣਾਂ ਮੂੰਹੀਂ ਭਾਰ ਲਹਿ ਗਿਆ ਸੀ।

"ਵਾਹ ਕਿਆ ਸੁਹਣੀ ਖ਼ਬਰ ਸੁਣਾਈ ਏ ਯਾਰ ਏ।" ਮੈਨੂੰ ਲੱਗਦਾ ਸੀ ਕਿ ਉਹ ਇਹ ਸ਼ਬਦ ਇਕ ਵਾਰ ਫਿਰ ਰਹੇ।

"ਉਸਨੇ ਪਰਸੋਂ ਮੇਰੇ ਨਾਲ ਫੋਨ 'ਤੇ ਗੱਲ ਕੀਤੀ ਸੀ। 'ਕਹਿੰਦਾ ਸੀ ਕਿ ਤੁਸੀਂ ਗਿੰਦਾ ਬਾਈ ਹੋ ਨਾ'....?

"ਮੈਂ ਪੁੱਛਿਆ, ਤੁਸੀਂ ਕੌਣ...?" ਤਾਂ ਕਿੰਨੀ ਦੇਰ ਤੱਕ ਤਾਂ ਉਹ ਬੋਲ ਹੀ ਨਾ ਸਕਿਆ।

'ਹਾਂ ਮੈਂ ਗਿੰਦਾ ਬਾਈ...।' ਮੈਂ ਕਿਹਾ।

ਮਾਸਟਰ ਆਪ ਮੁਹਾਰੇ ਹੀ ਬੋਲੀ ਗਿਆ ਜਿਵੇਂ ਟੇਪਰਿਕਾਰਡ ਲਾ ਕੇ ਛੱਡੀ ਹੋਵੇ।

'ਮੈਂ.... ਜੀਤਸਿਮਰਨ...ਮੀਤਸਿਮਰਨ..।'

ਮੈਨੂੰ ਲੱਗਿਆ ਮਾਸਟਰ ਰੋ ਰਿਹਾ ਸੀ ਪਰ ਉਸ ਦਾ ਚਿਹਰਾ ਮੇਰੇ ਵੱਲ ਨਹੀਂ ਸੀ ਤੇ ਉਹ ਦੂਰ ਸੜਕ ਵੱਲ ਕਿਧਰੇ ਤੱਕ ਰਿਹਾ ਸੀ।

'ਮੈਂ ਤੁਹਾਨੂੰ ਤਾਇਆ ਤੇ ਕਹਿ ਸਕਨਾ ਵਾਂ...। ਨਹੀਂ ....ਨਹੀਂ... ਤਾਇਆ ਜੀ ਨਹੀਂ..ਭਾਪਾ ... ਤੇ ਕਹਿ ਸਕਨਾ..। ਇਨਾਂ ਕੁ ਹੱਕ ਤੇ ਮੈਨੂੰ ਹੈ। ਉਹ ਆਪ ਮੁਹਾਰੇ ਹੀ ਮੈਨੂੰ ਭਾਪਾ ਕਹਿ ਕੇ ਸੰਬੋਧਨ ਕਰਨ ਲੱਗਿਆ। ਤਾਇਆ ਮੈਂ ਭਾਪਾ ਕਹਿਣ ਲਈ ਮੁੱਦਤ ਤੋਂ ਤਰਸਿਆ ਪਿਆ ਵਾਂ।' ਫੇਰ ਕਿੰਨੀ ਦੇਰ ਤੱਕ ਉਹ ਹੌਕੇ ਭਰਦਾ ਰਿਹਾ ਤੇ ਕੁਝ ਬੋਲ ਹੀ ਨਾ ਸਕਿਆ। ਜਿਵੇਂ ਹੜ੍ਹਾ ਦਾ ਪਾਣੀ ਰੇਤ ਦੇ ਬੰਨ੍ਹ ਨੂੰ ਵਹਾ ਕੇ ਲੈ ਗਿਆ ਹੋਵੇ। ਸਮਾਂ ਜਿਵੇਂ ਠਹਿਰ ਗਿਆ ਸੀ।

'ਭਾਪਾ ਮੈਂ ਆਪਣੇ ਪਿੰਡ ਆਉਣਾ ਵਾ। ਆਪਣੇ ਪਿੰਡ...ਨਹੀਂ...ਨਹੀਂ..ਮੇਰੇ ਪਿੰਡ... ਨਹੀਂ... ਆਪਣੇ ਘਰ। ਮੇਰੀ ਜਨਮ ਭੂਮੀ। ਸੱਚ ਦੱਸਾਂ ਭਾਪਾ ਮੈਂ ਆਪਣਾ ਘਰ ਦੇਖਣ ਲਈ ਅਣਗਿਣਤ ਵਰ੍ਹੇ ਲੰਘਾ ਦਿੱਤੇ ਹਨ। ਭਾਪਾ ਤੁਸੀਂ ਬੋਲਦੇ ਕਿਉਂ ਨਹੀਂ....?

ਮੇਰੇ ਸਿਰ ਵਿੱਚ ਜਿਵੇਂ ਕਿੰਨੇ ਸਾਰੇ ਹੀ ਮੰਦਰਾਂ ਦੀਆਂ ਘੰਟੀਆਂ ਵੱਜਦੀਆਂ ਰਹੀਆਂ। ਮੈਨੂੰ ਕੁਝ ਵੀ ਸੁਣਾਈ ਨਹੀਂ ਸੀ ਦੇ ਰਿਹਾ। ਮੈਂ ਤਾਂ ਕੁਝ ਬੋਲ ਹੀ ਨਹੀਂ ਸਾਂ ਸਕਿਆ ਫਿਰ ਗੁਰਿੰਦਰ ਕਹਿਣ ਲੱਗਿਆ,"ਕਲਸੀ, ਫਿਰ ਮੇਰੇ ਭਤੀਜੇ ਨੇ ਕਿਹਾ 'ਭਾਪਾ ਵੱਡਾ ਬਾਪੂ ਹੈਗਾ ਨਾ...? ਵੱਡੇ ਬਾਪੂ ਨਾਲ ਤਾਂ ਗੱਲ ਕਰਾਦੇ...? ਦਾਦੇ ਨਾਲ...। ਕਿਹੋ ਜਿਹਾ ਏ ਮੇਰਾ ਦਾਦਾ..?'

ਮੈਂ ਕਿਹਾ,"ਪੁੱਤ, ਅਜੇ ਨਹੀਂ ਹੌਲੀ ਹੌਲੀ ਦੱਸਾਂਗਾ ਬਾਪੂ ਨੂੰ। ਤੂੰ ਤਾਂ ਅਜੇ ਬੱਚਾ ਏਂ। ਤੈਨੂੰ ਅਜਿਹੀਆ ਗੱਲਾਂ ਦਾ ਪਤਾ ਨਹੀਂ। ਇਹੋ ਜਿਹੀ ਗੱਲ ਸੁਣ ਕੇ ਹੋਰ ਕਿਤੇ ਜਾਹ ਜਾਂਦੀ ਕਰ ਜਾਵੇ ਬਾਪੂ।'

ਕਦੀ ਕਦੀ ਮੈਂ ਸੋਚਦਾ ਬਾਪੂ ਨੇ ਭਲਾ ਇਹ ਇੱਕ ਚੌਥਾਈ ਸਦੀ ਦਾ ਸੇਕ ਕਿਵੇਂ ਝੱਲਿਆ ਹੋਵੇਗਾ ਆਪਣੇ ਜ਼ਿਹਨ 'ਤੇ...? ਇਹ ਤਾਂ ਉਹੀ ਜਾਣ ਸਕਦੈ ਨਾ। ਕੋਈ ਭਲਾ ਉਸ ਦੇ ਦੁੱਖ ਦਾ ਅੰਦਾਜ਼ਾ ਕਿਵੇਂ ਲਾ ਸਕਦੈ...? ਬੁੱਢੇ ਦਾਦੇ ਨੇ ਆਪਣੇ ਪੋਤਰੇ ਦੇ ਚਿੱਤਰ ਆਪਣੇ ਜ਼ਿਹਨ ਵਿੱਚ ਪਤਾ ਨਹੀਂ ਕਿਸ ਕਿਸ ਤਰ੍ਹਾਂ ਦੇ ਚਿਤਰੇ ਹੋਣਗੇ...? ਮੈਂ ਕਈ ਵਾਰ ਸੋਚਦਾ ਜਦ 23-24 ਵਰ੍ਹਿਆਂ ਦੇ ਜਵਾਨ ਕੋਠੇ ਜਿੱਡੇ ਪੋਤਰੇ ਨੇ ਝੁਕ ਕੇ ਆਪਣੇ ਦਾਦੇ ਦੇ ਪਹਿਲੀ ਵਾਰੀ ਪੈਰੀਂ ਹੱਥ ਲਾਏ ਹੋਣਗੇ ਤਾਂ ਕਿਸ ਤਰ੍ਹਾਂ ਦੇ ਪਲ ਹੋਣਗੇ ਉਹ ...ਭਲਾ...?

ਇੱਕ ਦਿਨ ਮਾਸਟਰ ਨੇ ਆਪਣੇ ਭਤੀਜੇ ਬੱਬਲੂ ਦਾ ਆਪਣੇ ਫੋਨ 'ਤੇ ਆਇਆ ਸੁਨੇਹਾ ਦਿਖਾਇਆ। ਕਹਾਣੀ ਪੂਰੀ ਮੂਕ ਵੇਦਨਾ ਦੀ ਭਰੀ ਪਈ ਸੀ। ਲਿਖਿਆ ਸੀ-ਸ਼ਿੰਦੇ ਭਾਪਾ ਜਦ ਕਈ ਵਰ੍ਹੇ ਪਹਿਲਾਂ ਮੈਂ ਛੋਟਾ ਜਿਹਾ ਸਾਂ ਨਾ ਤਾਂ ਮੈਂ ਆਪਣੇ ਇਸ ਪਾਲਣਹਾਰ ਪਿਤਾ ਵਲੋਂ ਮਾਂ ਨੂੰ ਗਾਲਾਂ ਕੱਢਦਿਆਂ ਸੁਣਦਾ ਸਾਂ... ਪਤਾ 'ਨੀ ਕੀਹਦਾ...ਚੁੱਕ ਲਿਆਈ..ਇਹ ਗੰਦ..? ਕਿਥੋਂ ਮੇਰੇ ਪੱਲੇ ਪਾ 'ਤਾ ਇਸ ਕੁਲਹਿਣੀ ਨੇ... ਇਹ? ਮੇਰੇ ਕਰਕੇ ਮਾਂ ਨੂੰ ਪਿਤਾ ਵੱਲੋਂ ਕਈ ਅਜਿਹੀਆਂ ਗੱਲਾਂ ਸੁਣਨੀਆਂ ਪੈਂਦੀਆਂ ਜੋ ਮੈਥੋਂ ਸਹਿਣ 'ਨੀ ਸੀ ਹੁੰਦੀਆਂ ਪਰ ਮੈਂ ਕਰ ਵੀ ਕੁੱਝ ਨਹੀਂ ਸੀ ਸਕਦਾ। ਕਈ ਵਾਰ ਮੈਨੂੰ ਮੇਰੇ ਵਰਗੇ ਜੁਆਕ 'ਛੇੜਦੇ... ਤੇਰਾ ਪਿਓ ਕਿਹੜਾ ਓਏ..?... ਕੀ ਨਾਂ ਤੇਰੇ ਪਿਓ ਦਾ...? ਮੈਂ ਨੀਵੀਂ ਪਾਈ ਰੋਂਦਾ ਕੁਰਲਾਉਂਦਾ ਘਰ ਆ ਜਾਂਦਾ ਤੇ ਮਾਂ ਤੋਂ ਚੋਰੀ ਚੋਰੀ ਰੋਂਦਾ...। ਸ਼ਿੰਦੇ ਭਾਪਾ, ਅੱਜ ਪਹਿਲੀ ਵਾਰ ਭਾਪਾ ਕਹਿੰਦਿਆਂ ਜਿਵੇਂ ਮੇਰਾ ਮੂੰਹ ਖੰਡ ਨਾਲ ਭਰ ਗਿਆ ਹੋਵੇ। ਮੈਨੂੰ ਨਹੀਂ ਪਤਾ ਭਾਪਾ ਕਿਸ ਤਰ੍ਹਾਂ ਦੇ ਹੋਣਗੇ...? ਭਾਪਾ ਜਦ ਮੈਂ ਹੋਰਨਾਂ ਮੁੰਡੇ ਕੁੜੀਆਂ ਨੂੰ ਆਪਣੇ ਪਿਤਾ ਨੂੰ ਡੈਡੀ, ਭਾਪਾ ਕਹਿੰਦਿਆਂ ਸੁਣਦਾ ਹਾਂ ਨਾ ਤਾਂ ਤੈਨੂੰ ਨਹੀਂ ਪਤਾ ਮੇਰੇ ਦਿਲ 'ਤੇ ਕਿਸ ਤਰ੍ਹਾਂ ਬੀਤਦੀ ਹੋਵੇਗੀ....? ਮੈਂ ਹੋਰਨਾਂ ਦੇ ਡੈਡੀਆਂ 'ਚੋਂ ਆਪਣੇ ਡੈਡੀ ਦੇ ਨਕਸ਼ ਪਛਾਣਦਾ ਰਹਿੰਦਾ ਵਾਂ....। ਇਸ ਤਰ੍ਹਾਂ ਦਾ ਹੋਵੇਗਾ ਮੇਰਾ ਡੈਡੀ..? ਨਹੀਂ....ਨਹੀਂ... ਇਸ ਤਰ੍ਹਾਂ ਦਾ...? ਪਤਾ ਨਹੀਂ ਕਿੰਨੇ ਕੁ ਨਕਸ਼ ਮੇਰੇ ਜ਼ਿਹਨ 'ਚੋਂ ਗੁਜ਼ਰੇ ਹੋਣਗੇ ਡੈਡੀ ਦੇ...? ਜਦ ਮੈਂ ਮੰਮੀ ਤੋਂ ਆਪਣੇ ਡੈਡੀ ਬਾਰੇ ਪੁੱਛਦਾ ਤਾਂ ਇਹੀ ਕਹਿੰਦੀ ...ਫੇਰ ਕਦੀ ਦੱਸਾਂਗੀ...? ਪਤਾ ਨਹੀਂ ਕਿੰਨ੍ਹੇ ਵਰ੍ਹੇ ਲੰਘ ਗਏ। ਉਸ ਦੇ ਇਕਰਾਰ ਉਡੀਕਦਿਆਂ ਉਡੀਕਦਿਆਂ ....? ਇਹ ਕਿਹੋ ਜਿਹੀ ਮਾਂ ਏ ਜੋ ਮੇਰੇ ਡੈਡੀ ਬਾਰੇ ਨਹੀਂ ਦੱਸਦੀ...? ਡੈਡੀ ਤਾਂ ਡੈਡੀ ਹੁੰਦਾ ਏ ਨਾ ਭਾਪਾ...? ਹੋਰ ਕੋਈ ਮੇਰਾ ਡੈਡੀ ਭਲਾ ਕਿੰਝ ਬਣ ਸਕਦਾ ਏ...? ਭਾਪਾ ਮੇਰਾ ਇਹ ਭਾਪਾ ਭਾਵੇਂ ਮੇਰਾ ਪਾਲਣਹਾਰ ਏ ਪਰ ਮੈਂ ਕਦੀ ਵੀ ਇਸ ਨੂੰ ਭਾਪਾ ਨਹੀਂ ਕਿਹਾ। ਪਤਾ ਨਹੀਂ ਕਿਉਂ ਮੈਂ ਕਦੀ ਵੀ ਭਾਪਾ ਕਹਿ ਹੀ ਨਹੀਂ ਸਕਿਆ..। ਮਾਂ ਤਾਂ ਆਖ਼ਰ ਮਾਂ ਈ ਏ ਨਾ। ਉਸ ਨੂੰ ਕੀ ਦੋਸ਼ ਦਿਆਂ...? ਹੁਣ ਭਾਪਾ ਤੁਹਾਡੀ ਨੂੰਹ ਆ ਗਈ ਏ। ਮੇਰੇ ਦਾਦੇ ਦੀ ਪੋਤ ਨੂੰਹ। ਭਾਪਾ ਮੇਰੇ ਡੈਡੀ ਦੀ ਕੋਈ ਫੋਟੋ ਤਾਂ ਜ਼ਰੂਰ ਪਈ ਈ ਹੋਵੇਗੀ ਨਾ....? ਜ਼ਰੂਰ ਸੰਭਾਲ ਕੇ ਰੱਖੀਂ। ਭਾਪਾ ਆਪਣਾ ਘਰ ਕਿੱਥੇ ਕੁ ਏ...? ਕਿਹੋ ਜਿਹਾ ਏ ਆਪਣਾ ਘਰ...? ਕੌਣ ਕੌਣ ਰਹਿੰਦਾ ਏ ਆਪਣੇ ਘਰ....?

ਕਿੰਨਾ ਕੁਝ ਲਿਖਿਆ ਪਿਆ ਸੀ ਉਸ ਦੇ ਸੁਨੇਹੇ ਵਿੱਚ। ਜੀਕੂੰ ਕੌਰੂੰ ਦਾ ਖਜ਼ਾਨਾ ਮਿਲ ਗਿਆ ਹੋਵੇ।

ਉਸ ਰਾਤੀਂ ਮੈਂ ਸੌ ਨਹੀਂ ਸਾਂ ਸਕਿਆ। ਸਾਰੀ ਰਾਤ ਸੋਚਦਾ ਰਿਹਾ ਡੈਡੀ ਭਲਾ ਕਿਹੋ ਜਿਹੀ ਸ਼ੈਅ ਹੁੰਦੀ ਏ....? ਜਿੰਨਾਂ ਦੇ ਡੈਡੀ ਨਹੀਂ ਹੁੰਦੇ ਉਹ ਹੀ ਜਾਣਦੇ ਨੇ ਇਸ ਦੁੱਖ ਨੂੰ...। ਸਾਰੀ ਰਾਤ ਮੈਂ ਉਸ ਨੌਜਵਾਨ ਦੇ ਡੈਡੀ ਦੇ ਨਕਸ਼ ਤਰਾਸ਼ਦਾ ਰਿਹਾ...।

-94175-35916

--0--

ਮੈਂ ਉਸ ਆਜ਼ਾਦ ਦੇਸ਼ ਦਾ ਵਾਸੀ ਹਾਂ ਜਿੱਥੇ ਸੋਚ ਅੱਜ ਵੀ ਗੁਲਾਮ ਹੈ?

-ਅਤਿੰਦਰ ਪਾਲ ਸਿੰਘ

ਗੁਲਾਮੀ ਮੌਤ ਤੋਂ ਵੀ ਭਿਆਨਕ ਸਥਿਤੀ ਹੁੰਦੀ ਹੈ। ਜਾਲਿਮ, ਕੱਟੜ ਸੋਚ ਦੇ ਲੋਕ ਕਿਸੇ ਅਣਖੀ, ਕ੍ਰਾਂਤੀਕਾਰੀ ਵਿਚਾਰਾਂ ਦੇ ਇਨਸਾਨ ਨੂੰ ਮੌਤ ਦੀ ਜਗਾ ਗੁਲਾਮੀ ਦੀ ਸਜ਼ਾ ਦੇਣਾ ਪਸੰਦ ਕਰਦੇ ਹਨ। ਆਜ਼ਾਦੀ ਕੀ ਹੈ? ਇਸ ਸਵਾਲ ਨੂੰ ਸਮਝਣ ਦੀ ਲੋੜ ਹੈ। ਕਿਸੇ ਵੀ ਦੇਸ਼ ਜਾਂ ਵਿਦੇਸ਼ ਦਾ ਉਹ ਹਿਸਾ ਜੋ ਉਥੋਂ ਦੇ ਨਾਗਰਿਕਾਂ ਨੂੰ ਸੋਚਣ ਤੇ ਸਮਾਜ ਵਿੱਚ ਵਿਚਰਣ ਦੀ ਆਜ਼ਾਦੀ ਦੇਵੇ। ਉਸ ਉਪਰ ਕਿਸੇ ਧਰਮ, ਜਾਤਪਾਤ ਦੀ ਗੁਲਾਮੀ ਦਾ ਪਰਛਾਵਾਂ ਨਾ ਪਵੇ। ਆਜ਼ਾਦੀ ਲਈ ਸਮੇਂ ਸਮੇਂ ਤੇ ਲੜਾਈਆਂ ਲੜੀਆਂ ਗਈਆਂ ਹਨ। ਸ਼ਹੀਦਾਂ ਨੂੰ ਸੱਚੇ ਦਿਲੋਂ ਸ਼ਰਧਾਂਜਲੀਆਂ ਦਿੱਤੀਆਂ ਜਾਂਦੀਆਂ ਹਨ। ਮੇਰੇ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਅਣਗਣਿਤ ਸੂਰਮਿਆਂ ਨੇ ਕੁਰਬਾਨੀਆਂ ਦਿੱਤੀਆਂ ਹਨ। ਭਗਤ ਸਿੰਘ, ਊਧਮ ਸਿੰਘ, ਕਰਤਾਰ ਸਿੰਘ, ਸੁਖਦੇਵ ਤੇ ਰਾਜਗੁਰੂ ਤੋਂ ਇਲਾਵਾ ਗ਼ਦਰੀ ਬਾਬਿਆਂ ਨੇ ਕੁਰਬਾਨੀਆਂ ਦਿੱਤੀਆਂ ਹਨ। ਸਾਰੇ ਸ਼ਹੀਦਾਂ ਦਾ ਕੁਰਬਾਨੀਆਂ ਦੇਣ ਦਾ ਇੱਕ ਹੀ ਕਾਰਨ ਸੀ ਆਉਣ ਵਾਲੀ ਨਸਲ ਨੂੰ ਆਜ਼ਾਦ ਸੋਚ ਵਾਲਾ ਦੇਸ਼ ਦੇਣਾ। ਜੋ ਦੇਸ਼ ਸਾਨੂੰ ਮਿਲਿਆ ਉਹ ਪੂਰੀ ਤਰ੍ਹਾਂ ਆਜ਼ਾਦ ਦੇਸ਼ ਨਹੀਂ ਸੀ, ਇਸ ਅੰਦਰ ਗੁਲਾਮੀ ਦਾ ਬੋਲਬਾਲਾ ਸੀ। ਇਥੋਂ ਦੇ ਨਾਗਰਿਕ ਉਦਾਸ ਮਨ ਨਾਲ ਰਸਮੀ ਤੌਰ ਤੇ ਆਜ਼ਾਦੀ ਮਨਾਉਂਦੇ ਹਨ। ਉਹਨਾਂ ਨੂੰ ਪਤਾ ਹੈ ਕਿ ਸ਼ਹੀਦਾਂ ਦੀਆਂ ਜ਼ਿੰਦਗੀਆਂ ਏਨੀਆਂ ਵੀ ਸਸਤੀਆਂ ਨਹੀਂ ਸਨ ਕਿ ਉਹ ਇਸ ਤਰ੍ਹਾਂ ਦੇ ਦੇਸ਼ ਲਈ ਸ਼ਹੀਦ ਹੁੰਦੇ।

ਮੈਂ ਦੇਸ਼ ਨੂੰ ਪਿਆਰ ਕਰਨ ਵਾਲੇ ਨਾਗਰਿਕਾਂ ਨੂੰ ਨਿਰਾਸ਼ ਨਹੀਂ ਕਰਨਾ ਚਾਹੁੰਦਾ। ਪਰ ਸੱਚ ਨਾਲ ਮੁਲਾਕਾਤ ਕਰਨਾ ਤੇ ਖੁਦ ਨੂੰ ਸਵਾਲਾਂ ਦੇ ਕਟਹਿਰੇ ਵਿੱਚ ਖੜ੍ਹਾ ਕਰਨ ਦੀ ਲੋੜ ਹੈ। ਦੇਸ਼ ਦੀ ਗੁਲਾਮੀ ਬਾਰੇ ਗੱਲ ਕਰਨ ਤੋਂ ਪਹਿਲਾਂ ਇਸ ਦੀ ਆਜ਼ਾਦੀ ਬਾਰੇ ਗੱਲ ਕਰ ਲਵੀ ਜਾਵੇ। ਮੇਰੇ ਦੇਸ਼ ਅੰਦਰ ਕੁੜੀਆਂ ਉਪਰ ਤੇਜ਼ਾਬ ਸੁੱਟਣਾ ਬਲਾਤਕਾਰ ਕਰਨ ਲਈ ਆਜ਼ਾਦੀ ਹੈ। ਧਰਮ, ਜਾਤਪਾਤ ਤੇ ਅਣਖ ਦੀ ਕੱਟੜ ਸੋਚ ਨਾਲ ਇਨਸਾਨੀਅਤ ਦਾ ਕਤਲ ਕਰਨ ਲਈ ਆਜ਼ਾਦੀ ਹੈ। ਪੜ੍ਹੇ ਲਿਖੇ ਨੌਜਵਾਨਾਂ ਉਪਰ ਅਨਪੜ੍ਹ ਲੀਡਰਾਂ ਨੂੰ ਰਾਜ ਕਰਨ ਦੀ ਆਜਾਦੀ ਹੈ। ਕਾਨੂੰਨ ਨੂੰ ਹੱਥਾਂ ਵਿੱਚ ਲੈ ਕੇ ਆਪਣੇ ਅਨੁਸਾਰ ਵਰਤਣ ਦੀ ਆਜ਼ਾਦੀ ਹੈ। ਇਨਸਾਫ ਮੰਗਦੀਆਂ ਫਾਇਲਾਂ ਕੁਝ ਸਾਲਾਂ ਬਾਅਦ ਖਾਮੋਸ਼ ਰਹਿਣਾ ਸਿੱਖ ਲੈਂਦੀਆਂ ਹਨ। ਨੌਜੁਆਨ ਦੇਸ਼ ਦੀ ਤਰੱਕੀ ਲਈ ਅਗਾਂਹਵਧੂ ਸੋਚ ਨਾਲ ਅੱਗੇ ਵਧਦੇ ਹਨ ਤਾਂ ਉਹਨਾਂ ਨੂੰ ਨਸ਼ੇ, ਬੇਰੁਜ਼ਗਾਰਾਂ ਦੇ ਤੂਫਾਨ ਵੱਲ ਮੋੜ ਦਿੱਤਾ ਜਾਂਦਾ ਹੈ। ਇਸ ਵਿੱਚ ਕਿੰਨਾ ਸੱਚ ਹੈ ਤੇ ਕਿੰਨਾ ਝੂਠ ਇਹ ਅਸੀਂ ਖੁਦ ਮਹਿਸੂਸ ਕਰਨਾ ਹੈ।

ਮੇਰੇ ਦੇਸ਼ ਅੰਦਰ ਨੌਜਵਾਨਾਂ ਦੀ ਸੋਚ ਨੂੰ ਗੁਲਾਮ ਕੀਤਾ ਜਾ ਰਿਹਾ ਹੈ। ਇੱਥੇ ਸੱਚ ਬੋਲਣ, ਲਿਖਣ ਤੇ ਦਿਖਾਉਣ ਦੀ ਮਨਾਹੀ ਹੈ। ਪੱਤਰਕਾਰੀ, ਮੀਡਿਆ ਸਾਰਾ ਕੁਝ ਵਿਕਾਉ ਹੈ। ਇੱਥੇ ਸਭ ਵਿਕਦਾ ਸ਼ਰਤ ਕੀਮਤ ਸਹੀ ਹੋਵੇ। ਧਰਮ, ਜਾਪਪਾਤ ਦੀ ਕੱਟੜਤਾ ਨੇ ਸਾਡੀ ਇਨਸਾਨੀਅਤ ਗੁਲਾਮ ਕਰ ਲਈ ਹੈ। ਨੌਜਵਾਨਾਂ ਦਾ ਭਵਿੱਖ ਗੁਲਾਮ ਹੈ। ਜਿਹਨਾਂ ਵਿਦੇਸ਼ੀ ਲੋਕਾਂ ਤੋਂ ਆਜ਼ਾਦ ਕਰਵਾਉਣ ਲਈ ਸਾਡੇ ਸ਼ਹੀਦ ਦੇਸ਼ ਤੋਂ ਕੁਰਬਾਨ ਹੋ ਗਏ। ਸਾਡੀ ਸਰਕਾਰ ਨੇ ਸਾਨੂੰ ਉਹਨਾਂ ਨਾਲੋਂ ਵੀ ਬੁਰਾ ਮਾਹੌਲ ਦਿੱਤਾ ਹੈ। ਜਿਸਦੀ ਵਜਾ ਕਰਕੇ ਹੀ ਨੌਜਵਾਨ ਵਿਦੇਸ਼ਾਂ ਵਿੱਚ ਜਾਣਾ ਪਸੰਦ ਕਰਦੇ ਹਨ। ਅਸੀਂ ਇਸ ਸਿਸਟਮ ਦੇ ਆਦੀ ਹੋ ਚੁੱਕੇ ਹਾਂ। ਸਾਨੂੰ ਹੱਕਾਂ ਲਈ ਲੜਨਾ ਭੁੱਲ ਗਿਆ। ਅਸੀਂ ਕਦੇ ਵੀ ਇੱਕ ਆਜ਼ਾਦ ਸੋਚ ਦੇ ਝੰਡੇ ਹੇਠ ਇੱਕਠੇ ਹੋ ਕੇ ਆਪਣਾ ਪੱਖ ਨਹੀਂ ਰੱਖ ਸਕਦੇ। ਸਾਨੂੰ ਵਿਰੋਧ, ਰੋਸ ਕਰਨ ਤੋਂ ਡਰ ਲੱਗਦਾ ਹੈ। ਪਰ ਕਦੋਂ ਤੱਕ ਗੁਲਾਮੀ ਦੀਆਂ ਜੰਜ਼ੀਰਾਂ ਵਿੱਚ ਜਕੜੇ ਰਹਾਂਗੇ।

ਗੁਲਾਮੀ ਨੂੰ ਅਸੀਂ ਅਣਦੇਖਿਆ ਨਹੀਂ ਕਰ ਸਕਦੇ। ਇਸਦਾ ਮਤਲਬ ਇਹ ਵੀ ਨਹੀਂ ਕੀ ਸਾਡੇ ਵਿੱਚੋਂ ਆਜਾਦੀ ਦੀ ਤਾਂਘ ਹੀ ਖਤਮ ਹੋ ਗਈ ਹੈ। ਮੇਰੇ ਦੇਸ਼ ਦਾ ਨੌਜਵਾਨ ਸੂਝਵਾਨ ਤੇ ਦੇਸ਼ ਨੂੰ ਪਿਆਰ ਕਰਨ ਦੀ ਸੋਚ ਰੱਖਦਾ ਹੈ। ਅੱਜ ਵੀ ਭਗਤ ਸਿੰਘ ਵਰਗੇ ਸੂਰਮਿਆਂ ਦੀ ਕ੍ਰਾਂਤੀਕਾਰੀ ਸੋਚ ਨੂੰ ਸਮਝਣ ਦੀ ਕੋਸ਼ਿਸ਼ ਕਰਕੇ ਉਹਨਾਂ ਦੇ ਰਸਤਿਆਂ ਉਪਰ ਤੁਰਨ ਦੀ ਕੋਸ਼ਿਸ਼ ਕਰਦਾ ਹੈ। ਇੱਥੇ ਅੱਜ ਵੀ ਕਾਰਲ ਮਾਰਕਸ ਤੇ ਪਾਸ਼ ਨੂੰ ਗੁਲਾਮੀ ਤੋਂ ਬਚਾਉਣ ਲਈ ਚੰਗਾ ਸਮਾਜ ਸਿਰਜਣ ਲਈ ਹਰ ਵਰਗ ਨੂੰ ਸਿੱਖਿਅਤ ਕੀਤਾ ਜਾਵੇ। ਸਿੱਖਿਆ ਹੀ ਇੱਕੋ ਇੱਕ ਹੱਲ ਹੈ। ਜਿਸ ਨਾਲ ਗੁਲਾਮੀ ਦਾ ਹਨੇਰਾ ਦੂਰ ਕੀਤਾ ਜਾ ਸਕਦਾ ਹੈ। ਆਉ ਆਉਣ ਵਾਲੀ ਨਸਲ ਨੂੰ ਆਜ਼ਾਦ ਦੇਸ਼ ਦੇਣ ਲਈ ਯਤਨਸ਼ੀਲ ਹੋਈਏ।

-81468-08995

ਵਿਅੰਗ

ਘਰ ਵਿੱਚ ਕ੍ਰਿਕਟ ਮੈਚ

-ਅਜਮੇਰ ਸਿੰਘ

ਸਿਆਣੇ ਕਹਿੰਦੇ ਨੇ ਕਿ ਜਿੰਨਾ ਵੱਡਾ ਸਿਰ ਉਨੀ ਵੱਡੀ ਪੱਗ ਜਾਂ ਫਿਰ ਜਿੰਨਾ ਵੱਡਾ ਸਿਰ ਉਨ੍ਹਾਂ ਵੱਡਾ ਦਰਦ। ਇੱਥੇ ਮੇਰਾ "ਸਿਰ" ਤੋਂ ਭਾਵ "ਸੈਲਰੀ" ਹੈ। ਮਤਲਬ ਤਨਖਾਹ ਹੈ ਅਤੇ "ਪੱਗ" ਜਾਂ "ਦਰਦ" ਤੋਂ ਭਾਵ "ਖਰਚੇ" ਹੈ। ਇਸ ਵਿੱਚ ਮਜ਼ੇ ਆਲੀ ਗੱਲ ਇਹ ਹੈ ਕਿ ਤਨਖਾਹ ਦੇ ਵਧਣ ਨਾਲ ਖਰਚੇ ਤਾਂ ਵੱਧ ਜਾਂਦੇ ਨੇ ਪਰ ਮਹੀਨਾ ਉਨੇ ਦਾ ਉੱਨਾ ਰਹਿੰਦਾ। ਆਪਣੇ ਸਮੇਤ ਬਹੁਤੇ ਤਨਖਾਹਾਂ ਵਾਲੇ ਘਰਾਂ 'ਚ ਮੈਂ ਦੇਖਿਆ ਹੈ ਕਿ ਹਰ ਮਹੀਨੇ ਕ੍ਰਿਕਟ ਆਲਾ ਹਿਸਾਬ ਕਿਤਾਬ ਹੀ ਬਣਿਆ ਹੁੰਦਾ ਹੈ। ਮੈਨੂੰ ਲੱਗਦਾ ਤੁਸੀਂ ਸਮਝੇ ਨਹੀਂ। ਲਵੋ ਫੇਰ ਸੁਣੋ ਅਤੇ ਸਮਝੋ, ਮੇਰੇ ਘਰ ਵਿੱਚ ਹਰ ਮਹੀਨੇ ਖੇਡੇ ਜਾਣ ਵਾਲੇ ਕ੍ਰਿਕਟ ਮੈਚ ਦਾ ਅੱਖੀਂ ਦੇਖਿਆ ਅਤੇ ਹੱਡੀਂ ਭੋਗਿਆ ਹਾਲ।

ਮਹੀਨੇ ਦੇ ਸ਼ੁਰੂ ਵਿੱਚ ਤਨਖਾਹ ਸਾਡੇ ਖਾਤੇ 'ਚ ਪੈਂਦੀ ਹੈ ਤਾਂ ਪਹਿਲੇ ਪੰਜ-ਸਤ ਦਿਨ ਅਸੀਂ ਸਹਿਵਾਗ ਵਾਂਗ ਬਗੈਰ ਸੋਚੇ ਸਮਝੇ ਖ਼ਰਚੇ ਵਾਲੇ ਚੌਕੇ ਛੱਕੇ ਮਾਰਦੇ ਹਾਂ। ਫੇਰ ਦਸ ਤਰੀਕ ਤੱਕ ਜਦ ਦੁੱਧ, ਬਿਜਲੀ, ਟੀ.ਵੀ, ਫੋਨ, ਕਰਿਆਨੇ ਅਤੇ ਹੋਰ ਕਿਸ਼ਤਾਂ ਜਾਂ ਪੌਲਸੀਆਂ ਦੇ ਖਰਚੇ ਤਨਖਾਹ 'ਚੋਂ ਨਿਕਲਦੇ ਨੇ ਤਾਂ ਇੰਝ ਲੱਗਦਾ ਹੈ ਜਿਵੇਂ ਪਹਿਲੇ ਦੋ ਤਿੰਨ ਬੱਲੇਬਾਜ਼ ਥੋੜ੍ਹੇ ਜਿਹੇ ਰਨ ਬਣਾ ਕੇ ਆਊਟ ਹੋ ਗਏ ਹੋਣ। ਫਿਰ ਇੰਜ ਲੱਗਦਾ ਕਿ ਮੈਚ ਵਿੱਚ ਵਾਪਸੀ ਮੁਸ਼ਕਿਲ ਹੈ ਕਿਉਂਕਿ ਪੈਸੇ ਘੱਟ ਰਹਿ ਗਏ ਨੇ ਤੇ ਦਿਨ ਮਹੀਨੇ ਦੇ ਜ਼ਿਆਦਾ ਨੇ। ਫੇਰ ਅਸੀਂ ਇੰਝ ਖ਼ਰਚਾ ਕਰਦੇ ਹਾਂ ਜਿਵੇਂ ਕੈਪਟਨ ਵੱਲੋਂ ਹਦਾਇਤ ਹੋਵੇ ਕਿ ਬੱਸ ਟਿਕੇ ਰਹੋ, ਆਊਟ ਨਹੀਂ ਹੋਣਾ, ਰਨ ਬਣਨ ਜਾਂ ਨਾ ਬਣਨ। ਹੁਣ ਸਾਨੂੰ ਬਾਜ਼ਾਰ ਦੀ ਮਹਿੰਗਾਈ ਕਦੇ ਵਿਰੋਧੀ ਟੀਮ ਦੀ ਟਾਈਟ ਫੀਲਡਿੰਗ ਵਾਂਗ ਜਾਪਦੀ ਹੈ ਤੇ ਕਦੇ ਖਤਰਨਾਕ ਬੌਲਰ ਸ਼ੋਏਬ ਅਖ਼ਤਰ ਵਰਗੀ। ਫੇਰ ਜਦ ਪੰਦਰਾਂ ਤਾਰੀਕ ਨੂੰ ਪ੍ਰਾਈਵੇਟ ਨੌਕਰੀ ਕਰਦੀ ਘਰ ਵਾਲੀ ਦੀ ਤਨਖਾਹ ਮਿਲਣ ਦਾ ਸੁਨੇਹਾ ਮਿਲਦਾ ਹੈ ਤਾਂ ਇੰਝ ਮਹਿਸੂਸ ਹੁੰਦਾ ਹੈ ਜਿਵੇਂ ਸਾਨੂੰ ਬੈਟਿੰਗ ਪਾਵਰ ਪਲੇਅ ਮਿਲ ਗਿਆ ਹੋਵੇ ਤੇ ਮੈਦਾਨ ਤੇ ਯੁਵਰਾਜ ਸਿੰਘ ਅਤੇ ਜੂਸਫ ਪਠਾਨ ਵਰਗੇ ਧੂੰਆਂਧਾਰ ਬੱਲੇਬਾਜ਼ ਡਟੇ ਹੋਣ। ਹੁਣ ਸਾਨੂੰ ਮੈਚ ਆਪਣੀ ਗ੍ਰਿਫ਼ਤ ਵਿੱਚ ਹੋਣ ਦਾ ਅਹਿਸਾਸ ਹੋਣ ਲੱਗਦਾ ਹੈ ਪਰ ਜਦੋਂ 18 ਤਾਰੀਕ ਨੂੰ ਘਰ ਵਾਲੀ ਬਗੈਰ ਦੱਸੇ ਆਪਣੇ

ਲਈ ਕੱਪੜੇ ਅਤੇ ਮੇਕਅੱਪ ਦਾ ਸਾਮਾਨ ਦਾ ਬਿੱਲ ਮੁਸਕਰਾ ਕੇ ਫੜਾਉਂਦੀ ਹੈ ਤਾਂ ਮਨ ਵਿੱਚ ਖਿਆਲ ਇਝ ਬਣਦਾ ਹੈ ਜਿਵੇਂ ਕੋਈ ਬੱਲੇਬਾਜ਼ ਸੱਟੇਬਾਜ਼ਾਂ ਦੇ ਹੱਥ ਚੜ੍ਹ ਜਲਦੀ ਜਾਣ ਬੁੱਝ ਕੇ ਆਊਟ ਹੋ ਗਿਆ ਹੋਵੇ। ਥੋੜ੍ਹਾ ਸਰਫੇ ਨਾਲ ਪਾਰੀ ਨੂੰ ਸੰਭਾਲਦੇ ਹਾਂ। ਪਰ ਦੂਜੇ ਪਾਸੇ ਜਦ ਘਰ ਦੀ ਡੋਰ ਬੈਲ ਕੋਈ ਐਸਾ ਪ੍ਰਾਹੁਣਾ ਚਾਣ ਚੱਕ ਬਜਾਉਂਦਾ ਹੈ ਜੋ ਦਾਰੂ ਮੁਰਗੇ ਦਾ ਸ਼ੌਕੀਨ ਹੋਵੇ ਤੇ ਸਾਨੂੰ ਤਿੰਨ ਹਜ਼ਾਰ ਦਾ ਖਰਚਾ ਦਿੱਸ ਪਵੇ ਤਾਂ ਮਨ ਚੋਂ ਇੱਕ ਦਮ ਭੁੱਬ ਨਿਕਲਦੀ ਹੈ ਕਿ ਪਹਿਲਾਂ ਸ਼ਾਇਦ ਜਿੱਤ ਵੀ ਜਾਂਦੇ ਪਰ ਹੁਣ ਨਹੀਂ.....। ਫੇਰ ਸਾਨੂੰ ਤਾਰੀਕ ਯਾਦ ਆਉਂਦੀ ਹੈ।

ਤਾਰੀਕ ਹੈ 22।

ਫੇਰ ਸਾਨੂੰ "ਟਿਕ ਕੇ ਖੇਲੋ" ਜਾਂ ਦ੍ਰਵਿੜ ਵਾਂਗ "ਟੁੱਕ ਟੁੱਕ" ਕਰਕੇ ਖੇਲੋ, ਆਲੀ ਨੀਤੀ ਯਾਦ ਆਉਂਦੀ ਹੈ।

ਤਰੀਕ 25

ਜਵਾਕ ਅਚਾਨਕ ਬਿਮਾਰ ਹੁੰਦਾ ਹੈ

ਖਰਚਾ 1000/-।

ਹੁਣ ਇਂਜ ਲੱਗਦਾ ਕਿ ਬੌਲਾਂ ਘੱਟ ਤੇ ਰਨ ਜ਼ਿਆਦਾ ਨੇ। ਉੱਤੋਂ ਵਿਕਟ ਵੀ ਕੋਈ ਨਹੀਂ ਹੈ ਹੱਥ ਵਿੱਚ।

ਤਰੀਕ 29।

ਲੱਗਦਾ ਜਿੱਤ ਦੂਰ ਅਤੇ ਹਾਰ ਨੇੜੇ।

ਤਰੀਕ-ਆਖ਼ਰੀ

ਪੈਸਾ -ਜੇਬ ਵਿੱਚ ਕੋਈ ਨਹੀਂ।

ਮੈਚ ਪੂਰਾ ਹੱਥ ਚੋਂ ਨਿਕਲ ਚੁੱਕਿਆ ਜਾਪਦਾ।

ਦੁਪਹਿਰ ਬਾਅਦ ਘਰ ਵਾਲੀ ਨੂੰ ਅਚਾਨਕ ਸਾਫ ਸਫਾਈ ਕਰਦੀ ਨੂੰ ਬੈਡ ਦੇ ਗੱਦੇ ਥੱਲੋਂ ਪੰਜ ਸੌ ਰੁਪਏ ਦਾ ਨੋਟ ਮਿਲਦਾ ਹੈ। ਇਸ ਤੇ ਅਸੀਂ ਸਾਰੇ ਇੰਝ ਖੁਸ਼ ਹੁੰਦੇ ਹਾਂ, ਨੱਚਦੇ ਹਾਂ, ਜਿਵੇਂ ਆਖ਼ਰੀ ਬਾਲ ਤੇ ਦੋ ਰਨ ਚਾਹੀਦੇ ਸੀ ਤੇ ਖਿਡਾਰੀ ਨੇ ਛੱਕਾ ਮਾਰ ਦਿੱਤਾ ਹੋਵੇ।

ਫੇਰ ਅਸੀਂ ਇਸ ਖੁਸ਼ੀ ਵਿੱਚ ਸ਼ਾਮ ਨੂੰ ਤਿੰਨ ਸੌ ਰੁਪਏ ਦੀ ਛੋਟੀ ਜਿਹੀ ਪਾਰਟੀ ਕਰਦੇ ਹਾਂ ਤੇ ਇਹ ਐਲਾਨ ਕਰਦੇ ਹਾਂ ਕਿ ਇਸ ਮਹੀਨੇ ਦਾ ਫਸਵਾਂ ਮੈਚ ਅਸੀਂ ਦੋ ਸੌ ਰੁਪਏ ਦੇ ਫ਼ਰਕ ਨਾਲ ਜਿੱਤ ਲਿਆ ਹੈ। ਸੱਚ ਦੋਸਤੋ। ਮੈਚ ਤਾਂ ਹੀ ਰੋਮਾਂਚਕ ਹੁੰਦਾ ਹੈ ਜੇ ਫ਼ਸਵਾਂ ਹੋਵੇ ਤੇ ਹਾਰ ਦਾ ਡਰ ਹੋਵੇ। ਇਸੇ ਤਰ੍ਹਾਂ ਜ਼ਿੰਦਗੀ ਵੀ ਤਾਹੀਂ ਆਨੰਦ ਦਿੰਦੀ ਹੈ ਜੇ ਉਸ ਵਿੱਚ ਉਤਾਰ ਚੜ੍ਹਾਅ ਹੋਣ, ਨਹੀਂ ਤਾਂ ਇੱਕ ਤਰਫ਼ਾ ਮੈਚ ਨੂੰ ਦੇਖਣਾ ਅਤੇ ਖੇਡਣਾ ਕੋਈ ਪਸੰਦ ਨਹੀਂ ਕਰਦਾ।

-87270-75600

--0--

ਮਿੰਨੀ ਕਹਾਣੀ

ਨ੍ਹੇਰੇ ਤੋਂ ਚਾਨਣ ਵੱਲ

-ਤਰਸੇਮ ਸਿੰਘ ਭੰਗੂ

"ਆ ਬਈ ਸ਼ੀਰਿਆ,"ਤੇਰੇ ਤਾਂ ਦਰਸ਼ਨ ਈ ਮਹਿੰਗੇ ਹੋ' ਗੇ ਨੇ ਅੱਜ ਕੱਲ੍ਹ।"

ਨਸ਼ੇ ਦੇ ਛੋਟੇ ਵਪਾਰੀ ਭਾਨੇ ਨੇ ਆਪਣੇ ਘਰ ਆਏ ਪੁਰਾਣੇ ਗਾਹਕ ਸ਼ੀਰੇ ਸਮੈਕੀਏ ਦਾ ਖਿੜੇ ਮੱਥੇ ਸੁਆਗਤ ਕੀਤਾ। ਜਿਥੇ ਉਹ ਕੰਗਾਲ ਹੋ ਚੁੱਕੇ ਸ਼ੀਰੇ ਨੂੰ ਨਸ਼ਾ ਲੈਣ ਆਇਆਂ ਆਖਦਾ ਹੁੰਦਾ ਸੀ,"ਭਰਾਵਾ, ਜਿੰਨੇ ਨਕਦ ਹੈਗੇ ਈ ਓਨਾ ਲੈ ਜਾ, ਉਧਾਰ ਦੇਣ ਨਾਲ ਮੇਰੀ ਰਾਸ ਟੁੱਟਦੀ ਆ।"

"ਭਾਊ ਅੱਜ ਬੜਾ ਖੁਸ਼ ਲੱਗਦਾ ਆਂ।" ਨਸ਼ਿਓਂ ਟੁੱਟੇ ਸ਼ੀਰੇ ਨੂੰ ਸੁੱਝ ਨਹੀਂ ਰਿਹਾ ਸੀ ਕਿ ਉਹ ਨਸ਼ੇ ਬਗੈਰ ਕੱਢੇ ਤਿੰਨ ਦਿਨਾਂ ਬਾਰੇ ਕਿਵੇਂ ਦੱਸੇ।

"ਆਹੋ ਯਾਰ ਖੁਸ਼ੀ ਆਲੀ ਗੱਲ ਆ, ਆ ਬੈਠ।" ਭਾਨੇ ਨੇ ਲਾਣੀ ਮੰਜੀ 'ਤੇ ਪਾਵੇ ਵੱਲ ਸਰਕਦਿਆਂ ਸ਼ੀਰੇ ਲਈ ਥਾਂ ਬਣਾਈ।

ਸ਼ੀਰਾ ਝਕਦਾ-ਝਕਦਾ ਮੰਜੀ ਦੀ ਹੀਅ 'ਤੇ ਇੰਜ ਬੈਠਾ ਜਿਵੇਂ ਹੁਣੇ ਈ ਨਾਂਹ ਦਾ ਜੁਆਬ ਸੁਣ ਕੇ ਉਠ ਪੈਣਾ ਹੋਵੇ।

"ਨਾਅ ਕਈ ਦਿਨ ਲੱਭਾ ਈ ਨਹੀਂ, ਕਿਧਰ ਡੁੱਬ ਗਿਆ ਸੈਂ? ਭਾਨੇ ਦੇ ਚਿਹਰੇ ਤੋਂ ਖੁਸ਼ੀ ਹਾਲੇ ਵੀ ਡੁਲ੍ਹ-ਡੁਲ੍ਹ ਪੈ ਰਹੀ ਸੀ।

"ਭਾਅ ਤੇਰੇ ਤੋਂ ਕਾਹਦਾ ਉਹਲਾ ਆ, ਨਿਆਈਂ ਵਾਲੇ ਖੱਤੇ ਦਾ ਸੌਦਾ ਸਿਰੇ ਨਹੀਓਂ ਚੜ੍ਹਿਆ, ਘਰ ਕੁਝ ਹੈ ਨਹੀਂ, ਨਸ਼ੇ ਬਗੈਰ ਕੰਨਾਂ 'ਚ ਕੀੜੇ ਪਏ ਕੁੱਤੇ ਵਾਂਗ ਪਿਆ ਰਿਆ ਵਾਂ, ਮੇਰੇ ਵਰਗਿਆਂ ਦੀ ਦੌੜ ਤੇਰੇ ਤੱਕ ਈ ਹੁੰਦੀ ਆ।" ਉਸ ਦਾ ਭਾਵ ਸੀ, ਇਸ ਵਕਤ ਵੀ ਮੇਰੇ ਕੋਲ ਕੁਝ ਨਹੀਂ।

"ਨਾਅ ਯਾਰ ਤੂੰ ਆਪਣੇ ਭਰਾ ਨੂੰ ਮਰਿਆ ਈ ਸਮਝ ਲਿਆ! ਜਿੰਨਾ ਚਿਰ ਵੱਡੇ ਭਾਅ ਗੇਜਾ ਸਿਹੁੰ ਦਾ ਹੱਥ ਸਾਡੇ ਸਿਰ 'ਤੇ ਆ, ਓਨਾ ਚਿਰ ਫਿਕਰ ਕਰਨ ਦੀ ਲੋਡ ਨਹੀਂ।"

ਸ਼ੀਰੇ ਨੂੰ ਗੇਜੇ ਬਲੈਕੀਏ ਦਾ ਖਿਆਲ ਆਇਆ ਜੋ ਨਸ਼ੇ ਦੇ ਕੇਸ ਵਿੱਚ ਕਈ ਦਿਨਾਂ ਤੋਂ ਜੇਲ੍ਹ ਗਿਆ ਹੋਇਆ ਸੀ।

"ਹੱਛਾ, ਤੇ ਆ ਗਿਆ ਭਾਅ ਬਾਹਰ? ਸ਼ੀਰੇ ਨੇ ਹੈਰਾਨੀ ਜ਼ਾਹਰ ਕੀਤੀ।

"ਕੋਈ ਨਾ ਆ' ਜੂ, ਹੁਣ ਨੀਂ, ਡੱਕਦੀ ਕੋਈ ਜੇਲ੍ਹ ਉਹਨੂੰ, ਉਥੇ ਬੈਠਿਆਂ ਈ ਪਾਰਟੀ ਨੇ ਟਿਕਟ ਦੇ ਦਿੱਤੀ ਆ।" ਸ਼ੀਰੇ ਨੂੰ ਭਾਨੇ ਦੀ ਖੁਸ਼ੀ ਦਾ ਰਾਜ਼ ਕੁਝ-ਕੁਝ ਸਮਝ ਪੈਣ ਲੱਗਾ।

"ਯਾਰ ਉਹ ਜੇਲ੍ਹ 'ਚ ਬੰਦ ਚੋਣ ਕਿਵੇਂ ਲੜ ਲਊ ਭਲਾ? ਨੱਥਾ ਕਾਮਰੇਟ ਤਾਂ ਕਹਿੰਦਾ ਹੁੰਦਾ ਆ, ਗੌਰਮਿੰਟ ਕਾਨੂੰਨ ਈ ਬੜੇ ਸਖ਼ਤ ਕਰੀ ਜਾਂਦੀ ਆ ਅੱਜ ਕੱਲ੍ਹ!" ਸ਼ੀਰਾ ਹਾਲੇ ਵੀ ਹੈਰਾਨ ਸੀ।

"ਤੂੰ ਵੀ ਭੋਲ਼ਾ ਈ ਰਹਿਣਾ ਸਾਰੀ ਉਮਰ, ਇਥੇ ਤਾਂ ਸ਼ਰੇਆਮ ਕਤਲ, ਘਪਲੇ ਅਤੇ ਡਾਕੇ ਮਾਰ ਕੇ ਚੋਣਾ ਲੜੀ ਜਾਂਦੇ ਆ, ਉਹਦੇ ਉੱਤੇ ਤਾਂ ਨਸ਼ਾ ਸਪਲਾਈ ਕਰਨ ਦਾ ਈ ਦੋਸ਼ ਲੱਗਾ ਆ। ਨਾਲੇ ਇਸ ਮੁਲਕ ਵਿੱਚ ਜੇ ਭੇਡਾਂ ਦੇ ਖ਼ੂਨ ਦੀ ਸਜ਼ਾ ਹੁੰਦੀ ਤਾਂ ਸਾਰੇ ਝਟਕਈ ਜੇਲ੍ਹਾਂ 'ਚ ਬੰਦ ਹੋਣੇ ਸਨ।" ਭਾਨੇ ਨੇ ਦਲੀਲ ਦਿੱਤੀ।

"ਆਹ ਫੜ੍ਹ, ਘਰ ਜਾ ਕੇ ਸੁੰਘੀਂ, ਕਿਤੇ ਏਥੇ ਈ ਖਲਾਰਾ ਪਾ ਕੇ ਬਹੇਂ। ਯਾਦ ਰੱਖੀਂ, ਐਤਕੀਂ ਵੀ ਆਪਣੇ ਯਾਰ ਦੇ ਨਾਂ ਬਟਨ ਦਬਾਉਣਾ ਆ, ਕਾਮਰੇਡਾਂ ਦੀਆਂ ਗੱਲਾਂ 'ਤੇ ਬਹੁਤਾ ਧਿਆਨ ਨਹੀਂ ਦਈਦਾ, ਕਮਲੇ ਐਵੇਂ ਰੌਲਾ ਪਾਉਂਦੇ ਰਹਿੰਦੇ ਆ।" ਭਾਨੇ ਨੇ ਇੱਕ ਪੁੜੀ ਫੜਾਉਂਦਿਆਂ ਸ਼ੀਰੇ ਤੋਂ ਖਹਿੜਾ ਛੁਡਾਉਣਾ ਹੀ ਮੁਨਾਸਿਬ ਸਮਝਿਆ।

ਬਾਰਵੀਂ ਪਾਸ ਸ਼ੀਰਾ ਛੋਟੀ ਉਮਰੇ ਭਾਨੇ ਵਰਗਿਆਂ ਦੀ ਸੰਗਤ 'ਚ ਪੈ ਕੇ ਨਸ਼ੇੜੀ ਬਣ ਚੁੱਕਾ ਸੀ। ਪੁੜੀ ਹੱਥ 'ਚ ਘੁੱਟੀ ਘਰ ਨੂੰ ਤੁਰਿਆ ਜਾਂਦਾ ਭਾਨਾ ਨਾਲ ਹੋਈ ਵਾਰਤਾਲਾਪ 'ਤੇ ਵਿਚਾਰ ਵੀ ਕਰ ਰਿਹਾ ਸੀ ਤੇ ਪਰਸੋਂ ਸੱਥ ਵਿੱਚ ਕਾਮਰੇਡ ਵੱਲੋਂ ਅਖ਼ਬਾਰ ਪੜ੍ਹਦਿਆਂ ਆਖਿਆ ਵੀ ਉਸਦੇ ਜ਼ਿਹਨ 'ਚ ਖੌਰੂ ਪਾ ਰਿਹਾ ਸੀ। "ਆਹ ਵੇਖੋ, ਕਾਤਲਾਂ ਅਤੇ ਨਸ਼ੇ ਦੇ ਸੁਦਾਗਰਾਂ ਨੂੰ ਟਿਕਟਾਂ ਵੰਡੀਆਂ ਜਾ ਰਹੀਆਂ ਹਨ, ਜਿੰਨਾਂ ਨੇ ਨੌਜਵਾਨਾਂ ਨੂੰ ਨਸ਼ੇ ਦੇ ਗੁਲਾਮ ਬਣਾ ਛੱਡਿਆ ਹੈ। ਚੋਣਾਂ ਜਿੱਤਣ ਲਈ ਇਸ ਵਾਰ ਵੀ ਅਜਿਹੇ ਹੀ ਹੱਥ ਕੰਡੇ ਵਰਤਣਗੇ, ਅੱਜ ਸਾਨੂੰ ਜਾਗਣ ਦੀ ਲੋੜ ਹੈ।"

ਤੁਰੇ ਜਾਂਦੇ ਸ਼ੀਰੇ ਨੂੰ ਕਾਮਰੇਡ ਦੀਆਂ ਗੱਲਾਂ ਵਜਨਦਾਰ ਲੱਗ ਰਹੀਆਂ ਸਨ। ਉਸਨੇ ਸੋਚਿਆ ਕਾਮਰੇਡ ਦੇ ਕਹਿਣ ਅਨੁਸਾਰ ਠੀਕ ਹੀ ਮੈਂ ਅੱਜ ਇਸ ਨਸ਼ੇ ਦਾ ਗੁਲਾਮ ਬਣ ਚੁੱਕਾ ਹਾਂ। ਉਸ ਨੇ ਆਪਣੇ ਮਨ ਨਾਲ ਮਜ਼ਬੂਤ ਫੈਸਲਾ ਲੈ ਕੇ ਭਾਨੇ ਮਿੱਤਰ ਕੋਲੋਂ ਮੁਫ਼ਤ 'ਚ ਮਿਲੀ ਪੁੜੀ ਇਕ ਪਾਸੇ ਵਗਾਹ ਮਾਰੀ ਤੇ ਰਵਾਂ-ਰਵੀਂ ਨਵੇਂ ਖੁੱਲ੍ਹੇ ਨਸ਼ਾ ਛੁਡਾਊ ਕੇਂਦਰ ਵੱਲ ਚਲਾ ਗਿਆ।

-94656-56214

--0--

ਸੰਤ ਦੀ ਆਤਮ ਹੱਤਿਆ

ਭਗੌੜਾਵਾਦੀ ਕਿਉਂ ਬਣਾਉਂਦਾ ਹੈ ਧਰਮ

ਮੂਲ ਲੇਖਕ: ਭਾਰਤ ਭੂਸ਼ਨ ਸ੍ਰੀ ਵਾਸਤਵ
ਅਨੁ: ਪਵਨ ਕੁਮਾਰ ਰੱਤੋਂ

(ਅਣਗਿਣਤ ਜਾਇਦਾਦ ਦੇ ਮਾਲਕ ਸੰਤ ਭੱਯੂ ਜੀ ਮਹਾਰਾਜ ਉਂਜ ਤਾਂ ਆਪਣੇ ਪੈਰੋਕਾਰਾਂ ਨੂੰ ਧਰਮ ਦਾ ਰਸਤਾ ਵਿਖਾ ਕੇ, ਜਿੰਦਾਦਿਲੀ ਨਾਲ ਜੀਵਨ ਦੀਆਂ ਮੁਸੀਬਤਾਂ ਦਾ ਮੁਕਾਬਲਾ ਕਰਨ ਦਾ ਪਾਠ ਪੜ੍ਹਾਉਂਦੇ ਰਹੇ ਪ੍ਰੰਤੂ ਆਪਣੇ ਉੱਤੇ ਜਦ ਮੁਸੀਬਤਾਂ ਆ ਪਈਆਂ ਤਾਂ ਭਗੌੜਾਵਾਦੀ ਹੁੰਦੇ ਹੋਏ ਖੁਦਕਸ਼ੀ ਕਰ ਲਈ। ਇਸ ਤੋਂ ਇਹ ਸਾਬਤ ਤਾਂ ਹੋ ਗਿਆ ਹੈ ਕਿ ਧਰਮ ਪ੍ਰੇਸ਼ਾਨੀ ਸੁਲਝਾਉਂਦਾ ਨਹੀਂ, ਸਗੋਂ ਭਗੌੜਾ ਬਣਾਉਂਦਾ ਹੈ।)

ਕਲਯੁੱਗ ਵਿੱਚ ਧਰਮ ਹੀ ਤਾਰਦਾ ਹੈ, ਅਜਿਹਾ ਕਿਹਾ ਜਾਂਦਾ ਹੈ।ਜੀਵਨ ਮੌਤ ਅਤੇ ਸੰਸਾਰਕ ਚੱਕਰ ਅਤੇ ਛਲ ਪਖੰਡਾਂ ਵਿੱਚ ਫਸੇ ਲੋਕ ਤਰਨ ਦੇ ਲਈ ਮੰਦਰਾਂ ਅਤੇ ਬਾਬਿਆਂ ਦੀ ਸ਼ਰਨ ਵਿੱਚ ਜਾ ਕੇ ਆਪਣੀਆਂ ਪ੍ਰੇਸ਼ਾਨੀਆਂ ਦਾ ਹੱਲ ਲੱਭਦੇ ਹਨ।ਤਰਨ ਦੀ ਇਹ ਆਦਿਮ ਇੱਛਾ ਧਰਮ ਦੀ ਹੀ ਦੇਣ ਹੈ, ਇਸ ਲਈ ਤਾਰਨ ਦੇ ਲਈ ਲੱਖਾਂ ਦੀ ਗਿਣਤੀ ਵਿੱਚ ਸਾਧੂ ਸੰਤ ਮੌਜੂਦ ਹਨ।

ਇਹ ਬਾਬੇ ਲੋਕ ਤਾਰਨ ਲਈ ਅਤੇ ਪਾਪ ਮੁਕਤੀ ਦੇ ਨਾਂ ਉੱਤੇ ਮੋਟੀ ਫੀਸ ਲੈਂਦੇ ਹਨ, ਜਿਸ ਦੀ ਦੁਕਾਨ ਵੱਧ ਚੱਲ ਜਾਂਦੀ ਹੈ ਉਸ ਦੇ ਭਾਅ ਵੱਧ ਜਾਂਦੇ ਹਨ। ਦੇਖਦੇ ਹੀ ਦੇਖਦੇ ਇੱਕ ਸਮਾਂ ਅਜਿਹਾ ਵੀ ਆਉਂਦਾ ਹੈ ਕਿ ਵੱਡੇ ਹੋ ਗਏ ਬ੍ਰੈਂਡੇਡ ਬਾਬੇ ਦੇ ਪੈਰੋਕਾਰਾਂ ਦੀ ਗਿਣਤੀ ਕਰੋੜਾਂ ਵਿੱਚ ਅਤੇ ਕਮਾਈ ਅਰਬਾਂ ਵਿੱਚ ਪਹੁੰਚ ਜਾਂਦੀ ਹੈ।ਅਜਿਹੇ ਧਰਮ ਗੁਰੂਆਂ ਦੀਆਂ ਪੰਜੇ ਉਂਗਲੀਆਂ ਘੀ ਵਿੱਚ ਅਤੇ ਸਿਰ ਕੜ੍ਹਾਈ ਵਿੱਚ ਹੁੰਦਾ ਹੈ। ਚੜ੍ਹਾਵੇ ਦੀ ਵਿੱਤੀ ਵਿਵਸਥਾ ਅਤੇ ਪ੍ਰਵਾਹ ਦੇ ਲਈ ਇਹ ਥਾਂ ਥਾਂ ਆਸ਼ਰਮ ਅਤੇ ਟਰੱਸਟ ਖੋਲ੍ਹ ਲੈਂਦੇ ਹਨ, ਜਿਹਨਾਂ ਵਿੱਚ ਉਹਨਾਂ ਦੇ ਭਰੋਸੇਯੋਗ ਲੋਕ ਪਾਈ ਪਾਈ ਦਾ ਹਿਸਾਬ ਰੱਖਦੇ ਹਨ ਅਤੇ ਗੁਰੂ ਨੂੰ ਦੱਸਦੇ ਰਹਿੰਦੇ ਹਨ ਕਿ ਇਸ ਤਿਮਾਹੀ ਵਿੱਚ ਕਿੰਨਾ ਨਫ਼ਾ ਹੋਇਆ ਅਤੇ ਕੁੱਲ ਤਾਮਝਾਮ ਵਿੱਚ ਕਿੰਨਾ ਪੈਸਾ ਖਰਚ ਹੋਇਆ ਹੈ।ਇਹਨਾਂ ਦੇ ਨਜ਼ਦੀਕੀ ਦੀ ਜ਼ਿੰਦਗੀ ਵੀ ਬਗੈਰ ਕੁੱਝ ਕੀਤੇ ਕਰਾਏ ਐਸ਼ੋਆਰਾਮ ਨਾਲ ਬੀਤਦੀ ਹੈ।

ਇਹਨਾਂ ਬਾਬਿਆਂ ਅਤੇ ਸੰਤਾਂ ਦੀ ਸ਼ਾਹੀ ਜ਼ਿੰਦਗੀ ਦੇਖਕੇ ਆਮ ਤੌਰ ਉੱਤੇ ਬੇਰੋਜ਼ਗਾਰ ਗੱਭਰੂ ਹਉਂਕੇ ਭਰਦੇ ਨਜ਼ਰ ਆਉਂਦੇ ਹਨ ਕਿ ਪੜ੍ਹਾਈ ਲਿਖਾਈ ਵਿੱਚ ਸਮਾਂ ਅਤੇ ਪੈਸਾ ਬਰਬਾਦ ਕਰਨ ਤੋਂ ਤਾਂ ਬਿਹਤਰ ਸੀ ਕਿ ਬਾਬਾ ਬਣ ਕੇ ਐਸ਼ ਅਤੇ ਮੌਜ ਦੀ ਜ਼ਿੰਦਗੀ ਗੁਜਾਰਦੇ।ਪਰ ਇਹਨਾਂ ਨੌਜਵਾਨਾਂ ਨੂੰ ਇਹ ਅੰਦਾਜ਼ਾ ਜਾਂ ਅਹਿਸਾਸ ਨਹੀਂ ਹੁੰਦਾ ਕਿ ਬ੍ਰੈਂਡੇਡ ਬਾਬਾ ਬਣਨ ਦੇ ਲਈ ਸਿਰਫ਼ ਭਗਵੇਂ ਕੱਪੜੇ ਪਾ ਕੇ ਕਥਾ, ਪ੍ਰਵਚਨ, ਯੱਗ ਅਤੇ ਹਵਨ ਕਰਨਾ ਹੀ ਕਾਫ਼ੀ ਨਹੀਂ ਹੁੰਦਾ, ਸਗੋਂ ਹੋਰ ਵੀ ਬਹੁਤ ਕੁੱਝ ਕਰਨਾ ਪੈਂਦਾ ਹੈ, ਤਦ ਕਿਤੇ ਜਾ ਕੇ ਮੋਕਸ਼ ਅਤੇ ਮੁਕਤੀ ਦੀ ਦੁਕਾਨ ਚਮਕਦੀ ਹੈ।

ਅਜਿਹੇ ਹੀ ਇੱਕ ਸੰਤ ਸਨ ਇੰਦੌਰ ਦੇ ਭੱਯੂ ਜੀ ਮਹਾਰਾਜ, ਜੋ ਦੇਖਦੇ ਹੀ ਦੇਖਦੇ ਅਰਬਾਂ ਦੀ ਦੌਲਤ ਦੇ ਮਾਲਕ ਬਣ ਬੈਠੇ ਸਨ। ਭੱਯੂ ਜੀ ਮਹਾਰਾਜ ਨੇ ਸੱਭ ਨੂੰ ਹੈਰਾਨ ਕਰਦੇ ਹੋਏ 12 ਜੂਨ ਨੂੰ ਇੰਦੌਰ ਦੇ ਸਿਲਵਰ ਸਿਪਰੰਗ ਸਥਿਤ ਆਪਣੇ ਘਰ ਦੇ ਇੱਕ ਸੌਣ ਵਾਲੇ ਕਮਰੇ ਵਿੱਚ ਪੁੜਪੁੜੀ ਉੱਤੇ ਗੋਲੀ ਮਾਰ ਕੇ ਆਤਮ ਹੱਤਿਆ ਕਰ ਲਈ, ਤਾਂ ਇਸ ਖ਼ੁਦਕਸ਼ੀ ਦੀ ਬਹੁਤ ਚਰਚਾ ਹੋਈ ਸੀ।

ਇਸ ਉੱਚੀ ਰੂਪਰੇਖਾ ਵਾਲੀ ਖ਼ੁਦਕਸ਼ੀ ਦੇ ਕਾਰਨਾਂ ਦੇ ਨਾਲ ਨਾਲ ਇਹ ਸਵਾਲ ਆਮ ਲੋਕਾਂ ਨੂੰ ਹਮੇਸ਼ਾਂ ਰੜਕਦਾ ਅਤੇ ਚੁੱਭਦਾ ਰਹੇਗਾ ਕਿ ਜਦ ਕਰੋੜਾਂ ਲੋਕਾਂ ਨੂੰ ਜੀਵਨ ਜਿਉਣ ਦਾ ਪਾਠ ਸਿਖਾਉਣ ਵਾਲੇ, ਧਰਮ ਦਾ ਰਸਤਾ ਦਿਖਾਉਣ ਵਾਲੇ ਅਤੇ ਜਿੰਦਾਦਿਲੀ ਨਾਲ ਪਰੇਸ਼ਾਨੀਆਂ ਦਾ ਮੁਕਾਬਲਾ ਕਰਨ ਦਾ ਸਬਕ ਸਿਖਾਉਣ ਵਾਲੇ ਹੀ ਡਰਪੋਕਾਂ/ਡਰਾਕਲਾਂ/ਬੁਜ਼ਦਿਲਾਂ ਵਾਂਗ ਇੰਜ ਖ਼ੁਦਕਸ਼ੀ ਕਰਨਗੇ ਤਾਂ ਧਰਮ ਦੇ ਅਰਥ ਕੀ ਅਤੇ ਇਸ ਤੋਂ ਕੀ ਸੁਨੇਹਾ ਸਮਾਜ ਵਿੱਚ ਜਾਵੇਗਾ।

ਭੱਯੂ ਮਹਾਰਾਜ ਕੌਣ ਸਨ : ਭੱਯੂ ਮਹਾਰਾਜ ਮੌਜੂਦਾ ਸੰਤਾਂ ਵਿੱਚ ਸੱਭ ਤੋਂ ਵੱਧ ਸੁੰਦਰ ਅਤੇ ਚੁਸਤ ਸਨ, ਇਸ ਵਿੱਚ ਕੋਈ ਸ਼ੱਕ ਨਹੀਂ ਹੈ। ਪਹਿਲੀ ਹੀ ਨਜ਼ਰ ਵਿੱਚ ਉਹ ਭਗਤਾਂ ਨੂੰ ਜੇਕਰ ਭਗਵਾਨ ਟਾਇਪ ਦੇ ਸੰਤ ਨਜ਼ਰ ਆਉਂਦੇ ਸਨ ਤਾਂ ਇਸ ਦੀ ਇੱਕ ਅਹਿਮ ਵਜ੍ਹਾ ਉਹਨਾਂ ਦਾ ਗੋਰਾ ਰੰਗ, ਚੌੜੇ ਮੱਥੇ ਉੱਤੇ ਲੱਗਾ ਲਾਲ ਤਿਲਕ, ਸੰਘਣੇ ਵਾਲ ਅਤੇ ਚਮਕਦਾ ਚਿਹਰਾ ਸੀ। ਕਲਾ ਅਤੇ ਸਾਹਿਤ ਵਿੱਚ ਰੁਚੀ ਰੱਖਣ ਵਾਲੇ ਭੱਯੂ ਜੀ ਮਹਾਰਾਜ ਭਜਨ ਵੀ ਚੰਗਾ ਗਾਉਂਦੇ ਸਨ।

50 ਸਾਲਾਂ ਦੇ ਇਸ ਸੰਤ ਦੀ ਮੌਤ ਜਿੰਨੀ ਫ਼ਿਲਮੀ ਸਟਾਇਲ ਵਿੱਚ ਹੋਈ ਉਨੀ ਹੀ ਉਤਾਰ ਚੜ੍ਹਾਅ ਵਾਲੀ ਉਹਨਾਂ ਦੀ ਜ਼ਿੰਦਗੀ ਵੀ ਸੀ। ਭੱਯੂ ਜੀ ਮਹਾਰਾਜ ਦਾ ਅਸਲੀ ਜਾਂ ਸੰਸਾਰਕ ਨਾਂ ਉਦੈ ਸਿੰਘ ਦੇਸ਼ਮੁੱਖ ਸੀ।ਮੱਧ ਪ੍ਰਦੇਸ਼ ਦੇ ਮਾਲਵਾਂਚਲ ਇਲਾਕੇ ਦੇ ਸ਼ਹਿਰ ਸ਼ੁਜਾਲਪੁਰ ਵਿੱਚ ਜਨਮੇ ਉਸਦੀ ਜ਼ਿੰਦਗੀ ਵਿੱਚ ਕੋਈ ਕਮੀ ਨਹੀਂ ਸੀ ਕਿਉਂਕਿ ਇਹ ਇੱਕ ਜ਼ਮੀਂਦਾਰ ਪਰਿਵਾਰ ਵਿੱਚ ਪੈਦਾ ਹੋਏ ਸਨ।

ਉਦੈ ਜੇਕਰ ਦੂਜੇ ਗੱਭਰੂਆਂ ਵਾਂਗ ਇੱਛਾਧਾਰੀ ਸੀ ਤਾਂ ਇਹ ਕੋਈ ਹਰਜ਼/ਨੁਕਸਾਨ ਦੀ ਗੱਲ ਨਹੀਂ ਸੀ। ਬਿਨਾਂ ਸ਼ੱਕ ਉਹ ਇੱਕ ਪ੍ਰਤਿਭਾਸ਼ਾਲੀ/ਯੋਗਤਾ ਵਾਲਾ ਗੱਭਰੂ ਸੀ। ਪੜ੍ਹਾਈ ਪੂਰੀ ਕਰਨ ਦੇ ਬਾਅਦ ਉਦਯ ਨੇ ਮੁੰਬਈ ਦੀ ਇੱਕ ਪ੍ਰਸਿੱਧ ਕੰਪਨੀ ਵਿੱਚ ਨੌਕਰੀ ਕਰ ਲਈ ਸੀ।ਮੁੰਬਈ ਵਿੱਚ ਰਹਿੰਦੇ ਹੀ ਉਸ ਨੂੰ ਮਾਡਲਿੰਗ ਦਾ ਸ਼ੌਕ ਆਇਆ ਤਾਂ ਸਿਆਰਾਮ ਵਰਗੀ ਮਸ਼ਹੂਰ ਕੰਪਨੀ ਨੇ ਉਸ ਨੂੰ ਮੌਕਾ ਦਿੱਤਾ।

ਛੋਟੇ ਜਿਹੇ ਕਸਬੇ ਤੋਂ ਨਿਕਲੇ ਉਦਯ ਨੂੰ ਮੁੰਬਈ ਦੀ ਤੜਕਭੜਕ ਅਤੇ ਚਮਕਦਮਕ ਨੇ ਏਨਾ ਪ੍ਰਭਾਵਤ ਕੀਤਾ ਸੀ ਕਿ ਉਸ ਨੂੰ ਜਾਪਣ ਲੱਗਾ ਕਿ ਕਲਯੁਗ ਵਿੱਚ ਪੈਸਾ ਹੀ ਸੱਭ ਕੁਝ ਹੈ। ਨੌਕਰੀ ਜਾਂ ਥੋੜ੍ਹੀ ਜਿਹੀ ਮੌਡਲਿੰਗ ਤੋਂ ਏਨੀ ਆਮਦਨੀ ਨਹੀਂ ਹੁੰਦੀ ਕਿ ਉਦਯ ਵਰਗੇ ਵੱਡੇ ਸੁਪਨੇ ਦੇਖਣ ਵਾਲੇ ਗੱਭਰੂਆਂ ਦੇ ਅਰਮਾਨ/ਇੱਛਾਵਾਂ ਪੂਰੇ ਹੋ ਸਕਣ।

ਫੇਰ ਉਦੈ ਨੇ ਉਹੀ ਕਰ ਦਿੱਤਾ ਜਿਹੜੇ ਅੱਜ ਦੇ ਗੱਭਰੂ ਸੋਚ ਰਹੇ ਹੁੰਦੇ ਹਨ। ਇੱਕ ਦਿਨ ਉਦੈ ਨੂੰ ਜਾਪਿਆ ਕਿ ਕੋਈ ਉਸਨੂੰ ਪ੍ਰੇਰਣਾ ਦੇ ਰਿਹਾ ਹੈ ਤਾਂ ਉਹ ਸੰਤ ਬਣ ਗਿਆ ਅਤੇ ਆਪਣਾ ਨਾਂਅ ਭੱਯੂ ਰੱਖ ਲਿਆ। ਉਹ ਥਾਂ ਥਾਂ ਧਾਰਮਕ ਅਤੇ ਅਧਿਆਤਮਕ ਪ੍ਰਵਚਨ ਦੇਣ ਲੱਗਾ।

ਭੱਯੂ ਮਹਾਰਾਜ ਦੀ ਦੁਕਾਨ ਚੱਲ ਪਈ ਤਾਂ ਉਹਨਾਂ ਨੇ ਵਾਪਸ ਮੁੜ ਕੇ ਨਹੀਂ ਦੇਖਿਆ। ਉਹਨਾਂ ਦੇ ਗਿਣੇਚੁਣੇ ਭਗਤ ਹੀ ਇਸ ਗੱਲ ਨੂੰ ਸਮਝ ਪਾਂਦੇ ਸਨ ਕਿ ਦਰਅਸਲ, ਉਹ ਨਿਰਾਕਾਰ ਦੀ ਗੱਲ ਵੱਧ ਕਰਦੇ ਹਨ, ਸਾਕਾਰ ਹੋਰ ਵਿਸ਼ਨੂੰ ਦੇ ਅਵਤਾਰਾਂ ਦਾ ਵਰਣਨ ਉਹ ਪ੍ਰਸੰਗਵੱਸ ਹੀ ਕਰਦੇ ਹਨ।

ਇਹ ਉਹ ਸਮਾਂ ਸੀ ਜਦ ਧਰਮ ਦੇ ਨਾਂ ਉੱਤੇ ਪੈਸਾ ਲੁਟਾਉਣ ਵਾਲੇ ਭਗਤ ਭਾਗਵਤ, ਰਾਮ ਅਤੇ ਕ੍ਰਿਸ਼ਨ ਕਥਾਵਾਂ ਅਤੇ ਲੀਲਾਵਾਂ ਤੋਂ ਬੋਰ/ਤੰਗ ਹੋਣ ਲੱਗੇ ਸਨ। ਉਹਨਾਂ ਨੂੰ ਜਿਹੜਾ ਨਵਾਂ ਚਾਹੀਦਾ ਸੀ ਉਹ ਭੱਯੂ ਮਹਾਰਾਜ ਤੋਂ ਮਿਲਣ ਲੱਗਾ ਤਾਂ ਭੀੜ ਉਹਨਾਂ ਵੱਲ ਭੱਜਣ ਲੱਗੀ।

ਭੱਯੂ ਮਹਾਰਾਜ ਦੀ ਇੱਕ ਹੋਰ ਵਿਸ਼ੇਸ਼ਤਾ ਗ੍ਰਹਿਸਥ/ਟੱਬਰ ਟੀਰ ਵਾਲਾ ਸੰਤ ਹੋਣ ਦੀ ਸੀ। ਕ੍ਰਿਸ਼ਨ ਨੇ ਗੀਤਾ ਵਿੱਚ ਗ੍ਰਹਿਸਥ ਸੰਨਿਆਸ ਦਾ ਵਿਸਥਾਰ ਨਾਲ ਵਰਨਣ ਕੀਤਾ ਹੈ ਕਿ ਜਿਸ ਤੋਂ ਕਲਯੁੱਗ ਵਿੱਚ ਸਾਧੂ ਸੰਤ ਘਰ ਵਿੱਚ ਰਹਿੰਦੇ ਹੀ ਪੈਸਾ ਕਮਾ ਸਕੇ, ਉਹਨਾਂ ਨੂੰ ਨਦੀ ਨਾਲਿਆਂ ਦੇ ਘਾਟਾਂ ਦੀ ਖਾਕ ਨਾ ਛਾਨਣੀ ਪਵੇ ਅਤੇ ਨਾ ਹੀ ਹਿਮਾਲਿਆ ਉੱਤੇ ਜਾ ਕੇ ਤਪੱਸਿਆ ਕਰਨੀ ਪਵੇ।

ਭੱਯੂ ਮਹਾਰਾਜ ਦੀ ਪਹਿਲੀ ਸ਼ਾਦੀ ਔਰੰਗਾਬਾਦ ਦੀ ਮਾਧਵੀ ਨਿੰਬਾਲਕਰ ਨਾਲ ਹੋਈ ਸੀ। ਮਾਧਵੀ ਇੱਕ ਚੰਗੀ ਪਤਨੀ ਸਾਬਤ ਹੋਈ ਅਤੇ ਆਮ ਤੌਰ ਉੱਤੇ ਜਨਤਕ ਸਮਾਰੋਹਾਂ ਵਿੱਚ ਉਹਨਾਂ ਦੇ ਨਾਲ ਦਿੱਸਦੀ ਸੀ। ਭੱਯੂ ਜੀ ਮਹਾਰਾਜ ਉਸ ਸਮੇਂ ਖੁਸ਼ੀ ਨਾਲ ਮਸਤੀ ਵਿੱਚ ਸਨ ਜਦ ਮਾਧਵੀ ਨੇ ਇੱਕ ਸੁੰਦਰ ਪੁੱਤਰੀ ਨੂੰ ਜਨਮ ਦਿੱਤਾ ਜਿਸ ਦਾ ਨਾਂਅ ਉਹਨਾਂ ਨੇ ਪਿਆਰ ਨਾਲ ਕੁਹੂ ਰੱਖਿਆ ਸੀ।

ਇੰਜ ਚਮਕੀ ਦੁਕਾਨ : ਭੱਯੂ ਜੀ ਮਹਾਰਾਜ ਨੂੰ ਸਮਾਂ ਰਹਿੰਦੇ ਹੀ ਇਹ ਸਮਝ ਆ ਗਿਆ ਸੀ ਕਿ ਜੇਕਰ ਪੈਸਾ ਕਮਾਉਣਾ ਹੈ ਤਾਂ ਰਾਜਲੀਡਰਾਂ ਦੇ ਇਲਾਵਾ ਫ਼ਿਲਮੀ ਸਿਤਾਰਿਆਂ ਨਾਲ ਵੀ ਸੰਬੰਧ ਬਣਾਉਣਾ ਜ਼ਰੂਰੀ ਹੈ।ਸਾਲ 2000 ਵਿੱਚ ਮਹਾਰਾਸ਼ਟਰ ਦੇ ਉਸ ਸਮੇਂ ਦੇ ਮੁੱਖ ਮੰਤਰੀ ਵਿਲਾਸਰਾਵ ਦੇਸ਼ ਮੁੱਖ ਨਾਲ ਉਹਨਾਂ ਦੀ ਮੁਲਾਕਾਤ ਹੋਈ ਸੀ।ਇਸ ਦੇ ਬਾਅਦ ਵਿਲਾਸਰਾਵ ਦੇਸ਼ਮੁੱਖ ਉਹਨਾਂ ਦੇ ਪੈਰੋਕਾਰ ਹੋ ਗਏ ਸਨ।

ਮੱਧ ਪ੍ਰਦੇਸ਼ ਦੇ ਨਿਮਾੜ ਅਤੇ ਮਾਲਵਾਂਚਲ ਤੋਂ ਵੱਧ ਉਹਨਾਂ ਦੀ ਪਹੁੰਚ ਮਹਾਂ ਰਾਸ਼ਟਰ ਵਿੱਚ ਸੀ। ਉਹਨਾਂ ਦੇ ਪੈਰੋਕਾਰਾਂ ਵਿੱਚ ਜੋ ਵੱਡੀਆ ਹਸਤੀਆਂ ਸ਼ਾਮਲ ਹੋਈਆਂ ਉਹ ਜ਼ਿਆਦਾਤਰ ਮਹਾਂਰਾਸ਼ਟਰ ਦੀਆਂ ਹੀ ਸਨ। ਭੱਯੂ ਮਹਾਰਾਜ ਦੇ ਕਈ ਰਾਜਨੀਤਕ ਅਤੇ ਫ਼ਿਲਮੀ ਹਸਤੀਆਂ ਨਾਲ ਗੂੜੇ ਸੰਬੰਧ ਸਨ। ਉਹਨਾਂ ਵਿੱਚ ਸ਼ਿਵਸੈਨਾ ਪ੍ਰਮੁੱਖ ਉਧਵ ਠਾਕਰੇ, ਮਨਸੇ ਮੁਖੀਆ ਰਾਜ ਠਾਕਰੇ, ਕੇਂਦਰੀ ਮੰਤਰੀ ਸਿਮਰਤੀ ਈਰਾਨੀ, ਮਸ਼ਹੂਰ ਗਾਇਕਾ ਲਤਾ ਮੰਗੇਸ਼ਕਰ, ਕੇਂਦਰੀ ਮੰਤਰੀ ਨਿਤਿਨ ਗਡਕਰੀ, ਪੰਕਜਾ ਮੁੰਡੇ ਅਤੇ ਰਾਮਦਾਸ ਅਠਾਵਲੇ ਦੇ ਇਲਾਵਾ ਸਾਬਕਾ ਰਾਸ਼ਟਰਪਤੀ ਪ੍ਰਤਿਭਾ ਦੇਵੀ ਸਿੰਘ ਪਾਟਿਲ ਵੀ ਸ਼ਾਮਲ ਹਨ। ਮੱਧ ਪ੍ਰਦੇਸ਼ ਦੇ ਮੁੱਖਮੰਤਰੀ ਸ਼ਿਵਰਾਜ ਸਿੰਘ ਚੌਹਾਨ ਅਤੇ ਮਹਾਂਰਾਸ਼ਟਰ ਦੇ ਮੁੱਖਮੰਤਰੀ ਦੇਵੇਂਦਰ ਫੜਨਵੀਸ ਨਾਲ ਵੀ ਉਨ੍ਹਾਂ ਦੀਆਂ ਨਜ਼ਦੀਕੀਆਂ ਜੱਗਜ਼ਾਹਰ ਹਨ।

ਭੱਯੂ ਜੀ ਮਹਾਰਾਜ ਪਹਿਲੀ ਵਾਰੀ ਤਦ ਸੁਰਖੀਆਂ ਵਿੱਚ ਆਏ ਸਨ ਜਦ ਉਹਨਾਂ ਨੇ ਦਿੱਲੀ ਵਿੱਚ ਮਸ਼ਹੂਰ ਸਮਾਜਸੇਵੀ ਅੰਨਾ ਹਜਾਰੇ ਦੀ ਭੁੱਖ ਹੜਤਾਲ ਖੁੱਲ੍ਹਵਾਈ ਸੀ। ਦਿੱਲੀ ਦੇ ਜੰਤਰ ਮੰਤਰ ਉੱਤੇ ਤਦ ਅੰਨਾ ਹਜਾਰੇ ਦੇ ਇਰਦ-ਗਿਰਦ ਕਈ ਮਸ਼ਹੂਰ ਸੰਤਾਂ ਦਾ ਇੱਕਠ ਸੀ। ਉਹਨਾਂ ਦੇ ਵਿੱਚ ਮੱਥੇ ਉੱਤੇ ਲਾਲ ਤਿਲਕ ਲੱਗਾ ਕੇ ਇਸ ਨੌਜਵਾਨ ਸੰਤ ਦਾ ਚਿਹਰਾ ਵੱਖਰਾ ਹੀ ਚਮਕ ਰਿਹਾ ਸੀ। ਇਸ ਤੋਂ ਪਹਿਲਾਂ ਗੁਜਰਾਤ ਦੇ ਮੁੱਖਮੰਤਰੀ ਰਹੇ ਨਰੇਂਦਰ ਮੋਦੀ ਦਾ ਸਦਭਾਵਨਾ ਵਰਤ ਖੁੱਲ੍ਹਵਾਉਣ ਵਾਲੇ ਵੀ ਭੱਯੂ ਮਹਾਰਾਜ ਹੀ ਸਨ ਜਿਹਨਾਂ ਨੂੰ ਆਪ ਨਰੇਂਦਰ ਮੋਦੀ ਨੇ ਬੁਲਾਵਾ ਦਿੱਤਾ ਸੀ। ਆਰ ਐਸ ਐਸ ਪ੍ਰਮੁੱਖ ਮੋਹਨ ਭਾਗਵਤ ਵੀ ਉਹਨਾਂ ਦੇ ਮੁਰੀਦਾਂ ਵਿੱਚੋਂ ਇੱਕ ਹਨ।

ਭੁੱਖ ਹੜਤਾਲ ਤੁੜਵਾਊ ਮਾਹਰ ਹੁੰਦੇ ਜਾ ਰਹੇ ਭੱਯੂ ਜੀ ਮਹਾਰਾਜ ਨੂੰ ਨੌਜਵਾਨ ਰਾਸ਼ਟਰੀ ਸੰਤ ਵੀ ਕਿਹਾ ਜਾਣ ਲੱਗਾ ਅਤੇ ਇੰਦੌਰ ਸਥਿਤ ਉਨ੍ਹਾਂ ਦੇ

ਆਸ਼ਰਮ ਸੂਰਯੋਦਯ (ਸੂਰਜ ਦਾ ਉਦੈ ਹੋਣਾ, ਸਵੇਰਾ) ਵਿੱਚ ਮੰਨੇਪ੍ਰਮੰਨੇ ਫ਼ਿਲਮੀ ਅਤੇ ਸਿਆਸੀ ਹੱਸਤੀਆਂ ਦਾ ਆਉਣਾ ਜਾਣਾ ਸ਼ੁਰੂ ਹੋਇਆ ਤਾਂ ਉਹਨਾਂ ਉੱਤੇ ਪੈਸਿਆਂ ਦੀ ਬਰਸਾਤ ਹੋਣ ਲੱਗੀ। ਇਸ ਨੌਜਵਾਨ ਨੇ ਪੈਸਿਆਂ ਦੀ ਜੀ ਭਰਕੇ ਵਰਤੋਂ ਕੀਤੀ। ਚੰਗੀ ਗੱਲ ਇਹ ਰਹੀ ਕਿ ਉਹਨਾਂ ਨੇ ਗਰੀਬ ਬੱਚਿਆਂ ਨੂੰ ਪੜ੍ਹਾਉਣ ਦੇ ਪ੍ਰਬੰਧ ਕੀਤੇ। ਗ਼ਰੀਬ ਕਿਸਾਨਾਂ ਨੂੰ ਖਾਦ ਬੀਜ ਵੰਡੇ ਅਤੇ ਤਲਾਬ ਵਗੈਰਾ ਵੀ ਖੁਦਵਾਏ। ਦਾਨਦੱਛਣਾ ਦਾ ਕੁੱਝ ਪੈਸਾ ਲੋੜਵੰਦਾਂ ਦੇ ਲਈ ਖ਼ਰਚ ਕੀਤਾ ਤਾਂ ਵੱਡਾ ਹਿਸਾ ਭੱਯੂ ਜੀ ਮਹਾਰਾਜ ਨੇ ਆਪਣੇ ਆਸ਼ਰਮਾਂ ਦੇ ਫੈਲਾਉ ਅਤੇ ਆਪਣੇ ਉਪਰ ਵੀ ਖ਼ਰਚ ਕੀਤਾ। ਮਰਸਿਡੀਜ਼ ਕਾਰ ਵਿੱਚ ਚੱਲਣ ਦੇ ਆਦੀ ਭੱਯੂ ਜੀ ਮਹਾਰਾਜ ਨਵੇਂ ਨਵੇਂ ਮੌਡਲਸ ਦੀ ਕਾਰ ਦੇ ਇਲਾਵਾ ਰੋਲੈਕਸ ਵਰਗੀਆਂ ਮਹਿਗੀਆਂ ਗੱਡੀਆਂ ਦੇ ਵੀ ਸ਼ੌਕੀਨ ਸਨ।

ਦੂਜਾ ਵਿਆਹ ਬਣਿਆ ਝੰਝਟ : ਸਾਲ 2015 ਦੀ ਜਨਵਰੀ ਨੂੰ ਲੰਬੀ ਬਿਮਾਰੀ ਦੇ ਬਾਅਦ ਪੂਣੇ ਵਿੱਚ ਉਹਨਾਂ ਦੀ ਪਹਿਲੀ ਪਤਨੀ ਮਾਧਵੀ ਦੀ ਮੌਤ ਹੋਈ ਤਾਂ ਭੱਯੂ ਜੀ ਮਹਾਰਾਜ ਵਿੱਚ ਸੱਚਮੁੱਚ ਉਦਾਸੀਨਤਾ ਆਉਣ ਲੱਗੀ ਸੀ ਅਤੇ ਉਹ ਸੰਸਾਰਕਤਾ ਛੱਡਣ ਦੀ ਗੱਲ ਕਹਿਣ ਲੱਗੇ ਸਨ। ਇਹ ਇਕਦਮ ਸੁਭਾਵਿਕ ਗੱਲ ਸੀ। ਪੁੱਤਰੀ ਕੁਹੂ ਨੂੰ ਉਹਨਾਂ ਨੇ ਪੁਣੇ ਪੜ੍ਹਨ ਭੇਜ ਦਿੱਤਾ ਸੀ।

ਭੱਯੂ ਮਹਾਰਾਜ ਦੀ ਦੂਜੀ ਸ਼ਾਦੀ ਗਵਾਲੀਅਰ ਦੇ ਨੇੜੇ ਸ਼ਿਵਪੁਰੀ ਦੀ ਆਯੁਸ਼ੀ ਸ਼ਰਮਾ ਨਾਲ ਹੋਈ , ਜੋ ਕਿ ਮਮੂਲੀ ਖਾਂਦੇ ਪੀਂਦੇ ਘਰ ਦੀ ਖਿਚਵੇਂ ਨੈਣ ਨਕਸ਼ਾਂ ਵਾਲੀ ਮੁਟਿਆਰ ਹੈ। ਇਸ ਵਿਆਹ ਦੀ ਪਹਿਲ ਉਨ੍ਹਾਂ ਦੀ ਮਾਂ ਅਤੇ ਭੈਣਾਂ ਰੇਣੁਕਾ ਅਤੇ ਅਨੁਰਾਧਾ ਨੇ ਕੀਤੀ ਸੀ, ਜਿਸ ਨੂੰ ਆਯਸ਼ੀ ਅੱਕਾ ਕਹਿ ਕੇ ਬੁਲਾਂਦੀ ਹੈ। ਆਪਣੀ ਪੀ.ਐਚ.ਡੀ.ਦੇ ਸਿਲਸਿਲੇ ਵਿੱਚ ਆਯੁਸ਼ੀ ਦਾ ਭੱਯੂ ਜੀ ਮਹਾਰਾਜ ਦੇ ਆਸ਼ਰਮ ਵਿੱਚ ਆਉਣਾ ਜਾਣਾ ਸ਼ੁਰੂ ਹੋਇਆ ਸੀ।

ਰੁਝੇਵਿਆਂ ਦੇ ਕਾਰਨ ਭੱਯੂ ਜੀ ਮਹਾਰਾਜ ਉਸਨੂੰ ਸਮਾਂ ਨਹੀਂ ਦੇ ਪਾਂਦੇ ਸਨ। ਉਹ ਉਹਨਾਂ ਦੀ ਮਾਂ ਦੇ ਕੋਲ ਘੰਟਿਆਂ ਬੈਠੀ ਗੱਲਾਂ ਕਰਦੀ ਰਹਿੰਦੀ ਸੀ ਅਤੇ ਆਮ ਤੌਰ ਉੱਤੇ ਅੱਕਾ ਨਾਲ ਵੀ ਮਿਲਦੀ ਰਹਿੰਦੀ ਸੀ।

ਭੱਯੂ ਜੀ ਮਹਾਰਾਜ ਦਾ ਦਿਲ ਦੁਨੀਆਂਦਾਰੀ ਵਿੱਚ ਲਗਾਈ ਰੱਖਣ ਦੇ ਲਈ ਮਾਂ ਅਤੇ ਭੈਣ ਨੇ ਜ਼ੋਰ ਪਾਇਆ ਤਾਂ ਭੱਯੂ ਮਹਾਰਾਜ ਨੇ ਵਿਆਹ ਦੇ ਲਈ ਹਾਮੀ ਭਰ ਦਿੱਤੀ। ਅਪ੍ਰੈਲ 2017 ਵਿੱਚ ਦੋਵੇਂ ਇੰਦੌਰ ਵਿੱਚ ਇਕ ਸਾਦਗੀ ਭਰੇ ਸਮਾਰੋਹ ਵਿੱਚ ਵਿਆਹ ਦੇ ਬੰਧਨ/ਬੰਨ੍ਹਣ ਵਿੱਚ ਬੰਨ੍ਹ ਗਏ।

ਇਹ ਉਹ ਗਲਤੀ ਸੀ ਜਿਹੜੇ ਜ਼ਿਆਦਾਤਰ ਰੰਡੇ ਕਰਦੇ ਹਨ। ਆਪਣੇ ਤੋਂ ਉਮਰ ਵਿੱਚ ਅੱਧੀ ਆਯੁਸ਼ੀ ਦੀ ਸੁੰਦਰਤਾ ਅਤੇ ਅਦਾਵਾਂ ਉਤਿ ਮੋਹਿਤ ਭੱਯੂ ਜੀ ਮਹਾਰਾਜ ਨੇ ਆਪਣੀ ਕਿਸ਼ੋਰ ਹੁੰਦੀ ਪੁੱਤਰੀ ਦੀਆਂ ਭਾਵਨਾਵਾਂ ਦੀ ਪ੍ਰਵਾਹ ਇਹ ਸੋਚਦੇ ਹੋਏ ਨਹੀਂ ਕੀਤੀ ਕਿ ਉਹ ਸਮਾਂ ਰਹਿੰਦੇ ਆਯੁਸ਼ੀ ਨੂੰ ਮਾਂ ਮੰਨ ਲਵੇਗੀ। ਪਰ ਜ਼ਿਆਦਾਤਰ ਮਾਮਲਿਆਂ ਵਾਂਗ ਇਸ ਮਾਮਲੇ ਵਿੱਚ ਵੀ ਅਜਿਹਾ ਹੋਇਆ ਨਹੀਂ। ਕੁਹੂ ਉਹਨਾਂ ਦੇ ਵਿਆਹ ਵਿੱਚ ਸ਼ਾਮਲ ਨਹੀਂ ਹੋਈ। ਇਸਦੇ ਬਾਅਦ ਤਾਂ ਮਤਰੇਈ ਮਾਂ ਅਤੇ ਪੁੱਤਰੀ ਵਿੱਚ ਰੋਜ਼ ਰੋਜ਼ ਦੀ ਅਣਬਣ ਹੋਣ ਲੱਗੀ। ਭੱਯੂ ਜੀ ਮਹਾਰਾਜ ਦੀ ਦਿਕੱਤ ਇਹ ਸੀ ਕਿ ਉਹ ਦੋਹਾਂ ਨੂੰ ਇੱਕਠੇ ਨਹੀਂ ਸੰਭਾਲ ਪਾਉਣ ਵਿੱਚ ਆਪਣੇ ਆਪ ਨੂੰ ਅਸਮਰੱਥ ਪਾ ਰਹੇ ਸਨ। ਦੇਖਦੇ ਹੀ ਦੇਖਦੇ ਉਹ ਦੋ ਪੁੜਾਂ ਦੇ ਵਿੱਚ ਪਿਸਣ ਲੱਗੇ। ਇੱਧਰ ਆਯੁਸ਼ੀ ਛੇਤੀ ਹੀ ਮਾਂ ਬਣ ਗਈ। ਉਸ ਨੇ 4 ਮਹੀਨੇ ਪਹਿਲਾਂ ਹੀ ਇੱਕ ਪੁੱਤਰੀ ਨੂੰ ਜਨਮ ਦਿੱਤਾ ਤਾਂ ਕੁਹੂ ਹੋਰ ਵੀ ਨਰਾਜ਼ ਹੋ ਗਈ। ਕੁਹੂ ਦੇ ਡਰ ਦੇ ਕਾਰਨ ਭੱਯੂ ਜੀ ਮਹਾਰਾਜ ਅੱਧੀ ਰਾਤ ਨੂੰ ਆਯੁਸ਼ੀ ਨੂੰ ਮਿਲਣ ਸਹੁਰੇ/ਸਸੁਰਾਲ ਜਾਂਦੇ ਸਨ।

ਸਾਰੀ ਦੁਨੀਆਂ ਨੂੰ ਅਧਿਆਤਮ, ਦਰਸ਼ਨ ਅਤੇ ਮਨੋਵਿਗਿਆਨ ਦਾ ਪਾਠ ਪੜ੍ਹਾ ਕੇ ਮੋਟੀ ਦੌਲਤ ਬਣਾਉਣ ਵਾਲੇ ਇਸ ਨੌਜਵਾਨ ਸੰਤ ਦਾ ਜੀਣਾ ਦੁੱਭਰ ਹੋ ਗਿਆ। ਇਸ ਨਾਲ ਧਰਮ ਦੇ ਉਹਨਾਂ ਦੇ ਧੰਦੇ ਉੱਤੇ ਤਾਂ ਵਿਸ਼ੇਸ਼ ਫ਼ਰਕ ਨਹੀਂ ਪਿਆ ਪ੍ਰੰਤੂ ਹੌਲੀ ਹੌਲੀ ਉਹਨਾਂ ਨੇ ਪ੍ਰਵਚਨ, ਜਿਹਨਾਂ ਨੂੰ ਉਹਨਾਂ ਦੇ ਪੜ੍ਹੇ ਲਿਖੇ ਭਗਤ ਲੈਕਚਰ ਕਹਿੰਦੇ ਸਨ, ਦੇਣਾ ਘੱਟ ਕਰ ਦਿੱਤਾ ਸੀ।

ਆਪਣੇ ਸਮੇਂ ਦੇ ਮਸ਼ਹੂਰ ਸੰਤ ਦੱਤਾਤ੍ਰੇਯ ਨੂੰ ਆਪਣਾ ਆਦਰਸ਼ ਮੰਨਣ ਵਾਲੇ ਭੱਯੂ ਜੀ ਮਹਾਰਾਜ ਭਿਆਨਕ ਤਣਾਅ ਵਿੱਚ ਜੀ ਰਹੇ ਸਨ। ਇਹ ਗੱਲ ਆਸ਼ਰਮ ਵਿੱਚ ਰਹਿ ਰਹੇ ਚੋਣਵੇਂ ਲੋਕ ਹੀ ਜਾਣਦੇ ਸਨ ਜਿਹਨਾਂ ਨੂੰ ਆਸ਼ਰਮ ਦੇ ਹਰੇਕ ਕਮਰੇ ਵਿੱਚ ਝਾਕਣ ਦੀ ਆਗਿਆ ਸੀ।

ਦੂਜੀ ਪਤਨੀ ਅਤੇ ਪੁੱਤਰੀ ਦੀ ਲੜਾਈ ਜਦ ਸੁਲਝਾਏ ਨਹੀਂ ਸੁਲਝੀ ਅਤੇ ਅਸਹਿਣਯੋਗ ਹੋ ਗਈ ਤਾਂ ਭੱਯੂ ਜੀ ਮਹਾਰਾਜ ਨੇ ਭਗੌੜਾ ਹੋ ਕੇ ਆਤਮ ਹੱਤਿਆ ਕਰ ਲਈ। ਏਨਾ ਖ਼ਤਰਨਾਕ ਫ਼ੈਸਲਾ ਲੈਣ ਤੋਂ ਪਹਿਲਾਂ ਉਹਨਾਂ ਨੇ ਸੁਸਾਇਡ ਨੋਟ ਲਿਖਣ ਦੀ ਵੀ ਰਸਮ ਨਿਭਾਈ ਜਿਸ ਦਾ ਸਾਰ ਇਹ ਸੀ ਕਿ ਬਰਦਾਸ਼ਤ ਤੋਂ ਬਾਹਰ ਹੋ ਚੱਲੇ ਭਿਆਨਕ ਤਣਾਅ ਦੇ ਕਾਰਨ ਉਹ ਇਹ ਆਤਮਘਾਤੀ ਕਦਮ ਚੁੱਕ ਰਹੇ ਹਨ।

ਖ਼ੁਦਕਸ਼ੀ ਦੇ ਬਾਅਦ : ਇੱਕ ਮਸ਼ਹੂਰ ਸੰਤ ਦੀ ਖ਼ੁਦਕਸ਼ੀ ਤੋਂ ਹਰ ਕੋਈ ਹੈਰਾਨ ਸੀ ਕਿ ਆਖ਼ਰ ਇਹ ਕੀ ਹੋ ਗਿਆ ਪਰ ਜੋ ਹੋਇਆ ਸੀ ਉਹ ਕੌੜੇ ਸੱਚ ਦੀ ਸ਼ਕਲ ਵਿੱਚ ਸਾਹਮਣੇ ਸੀ ਕਿ ਕਰੋੜਾਂ ਭਗਤਾਂ ਨੂੰ ਸ਼ਾਂਤੀ ਅਤੇ ਵਿਵਹਾਰਿਕਤਾ ਦੀ ਘੁੱਟੀ ਪਿਲਾਉਣ ਵਾਲੇ ਭੱਯੂ ਜੀ ਮਹਾਰਾਜ ਆਪਣੇ ਘਰ ਦਾ ਮਸਲਾ ਨਹੀਂ ਸੁਲਝਾ ਸਕੇ।

ਖ਼ੁਦਕਸ਼ੀ ਨੂੰ ਲੈ ਕੇ ਤਰ੍ਹਾਂ ਤਰ੍ਹਾਂ ਦੀਆਂ ਗੱਲਾਂ ਵੀ ਹੋਈਆਂ। ਕਾਂਗਰਸ ਨੇ ਆਪਣਾ ਰਾਜਨੀਤਕ ਧਰਮ ਨਿਭਾਉਂਦੇ ਇਹ ਦੋਸ਼ ਲਗਾਇਆ ਕਿ ਭਾਜਪਾ ਸਰਕਾਰ ਦੇ ਦਬਾਅ ਦੇ ਕਾਰਨ ਭੱਯੂ ਮਹਾਰਾਜ ਨੇ ਇਹ ਮਾਰੂ ਕਦਮ ਚੁੱਕਿਆ ਹੈ। ਯਾਦ ਰੱਖਣ ਵਾਲੀ ਗੱਲ ਇਹ ਹੈ ਕਿ ਇਸੇ ਸਾਲ ਅਪਰੈਲ ਵਿੱਚ ਮੁੱਖ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਜਿਹੜੇ 5 ਬਾਬਿਆਂ ਨੂੰ ਰਾਜਮੰਤਰੀ ਦਾ ਦਰਜਾ ਦਿੱਤਾ ਸੀ, ਭੱਯੂ ਜੀ ਮਹਾਰਾਜ ਉਹਨਾਂ ਵਿੱਚੋਂ ਇੱਕ ਸਨ। ਹਾਲਾਂਕਿ ਉਹਨਾਂ ਨੇ ਇਹ ਲੈਣ ਤੋਂ ਨਾਂਹ ਕਰ ਦਿੱਤੀ ਸੀ। ਸ਼ਿਵਰਾਜ ਸਿੰਘ ਚੌਹਾਨ ਦੀ ਚਰਚਿਤ ਨਰਮਦਾ ਯਾਤਰਾ ਵਿੱਚ ਜੋ ਘੋਟਾਲੇ ਹੋਏ ਸਨ ਉਹਨਾਂ ਨੂੰ ਉਜਾਗਰ ਕਰਨ ਵਾਲਿਆਂ ਵਿੱਚੋਂ ਇੱਕ ਭੱਯੂ ਜੀ ਮਹਾਰਾਜ ਵੀ ਸਨ।

ਕਾਂਗਰਸ ਦਾ ਇਹ ਦਾਉ/ਪੈਂਤੜਾ ਕਾਰਗਾਰ ਸਾਬਤ ਨਹੀਂ ਹੋਇਆ, ਕਿਉਂਕਿ 13 ਜੂਨ ਨੂੰ ਸ਼ਵਯਾਤਰਾ ਦੇ ਦੌਰਾਨ ਹੀ ਆਯੁਸ਼ੀ ਅਤੇ ਕੁਹੂ ਦੀ ਲੜਾਈ ਅਤੇ ਖਟਾਸ ਪੂਰੀ ਤਰ੍ਹਾਂ ਉੱਭਰ ਕੇ ਸਾਹਮਣੇ ਆ ਗਈ। ਦੋਹਾਂ ਨੇ ਇੱਕ ਦੂਜੇ ਨਾਲ ਗੱਲ ਕਰਨਾ ਤਾਂ ਦੂਰ, ਇੱਕ ਦੂਜੇ ਦੀ ਸ਼ਕਲ ਦੇਖਣਾ ਵੀ ਚੰਗਾ ਨਹੀਂ ਸਮਝਿਆ।

ਪੁਲਿਸ ਨੂੰ ਦਿੱਤੇ ਆਪਣੇ ਬਿਆਨ ਵਿੱਚ ਕੁਹੂ ਨੇ ਸਾਫ਼ ਕਿਹਾਕਿ ਉਹ ਆਯੁਸ਼ੀ ਨੂੰ ਮਾਂ ਨਹੀਂ ਮੰਨਦੀ। ਉਸ ਦੇ ਕਾਰਨ ਤੋਂ ਹੀ ਪਿਤਾ ਨੇ ਇਹ ਕਦਮ ਚੁੱਕਿਆ ਹੈ, ਇਸ ਲਈ ਉਹਨਾਂ ਨੂੰ ਜੇਲ ਵਿੱਚ ਸੁੱਟ ਦੇਣਾ ਚਾਹੀਦਾ ਹੈ। ਦੂਜੇ ਪਾਸੇ ਆਯੁਸ਼ੀ ਦੇ ਬਿਆਨ ਤੋਂ ਵੀ ਲੜਾਈ ਸਾਫ਼ ਸਾਫ਼ ਝਲਕੀ। ਬਕੌਲ ਆਯੁਸ਼ੀ, ਕੁਹੂ ਉਸ ਨੂੰ ਅਤੇ ਉਸਦੀ ਪੁੱਤਰੀ ਨੂੰ ਪਸੰਦ ਨਹੀਂ ਕਰਦੀ ਸੀ, ਇਸ ਲਈ ਆਪਣੀ ਪੁੱਤਰੀ ਦੇ ਜਨਮ ਦੇ ਬਾਅਦ ਤੋਂ ਪਿਉਕੇ ਵਿੱਚ ਰਹਿ ਰਹੀ ਸੀ। ਉਹ ਅਤੇ ਮਹਾਰਾਜ ਤਾਂ ਚੰਗੀ ਤਰ੍ਹਾਂ ਨਾਲ ਰਹਿ ਰਹੇ ਸਨ।

ਸੱਚਾਈ ਤਾਂ ਇਹ ਹੈ ਕਿ ਕੁਹੂ ਆਪਣੇ ਪਿਤਾ ਨੂੰ ਕਿਧਰੇ ਵੀ ਵੰਡ ਹੁੰਦੇ ਨਹੀਂ ਦੇਖ ਪਾ ਰਹੀ ਸੀ, ਤਾਂ ਆਯੁਸ਼ੀ ਚਾਹੁੰਦੀ ਸੀ ਕਿ ਭੱਯੂ ਮਹਾਰਾਜ ਕੁਹੂ ਉੱਤੇ ਲੋੜ ਤੋਂ ਵੱਧ ਧਿਆਨ ਨਾ ਦੇਣ। ਹਾਦਸੇ ਤੋਂ ਪਹਿਲਾਂ ਕੁਹੂ ਦੇ ਕਮਰੇ ਦੀ ਸਾਫ਼ ਸਫ਼ਾਈ ਨੂੰ ਲੈ ਕੇ ਵੀ ਪਤੀ ਪਤਨੀ ਵਿੱਚ ਝਗੜਾਂ ਹੋਇਆ ਸੀ। ਭੱਯੂ ਜੀ ਮਹਾਰਾਜ ਨੇ ਆਯੁਸ਼ੀ ਨੂੰ ਖ਼ੂਬ ਝਿੜਕਿਆਂ ਕਿ ਅੱਜ ਕੁਹੂ ਆਉਣ ਵਾਲੀ ਹੈ ਅਤੇ ਉਸ ਦਾ ਕਮਰਾ ਉਘੜ-ਦੁਗੜ/ਉਲਟਾ-ਪੁਲਟਾ ਪਿਆ ਹੈ। ਆਯੁਸ਼ੀ ਨੇ ਇਸ ਗੱਲ ਉਤਿ ਧਿਆਨ ਨਹੀਂ ਦਿੱਤਾ ਤਾਂ ਨੌਕਰਾਂ ਤੋਂ ਕਮਰਾ ਨੇਮ ਅਨੁਸਾਰ ਕਰਾਇਆ ਗਿਆ ਸੀ।

ਇਸ ਦੇ ਥੋੜ੍ਹੀ ਹੀ ਦੇਰ ਬਾਅਦ ਭੱਯੂ ਜੀ ਮਹਾਰਾਜ ਗਿਆਨ, ਧਿਆਨ, ਵਿਗਿਆਨ, ਪ੍ਰਵਚਨ ਅਤੇ ਆਧਿਆਤਮ ਭੁੱਲ-ਭੁੱਲਾ ਕੇ ਆਪਣੀ ਪੁੜਪੁੜੀ ਉੱਤੇ ਗੋਲੀ ਮਾਰ ਕੇ ਦੁਨੀਆਂ ਛੱਡ ਗਏ।

ਆਯੁਸ਼ੀ ਅਤੇ ਕੁਹੂ ਦੋਵੇਂ ਵਿਰਲਾਪ ਕਰਦੀਆਂ ਰਹੀਆਂ ਕਿ ਹੁਣ ਉਹਨਾਂ ਦਾ ਕੀ ਹੋਵੇਗਾ। ਬਿਨਾਂ ਸ਼ੱਕ ਇਹ ਨਜ਼ਾਰਾ ਦੁਖਦਾਈ ਸੀ ਪਰ ਇਹਨਾਂ ਦੋਹਾਂ ਨੇ ਕਦੀ ਇਹ ਨਹੀਂ ਸੋਚਿਆ ਸੀ ਕਿ ਉਹਨਾਂ ਦੀ ਲੜਾਈ ਦਾ ਭੱਯੂ ਜੀ ਮਹਾਰਾਜ ਉੱਤੇ ਇਹ ਅਸਰ ਪਵੇਗਾ।

ਦਾਹਸੰਸਕਾਰ ਦੇ ਪਹਿਲਾਂ ਤੋਂ ਹੀ ਜਾਇਦਾਦ ਅਤੇ ਆਸ਼ਰਮਾਂ ਨੂੰ ਸੰਭਾਲਣ ਦੀ ਵੀ ਗੱਲ ਹੋਣ ਲੱਗੀ। ਛੇਤੀ ਹੀ ਭੱਯੂ ਜੀ ਮਹਾਰਾਜ ਦੀ ਲਿਖੀ ਦੂਜੀ ਚਿੱਠੀ ਵੀ ਸਾਹਮਣੇ ਆ ਗਈ, ਜਿਸ ਵਿੱਚ ਉਹਨਾਂ ਨੇ ਆਪਣੇ ਸਾਰੇ ਵਿੱਤੀ ਹੱਕ ਆਪਣੇ ਭਰੋਸੇ ਯੋਗ ਸੇਵਕ ਵਿਨਾਇਕ ਨੂੰ ਦੇ ਦਿੱਤੇ ਸਨ। ਇਸ ਉੱਤੇ ਬਿੱਲੀਆਂ ਵਾਂਗ ਲੜਦੀਆਂ ਇਹ ਦੋਵੇਂ ਸਮਝੌਤੇ ਦੇ ਲਈ ਤਿਆਰ ਹੋ ਗਈਆਂ, ਜਿਸਦੇ ਤਹਿਤ ਆਯੁਸ਼ੀ ਨੂੰ ਪਤੀ ਦੀ ਜਾਇਦਾਦ ਦਾ 30 ਅਤੇ ਕੁਹੂ ਨੂੰ 70 ਫ਼ੀਸਦੀ ਹਿੱਸਾ ਮਿਲਣਾ ਤੈਅ ਹੋਇਆ। ਪ੍ਰੰਤੂ ਆਸ਼ਰਮ ਦੇ ਬੁਲਾਰੇ ਤੁਸ਼ਾਰ ਪਾਟਿਲ ਨੇ ਇਸ ਨੂੰ ਅਫ਼ਵਾਹ ਦੱਸਦੇ ਹੋਏ ਇਸ ਦਾ ਖੰਡਨ ਕੀਤਾ ਹੈ।

ਧਰਮ ਇਹ ਸਿਖਾਉਂਦਾ ਹੈ : ਇਹ ਫ਼ਿਲਮੀ ਜਿਹੀ ਕਹਾਣੀ ਵਿੱਚ ਮੁੱਦੇ ਦੀ ਗੱਲ ਭੱਯੂ ਜੀ ਮਹਾਰਾਜ ਦਾ ਸੰਤ ਜੀਵਨ ਹੈ ਜਿਸ ਵਿੱਚ ਉਹ ਥਾਂ ਥਾਂ ਤਰ੍ਹਾਂ ਤਰ੍ਹਾਂ ਤੋਂ ਭਗਤਾਂ ਨੂੰ ਜੀਵਨ ਜਿਉਣਾ ਸਿਖਾਂਦੇ ਰਹੇ ਸਨ ਅਤੇ ਇਸ ਬਾਰੇ ਅਧਿਆਤਮ (ਆਤਮਾ-ਪ੍ਰਮਾਤਮਾ ਨਾਲ ਸੰਬੰਧਤ ਗਿਆਨ) ਅਤੇ ਧਰਮ ਦਾ ਹਵਾਲਾ ਦਿੰਦੇ ਰਹੇ ਸਨ।

ਇਸ ਸੰਤ ਦੀ ਬੁਜ਼ਦਿਲੀ (ਡਰਪੋਕਪੁਣਾ) ਇੱਕ ਸਬਕ ਹੈ ਕਿ ਧਰਮ ਗੁਰੂਆਂ ਦੀ ਕਥਨੀ ਅਤੇ ਕਰਨੀ ਵਿੱਚ ਜ਼ਮੀਨ ਅਸਮਾਨ ਦਾ ਫ਼ਰਕ ਹੁੰਦਾ ਹੈ। ਕਿਧਰੇ ਬ੍ਰਹਮਚਾਰੀ, ਵਿਭਚਾਰੀ ਅਤੇ ਬਲਾਤਕਾਰੀ ਨਿਕਲਦੇ ਹਨ ਤਾਂ ਕਿਧਰੇ ਮੋਹ ਅਤੇ ਲਾਲਚ ਦੇ ਤਿਆਗ ਦਾ ਉਪਦੇਸ਼ ਦੇਣ ਵਾਲੇ ਨੋਟਾਂ ਦੇ ਬਿਸਤਰੇ ਉੱਤੇ ਸੌਂਦੇ ਹਨ। ਇਸ ਮਾਮਲੇ ਵਿੱਚ ਤਾਂ ਜੀਵਨ ਦੇ ਢੰਗ ਸਿਖਾਉਣ ਵਾਲਾ ਸੰਤ ਆਪ ਹੀ ਆਮ ਲੋਕਾਂ ਵਾਂਗ ਖ਼ੁਦਕਸ਼ੀ ਕਰ ਬੈਠਿਆ ਹੈ।

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਸਮਾਜਸੇਵਾ ਦੇ ਮਾਮਲੇ ਵਿੱਚ ਭੱਯੂ ਜੀ ਮਹਾਰਾਜ ਮੋਹਰੀ ਸਨ, ਪਰ ਇਹ ਕੋਈ ਮਾਨਵਸੇਵਾ ਨਹੀਂ ਸਗੋਂ ਪੈਸਾ ਕਮਾਉਣ ਦੇ ਲਈ ਇਕ ਤਰ੍ਹਾਂ ਦਾ ਨਿਵੇਸ਼/ਇੰਵੈਸਟਮੈਂਟ ਸੀ ਜਿਹੜਾ ਅੱਜ ਕੱਲ੍ਹ ਸਾਰੇ ਸੰਤ ਕਰਦੇ ਹਨ।

ਜੇਕਰ ਧਰਮ ਕੋਈ ਪ੍ਰੇਸ਼ਾਨੀ ਸੁਲਝਾਉਂਦਾ ਹੁੰਦਾ ਤਾਂ ਘੱਟੋ-ਘੱਟ ਭੱਯੂ ਜੀ ਮਹਾਰਾਜ ਵਰਗੇ ਸੰਤ ਦੇ ਖ਼ੁਦਕਸ਼ੀ ਦੀ ਨੌਬਤ ਨਾ ਆਉਂਦੀ। ਰੱਬ ਕਿਤੇ ਹੁੰਦਾ ਤਾਂ ਆਪਣੇ ਇਸ ਭਗਤ ਦੇ ਸਾਰੇ ਦੁੱਖ ਇਕ ਝਟਕੇ ਵਿੱਚ ਦੂਰ ਕਰ ਦੇਂਦੇ। ਸੱਚਾਈ ਤਾਂ ਇਹ ਹੈ ਕਿ ਰੱਬ ਜਾਂ ਭਗਵਾਨ ਇੱਕ ਗੱਪ ਜਿਹੀ ਹੈ ਜਿਸ ਦੇ ਨਾਂ ਉੱਤੇ ਹਰੇਕ ਸੰਤ ਪੈਸਾ ਕਮਾਉਂਦਾ ਹੈ।

ਮੁਸ਼ਕਲ ਇਹ ਹੈ ਕਿ ਅਜਿਹੇ ਸੱਚ ਕਈ ਤਰ੍ਹਾਂ ਤੋਂ ਉਜਾਗਰ ਹੋਣ ਦੇ ਬਾਅਦ ਵੀ ਲੋਕ ਸਬਕ ਨਹੀਂ ਲੈਂਦੇ, ਤਾਂ ਲੱਗਦਾ ਹੈ ਧਰਮ ਵਾਕਈ/ਸੱਚਮੁੱਚ ਅਫ਼ੀਮ ਹੈ ਜਿਸਦੇ ਨਸ਼ੇ ਵਿੱਚ ਧੁੱਤ ਹੋ ਕੇ ਲੋਕ ਵਕਤੀ ਤੌਰ ਉੱਤੇ ਆਪਣੀਆਂ ਪਰੇਸ਼ਾਨੀਆਂ ਨੂੰ ਭੁੱਲ ਜਾਂਦੇ ਹਨ, ਪ੍ਰੰਤੂ ਜਦੋਂ ਇਸ ਨਸ਼ੇ ਦੀ ਤਕੜੀ ਕੀਮਤ ਉਨ੍ਹਾਂ ਨੂੰ ਚੁਕਾਉਣੀ ਪੈਂਦੀ ਹੈ ਤਾਂ, ਇਸ ਦੇ ਜ਼ੁੰਮੇਵਾਰ ਵੀ ਉਹੀ ਹਨ।

-94173-71455

ਵਿਅੰਗ

ਪਹਿਲਾਂ ਤੋਲੋ-ਫਿਰ ਬੋਲੋ

-ਗੁਰਨਾਮ ਸਿਘ ਸੀਤਲ

... ਤੇ ਲਉ ਕਰ ਲਉ ਘਿਉ ਨੂੰ ਭਾਂਡਾ!

ਫਰਜ਼ ਕਰੋ ਕਿਸੇ ਅਨਪੜ੍ਹ ਜਾਂ ਘੱਟ ਪੜ੍ਹੇ ਲਿਖੇ ਬੰਦੇ ਦੇ ਮੂੰਹੋਂ ਕੋਈ ਅਪ-ਸ਼ਬਦ ਨਿਕਲ ਜਾਵੇ ਤਾਂ ਵੱਟ ਤਾਂ ਬਥੇਰਾ ਚੜ੍ਹਦਾ ਹੈ ਪਰ ਨਾਲ ਹੀ ਇਸ ਗੱਲ ਨਾਲ ਸੰਤੋਸ਼ ਜਿਹਾ ਵੀ ਹੁੰਦਾ ਹੈ ਕਿ ਇਹ ਤਾਂ ਹੈ ਈ ਅਨਪੜ੍ਹ,ਇਸ ਦੀ ਗੱਲ ਦਾ ਗੁੱਸਾ-ਗਿਲਾ ਕੀ ਕਰਨਾ ਹੋਇਆ। ਅਜਿਹੇ ਵਿਅਕਤੀ ਗਲਤੀ ਵੀ ਦਿਲੋਂ ਮੰਨ ਜਾਂਦੇ ਹਨ, 'ਭਾਅ ਜੀ ਇਹ ਗੱਲ ਮੈਂ ਜਾਣ-ਬੁੱਝ ਕੇ ਨਹੀਂ ਆਖੀ' ਫਿਰ ਬੰਦੇ ਦਾ ਗੁੱਸਾ ਜਾਂਦਾ ਰਹਿੰਦਾ ਹੈ।

ਇਸੇ ਤਰ੍ਹਾਂ ਰਾਜਨੀਤਕ ਦਲਾਂ ਦੇ ਨੇਤਾ ਵੀ ਕਿਸੇ ਨਾ ਕਿਸੇ ਨੇਤਾ ਦੀ ਦਾੜ੍ਹ ਹੇਠ ਉਂਗਲੀ ਦਿੰਦੇ ਹੀ ਰਹਿੰਦੇ ਹਨ ਅਤੇ ਮੂੰਹ ਖੋਲ੍ਹਣ ਤੋਂ ਪਹਿਲਾਂ ਰੱਤੀ ਭਰ ਸੋਚਦੇ ਤੱਕ ਨਹੀਂ ਕਿ ਉਹਨਾਂ ਦੇ ਮੂੰਹ ਵਿੱਚ ਕਿੰਨੀਆਂ ਮੱਖੀਆਂ ਜਾਣ ਵਾਲੀਆਂ ਹਨ। ਰਾਜਨੀਤੀ ਵਿੱਚ ਨਵੇਂ-ਨਵੇਂ ਆਏ ਜਨਾਬ ਕੇਜਰੀਵਾਲ ਖਿਲਾਫ ਤਾਂ ਮਾਨਹਾਨੀ ਦੇ ਇਤਨੇ ਕੇਸ ਦਾਇਰ ਹੋ ਗਏ ਕਿ ਵਿਚਾਰੇ ਨੂੰ ਲਿਖਤੀ ਮੁਆਫੀ ਮੰਗਣੀ ਪਈ।ਹੰਢੇ ਹੋਏ ਨੇਤਾ ਆਜ਼ਮ ਖਾਨ ਨੇ ਫਿਲਮੀ ਹੀਰੋਇਨ ਜਯਾ ਪ੍ਰਦਾ ਉਪਰ ਭੱਦੇ ਲਫ਼ਜ਼ ਬੋਲੇ, ਬਹੁਤ ਬਵਾਲ ਖੜ੍ਹਾ ਹੋ ਗਿਆ। ਮਾਨਹਾਨੀ ਦਾ ਕੇਸ ਬਣਦਾ ਸੀ। ਪਰ ਮੁਆਫੀ ਮੰਗਣ ਨਾਲ ਹੀ ਨਿਪਟਾਰਾ ਹੋ ਗਿਆ। ਇੱਥੋਂ ਤੱਕ ਕਿ ਜ਼ਿੰਮੇਵਾਰੀ ਵਾਲੇ ਪ੍ਰਧਾਨ ਮੰਤਰੀ ਪਦ ਦੇ ਦਾਅਵੇਦਾਰ ਸ਼੍ਰੀ ਰਾਹੁਲ ਜੀ ਨੇ ਮੂੰਹ-ਫੱਟ ਬੋਲ ਕਹਿ ਦਿੱਤਾ 'ਚੌਕੀਦਾਰ ਚੋਰ ਹੈ।' ਕਿੰਨੀ ਨਮੋਸ਼ੀ ਸਹਿਣੇ ਪਈ, ਜਰਾ ਉਸ ਨੂੰ ਪੁੱਛਕੇ ਤਾਂ ਦੇਖੀਏ।

ਉਪਰੋਕਤ ਕਲਾਕਾਰਾਂ ਨੂੰ ਮੁਆਫੀ ਮੰਗਣ ਵਿੱਚ ਹਿਚਕਚਾਹਟ ਘੱਟ ਹੀ ਹੋ ਜਾਂਦੀ ਹੈ ਅਤੇ ਆਮ ਲੋਕ ਵੀ ਇਹਨਾਂ ਉਪਰ ਹੱਸ ਛੱਡਦੇ ਹਨ। ਪਰ ਬਾਈ ਜੀ ਭਾਣਾ ਵਰਤ ਗਿਆ ਉਸ ਵੇਲੇ ਜਦੋਂ ਗਿਆਨ ਜਾਂ ਇਉਂ ਕਹੋ ਸਾਹਿਤ ਦੀ ਰਾਜਧਾਨੀ ਪੰਜਾਬੀ ਭਾਸ਼ਾ ਵਿਭਾਗ ਪਟਿਆਲਾ ਦੇ ਮੰਚ ਉਪਰ ਇੱਕ ਹਿੰਦੀ ਉਰਦੂ ਵਿਦਵਾਨ ਕਹਾਉਣ ਵਾਲੇ ਨੇ ਆਪਣੇ ਗਿਆਨ ਦਾ ਦਿਵਾਲਾ ਕੱਢ ਦਿੱਤਾ ਇਹ ਕਹਿ ਕੇ ਕਿ 'ਪੰਜਾਬੀ ਗਵਾਰਾਂ ਦੀ ਭਾਸ਼ਾ ਹੈ। ਗ੍ਰੰਥਾਂ ਦੀ ਚੱਟਣੀ ਬਣਾ ਕੇ ਹਜ਼ਮ ਕਰਨ ਵਾਲੇ ਸੈਮੀਨਾਰਾਂ, ਗੋਸ਼ਟੀਆਂ, ਰੂ-ਬ-ਰੂਆਂ ਦੇ ਮੰਚਾਂ ਉਪਰ ਵੰਨ-ਸੁਵੰਨੀਆਂ ਸਿੱਖਿਆਤਮਕ ਅਤੇ ਅਧਿਆਤਮਿਕ ਵਿਚਾਰ -ਵਟਾਂਦਰੇ ਕਰਨ ਵਾਲਿਆਂ ਦੇ ਮੂੰਹੋਂ ਮੂਲੋਂ ਹੀ ਬਚਕਾਨੀ ਗੱਲ ਨਿਕਲ ਜਾਵੇ, ਸੁਣਨ ਵਾਲਿਆਂ ਦੇ ਗਲੇ ਹੇਠ ਜਰਾ ਔਖੀ ਹੀ ਉਤਰਦੀ ਹੈ। ਹੋਰ ਵੀ ਹੈਰਾਨੀ ਦੀ ਗੱਲ ਇਹ ਹੈ ਕਿ ਜ਼ਹਿਰੀਲਾ ਅਸਤਰ ਛੱਡਣ ਵਾਲੇ ਸੋਝੀਵਾਨ ਵਿਦਵਾਨ ਦੇ ਜ਼ਹਿਨ ਵਿੱਚ ਇਹ ਵੀ ਨਹੀਂ ਆਇਆ ਕਿ ਉਹ ਬੈਠੇ ਕਿੱਥੇ ਹਨ! ਇਸ ਮੰਚ ਉਪਰ ਬੈਠਣ ਦਾ ਮਤਲਬ ਸਿਰਫ਼ ਸ਼ੁਹਰਤ ਹੀ ਨਹੀਂ, ਸੁਚੇਤਪਣ ਦੀ ਜ਼ਿੰਮੇਵਾਰੀ ਵੀ ਆਇਦ ਹੁੰਦੀ ਹੈ ਜੋ ਕਿ ਮੀਡੀਆ ਅਤੇ ਸ੍ਰੋਤਿਆ ਦੀ ਨਜ਼ਰ ਹੇਠ ਹੈ। ਦੱਸ ਗੁਰੂ ਸਾਹਿਬਾਨਾਂ ਦੀ ਪਰਮ ਬਾਣੀ ਤੋਂ ਲੈ ਕੇ ਸੂਫੀ ਸੰਤਾਂ ਤੱਕ ਜੋ ਮਨੁੱਖ, ਧਰਮ ਅਤੇ ਵਿਸ਼ਵ ਸ਼ਾਂਤੀ ਲਈ ਅਗਵਾਈ ਪੰਜਾਬ ਨੇ ਕੀਤੀ ਹੈ, ਹੋਰ ਕਿਹੜੀ ਭਾਸ਼ਾ ਨੇ ਕੀਤੀ ਹੈ? ਨਿਰਭਉ-ਨਿਰਵੈਰ ਦਾ ਹੋਕਰਾ ਕਿਸ ਜ਼ੁਬਾਨ ਨੇ ਦਿੱਤਾ? ਗਰੀਬ-ਗੁਰਬੇ ਉਪਰ ਰਹਿਮ ਦੀ ਦੁਹਾਈ ਪੰਜਾਬੀ ਤੋਂ ਇਲਾਵਾ ਕਿਸ ਲਾ-ਜਵਾਬ ਜ਼ੁਬਾਨ ਨੇ ਦਿੱਤੀ ਤੇ ਅੱਗੋਂ 'ਪੱਗੜੀ ਸੰਭਾਲ ਜੱਟਾ' ਨੇ ਫਿਰੰਗੀਆਂ ਦਾ ਕੱਫਨ ਸੀਣ ਦਾ ਮਾਹਰਕਾ ਮਾਰਿਆ-ਕਿਸ ਜ਼ੁਬਾਨ ਨੇ?

ਅਫ਼ਸੋਸ, ਅੱਜ ਸੁਰਖੀਆਂ ਵਿੱਚ ਆਉਣ ਵਾਲੇ ਹਿੰਦੀ-ਉਰਦੂ ਵਿਦਵਾਨਾਂ ਦੀ ਸੋਚ ਅਤੇ ਅਕਲ ਇੰਨੀ ਹੀ ਪਤਲੀ ਪੈ ਗਈ ਕਿ ਨੱਕ ਡੁਬੋ ਕੇ ਮਰਨ ਲਈ ਥਾਂ ਢੂੰਡਣੀ ਪੈ ਰਹੀ ਹੈ।ਇਸ ਬਚਕਾਨੀ ਹਰਕਤ ਦੀ ਭਾਵੇਂ ਮੁਆਫੀ ਮੰਗ ਲਈ ਹੈ ਪਰ ਦੋ ਤੋਲੇ ਦੀ ਜ਼ੁਬਾਨ ਵਿੱਚੋਂ ਨਿਕਲੇ ਇਸ ਅਸ਼ਤਰ ਦਾ ਦਰਦ ਉਸ ਦੀ ਹਿੱਕ ਉਪਬ ਬਰਾਬਰ ਰਹੇਗਾ ਅਤੇ ਆਉਣ ਵਾਲੀਆਂ ਪੀੜ੍ਹੀਆਂ ਨੂੰ ਸੁਮੱਤਾਂ ਦਿੰਦਾ ਰਹੇਗਾ-ਪਹਿਲਾਂ ਤੋਲੋ, ਫਿਰ ਬੋਲੋ।

-98761-05647

--0--

ਕਰਮ ਪ੍ਰਤੀ ਕਰਮ

ਪੰਜ ਦਰਿਆ ਦੇ ਸਿਰਨਾਵੇਂ

-ਰਣਜੀਤ ਕੌਰ ਗੁੱਡੀ

2019 ਦੇ ਚਾਲੂ ਸਾਲ ਵਿੱਚ ਮੈਨੂੰ ਦੋ ਹੀ ਅੰਕ ਪੁੱਜੇ ਹਨ-ਪਹਿਲਾ ਫਰਵਰੀ ਜੋ ਮਾਰਚ ਵਿੱਚ ਬੇਨਤੀ ਕਰਨ ਤੇ ਆਇਆ ਤੇ ਹੁਣ ਦੂਜਾ ਅੰਕ ਅਗਸਤ ਪੁੱਜਾ ਹੈ।

ਮੈਨੂੰ ਪਤਾ ਹੈ ਇਹ ਕੁਤਾਹੀ ਡਾਕਘਰ ਵੱਲੋਂ ਹੁੰਦੀ ਹੈ।

ਆਓ ਅਗਸਤ ਅੰਕ ਤੇ ਵਿਚਾਰ ਕਰ ਲਈਏ-

ਰਾਜਿੰਦਰ ਕੌਰ ਪੰਨੂੰ ਦੀ ਵੇਦਨਾ ਦਿਲ ਵੇਦਕ ਹੈ ਪਰ ਨਿਰਾਸ਼ ਨਹੀਂ ਹੋਣਾਂ ਚਾਹੀਦਾ। ਗੁਰਮੇਲ ਸਿੰਘ ਰੂੜੇਕੇ ਨੇ ਵਕਤ ਦੀ ਨਬਜ਼ ਦਬਾਈ ਹੈ-ਰਚਨਾ ਅੱਛੀ ਲੱਗੀ। ਧੰਦਾ (ਹਿੰਦੀ ਕਹਾਣੀ) ਲੱਗਦਾ ਹੈ। ਇਸ ਧੰਦਾ ਕਹਾਣੀ ਤੇ ਪੰਜ ਦਰਿਆ ਦਾ ਦਿਲ ਆ ਗਿਆ ਹੈ। ਤੀਸਰੀ ਵਾਰ ਪੰਜ ਦਰਿਆ ਵਿੱਚ ਹੀ ਲੱਗੀ ਹੈ ਤੇ ਅਖ਼ਬਾਰ ਵਿੱਚ ਵੀ ਲੱਗ ਚੁੱਕੀ ਹੈ।

ਡਾ: ਮੀਤ ਖੱਟੜਾ ਦੀ ਕਹਾਣੀ ਨਫ਼ਰਤ ਚੋਂ ਜਾਗੀ ਚੇਤਨਾ-ਕਹਾਣੀ ਦਾ ਅੰਤ ਸਿਰਲੇਖ ਮੁਤਾਬਕ ਅਵਚੇਤਨ ਹੋਣਾ ਚਾਹੀਦਾ ਸੀ ਪਰ ਅੰਧਵਿਸ਼ਵਾਸ ਭਾਰੂ ਰਿਹਾ ਤੇ ਚੇਤਨਾ ਨੂੰ ਜਾਗ ਨਹੀਂ ਆ ਸਕੀ। ਜਾਂ ਫਿਰ ਕੁੱਝ ਹਿੱਸਾ ਛਾਪਣ ਤੋਂ ਰਹਿ ਗਿਆ ਹੈ। ਪਾਠ ਕਰਨਾ ਤੇ ਪਾਠ ਵਿਚਲੇ ਪੈਗਾਮ ਤੇ ਅਮਲ ਕਰਨਾ ਗੁਰੂ ਦੀ ਸਿੱਖਿਆ ਦੀ ਇਹੋ ਮਹੱਤਤਾ ਹੈ। ਇਹੋ ਚੇਤਨਤਾ ਹੈ ਪਰ ਅਸੀਂ ਪਾਠ ਕਰਦੇ ਹਾਂ ਪੈਗਾਮ ਨਹੀਂ ਵਿਚਾਰਦੇ।

ਅਫ਼ਰੀਕੀ ਕਹਾਣੀ "ਤਿੰਨ ਦਿਨ" ਇਸ ਕਹਾਣੀ ਵਿੱਚੋਂ ਔਰਤ ਦੀ ਤਰਾਸਦੀ ਤਾਂ ਪਤਾ ਚਲਦੀ ਹੈ ਪਰ ਇਸ ਵਿੱਚ ਰੋਚਕਤਾ ਦੀ ਕਮੀ ਹੈ। ਅਕਾਊ ਹੈ। ਲੰਬੇ ਪੂਰੇ ਛੇ ਪੰਨਿਆਂ ਵਿੱਚੋਂ ਲੇਖਕ ਦਾ ਮਕਸਦ ਨਹੀਂ ਸਮਝ ਆਇਆ।

ਅਵਤਾਰ ਸਿੰਘ ਸੰਧੂ ਦਾ ਗੀਤ, ਸੰਤ ਰਾਮ ਉਦਾਸੀ ਦਾ ਰਚਨਾ "ਸੂਰਜਾ ਵੇ ਤੂੰ ਮਘਦਾ ਰਹੀਂ ਕੰਮੀਆਂ ਦੇ ਵਿਹੜੇ ਵਰਗਾ ਹੀ ਹੈ।

ਕੁਦਰਤ ਦੇ ਨਿਯਮਾਂ ਤੇ ਕਿਵੇਂ ਚੜ੍ਹਿਆ ਧਾਰਮਿਕ ਰੰਗ- ਪਵਨ ਕੁਮਾਰ ਰੱਤੋਂ ਵੱਲੋਂ ਕੀਤਾ ਗਿਆ ਅਨੁਵਾਦ, ਅੱਛੀ ਪੇਸ਼ਕਸ਼ ਹੈ। ਥੋੜੇ ਸ਼ਬਦਾਂ ਵਿੱਚ ਇਹ ਕਿਹਾ ਜਾ ਸਕਦਾ ਹੈ ਕਿ ਕੁਦਰਤ ਦੇ ਨੇਮਾ ਨੂੰ ਦੁਕਾਨ ਬਣਾ ਲਿਆ ਗਿਆ ਹੈ। ਲੋੜ ਹੈ ਇਹੋ ਜਿਹੀਆਂ ਸੱਚਾਈਆਂ ਬਿਆਨਣ ਦੀ ਤੇ ਸਮਾਜ ਵਿੱਚੋਂ ਅਰਾਜਕਤਾ ਭਜਾਉਣ ਲਈ ਅਜਿਹੀਆਂ ਰਚਨਾਵਾ ਦਾ ਘਰ ਘਰ ਜਾਣਾ ਸਮੇਂ ਦੀ ਮੰਗ ਹੈ।

ਬਲਵਿੰਦਰ ਬਾਲਮ ਦੀ ਕਸ਼ਮੀਰ ਯਾਤਰਾ ਪੁਰਾਣੀ ਹੈ, ਹੁਣ ਤਾਂ ਕਸ਼ਮੀਰ ਤੜਪ ਰਿਹਾ ਹੈ ਆਪਣੀ ਸੁੰਦਰਤਾ 'ਤੇ ਕਿਸਮਤ ਤੇ ਰੋ ਰਿਹਾ ਹੈ।

ਰਹੱਸਮਈ ਹਵੇਲੀ ਫਰਾਂਸੀਸੀ ਕਹਾਣੀ, "ਸਿਰਲੇਖ ਕਹਾਣੀ ਨਾਲ ਮੇਲ ਨਹੀਂ ਖਾਂਦਾ।

ਖੈਰ ਬਾਕੀ ਸੱਭ ਰਚਨਾਵਾਂ-ਇਹ ਬਿਲਕੁੱਲ ਵੀ ਜਰੂਰੀ ਨਹੀਂ ਹੁੰਦਾ ਕਿ ਸੱਭ ਦੀ ਸਾਹਿਤਕ ਰੁਚੀ ਇਕੋ ਜਿਹੀ ਹੋਵੇ ਕਿਸੇ ਨੂੰ ਕੁਝ ਲਿਖਣਾ ਤੇ ਕਿਸੇ ਨੂੰ ਕੁਝ ਪੜ੍ਹਨਾਂ ਚੰਗਾ ਲੱਗਦਾ ਹੈ।

ਦੁਆ ਹੈ ਪੰਜ ਦਰਿਆ ਜਿਉਂਦਾ ਰਹੇ। ਸਾਡੀ ਰਚਨਾ ਕਦੇ ਨਾ ਛਪੇ ਤੇ ਬੇਸ਼ੱਕ ਡਾਕੀਆ ਸਾਨੂੰ ਅੰਕ ਪੁਚਾ ਕੇ ਨਾ ਜਾਵੇ ਇਹ ਹਰ ਹਾਲ ਵਿੱਚ ਤੁਰਦ ਰਹੇ।

ਰੱਬ ਰਾਖਾ।

-97802-82816

--0--

"ਅੱਜ ਦੇ ਇੰਟਰਨੈਟ ਯੁੱਗ ਵਿੱਚ ਵਿਦਿਆਰਥੀਆਂ ਲਈ ਕੰਪਿਊਟਰ ਸਿੱਖਿਆ ਕਿਉਂ ਜਰੂਰੀ ?"



-ਪ੍ਰਮੋਦ ਧੀਰ

ਭਾਰਤ ਵਿੱਚ ਸਿੱਖਿਆ ਪੁਰਾਤਨ ਸਮੇਂ ਤੋਂ ਹੀ ਪੁਰਾਣੇ ਢੰਗਾਂ ਰਾਹੀਂ ਦਿੱਤੀ ਜਾਂਦੀ ਰਹੀ ਹੈ ਅਤੇ ਅਧਿਆਪਕ 'ਤੇ ਵਿਦਿਆਰਥੀ ਵਿੱਚ ਪੁਸਤਕ ਮਾਧਿਅਮ ਰਾਹੀਂ ਸਿੱਖਣ ਦਾ ਅਮਲ ਨੇਪਰੇ ਚੜਦਾ ਹੈ, ਇਸ ਤਰ੍ਹਾਂ ਪੁਸਤਕਾਂ ਗਿਆਨ ਪ੍ਰਾਪਤ ਲਈ ਕੜੀ ਦਾ ਕੰਮ ਕਰਦੀਆਂ ਰਹੀਆਂ ਹਨ ਪਰ ਅੰਤਰਰਾਸ਼ਟਰੀ ਪੱਧਰ ਤੇ ਗਿਆਨ ਦੇ ਨਵੇਂ ਬੂਹੇ ਖੁੱਲ੍ਹਣ ਵਾਲੇ ਕੰਪਿਊਟਰ ਅਤੇ ਇੰਟਰਨੈੱਟ ਨੇ ਪੁਰਾਤਨ ਕੜੀਆਂ ਅਤੇ ਧਾਰਨਾਵਾਂ ਨੂੰ ਤੋੜ ਕੇ ਨਵੇਂ ਗਿਆਨ ਸਾਗਰ ਵਿਦਿਆਰਥੀ ਦੇ ਨੇੜੇ ਕਰ ਦਿੱਤੇ ਹਨ। ਹੁਣ ਵਿਦਿਆਰਥੀ ਨੇ ਸੋਚਣਾ ਹੈ ਕਿ ਉਹ ਇੱਕ ਗਿਆਨ ਸਾਗਰ ਵਿੱਚੋਂ ਕੀ ਲੱਭਦਾ ਹੈ? ਹੀਰੇ ਮੋਤੀ ਕਿ ਕੌਡੀਆਂ? ਭਾਵ ਹਰੇਕ ਚੀਜ਼ ਦੇ ਸਦਾ ਚੰਗੇ ਤੇ ਮਾੜੇ ਪਹਿਲੂ ਮੌਜੂਦ ਰਹਿੰਦੇ ਹਨ। ਇਹਨਾਂ ਪਹਿਲੂਆਂ ਨਾਲ ਹੀ ਸਾਡੇ ਬੱਚਿਆਂ ਲਈ ਕੰਪਿਊਟਰ ਸਿੱਖਿਆ ਕਿਉਂ ਜਰੂਰੀ ਹੈ? ਇਸ ਬਾਰੇ ਚਰਚਾ ਕਰਦੇ ਹਾਂ।

ਇਸ ਵਿੱਚ ਕੋਈ ਸੰਕੋਚ ਵਾਲੀ ਗੱਲ ਨਹੀਂ ਕਿ ਬੱਚਾਂ ਹਰ ਨਵੀਂ ਵਸਤੂ ਨੂੰ ਆਪਣੇ ਗਿਆਨ ਦਾ ਹਿੱਸਾ ਬਣਾਉਣ ਲਈ ਉਸਨੂੰ ਛੂਹਣਾਂ, ਦੇਖਣਾ, ਖੋਹਲਣਾ ਚਾਹੁੰਦਾ ਹੈ। ਮਾਪੇ, ਅਧਿਆਪਕ, ਦੋਸਤ, ਮਿੱਤਰ ਅਤੇ ਉਸ ਦੇ ਭੈਣ ਭਾਈ ਉਸਦੀ ਇਸ ਜਗਿਆਸਾ ਨੂੰ ਖੰਭ ਲਾਉਂਦੇ ਹਨ। ਸਕੂਲ ਵਿੱਚ ਰੱਖਿਆ ਪਹਿਲਾ ਕਦਮ ਹੀ ਉਸਨੂੰ ਗਿਆਨ ਰੂਪੀ ਸਾਗਰ ਦੇ ਦਰਸ਼ਨ ਕਰਵਾ ਦਿੰਦਾ ਹੈ। ਅਧਿਆਪਕ ਦੀ ਸੁੱਚਜੀ ਗਾਈਡੈਂਸ ਉਸ ਦੀ ਜਗਿਆਸਾ ਨੂੰ ਉਜਾਗਰ ਵੀ ਕਰਦੀ ਹੈ ਤੇ ਸਿਖਾਉਣ ਉਪਰੰਤ ਸ਼ਾਂਤ ਵੀ। ਅਜੋਕੇ ਸਮੇਂ ਵਿੱਚ ਬਿਜਲਈ ਸਾਧਨਾਂ ਜਿਵੇਂ ਰੇਡੀਉ, ਟੀ.ਵੀ. ਅਤੇ ਘਰ ਘਰ ਰੱਖੇ ਮੋਬਾਇਲਾਂ ਨੇ ਇਸ ਸਿੱਖਿਆ ਨੂੰ ਨਵੇਂ ਖੰਭ ਲਾ ਦਿੱਤੇ ਹਨ। ਮਾਪਿਆਂ ਦੀ ਕੰਪਿਊਟਰ ਪ੍ਰਤੀ ਖਿੱਚ ਕਾਰਨ ਉਹ ਸਕੂਲ ਚੁਨਣ ਸਮੇਂ ਵੀ ਅਜਿਹੀ ਸੰਸਥਾ ਦੀ ਚੋਣ ਕਰਨ ਵੱਲ ਰੁਚਿਤ ਹੁੰਦੇ ਹਨ ਜਿਥੇ ਅਜੋਕੇ ਬਿਜਲਈ ਯੰਤਰਾਂ ਨੂੰ ਸਿੱਖਿਆ ਦੇ ਮਾਧਿਅਮ ਵਜੋਂ ਵਰਤਿਆ ਜਾਂਦਾ ਹੋਵੇ ਕਿਉਂਕਿ ਉਹ ਜਾਣਦੇ ਹਨ ਕਿ ਕੰਪਿਊਟਰ ਸਿੱਖਿਆ ਹੁਣ ਬੱਚੇ ਦਾ ਸਕਿੱਲ, ਉਸ ਦੀ ਸਿੱਖਣ ਸ਼ਕਤੀ, ਵਿਸ਼ੇ ਨੂੰ ਸੌਖਾ ਕਰਕੇ ਸਮਝਾਉਣ ਲਈ ਬਹੁਤ ਜਰੂਰੀ ਹੈ ਅਤੇ ਇਹ ਸੱਚ ਵੀ ਹੈ ਕਿਉਂਕਿ ਕੰਪਿਊਟਰ ਜਿੱਥੇ ਬੱਚੇ ਦੇ ਗਣਿਤ, ਵਿਗਿਆਨ, ਪੇਟਿੰਗ, ਭਾਸ਼ਾ (ਅੰਗਰੇਜ਼ੀ) ਪ੍ਰਤੀ ਨਵੇਂ ਵਿਚਾਰ ਉਲੀਕਦਾ ਹੈ। ਉਥੇ ਉਨ੍ਹਾਂ ਵਿੱਚ Creativity, Intellegenc (ਨਿਪੁੰਨਤਾ), Hardworking (ਮਿਹਨਤ), confidence (ਆਤਮ ਵਿਸ਼ਵਾਸ਼) ਅਤੇ Better Thinker (ਵਧੀਆ ਸੋਚ) ਜਿਹੇ ਭਾਵਾਂ ਦਾ ਆਪਣੇ ਆਪ ਹੀ ਸੰਚਾਰ ਕਰ ਦਿੰਦਾ ਹੈ। ਬੱਚੇ ਦੀ ਸਿੱਖਣ ਪ੍ਰਕਿਰਿਆ ਨੂੰ ਸੌਖਾ ਬਣਾ ਕੇ ਪੇਸ਼ ਕਰਨ ਵਿੱਚ ਕੰਪਿਊਟਰ ਨਵੀਆਂ ਲੀਹਾਂ ਪਾ ਦਿੰਦਾ ਹੈ। ਅਜੋਕੇ ਕੰਪੀਟੀਸ਼ਨ ਦੇ ਯੁੱਗ ਵਿੱਚ ਟੈਕਨਾਲੋਜੀ, ਭਾਸ਼ਾ ਗਿਆਨ ਖਾਸ ਕਰਕੇ ਅੰਗਰੇਜੀ, ਆਮਦ ਗਿਆਨ ਅਤੇ ਡਿਜ਼ੀਟਲ ਫਾਰਮੈਟ ਵਿੱਚ ਪੇਸ਼ਕਾਰੀਆਂ ਕੈਰੀਅਰ ਨੂੰ ਅੱਗੇ ਲਿਜਾਣ ਅਤੇ ਨਵਾਂ ਕੈਰੀਅਰ ਬਣਾਉਣ ਲਈ ਜਰੂਰੀ ਨੁਕਤੇ ਬਣ ਚੁੱਕੀਆਂ ਹਨ। ਵਿਕਸਿਤ ਮੁਲਕ ਸਾਡੇ ਨਾਲੋਂ ਇਸੇ ਕਾਰਨ ਅੱਗੇ ਨਿਕਲ ਗਏ ਹਨ ਕਿਉਂਕਿ ਉਹਨਾਂ ਲਗਭਗ ਹਰ ਖੇਤਰ ਵਿੱਚ ਕੰਪਿਊਟਰ ਨੂੰ ਸ਼ਾਮਿਲ ਵੀ ਕਰ ਲਿਐ 'ਤੇ ਉਨਾਂ ਨੇ ਕਲਾਸ ਰੂਮਾਂ ਵਿੱਚ ਵੀ ਕੰਪਿਊਟਰ ਲਾਜ਼ਮੀ ਟੂਲ ਵਜੋਂ ਰੱਖ ਲਿਆ ਹੈ। ਬੱਚੇ ਦਾ ਕੰਪਿਊਟਰ ਨਾਲ ਵਾਹ ਸਿੱਧਾ ਟੈਕਨਾਲੋਜੀ ਦੇ ਬੂਹੇ ਖੁਲਾਰਦਾ ਹੈ ਜੋ ਉਸਦੀ ਵਿਗਿਆਨਕ ਸੋਚ ਨੂੰ ਸ਼ਾਨਦਾਰ ਨੀਂਹ ਦਿੰਦਾ ਹੈ।

ਅੱਜ ਦੇ ਕੰਪਿਊਟਰ ਯੁੱਗ ਵਿੱਚ ਸਮੇਂ ਦੇ ਹਾਣੀ ਬਣਨ ਲਈ ਹਰ ਇੱਕ ਵਿਦਿਆਰਥੀ ਲਈ ਕੰਪਿਊਟਰ ਸਿੱਖਿਆ ਇੱਕ ਬਹੁਤ ਹੀ ਜਰੂਰੀ ਵਿਸ਼ਾ ਬਣ ਗਿਆ ਹੈ ਇਸੇ ਲੋੜ ਨੂੰ ਧਿਆਨ ਵਿੱਚ ਰੱਖਦੇ ਹੋਏ ਭਾਰਤ ਦੇ ਕਈ ਰਾਜਾ ਦੇ ਸਕੂਲਾਂ ਵਿੱਚ ਤਾਂ ਪਹਿਲੀ ਕਲਾਸ ਤੋਂ ਹੀ ਕੰਪਿਊਟਰ ਸਿੱਖਿਆ ਸ਼ੁਰੂ ਕਰਵਾਂ ਦਿੱਤੀ ਜਾਂਦੀ ਹੈ। ਪੰਜਾਬ ਸਰਕਾਰ ਵੱਲੋਂ ਵਿਸ਼ੇਸ਼ ਉਪਰਾਲਾ ਕਰਕੇ 2005 ਤੋਂ 2009 ਤੱਕ ਪੜ੍ਹਾਅ ਦਰ ਪੜ੍ਹਾਅ ਪੰਜਾਬ ਦੇ ਸਮੂਹ ਸਰਕੀ ਸਕੂਲਾਂ ਵਿੱਚ 6ਵੀਂ ਤੋਂ 12ਵੀਂ ਕਲਾਸ ਤੱਕ ਕੰਪਿਊਟਰ ਸਾਇੰਸ ਵਿਸ਼ਾ ਲਾਜ਼ਮੀ ਤੌਰ ਤੇ ਸ਼ੁਰੂ ਕੀਤਾ ਗਿਆ ਅਤੇ ਕੰਪਿਊਟਰ ਅਧਿਆਪਕਾਂ ਦੀ ਭਰਤੀ ਕੀਤੀ ਗਈ ਜਿਸ ਦੀ ਹਰ ਪਾਸੇ ਤੋਂ ਸ਼ਲਾਘਾ ਹੋਈ ਅਤੇ ਸਰਕਾਰੀ ਸਕੂਲਾਂ ਦੀ ਡਿਗਦੀ ਸ਼ਾਖ ਨੂੰ ਸਹਾਰਾ ਮਿਲਿਆ ਕਿਉਂਕਿ ਉਸ ਸਮੇਂ ਸਰਕਾਰ ਸਕੂਲਾਂ ਦੇ ਵਿਦਿਆਰਥੀਆਂ ਦੀ ਗਿਣਤੀ ਦਿਨੋਂ ਦਿਨ ਘਟਦੀ ਜਾ ਰਹੀ ਸੀ ਪਰ ਕੰਪਿਊਟਰ ਸਿੱਖਿਆ ਸ਼ੁਰੂ ਹੋਣ ਕਾਰਣ ਸਰਕਾਰੀ ਸਕੂਲ ਵਿੱਚ ਵਿੱਦਿਆਰਥੀਆਂ ਦੀ ਗਿਣਤੀ ਵਧਣੀ ਸ਼ੁਰੂ ਹੋ ਗਈ। ਪੰਜਾਬ ਸਰਕਾਰ ਵੱਲੋਂ 2005 ਵਿੱਚ ਪਹਿਲੇ ਫੇਜ ਅਧੀਨ 1306, ਦੂਜੇ ਫੇਜ ਅਧੀਨ 1573, ਤੀਜੇ ਫੇਜ ਅਧੀਨ 2085, ਚੌਥੇ ਫੇਜ ਅਧੀਨ 486 ਅਤੇ ਪੰਜਵੇਂ ਫੇਜ ਅਧੀਨ 1068 ਸਰਕਾਰੀ ਸੀਨੀਅਰ ਸੈਕੰਡਰੀ, ਹਾਈ ਅਤੇ ਮਿਡਲ ਸਕੂਲਾਂ ਵਿੱਚ ਕੰਪਿਊਟਰ ਲੈਬਜ਼ ਸਥਾਪਤ ਕਰਕੇ ਕੰਪਿਊਟਰ ਸਿੱਖਿਆ ਸ਼ੁਰੂ ਕੀਤੀ ਗਈ। ਉਦੋਂ ਤੋਂ ਵਿਦਿਆਰਥੀਆਂ ਨੇ ਬਹੁਤ ਹੀ ਦਿਲਚਸਪੀ ਨਾਲ ਕੰਪਿਊਟਰ ਸਿੱਖਿਆ ਗ੍ਰਹਿਣ ਕਰਨੀ ਸ਼ੁਰੂ ਕੀਤੀ 'ਤੇ ਬੱਚੇ ਪੜ੍ਹਾਈ ਵਿੱਚ ਹੋਰ ਮਨ ਲਗਾਉਣ ਲੱਗਭਗ 12-13 ਸਾਲਾਂ ਤੋਂ ਸ਼ੁਰੂ ਹੋਈ ਇਸ ਕੰਪਿਊਟਰ ਸਿੱਖਿਆ ਵਿੱਚ ਹੁਣ ਕਾਫੀ ਸੁਧਾਰ ਦੀ ਲੋੜ ਹੈ। ਜਿਵੇਂਕਿ ਆਧੁਨਿਕ ਬੁਨਿਆਦੀ ਢਾਂਚੇ ਦੀ ਘਡੋਤ ਕਾਰਨ ਵਿਦਿਆਰਥੀਆਂ ਨੂੰ ਉਹ ਸਾਰੀਆਂ ਸਹੂਲਤਾਂ ਨਹੀਂ ਮਿਲ ਰਹੀਆਂ ਜੋ ਮਿਲਣੀਆਂ ਚਾਹੀਦੀਆਂ ਹਨ। ਭਵਿੱਖ ਦੀ ਬਿਲਡਿੰਗ ਹੁਣ ਉਸੇ ਦੁਆਲੇ ਹੀ ਉਸਰ ਜਾਣੀ ਹੁੰਦੀ ਹੈ ਪਰ ਭਾਰਤ ਵਰਗੇ ਵਿਕਾਸਸ਼ੀਲ ਦੇਸ਼ ਲਈ ਅਜੇ ਇਹ ਕਾਫੀ ਦੂਰ ਦੀ ਗੱਲ ਲੱਗਦੀ ਹੈ। ਕੰਪਿਊਟਰ ਦਾ ਸਾਜੋ ਸਮਾਨ, ਇੰਟਰਨੈਟ ਕੁਨੈਕਸ਼ਨ ਲੋੜੀਂਦੀ ਸਪੀਡ ਲਈ ਅਜੇ ਬਹੁਤ ਕੁਝ ਕਰਨਾ ਬਾਕੀ ਹੈ। ਕੰਪਿਊਟਰ ਆਦਿ ਵਿੱਚ ਵੀ ਨੁਕਸ ਪੈਣ ਤੇ ਉਸ ਨੂ ਠੀਕ ਕਰਨ ਵਾਲੀਆਂ ਕੰਪਨੀਆਂ ਨਾਲ ਸਰਕਾਰ ਦਾ ਇਕਰਾਰ ਖਤਮ ਹੋ ਚੁੱਕਾ ਹੈ ਅਤੇ ਸਕੂਲਾਂ ਕੋਲ ਸੀਮਤ ਫੰਡ ਹੋਣ ਕਾਰਣ ਇਨ੍ਹਾਂ ਦੀ ਸਾਂਭ ਸੰਭਾਲ ਕਰਨ ਵਿੱਚ ਮੁਸ਼ਕਲਾਂ ਆ ਰਹੀਆਂ ਹਨ। ਆਧੁਨਿਕ ਸਾਫਟਵੇਅਰ ਵੀ ਮਹੁੱਈਆ ਨਹੀਂ ਕਰਵਾਏ ਗਏ, ਜਿਸ ਕਾਰਣ ਵਿਦਿਆਰਥੀ ਨੂੰ ਪ੍ਰੈਕਟੀਕਲ ਪ੍ਰਯੋਗ ਕਰਵਾਉਣ ਵਿੱਚ ਦਿੱਕਤ ਪੇਸ਼ ਆ ਰਹੀ ਹੈ। ਸਮੇਂ ਸਮੇਂ ਤੇ ਸਮੂਹ ਕਲਾਸਾਂ ਦਾ ਕੰਪਿਊਅਰ ਵਿਸ਼ੇ ਦਾ ਸਿਲੇਬਸ ਵੀ ਅਪਡੇਟ ਹੋਣਾ ਜ਼ਰੂਰੀ ਹੈ।

ਅਧਿਆਪਕ ਔਖੀਆਂ ਪ੍ਰਸਥਿਤੀਆਂ ਵਿੱਚ ਬਿਜਲੀ, ਇੰਟਰਨੈਟ ਅਤੇ ਕੰਪਿਊਟਰਾਂ ਦੀ ਘਾਟ ਨਾਲ ਸ਼ਿੱਦਤ ਨਾਲ ਨਜਿੱਠ ਰਹੇ ਹਨ। ਐਨ.ਆਰ.ਆਈ. ਵੀਰਾਂ ਦੀ ਮੱਦਦ ਨਾਲ ਕੰਪਿਊਟਰ ਸਿੱਖਿਆ ਨੂੰ ਹੋਰ ਨਵੇਂ ਦਿਸਹੱਦੇ ਮਿਲ ਸਕਦੇ ਹਨ। ਪੀਰੀਅਡ ਵੰਡ ਦ ਤਰਕਸੰਗਤ ਹੋਵੇ। ਭਾਵ ਬਾਕੀ ਲਾਜ਼ਮੀ ਵਿਸ਼ਿਆ ਵਾਂਗ 6ਵੀਂ ਤੋਂ 12 ਵੀਂ ਤੱਕ ਸਾਰੀਆ ਕਲਾਸਾਂ ਲਈ ਲਾਜ਼ਮੀ ਕੰਪਿਊਟਰ ਵਿਸ਼ੇ ਦੇ ਵੀ ਹਫਤੇ ਵਿੱਚ 4 ਦੀ ਵਜਾਏ 6 ਪੀਰੀਅਡ ਹੋਣੇ ਚਾਹੀਦੇ ਹਨ 'ਤੇ ਥਿਊਰੀ ਦੇ ਨਾਲ ਨਾਲ ਪ੍ਰੈਕਟੀਕਲ ਲਈ ਵੀ ਸਮਾਂ ਦੇਣਾ ਬਹੁਤ ਜਰੂਰੀ ਹੋ ਜਾਂਦਾ ਹੈ ਤਾਂ ਕਿ ਬੱਚਿਆਂ ਦੀ ਵਿਸ਼ੇ ਪ੍ਰਤੀ ਲਾਗਤਾਰਤਾ 'ਤੇ ਦਿਲਚਸਪੀ ਬਣੀ ਰਹੇ ਅਤੇ ਕੰਪਿਊਟਰ ਸਿੱਖਿਆ ਨੂੰ ਹੋਰ ਵੀ ਲਾਹੇਵੰਦ ਬਣਾਇਆ ਜਾ ਸਕੇ ਕਿਉਂਕਿ ਕੰਪਿਊਟਰ ਕੋਲ ਹੁਣ ਹਰੇਕ ਵਿਸ਼ੇ ਨੂੰ ਸਿੱਖਣ ਲਈ ਮੁੱਢਲਾ ਗਿਆਨ ਮੌਜੂਦ ਹੈ। ਵਿਦਿਆਰਥੀਆਂ ਨੂੰ ਵੱਧ ਤੋਂ ਵੱਧ ਸਿੱਖਿਅਤ ਕਰਨ ਲਈ ਡਿਜੀਟਲ ਲਾਇਬਰੇਰੀ, ਕੰਪਿਊਟਰ ਲਰਨਿੰਗ ਏਡਜ਼ ਅਤੇ ਵਿਸ਼ੇ ਨਲ ਸਬੰਧਤ ਬਣੀਆਂ ਬਣਾਈਆਂ ਪ੍ਰੋਜੈਨਟੇਸ਼ਨ ਸਹਾਇਕ ਟੂਲ ਵਜੋਂ ਮਹੱਤਵਪੂਰਨ ਕਾਰਜ ਨਿਭਾ ਸਕਦੇ ਹਨ। ਮਹੱਤਵਪੂਰਨ ਤਾਂ ਇਹੀ ਹੈ ਕਿ ਕੰਪਿਊਟਰ ਸਿੱਖਿਆ ਦੀ ਜਰੂਰਤ ਨੂੰ ਹਰ ਕੋਈ ਸਮਝੇ ਅਤੇ ਉਸ ਅਨੁਸਾਰ ਕੰਮ/ਕਾਰਜ ਹੋਣ, ਫਿਰ ਭਾਵੇਂ ਸਰਕਾਰ ਹੋਵੇ, ਸਕੂਲ, ਮਾਪੇ ਜਾਂ ਕੋਈ ਹੋਰ ਸੰਸਥਾ। ਕੰਪਿਊਟਰ ਅਧਿਆਪਕਾਂ ਨੂੰ ਪੂਰੀ ਤਨਖਾਹ ਅਤੇ ਸਾਰੀਆਂ ਸਹੂਲਤਾਂ ਨਾਂ ਦੇ ਕੇ ਸ਼ੋਸ਼ਦ ਕਰਨਾ ਵੀ ਕੰਪਿਊਟਰ ਸਿੱਖਿਆ ਦੇ ਖੇਤਰ 'ਚ ਵਾਧੇ ਦੀ ਅਸਲੀ ਰੁਕਾਵਟ ਹੈ। ਖੈਰ ਇਹ ਵਿਸ਼ਾ ਅਲੱਗ ਸਮਾਂ ਮੰਗਦਾ ਹੈ।

PANJ DARY A, Plot No. 604, Indl. Area, Phase-I, Chandigarh
REGISTERED WITH THE REGISTRAR OF NEWS PAPER'S FOR INDIA NO. 32181/77

ਮਹੱਤਵਪੂਰਨ ਤਾਂ ਇਹੀ ਹੈ ਕਿ ਕੰਪਿਊਟਰ ਬੱਚੇ ਦੇ ਗਿਆਨ ਭੰਡਾਰ ਵਿੱਚ ਕਿਵੇਂ ਵਾਧਾ ਕਰਦਾ ਹੈ। ਬੱਚਿਆਂ ਨੂੰ ਕੰਪਿਊਟਰ ਪ੍ਰੈਕਟੀਕਲ ਅਤੇ ਸਕਰੀਨ ਤੇ ਦੇਖ ਕੇ ਸਿੱਖਣਾ ਬੱਚੇ ਦੇ ਮਨ ਤੇ ਜਿਕਰਯੋਗ ਅਸਰ ਛੱਡਦਾ ਹੈ। ਟੀ.ਵੀ ਤੇ ਦੇਖੇ ਪ੍ਰੋਗਰਾਮ ਲੰਬਾ ਸਮਾਂ ਉਸਦੇ ਧਿਆਨ ਦਾ ਹਿੱਸਾ ਰਹਿੰਦੇ ਹਨ। ਇਹੀ ਕੰਮ ਕੰਪਿਊਟਰ ਵੀ ਕਰਦਾ ਹੈ। ਇਤਿਹਾਸ ਵਰਗੇ ਖੁਸ਼ਕ ਵਿਸ਼ਿਆਂ ਨੂੰ ਇਤਿਹਾਸਕ ਫਿਲਮਾਂ, ਯੂ ਟਿਊਬ, ਇਤਿਹਾਸਕ ਲਿਖਤਾਂ ਰਾਹੀਂ ਦਿਲਚਸਪ ਬਣਾਇਆ ਜਾ ਰਿਹਾ ਹੈ। ਗਣਿਤ ਨੂੰ ਐਨੀਮੇਸ਼ਨ, ਹਿੰਦੀ ਤੇ ਅੰਗਰੇਜ਼ੀ ਭਾਸ਼ਾ ਦੀਆ ਕਵਿਤਾਵਾਂ ਦੀ ਐਨੀਮੇਸ਼ਨ, ਪੇਂਟ, ਸ਼ਬਦ ਜੋੜ, ਕਰਾਸ ਵਰਡ ਪਜ਼ਲਜਸ਼, ਛੋਟੇ ਬੱਚਿਆਂ ਦੀ ਸਿੱਖਣ ਪ੍ਰਤੀ ਦਿਲਚਸਪੀ ਵਧਾਉਣ ਲਈ ਕਾਫੀ ਸਮੱਗਰੀ ਉਪਲੱਬਧ ਕਰਵਾਉਂਦਾ ਹੈ ਇਹ ਕੰਪਿਊਟਰ ਸਿੱਖਿਆ ਦੀ ਮਹੱਤਤਾ ਪ੍ਰਗਟਾਉਣ ਲਈ ਕਾਫ਼ੀ ਹੈ। ਸਰਕਾਰ ਵੱਲੋਂ ਕੰਪਿਊਟਰ ਸਿੱਖਿਆ ਨੂੰ ਉਤਸ਼ਾਹਿਤ ਕਰਨ ਲਈ ਨੌਵੀਂ 'ਤੇ ਦਸਵੀਂ ਜਮਾਤਾਂ ਦੇ ਸਮੂਹ ਵਿਦਿਆਰਥੀਆਂ ਦੇ ਸਕੂਲ ਪੱਧਰੀ, ਬਲਾਕ ਪੱਧਰੀ, ਜਿਲਾ ਪੱਧਰੀ ਅਤੇ ਪੰਜਾਬ ਪੱਧਰ ਤੇ ਕਰਵਾਏ ਜਾ ਰਹੇ ਆਨਲਾਈਨ ਕੰਪਿਊਟਰ ਕੁਇੱਜ਼ ਅਤੇ ਟਾਈਪਿੰਗ ਮੁਕਾਬਲੇ ਵੀ ਇੱਕ ਬਹੁਤ ਹੀ ਸ਼ਲਾਘਾਯੋਗ ਕਦਮ ਹੈ ਇਸ ਨਾਲ ਬੱਚਿਆਂ ਦੀ ਕੰਪਿਊਟਰ ਸਿੱਖਣ ਪ੍ਰਤੀ ਰੁਚੀ ਹੋਰ ਵਧੇਗੀ।

ਮਿਡਲ ਤੇ ਹਾਈ ਸਕੂਲਾਂ ਦੇ ਵਿਦਿਆਰਥੀਆਂ ਲਈ ਮੋਬਾਇਲ ਅਤੇ ਕੰਪਿਊਟਰ ਐਪਲੀਕੇਸ਼ਨ 'ਚ ਵੱਡੀ ਭੰਡਾਰ ਮੌਜੂਦ ਹੈ। ਜੇਕਰ ਸਿਰਫ ਮਾਪੇ ਘਰ ਵਿੱਚ ਵਰਤੇ ਜਾ ਰਹੇ ਕੰਪਿਊਅਰ ਅਤੇ ਮੋਬਾਇਲ ਦੀ ਸਹੀ ਵਰਤੋਂ ਯਕੀਨੀ ਬਣਾ ਦੇਣ ਤਾਂ ਵਿਕੀਪੀਡੀਆ, ਯੂ ਟਿਊਬ, ਸਮਾਰਟ ਸਟੱਡੀ, ਵੈਬਸਾਈਟ ਡਿਕਸ਼ਨਰੀ, ਇਨਕਾਰਟਾ, ਇਨਸਾਈਕਲੋਪੀਡੀਆ, ਆਨ ਲਾਈਨ ਕਿਤਾਬਾਂ, ਫਲੈਸ਼ ਕਾਰਡ, ਆਨ ਲਾਈਨ ਡਿਜ਼ੀਟਲ ਲਾਇਬ੍ਰੇਰੀ ਸਮੇਤ ਹਜਾਰਾਂ ਸੁਵਿਧਾਵਾਂ ਵਿਦਿਆਰਥੀਆਂ ਦੇ ਸ਼ਾਨਦਾਰ ਭਵਿੱਖ ਨੂੰ ਉਜਵਲ ਕਰਨ ਅਤੇ ਉਨ੍ਹਾਂ ਨੂੰ ਸਮੇਂ ਦੇ ਹਾਣੀ ਬਣਾਉਣ ਲਈ ਕਾਫੀ ਹਨ। ਲੋੜ ਸਿਰਫ ਕੰਪਿਊਟਰ ਅਤੇ ਮੋਬਾਇਲ ਦੀ ਸਹੀ, ਸੁਚੱਜੀ, ਸਮੇਂ ਸਿਰ ਨਿਗਰਾਨੀ ਹੇਠ ਵਰਤੋਂ ਦੀ ਹੈ। ਇਸ ਤੋਂ ਇਲਾਵਾ ਕੰਪਿਊਟਰ ਤੇ ਇੰਟਰਨੈਟ ਦੀ ਮੱਦਦ ਨਾਲ ਵਿਦਿਆਰਥੀ ਆਪਣੇ ਕਿਸੇ ਵੀ ਵਿਸ਼ੇ ਦੇ ਕੋਈ ਵੀ ਟਾਪਿਕ ਨੂੰ ਸਰਚ ਕਰਕੇ ਲੋੜੀਂਦੇ ਨੋਟਿਸ ਤਿਆਰ ਕਰ ਸਕਦੇ ਹਨ। ਹਰ ਟਾਪਿਕ ਬਾਰੇ ਜਾਣਕਾਰੀ ਸਰਚ ਕੀਤੀ ਜਾ ਸਕਦੀ ਹੈ, ਈਮੇਲ ਰਾਹੀਂ ਕਿਤੇ ਕੋਈ ਵੀ ਸੰਦੇਸ਼, ਤਸਵੀਰ, ਆਡੀਓ, ਵੀਡੀਓ ਆਦਿ ਭੇਜ ਸਕਦੇ ਹਨ ਅਤੇ ਪ੍ਰਾਪਤ ਵੀ ਕਰ ਸਕਦੇ ਹਨ। ਇੰਟਰਨੈਟ ਜਰੀਏ ਦੁਨੀਆਂ ਵਿੱਚ ਕਿਤੇ ਵੀ ਕਿਸੇ ਨਾਲ ਵੀ ਮੁਫਤ ਚੈਟਿੰਗ ਕਰ ਸਕਦੇ ਹਨ। ਕੰਪਿਊਟਰ ਤੇ ਵੱਡੀ ਮਾਤਰਾ ਵਿੱਚ ਕੋਈ ਵੀ ਡਾਟਾ ਸਟੋਰ ਕਰਕੇ ਰੱਖਿਆ ਜਾ ਸਕਦਾ ਹੈ ਜੋ ਕਿ ਲੋੜ ਪੈਣ ਤੇ ਵਰਤਿਆ ਜਾ ਸਕਦਾ ਹੈ। ਕੰਪਿਊਅਰ ਦੀ ਵਰਤੋਂ ਸਕੂਲਾਂ, ਹਸਪਤਾਲਾਂ, ਰੇਲਵੇ ਸਟੇਸ਼ਨਾਂ, ਏਅਰਪੋਰਟਾਂ, ਬੈਂਕਾਂ, ਵਿਗਿਆਨਕ ਖੇਤਰਾਂ, ਮੈਡੀਕਲ ਖੇਤਰਾਂ, ਘਰਾਂ, ਦਫਤਰਾਂ ਆਦਿ ਵਿੱਚ ਅੱਜ ਕੱਲ ਆਮ ਹੀ ਕੀਤੀ ਜਾਂਦੀ ਹੈ। ਇਸ ਤੋਂ ਇਲਾਵਾ ਹੋਰ ਵੀ ਕੰਪਿਊਟਰ ਦੇ ਅਣਗਣਿਤ ਫਾਇਦੇ ਹਨ ਜਿੰਨਾਂ ਦੇ ਮੱਦੇਨਜ਼ਰ ਸਕੂਲਾਂ ਦੇ ਵਿਦਿਆਰਥੀਆਂ ਲਈ ਕੰਪਿਊਟਰ ਸਾਇੰਸ ਵਿਸ਼ੇ ਦੀ ਬਹੁਤ ਹੀ ਜਿਆਦਾ ਮਹੱਤਤਾ ਬਣ ਚੁੱਕੀ ਹੈ। ਭਾਰਤ ਦੇ ਪ੍ਰਧਾਨ ਮੰਤਰੀ ਮਾਨਯੋਗ ਨਰਿੰਦਰ ਮੋਦੀ ਜੀ ਵੱਲੋਂ ਸ਼ੁਰੂ ਕੀਤੀ ਗਈ ਡਿਜੀਟਲ ਇੰਡੀਆਂ ਵੈਬਸਾਈਟ ਦਾ ਵੀ ਲਾਭ ਪ੍ਰਾਪਤ ਕੀਤਾ ਜਾ ਸਕਦਾ ਹੈ। ਕੰਪਿਊਟਰ ਰਾਹੀਂ ਡਿਜੀਟਲ ਇੰਡੀਆ ਵੈਬਸਾਈਟ ਤੇ ਵਿਦਿਆਰਥੀ ਆਪਣੇ ਸਾਰੇ ਸਰਟੀਫਿਕੇਟਾਂ 'ਤੇ ਮਹੱਤਵਪੂਰਨ ਡਾਕੂਮੈਂਟ ਸਕੈਨ ਕਰਕੇ ਅੱਪਲੋਡ ਕਰਕੇ ਰੱਖ ਸਕਦੇ ਹਨ ਜੋ ਕਿ ਲੋੜ ਪੈਣ ਤੇ ਜਦੋਂ ਮਰਜੀ ਵਰਤੇ ਜਾ ਸਕਦੇ ਹਨ। ਡਿਜ਼ੀਟਲ ਇੰਡੀਆ ਸਹੂਲਤ ਦੇ ਮੱਦੇਨਜਰ ਸਰਕਾਰ ਵੱਲੋਂ ਵੀ ਕੈਸ਼ਲੈੱਸ ਪੈਸੇ ਦੇ ਲੈਣ ਦੇਣ ਨੂੰ ਤਰਜੀਹ ਦਿੱਤੀ ਜਾ ਰਹੀ ਹੈ, ਜਿਸ ਲਈ ਕੰਪਿਊਟਰ ਸਿੱਖਿਆ ਬਹੁਤ ਹੀ ਅਹਿਮ ਰੋਲ ਅਦਾ ਕਰਦੀ ਹੈ ਕਿਉਂਕਿ ਡਿਜ਼ੀਟਲ ਇੰਡੀਆ ਅਧੀਨ ਹਰ ਤਰ੍ਹਾਂ ਦੇ ਖਰੀਦ ਵੇਚ ਦੇ ਭੁਗਤਾਨ ਲਈ ਡੈਬਿਟ ਜਾਂ ਕਰੈਡਿਟ ਕਾਰਡ, ਨੈੱਟ ਬੈਂਕਿੰਗ ਆਦਿ ਦੀ ਵਰਤੋਂ ਬੜੀ ਹੀ ਤੇਜ਼ੀ ਨਾਲ ਵੱਧ ਰਹੀ ਹੈ ਜੋ ਕਿ ਕੰਪਿਊਟਰ ਦੀ ਜਾਣਕਾਰੀ ਰੱਖਣ ਵਾਲੇ ਵਿਅਕਤੀ ਲਈ ਵਰਤਣੇ ਬਹੁਤ ਆਸਾਨ ਹਨ। ਕੰਪਿਊਟਰ ਸਿੱਖਿਆ ਰਾਹੀਂ ਵਿਦਿਆਰਥੀ ਸਰਕਾਰ ਵੱਲੋਂ ਦਿੱਤੀਆਂ ਜਾ ਰਹੀਆਂ ਈ ਗਵਰਨੈਂਸ ਸੁਵਿਧਾਵਾਂ ਦਾ ਵੀ ਸਾਰਥਕ ਉਪਯੋਗ ਕਰ ਸਕਦੇ ਹਨ ਜਿਵੇਂ ਕਿ ਆਪਣੇ ਜਾਤੀ ਸਰਟੀਫਿਕੇਟ, ਜਨਮ/ਮੌਤ ਸਰਟੀਫਿਕੇਟ, ਡਰਾਈਵਿੰਗ ਲਾਇਸੈਂਸ, ਪਾਸਪੋਰਟ, ਆਧਾਰ ਕਾਰਡ, ਪੈਨ ਕਾਰਡ, ਨੌਕਰੀਆਂ ਦੇ ਫਾਰਮ ਆਦਿ ਆਨਲਾਈਨ ਭਰ ਸਕਦੇ ਹਨ,ਆਪਣੀਆਂ ਪ੍ਰੀਖਿਆਵਾਂ ਦੇ ਆਨ ਲਾਈਨ ਨਤੀਜੇ ਦੇਖ ਸਕਦੇ ਹਨ।

ਕੰਪਿਊਟਰ ਸਿੱਖਿਆ ਹਾਸਲ ਕਰਕੇ ਵਿਦਿਆਰਥੀ ਰੁਜ਼ਗਾਰ ਦੇ ਵੀ ਅਣਗਿਣਤ ਮੌਕੇ ਹਾਸਲ ਕਰ ਸਕਦੇ ਹਨ ਜਿਵੇਂਕਿ ਸਾਫਟਵੇਅਰ ਡਿਵੈਲਪਮੈਂਟ, ਵੈਬ ਡਿਜ਼ਾਇੰਨਿੰਗ, ਹਾਰਡਵੇਅਰ ਇੰਜੀਨੀਅਰ, ਨੈਟਵਰਕਿੰਗ ਇੰਜੀਨੀਅਰ, ਡੈਸਕਟਾਪ ਪਬਲਿਸ਼ਿੰਗ ਸਾਫਟਵੇਅਰਾਂ ਦੀ ਵਰਤੋਂ, ਫੋਟੋ ਐਡੀਟਿੰਗ, ਵੀਡੀਓ ਗੇਮਾਂ ਆਦਿ ਦੇ ਖੇਤਰਾਂ ਵਿੱਚ ਮੁਹਾਰਤ ਹਾਸਲ ਕਰਕੇ। ਕੰਪਿਊਟਰ ਜਾਣਕਾਰਾਂ ਲਈ ਆਪਣੀ ਰੋਜ਼ੀ ਰੋਟੀ ਦੇ ਸਾਧਨ ਪੈਦਾ ਕਰਨੇ ਬਹੁਤ ਹੀ ਆਸਾਨ ਹਨ ਇਸ ਲਈ ਵਿਦਿਆਰਥੀ ਕੰਪਿਊਟਰਾਂ ਦੇ ਜ਼ਰੀਏ ਆਪਣਾ ਭਵਿੱਖ ਵਿੱਚ ਰੁਜ਼ਗਾਰ ਸੁਰੱਖਿਅਤ ਕਰ ਸਕਦੇ ਹਨ। ਅੱਜ ਕੱਲ੍ਹ ਹਰ ਇੱਕ ਖੇਤਰ ਵਿੱਚ ਨੌਕਰੀ ਪ੍ਰਾਪਤ ਕਰਨ ਲਈ ਕੰਪਿਊਟਰ ਕੋਰਸ ਜਰੂਰੀ ਹੈ। ਜਿਵੇਂ ਜ਼ਿਆਦਾਤਰ ਪੋਸਟਾਂ ਲਈ 120 ਘੰਟਿਆਂ ਦਾ ਆਈ.ਐਸ.ਓ. ਸੰਸਥਾ ਤੋਂ ਮਾਨਤਾ ਪ੍ਰਾਪਤ ਕੰਪਿਊਅਰ ਕੋਰਸ, ਕੰਪਿਊਟਰ ਟਾਈਪਿੰਗ ਆਦਿ ਜਾਂ ਕੋਈ ਹੋਰ ਮਾਨਤਾ ਪ੍ਰਾਪਤ ਯੂਨੀਵਰਸਿਟੀ ਤੋਂ ਕੰਪਿਊਟਰ ਕੋਰਸ, ਡਿਪਲੋਮਾ, ਡਿਗਰੀ ਆਦਿ ਦੀ ਮੰਗ ਕੀਤੀ ਜਾਂਦੀ ਹੈ। ਇਸ ਲਈ ਕੰਪਿਊਟਰ ਦੀ ਬਹਤ ਮਹੱਤਤਾ ਹੈ। ਕਿਸੇ ਵਿਦਿਆਰਥੀ ਨੇ ਅੱਗੇ ਉਚ ਵਿੱਦਿਆ ਹਾਸਲ ਕਰਨੀ ਹੋਵੇ ਉਥੇ ਹੀ ਹਰੇਕ ਕੋਰਸ ਲਈ ਕੰਪਿਊਟਰ ਸਿੱਖਿਆ ਦਾ ਵਿਸ਼ਾ ਜਰੂਰੀ ਹੈ ਕਿਉਂਕਿ ਇਸ ਤੋਂ ਬਿਨਾਂ ਅੱਗੇ ਪੜ੍ਹ ਆਉਣਾ ਅਸੰਭਵ ਹੈ। ਅੱਜ ਕੱਲ ਲਈ ਯੂਨੀਵਰਸਿਟੀਆਂ ਵੱਲੋਂ ਆਨ ਲਾਈਨ 'ਤੇ ਡਿਸਟੈਂਸ ਐਜੂਕੇਸ਼ਨ ਨਾਲ ਵੀ ਵਈ ਕੋਰਸ ਕਰਵਾਏ ਜਾਂਦੇ ਹਨ ਜੋ ਅਸੀਂ ਘਰ ਬੈਠੇ ਕੰਪਿਊਟਰ ਦੀ ਮੱਦਦ ਨਾਲ ਪਸ ਕਰ ਸਕਦੇ ਹਾਂ।

ਅੱਜ ਦੇ ਸਮੇਂ ਵਿੱਚ ਪੁਰਾਣੇ ਪੜ੍ਹੇ ਲਿਖੇ ਇਨਸਾਨਾਂ ਲਈ ਵੀ ਕੰਪਿਊਟਰ ਸਿੱਖਿਆ ਬਹੁਤ ਜਰੂਰੀ ਹੋ ਗਈ ਹੈ ਕਿਉਂਕਿ ਨਕਦ ਭੁਗਤਾਨ ਦੇ ਲੈਣ ਦੇਣ ਲਈ, ਏ.ਟੀ.ਐਮ ਦੀ ਵਰਤੋਂ, ਨੈੱਟਬੈਂਕਿੰਗ, ਮੋਬਾਇਲ ਦੀ ਵਰਤੋਂ, ਆਨਲਾਈਨ ਬਿੱਲਾਂ ਦੀ ਅਦਾਇਗੀ ਕਰਨ ਲਈ ਹਰ ਇੱਕ ਇਨਸਾਨ ਨੂੰ ਕੰਪਿਊਟਰ ਸਿੱਖਿਆ ਦੀ ਜਾਣਕਾਰੀ ਹਾਸਲ ਕਰਨੀ ਜਰੂਰੀ ਹੋ ਚੁੱਕੀ ਹੈ ਕਿਉਂਕਿ ਉਪਰੋਕਤ ਸਹੂਲਤਾਂ ਦੀ ਵਰਤੋਂ ਬੜੀ ਸਾਵਧਾਨੀ ਨਾਲ ਕਰਨੀ ਪੈਂਦੀ ਹੈ। ਕਿਸੇ ਨੂੰ ਆਪਣਾ ਪਾਸਵਰਡ ਨਾਂ ਦਿੱਤਾ ਜਾਵੇ, ਮੋਬਾਇਲ ਤੇ ਆਇਆ ਓ.ਟੀ.ਪੀ. ਨੰਬਰ 'ਤੇ ਪਰਸਨਲ ਜਾਣਕਾਰੀ ਨਾਂ ਦਿੱਤੀ ਜਾਵੇ ਨਹੀਂ ਤਾਂ ਕੋਈ ਵੀ ਵਿਅਕਤੀ ਤੁਹਾਡੇ ਖਾਤੇ ਵਿੱਚੋਂ ਪੈਸੇ ਕਢਵਾ ਕੇ ਠੱਗੀ ਮਾਰ ਸਕਦਾ ਹੈ ਜਾਂ ਆਧਾਰ ਇੰਡੀਆ ਵੈਬਸਾਈਟ ਦੇ ਹੈਕ ਹੋਣ ਕਾਰਨ ਚੋਰੀ ਹੋਏ ਡਾਟੇ ਵਾਂਗ ਸਾਡਾ ਡਾਟਾ ਵੀ ਹੈਕ ਜਾਂ ਚੋਰੀ ਹੋ ਸਕਦਾ ਹੈ। ਕੰਪਿਊਟਰ ਸਿੱਖਿਆ ਰਾਹੀਂ ਅਸੀਂ ਆਨਲਾਈਨ ਠੱਗੀ ਮਾਰਨ ਵਾਲਿਆਂ ਤੋਂ ਵੀ ਆਪਣਾ ਬਚਾ ਕਰ ਸਕਦੇ ਹਾਂ।

ਅਗਰ ਕੰਪਿਊਟਰ ਵਿੱਚ ਕੋਈ ਵਾਇਰਸ ਆਦਿ ਆ ਜਾਣ ਕਾਰਨ ਕੰਪਿਊਟਰ ਖਰਾਬ ਹੋ ਜਾਵੇ ਤਾਂ ਤੁਹਾਨੂੰ ਐਂਟੀਵਾਇਰਸ ਆਦਿ ਦੀ ਸਹਾਇਤਾ ਨਾਲ ਵਾਇਰਸ ਕਲੀਅਰ ਕਰਨੇ ਵੀ ਆਉਂਦੇ ਹੋਣੇ ਚਾਹੀਦੇ ਹਨ। ਵਿਦਿਆਰਥੀਆਂ ਨੂੰ ਆਪਣੀਆਂ ਜ਼ਿਆਦਾ ਪਰਸਨਲ ਫੋਟੋ, ਜਾਣਕਾਰੀ ਆਦਿ ਸੋਸ਼ਲ ਮੀਡੀਆ ਤੇ ਸ਼ੇਅਰ ਨਹੀਂ ਕਰਨੀਆਂ ਚਾਹੀਦੀਆਂ ਕਿਉਂਕਿ ਕਈ ਲੋਕ ਇਨ੍ਹਾਂ ਦੀ ਗਲਤ ਵਰਤੋਂ ਕਰ ਸਕਦੇ ਹਨ। ਕੰਪਿਊਟਰ ਸਿੱਖਿਆ ਦਾ ਇਹ ਵੀ ਲਾਭ ਹੈ ਕਿ ਅਸੀਂ ਘਰ ਬੈਠੇ ਆਪਣੀ ਰੇਲ, ਬਸ, ਹਵਾਈ ਜਹਾਜ ਦੀ ਆਨਲਾਈਨ ਟਿਕਟ ਬੁਕਿੰਗ ਕਰਵਾ ਸਕਦੇ ਹਾਂ ਅਤੇ ਇਨ੍ਹਾਂ ਦੇ ਆਉਣ ਜਾਣ ਦੇ ਸਮੇਂ ਆਦਿ ਬਾਰੇ ਪਤਾ ਕਰ ਸਕਦੇ ਹਨ। ਉਪਰੋਕਤ ਗੱਲਬਾਤ ਦੇ ਆਧਾਰ ਤੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਅਗਰ ਅਸੀਂ ਇੰਟਰਨੈਟ ਯੁੱਗ ਵਿੱਚ ਸਮੇਂ ਦਾ ਹਾਣੀ ਬਣਨਾ ਚਾਹੁੰਦੇ ਹਾਂ ਤਾਂ ਕੰਪਿਊਟਰ ਸਿੱਖਿਅ ਵਿਦਿਆਰਥੀਆਂ ਦੇ ਨਾਲ ਨਾਲ ਸਭ ਲਈ ਜਰੂਰੀ ਹੈ। ਆਉ ਅਸੀਂ ਸਾਰੇ ਰਲਕੇ ਕੰਪਿਊਟਰ ਸਿੱਖਿਆ ਵਿੱਚ ਮੁਹਾਰਤ ਹਾਸਲ ਕਰੀਏ ਤੇ ਆਪਣੇ ਆਪ ਨੂੰ ਨਵੇਂ ਯੁੱਗ ਦੀਆਂ ਸਹੂਲਤਾਂ ਵਰਤਨ ਦੇ ਯੋਗ ਬਣਾਕੇ, ਗਿਆਨ ਵਿੱਚ ਵਾਧਾ ਕਰਕੇ ਸਮੇਂ ਦੇ ਹਾਣੀ ਬਣੀਏ।

-98550-31081

--0--